*Published in Punjabi & English*
Distributed in Toronto, Calgary, Vancouver, Winnipeg and Edmonton and Online Worldwide.

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼


Email: ppapmg@gmail.com    ਸਾਲ-7, ਅੰਕ-11, ਨਵੰਬਰ 2017    Website: www.ppapmg.com

HARBANS SINGH 416-817-7142    DEVINDER TOOR 416-902-9372    MASTER BHAJAN SINGH 403-455-4220    Registration No. 210836300

# ਅਮਰੀਕੀ ਧੌਂਸ ਜੱਗ 'ਤੇ, ਹਥਿਆਰ ਕਾਰੋਬਾਰ
# ਯੂ. ਐਨ. ਓ. ਖਾਮੋਸ਼ ਹੈ, ਰੋਹ ਵਿਚ ਸੰਸਾਰ



ਮਲਕੀਤ ਸਿੰਘ
ਐਬਸਫੋਰਡ ਬੀ. ਸੀ.




**ਪਹਿਲਾਂ ਅਮਰੀਕਾ :** ਟਰੰਪ 'ਪਹਿਲਾਂ ਅਮਰੀਕਾ' ਦੇ ਨਾਅਰੇ 'ਤੇ ਪਾਪੂਲਰ ਵੋਟ ਹਾਰਦਾ ਹੋਇਆ ਵੀ, ਸਿਰਫ਼ ਇਲੈਕਟ੍ਰੋਨਿਕ ਕਾਲਜ ਵੋਟ ਦੇ ਸਹਾਰੇ ਪ੍ਰਧਾਨ ਬਣਿਆ ਹੈ। ਟਰੰਪ ਸਹੀ ਅਰਥਾਂ ਵਿਚ ਅਮਰੀਕਾ ਨੂੰ ਦੁਨੀਆਂ ਭਰ ਵਿਚੋਂ ਪਹਿਲੇ ਸਥਾਨ ਵਲ ਤੇਜ਼ੀ ਨਾਲ ਗਰਕਾਈ ਜਾ ਰਿਹਾ ਹੈ। ਅਮਰੀਕਾ ਦਾ ਇਹ ਪਹਿਲਾ ਪ੍ਰਧਾਨ ਹੈ ਜਿਸ ਨੇ ਯੂ. ਐਨ. ਓ. ਦੇ ਅਕਤੂਬਰ 2017 ਦੇ ਜਨਰਲ ਅਸੈਂਬਲੀ ਅਜਲਾਸ ਵਿਚ ਕਮਿਊਨਿਸਟ ਮੁਲਕ ਉੱਤਰੀ ਕੋਰੀਆ ਨੂੰ ਦੁਨੀਆਂ ਦੇ ਨਕਸ਼ੇ ਤੋਂ ਖਤਮ ਕਰਨ ਦਾ ਐਲਾਨ ਕੀਤਾ ਹੈ। ਇਹ ਚੰਗੀ ਗੱਲ ਹੈ ਕਿ ਹਾਜ਼ਰ ਮੈਂਬਰਾਂ ਨੇ ਇਜ਼ਰਾਇਲੀਆਂ ਨੂੰ ਛੱਡ ਕੇ, ਤਾੜੀਆਂ ਨਹੀਂ ਮਾਰੀਆਂ। ਉਤਰੀ ਕੋਰੀਆ ਸਮੇਤ ਵੈਨਜ਼ੂਏਲਾ ਅਤੇ ਇਰਾਨ ਵੀ ਟਰੰਪ ਦੀ ਤਬਾਹੀ ਦੀ ਲਿਸਟ ਵਿਚ ਹਨ। ਵੈਨਜ਼ੂਏਲਾ, ਲਾਤੀਨੀ ਅਮਰੀਕੀ ਮਹਾਂਦੀਪ ਵਿਚ ਬੋਲੀਵੀਅਨ ਇਨਕਲਾਬ, ਜਿਸ ਨੇ ਹੂਗੋ ਸ਼ਾਵੇਜ ਦੇ ਪੈਰੋਕਾਰ ਮਾਦੂਰੋ ਦੀ ਅਗਵਾਈ ਵਿਚ ਲਾਤੀਨੀ ਮੁਲਕਾਂ ਵਿਚੋਂ ਅਮਰੀਕੀ ਸਾਮਰਾਜਵਾਦ ਨੂੰ ਚੁਣੌਤੀ ਦਿੱਤੀ ਹੋਈ ਹੈ, ਦਾ ਝੰਡਾ ਬਰਦਾਰ ਮੁਲਕ ਹੈ ਅਤੇ ਪੈਰ-ਦਰ-ਪੈਰ ਬੋਲੀਵੀਅਨ ਇਨਕਲਾਬ ਜਿੱਤ ਵੀ ਰਿਹਾ ਹੈ। ਤੀਜਾ ਮੁਲਕ ਇਰਾਨ ਏਸ਼ੀਆ ਦਾ ਇਕ ਅਜਿਹਾ ਦੇਸ਼ ਹੈ ਜਿਸ ਦੇ ਜਨ-ਸਮੂਹਾਂ ਨੇ ਪੈਂਤੀ ਕੁ ਸਾਲ ਪਹਿਲਾਂ ਅਮਰੀਕਾ ਦੀ ਫੌਜੀ ਧੌਂਸ ਨੂੰ ਚਿੱਟੀ ਵਿਚ ਰੋਲਦਿਆਂ ਲੋਕ ਇਨਕਲਾਬ ਕੀਤਾ ਸੀ। ਇਹ ਠੀਕ ਹੈ ਕਿ ਅੱਜ ਇਰਾਨ ਦੀ ਸੱਤਾ 'ਤੇ ਇਸਲਾਮਿਕ ਮੁਲਾਣੇ ਕਾਬਜ਼ ਹਨ।

ਸਿਤਮ ਦੀ ਗੱਲ ਇਹ ਵੀ ਹੈ ਕਿ ਭਾਵੇਂ ਟਰੰਪ ਦੀਆਂ ਧਮਕੀਆਂ 'ਮਾਨਵਤਾ ਖਿਲਾਫ਼ ਜੁਰਜ' ਦੀ ਸ਼੍ਰੇਣੀ ਵਿਚ ਆਉਂਦੀਆਂ ਹਨ; ਪਰ ਕੋਈ ਵੀ ਅੰਤਰਰਾਸ਼ਟਰੀ ਅਦਾਰਾ, ਚਾਹੇ ਉਹ ਹੇਗ ਸਥਿਤ ਅੰਤਰਰਾਸ਼ਟਰੀ ਕ੍ਰਿਮਨਲ ਕੋਰਟ (ਆਈ.ਸੀ.ਸੀ.) ਹੋਵੇ, ਭਾਵੇਂ ਯੂ. ਐਨ. ਓ. ਦੀ ਸਕਿਊਰਿਟੀ ਕਾਊਂਸਲ, ਟਰੰਪ ਦੇ ਖਿਲਾਫ਼ ਕੋਈ ਕਾਰਵਾਈ ਨਹੀਂ ਕਰ ਰਹੀਆਂ।

ਫਿਰ ਵੀ ਦੁਨੀਆਂ ਭਰ ਦੇ ਤਰਕਸ਼ੀਲ, ਇਨਸਾਫ਼ਪਸੰਦ ਅਤੇ ਜਮਹੂਰੀ ਤਾਕਤਾਂ ਦੇ ਲੋਕ ਟਰੰਪ ਦੇ ਬਿਆਨਾਂ ਦਾ ਗੰਭੀਰ ਨੋਟਿਸ ਲੈ ਰਹੇ ਹਨ। ਤਰਕ ਇਹ ਹੈ ਕਿ ਭਾਵੇਂ ਉਤਰੀ ਕੋਰੀਆ (ਡੀ.ਪੀ.ਆਰ.ਕੇ.), ਵੈਂਨਜ਼ੂਏਲਾ ਅਤੇ ਇਰਾਨ ਦੀਆਂ ਸਰਕਾਰਾਂ ਅਮਰੀਕੀ ਸਰਕਾਰ ਦੀਆਂ ਵਿਰੋਧੀ ਹਨ; ਪਰ ਇਨ੍ਹਾਂ ਮੁਲਕਾਂ ਦੀ ਕੁਲ ਵਸੋਂ; ਅਮਰੀਕਾ ਦੀ ਕੁਲ ਵਸੋਂ ਦੀ ਵਿਰੋਧੀ ਨਹੀਂ ਆਖੀ ਜਾ ਸਕਦੀ। ਖੁਦ ਅਮਰੀਕਾ ਵਿਚੋਂ ਟਰੰਪ ਦੇ ਵਿਰੋਧ ਦੀਆਂ ਆਵਾਜ਼ਾਂ ਦਿਨ-ਬ-ਦਿਨ ਤਿੱਖੀਆਂ ਹੋ ਰਹੀਆਂ ਹਨ।

ਟਰੰਪ ਦੇ 'ਅਮਰੀਕਾ ਪਹਿਲਾਂ' ਦੇ ਨਾਅਰੇ ਤੋਂ ਪਹਿਲਾਂ ਹੀ ਅਮਰੀਕਾ ਤਾਂ ਬਹੁਤ ਪੱਖਾਂ ਤੋਂ ਪਹਿਲੇ ਸਥਾਨ 'ਤੇ ਹੈ ਜਿਵੇਂ 1. ਅਮੀਰੀ ਗਰੀਬੀ ਦੇ ਪਾੜੇ ਵਿਚ ਅਮਰੀਕਾ ਦੁਨੀਆਂ ਭਰ ਵਿਚੋਂ ਪਹਿਲੇ ਸਥਾਨ 'ਤੇ ਹੈ। 2. ਅੱਜ ਤੱਕ ਅਮਰੀਕਾ ਦੁਨੀਆਂ ਦਾ ਪਹਿਲਾ ਦੇਸ਼ ਹੈ ਜਿਸ ਨੇ ਬਿਨਾਂ ਵਜ੍ਹਾ ਪ੍ਰਮਾਣੂ ਬੰਬਾਂ ਦੀ ਵਰਤੋਂ ਕਰਕੇ, 1945 ਵਿਚ ਜਪਾਨ ਦੇ ਦੋ ਸ਼ਹਿਰ ਹੀਰੋਸ਼ੀਮਾ, ਨਾਗਾਸਾਕੀ ਤਬਾਹ ਕੀਤੇ ਹਨ। ਇਨ੍ਹਾਂ ਸ਼ਹਿਰਾਂ ਵਿਚ ਮਿੰਟਾਂ ਸਕਿੰਟਾਂ ਵਿਚ ਅੱਠ ਲੱਖ ਤੋਂ ਜ਼ਿਆਦਾ ਲੋਕ ਮਾਰੇ ਗਏ ਅਤੇ ਜ਼ਿੰਦਗੀ ਭਰ ਲਈ ਗੰਭੀਰ ਜ਼ਖ਼ਮੀ ਹੋ ਗਏ। 3. ਮਾਨਸਿਕ ਤੌਰ 'ਤੇ ਬੀਮਾਰ ਲੋਕਾਂ ਦੀ ਗਿਣਤੀ ਪੱਖੋਂ ਅਮਰੀਕਾ ਪਹਿਲੇ ਸਥਾਨ 'ਤੇ ਹੈ। 4. ਦੁਨੀਆਂ ਭਰ ਵਿਚੋਂ, ਅਮਰੀਕਾ ਦੀ ਜੇਹਲੀ ਡੱਕੀ ਜਨ ਸੰਖਿਆ ਵੀ ਨਿਸਬਤ ਪਹਿਲੇ ਨੰਬਰ 'ਤੇ ਹੈ। 5. ਵਾਤਾਵਰਣ, ਹਵਾ ਪਾਣੀ ਅਤੇ ਧਰਤੀ ਮਾਂ ਨੂੰ ਪਲੀਤ ਕਰਨ ਵਿਚ ਅਮਰੀਕਾ ਪਹਿਲੇ ਸਥਾਨ 'ਤੇ ਹੈ। 6. ਤਿਆਰ ਖੁਰਾਕੀ ਵਸਤਾਂ

**(ਬਾਕੀ ਸਫ਼ਾ 5 'ਤੇ)**

## ਅੰਦਰ ਪੜ੍ਹੋ

- ਕਿਤਾਬਾਂ ਦੇ ਅੰਗ ਸੰਗ/4
- ਕੌਮਾਂਤਰੀ ਪਰਵਾਸ ਪੰਜਾਬੀਆਂ ਦਾ : ਕਿੰਨਾ ਸੁਖ ਗਵਾ ਕੇ, ਕੀ ਖੱਟ ਲਿਆਂਦਾ/7
- ਚੀ ਗੁਵੇਰਾ : ਮੈਂ ਸਟਾਲਿਨ ਕਰਕੇ ਕਮਿਊਨਿਜ਼ਮ ਵੱਲ ਆਇਆਂ/11
- ਪੰਜਾਬੀ ਭਾਸ਼ਾ ਨੂੰ ਨਵੀਂ ਪੀੜ੍ਹੀ ਦੇ ਸਾਹਿਤਕਾਰਾਂ ਦੀ ਵੀ ਜ਼ਰੂਰਤ ਹੈ : ਡਾ. ਮਨਜੀਤ ਸਿੰਘ ਬੱਲ/22
- ਮਹਾਨ ਸਮਾਜਵਾਦੀ ਰੂਸੀ ਇਨਕਲਾਬ 1917 ਤੋਂ 100 ਸਾਲ ਦਾ ਸ਼ਫ਼ਰ/30
- ਪੰਜਾਬੀਆਂ ਨੂੰ ਸਾਹਿਤਕ ਤੇ ਸੱਭਿਆਚਾਰਕ ਤੌਰ 'ਤੇ ਚੇਤੰਨ ਹੋਣ ਦੀ ਲੋੜ/34


Dhillon Fashions
Ladies Clothing | Wedding Clothing
Kids Dressing | Fashion Jewellery
1110-4818 Westwinds Dr. NE. Calgary
Green Plaza (By Dr. Bhullar)
Ph. : 403-453-9090
Cell : 403-614-2096

SUPER VISA INSURANCE



Sherjang Singh Rana
416.910.9000

PUNJAB INSURANCE INC.
• Life Insurance • Mortgage Insurance
• Critical Illness Insurance • Disability Insurance
• RESP, RRSP
www.punjabinsurance.ca



Sandeep Ahuja
416.660.1010


Si
SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Tiwana
Real Estate Team
LIST WITH US
FOR GUARANTEED RESULTS
MEET THE TEAM:
Malvinder Tiwana
Harman Tiwana
Ajitpal Gill
❖ Professional Services
❖ Free Home Evaluation
❖ Digital Marketing & Social Media
❖ Top Dollars in your Pocket
❖ Superb Negotiation Skills
❖ Team of 3 Realtors With Full Time Office Staff
SOLD
ROYAL LEPAGE
100 YEARS
Call: 403-830-5152
Visit: www.TiwanaTeam.com
Email: tiwanateam@gmail.com
Address: 110-7220 Fisher St SE, Calgary, AB T2H 2H8
www.TiwanaTeam.com


MOTEL
For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com
www.bruceliang.ca

**SARO KARAN DI AWAZ**

Publisher
**Pro-People Arts Project Media Group 29 Mapleview Ave, Brampton Ontario, CA, L6R 1M2**

Chief Editor
**Harbans Singh**
416-817-7142
ppapmg@gmail.com

Managing Director
**Devinder Toor, Toronto**
416-902-9372
ppapmg@gmail.com

Sub Editor
**Master Bhajan Singh**
Calgary (Alberta)
403-455-4220
btarksheel@gmail.com

Sub Editor
**Dr. Hardeep Singh, Milton (Ontario)**
416-209-6363
deephsingh@gmail.com

Sub Editor
**Randeep Singh (India)**
09855695905
rvs0001@gmail.com

Literary Advisor
**Gurbachan Singh Brar**
Calgary (NE) Alberta
403-470-2628
brargurbachan@yahoo.ca

Sports Advisor
Sukhvir Grewal
778-979-4948
sukhsports@gmail.com

**Jagmohan Singh Dhudike Winnipeg**
204-421-1523

**Parshotam Dosanjh Surrey (BC)**
604-512-8371

**Rupinder Singh Kaler**
Edmonton
780-807-6517

Graphic Desinger
**Baljinder Singh**
+91-98782-29598
+91-92167-29598
akashdeep.1064@gmail.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।



# ਕਿਤਾਬਾਂ ਦੇ ਅੰਗ ਸੰਗ



ਹਰੀਪਾਲ
403-714-4816

ਅਸੀਂ ਜਿਉਂਦੇ ਰਹਿਣ ਲਈ ਰੋਟੀ ਖਾਂਦੇ ਹਾਂ ਪਾਣੀ ਪੀਂਦੇ ਹਾਂ। ਜੋ ਖਾਧਾ ਪੀਤਾ ਹੈ ਉਸ ਨੂੰ ਹਜ਼ਮ ਕਰਨ ਲਈ ਤੁਰੇ ਫਿਰਦੇ ਹਾਂ, ਕਸਰਤ ਕਰਦੇ ਹਾਂ। ਜੇਕਰ ਅਸੀਂ ਕੰਮ ਨਾ ਕਰੀਏ, ਕਸਰਤ ਨਾ ਕਰੀਏ ਤਾਂ ਸਾਡਾ ਸਰੀਰ ਜਾਂ ਇਸ ਵਿਚ ਚੱਲ ਰਿਹਾ ਖ਼ੂਨ ਖੜ੍ਹੇ ਪਾਣੀ ਦੇਵਾਂਗ ਗੰਧਲ ਜਾਵੇਗਾ। ਠੀਕ ਇਸੇ ਤਰ੍ਹਾਂ ਹੀ ਸਾਡਾ ਦਿਮਾਗ ਵੀ ਕਸਰਤ ਭਾਲਦਾ ਹੈ। ਜੇਕਰ ਦਿਲ ਚੌਵੀ ਘੰਟੇ ਕੰਮ ਕਰਦਾ ਹੈ ਤਾਂ ਦਿਮਾਗ ਵੀ ਚੌਵੀ ਘੰਟੇ ਆਪਣੇ ਕੰਮ ਵਿਚ ਲੱਗਿਆ ਰਹਿੰਦਾ ਹੈ। ਹੁਣ ਦਿਮਾਗ ਦੀ ਕਸਰਤ ਕੀ ਹੈ? ਦਿਮਾਗ ਦੀ ਕਸਰਤ ਹੈ ਸੋਚਣਾ ਜੋ ਸਾਹਮਣੇ ਦਿਸਦਾ ਹੈ ਸਿਰਫ਼ ਉਹ ਨਹੀਂ ਸਗੋਂ ਦਿਸਹੱਦਿਆਂ ਤੋਂ ਪਾਰ ਵੀ ਸੋਚਣਾ ਅਤੇ ਅਣਸੋਚੀਆਂ ਗੱਲਾਂ ਕਾਲਪਨਿਕ ਯਥਾਰਥ ਵਿਚ ਲਿਆਉਣੀਆਂ। ਸਾਡੇ ਕੋਲ ਦਿਮਾਗ ਦੀ ਕਸਰਤ ਲਈ ਕਿਤਾਬਾਂ ਹਨ ਜਦੋਂ ਕੋਈ ਬੰਦਾ ਕਿਤਾਬ ਪੜ੍ਹਦਾ ਹੈ ਤਾਂ ਉਸ ਦੇ ਪੜ੍ਹਨ ਦੇ ਨਾਲ ਨਾਲ ਇਕ ਫ਼ਿਲਮ ਵੀ ਚੱਲਦੀ ਹੈ ਅਤੇ ਤੁਹਾਡਾ ਦਿਮਾਗ ਤੁਹਾਨੂੰ ਉਸ ਫਿਲਮ ਦੇ ਸੀਨਾਂ ਵਿਚ ਲਈ ਫਿਰਦਾ ਹੈ। ਕਮਾਲ ਹੈ ਕਿ ਅੱਖਾਂ ਕਿਤਾਬਾਂ ਤੇ ਟਿਕੀਆਂ ਹਨ ਅਤੇ ਦਿਮਾਗ ਕਿਤੇ ਹੋਰ ਫਿਰ ਰਿਹਾ ਹੈ। ਫਰਜ਼ ਕਰੋ ਤੁਸੀਂ ਕੋਈ ਕਿਸੇ ਮੁਲਕ ਦੀ ਯਾਤਰਾ ਦੀ ਕਿਤਾਬ ਪੜ੍ਹ ਰਹੇ ਹੋ, ਕੋਈ ਸਫਰਨਾਮਾ ਪੜ੍ਹ ਰਹੇ ਹੋ ਤਾਂ ਤੁਹਾਡਾ ਦਿਮਾਗ ਤੁਹਾਨੂੰ ਪਹਿਲਾਂ ਹੀ ਉਸ ਸਫ਼ਰ ਤੇ ਲਈ ਫਿਰਦਾ ਹੈ। ਜੇਕਰ ਤੁਸੀਂ ਅਫਰੀਕਾ ਦੇ ਜੰਗਲਾਂ ਬਾਰੇ ਕੋਈ ਕਿਤਾਬ ਪੜ੍ਹ ਰਹੇ ਹੋ ਤਾਂ ਅਫਰੀਕਾ ਦੇ ਜੰਗਲਾਂ ਦੀ ਫਿਲਮ ਤੁਹਾਡੇ ਦਿਮਾਗ ਵਿਚ ਚਲ ਰਹੀ ਹੈ ਅਤੇ ਤੁਸੀਂ ਆਪਦੇ ਦਿਮਾਗ ਵਿਚ ਅਫਰੀਕਾ ਦੇ ਜੰਗਲਾਂ ਦੀ ਗਰਮੀ ਜਾਂ ਸ਼ੇਰਾਂ, ਬਘਿਆੜਾਂ, ਮੱਝਾਂ, ਗਾਵਾਂ ਦੀ ਹੋਂਦ ਮਹਿਸੂਸ ਕਰ ਰਹੇ ਹੋ। ਜੇਕਰ ਤੁਸੀਂ ਕੋਈ ਸਫ਼ਰਨਾਮਾ ਉਤਰੀ ਧਰੁਵ ਬਾਰੇ ਜਾਂ ਦੱਖਣੀ ਧਰੁਵ ਬਾਰੇ ਪੜ੍ਹ ਰਹੇ ਹੋ ਤਾਂ ਤੁਸੀਂ ਦਿਮਾਗੀ ਤੌਰ 'ਤੇ ਬਰਫ਼ ਅਤੇ ਬਰਫ਼ ਤੇ ਚਲਦੀਆਂ ਠੰਡੀਆਂ ਹਵਾਵਾਂ ਵੀ ਮਹਿਸੂਸ ਕਰ ਰਹੇ ਹੋ।

ਕਿਤਾਬਾਂ ਗਿਆਨ ਦਾ ਭੰਡਾਰ ਹਨ। ਸਾਡੇ ਸਮਕਾਲੀ ਜਾਂ ਸਾਡੇ ਤੋਂ ਬਹੁਤ ਪਹਿਲਾਂ ਹੋਏ, ਸਮਾਜਿਕ ਵਿਗਿਆਨੀਆਂ, ਕਵੀਆਂ, ਲੇਖਕਾਂ, ਸਾਇੰਸਦਾਨਾਂ ਦੇ ਕੰਮ ਸਾਂਭੇ ਪਏ ਹਨ। ਪਹਿਲਾਂ ਤੋਂ ਦਾਦੀਆਂ ਨਾਨੀਆਂ ਦੀਆਂ ਕਹਾਣੀ ਸੁਣ ਕੇ ਸਾਡੇ ਵਿਚ ਪੁਰਾਣੇ ਰਾਜਿਆਂ ਦੇ ਹਸ਼ਰ ਨਾਲ, ਜੋ ਹਮਦਰਦੀ ਹੁੰਦੀ ਸੀ ਉਹ ਕਿਤਾਬਾਂ ਪੜ੍ਹ ਕੇ ਨਿਕਲਣੀ ਸ਼ੁਰੂ ਹੋ ਜਾਂਦੀ ਹੈ ਸਾਨੂੰ ਪਤਾ ਲੱਗਦਾ ਹੈ ਕਿ ਸਾਡੇ ਚਹੇਤੇ ਰਾਜੇ ਦੀ ਫੌਜ ਵੀ ਮਾਰਧਾੜ, ਬਲਾਤਕਾਰ, ਲੁੱਟ ਖੋਹ ਦੂਜੇ ਰਾਜੇ ਦੇ ਇਲਾਕੇ ਵਿਚ ਕਰਦੀ ਹੁੰਦੀ ਸੀ। ਇਹ ਰਾਜਿਆਂ ਦੇ ਵੱਡੇ ਵੱਡੇ ਕਿਲੇ ਗਰੀਬਾਂ ਗੁਲਾਮਾਂ ਦੀ ਲੁੱਟ ਖਸੁੱਟ ਦਾ ਸਿੱਟਾ ਹਨ। ਕਿਵੇਂ ਗਰੀਬ ਲੋਕਾਂ ਤੋਂ ਧੱਕੇ ਨਾਲ ਕੰਮ ਕਰਾਇਆ ਜਾਂਦਾ ਸੀ। ਧਰਤੀ ਉਤੇ ਮਨੁੱਖ ਦਾ ਵਿਕਾਸ ਗਿਆਨ ਨੇ ਕੀਤਾ ਹੈ ਅਤੇ ਇਹ ਗਿਆਨ ਕਿਤਾਬਾਂ ਵਿਚ ਸਾਂਭਿਆ ਪਿਆ ਹੈ।

**ਬੋਰੀਅਤ** : ਬੁਢਾਪੇ ਵਿਚ ਬਹੁਤ ਲੋਕ ਬੋਰੀਅਤ ਦੇ ਰੋਗ ਦਾ ਸ਼ਿਕਾਰ ਹੋ ਜਾਂਦੇ ਹਨ, ਬੱਚੇ ਵੱਡੇ ਹੋ ਕੇ ਆਲਣੇ ਛੱਡ ਜਾਂਦੇ ਹਨ, ਬਜ਼ੁਰਗ ਇਕੱਲੇ ਰਹਿ ਜਾਂਦੇ ਹਨ। ਇਕੱਲਤਾ ਬਹੁਤ ਵਾਰ ਬੋਰੀਅਤ ਨੂੰ ਜਨਮ ਦਿੰਦੀ ਹੈ। ਬੋਰ ਵਿਅਕਤੀ ਦੀ ਉਮਰ ਘਟਣੀ ਸ਼ੁਰੂ ਹੋ ਜਾਂਦੀ ਹੈ। ਕਿਤਾਬਾਂ ਬੋਰੀਅਤ ਨੂੰ ਘਟਾਉਣ ਵਿਚ ਸਹਾਈ ਹੀ ਨਹੀਂ ਹੁੰਦੀਆਂ ਸਗੋਂ ਇਕੱਲਤਾ ਨੂੰ ਬਹੁਤ ਹੱਦ ਤੱਕ ਇਕ ਦਿਲਚਸਪੀ ਵਿਚ ਬਦਲ ਦਿੰਦੀਆਂ ਹਨ। ਮੈਂ ਇਕ ਵਾਰ ਇਕ 91 ਸਾਲ ਦੇ ਬਜ਼ੁਰਗ ਨੂੰ ਮਿਲਿਆ ਉਸਦੀ ਸਿਹਤ ਅਤੇ ਸਰੀਰ ਦੀ ਚੁਸਤੀ ਫੁਰਤੀ ਦੇਖਕੇ ਮੈਂ ਹੈਰਾਨ ਰਹਿ ਗਿਆ। ਜਦ ਮੈਂ ਉਸ ਦੀ ਸਿਹਤ ਦਾ ਰਾਜ਼ ਪੁੱਛਿਆ ਤਾਂ ਉਸ ਨੇ ਆਪਦੀ ਕਹਾਣੀ ਦੱਸੀ ਕਿ ਉਸ ਦੇ ਬੱਚੇ ਵੱਡੇ ਹੋ ਕੇ ਦੇਸ਼ ਦੇ ਹੋਰ ਹਿੱਸਿਆਂ ਵਿਚ ਚਲੇ ਗਏ ਹਨ ਅਤੇ ਪੰਜ ਕੁ ਸਾਲ ਹੋਏ ਉਸਦੀ ਜੀਵਨ ਸਾਥਣ ਵੀ ਸਾਥ ਛੱਡ ਗਈ ਹੈ ਅਤੇ ਉਹ ਇਕੱਲਾ ਰਹਿੰਦਾ ਹੈ। ਉਸ ਨੇ ਦੱਸਿਆ ਕਿ ਉਹ ਧਾਰਮਿਕ ਨਹੀਂ ਹੈ, ਸਵੇਰ ਉਠਣ ਸਾਰ ਉਹ ਸ਼ੀਸ਼ੇ ਮੂਹਰੇ ਖੜ੍ਹ ਕੇ ਆਪਣਾ ਆਪਾ ਦੇਖਦਾ ਹੈ ਤੇ ਕਹਿੰਦਾ ਹੈ, ਹੇ ਸ਼ੀਸ਼ੇ ਵਿਚਲੇ ਆਦਮੀ ਮੈਂ ਤੈਨੂੰ ਪਿਆਰ ਕਰਦਾ ਹਾਂ' ਸਵੇਰੇ ਥੋੜ੍ਹੀ ਬਹੁਤ ਸੈਰ ਕਰਕੇ ਲਾਇਬ੍ਰੇਰੀ ਚਲਾ ਜਾਂਦਾ ਹੈ ਅਤੇ ਚਾਰ ਪੰਜ ਘੰਟੇ ਲਾਇਬ੍ਰੇਰੀ ਵਿਚ ਬਤੀਤ ਕਰਦਾ ਹੈ। ਇਹ ਉਸਦੀ ਨਿਤਨੇਮ ਹੈ ਉਸ ਨੇ ਕਿਹਾ ਕਿ ਮੈਂ ਕਦੇ ਵੀ ਬੋਰੀਅਤ ਮਹਿਸੂਸ ਨਹੀਂ ਕੀਤੀ ਅਤੇ ਨਾ ਹੀ ਜ਼ਿੰਦਗੀ ਵਿਚ ਪੈਸੇ ਨੂੰ ਮੁੱਖ ਰੱਖਿਆ ਹੈ। ਇਸ ਦੇ ਮੁਕਾਬਲੇ ਅਸੀਂ ਆਪਦੀਆਂ ਅਗਲੀਆਂ ਪੀੜ੍ਹੀਆਂ ਦੀ ਖਾਤਰ ਕੰਮ ਕਰਦੇ ਬਹੁਤ ਛੇਤੀ ਹੀ ਇਸ ਨੂੰ ਧਰਤੀ ਤੋਂ ਫਤਹਿ ਬੁਲਾ ਜਾਂਦੇ ਹਾਂ। ਯਾਦ ਰਹੇ ਜ਼ਿੰਦਗੀ ਇਕ ਵਾਰ ਹੀ ਮਿਲਦੀ ਹੈ। ਅਸੀਂ ਆਪਦੀ ਖਾਤਰ ਵੀ ਜਿਉਂ ਕੇ ਦੇਖ ਲਈਏ। ਬੰਗਾਲੀਆਂ ਨੂੰ ਕਿੰਨਾ ਪੜ੍ਹਨ ਦਾ ਸ਼ੌਕ ਹੈ ਇਸ ਦੀ ਇਕ ਉਦਾਹਰਣ ਹਾਜ਼ਰ ਹੈ। ਇਕ ਬੰਗਾਲੀ ਜਿਸ ਦੀਆਂ ਅੱਖਾਂ ਖਰਾਬ ਸਨ, ਜਿਹੜਾ ਕਿ ਪੜ੍ਹ ਲਿਖ ਨਹੀਂ ਸਕਦਾ ਸੀ ਉਸ ਨੂੰ ਪੁੱਛਿਆ ਗਿਆ ਕਿ ਜੇਕਰ ਤੇਰੀਆਂ ਅੱਖਾਂ ਠੀਕ ਹੋ ਜਾਣ ਤਾਂ ਤੇਰੀ ਪਹਿਲ ਕਿਸ ਗੱਲ ਦੀ ਹੋਵੇਗੀ? ਉਸ ਦਾ ਜਵਾਬ ਬੜਾ ਹੀ ਦਿਲਚਸਪ ਸੀ। ਉਸ ਨੇ ਕਿਹਾ ਕਿ ਪਹਿਲਾਂ ਮੈਂ ਆਪ ਦੇ ਆਪ ਨੂੰ ਦੇਖਾਂਗਾ, ਫਿਰ ਆਪ ਦੇ ਪਰਿਵਾਰ ਨੂੰ ਦੇਖਾਂਗਾ ਅਤੇ ਉਸ ਤੋਂ ਬਾਅਦ ਲਾਇਬ੍ਰੇਰੀ ਜਾਵਾਂਗਾ ਅਤੇ ਉਥੋਂ ਟੈਗੋਰ ਲੱਭਾਂਗਾ, ਮਹਾਸ਼ਵੇਤਾ ਦੇਵੀ ਲੱਭਾਂਗਾ। ਕਿੰਨੀ ਸ਼ਿੱਦਤ ਹੈ ਇਕ ਅੰਨ੍ਹੇ ਵਿਅਕਤੀ ਵਿਚ ਕਿ ਜੇਕਰ ਉਸ ਦੀਆਂ ਅੱਖਾਂ ਨੂੰ ਰੌਸ਼ਨੀ ਮਿਲ ਜਾਵੇ ਤਾਂ ਉਹ ਲਾਇਬ੍ਰੇਰੀ ਜਾਵੇਗਾ। ਬੜਾ ਹਾਸਾ ਜਿਹਾ ਆਉਂਦਾ ਹੈ ਇਹ ਸੋਚਕੇ ਜੇ ਇਹੀ ਹਾਲਤ 'ਚੋਂ ਕੋਈ ਪੰਜਾਬੀ ਲੰਘੇ ਤਾਂ ਉਹ ਕੀ ਕਹੇਗਾ। ਲੱਗਦਾ ਹੈ ਉਹ ਕਹੇਗਾ ਕਿ ਪਹਿਲਾਂ ਤਾਂ ਉਹ ਸਾਰਿਆਂ ਨੂੰ ਠੀਕ ਕਰਾਂਗਾ ਜਿਹੜੇ ਮੈਨੂੰ ਧੱਕੇ ਮਾਰਦੇ ਰਹੇ, ਫਿਰ ਮੈਂ ਠੇਕੇ ਜਾਵਾਂਗਾ ਅਤੇ ਸੈਲੀਬਰੇਟ ਕਰਾਂਗਾ।


**ਕਿਹੋ ਜਿਹਾ ਸਾਹਿਤ ਪੜ੍ਹੀਏ**

ਜਿਸ ਤਰ੍ਹਾਂ ਕਿਹਾ ਜਾਂਦਾ ਹੈ ਕਿ ਜਿਹੋ ਜਿਹਾ ਤੁਸੀਂ ਖਾਂਦੇ ਹੋ ਉਹੋ ਜਿਹੀ ਤੁਹਾਡੀ ਸਿਹਤ ਹੋਵੇਗੀ। ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਦਾ ਸਾਹਿਤ ਤੁਸੀਂ ਪੜ੍ਹੋਗੇ ਉਸ ਤਰ੍ਹਾਂ ਦੇ ਤੁਸੀਂ ਹੁੰਦੇ ਜਾਵੋਗੇ। ਜੇਕਰ ਤੁਸੀਂ ਲੱਚਰ ਸਾਹਿਤ ਪੜ੍ਹੋਗੇ ਤਾਂ ਤੁਹਾਡੀ ਸੋਚ ਵੀ ਲੱਚਰ ਗਾਇਕਾਂ ਜਾਂ ਗੀਤਕਾਰਾਂ ਵਰਗੀ ਹੋ ਜਾਵੇਗੀ। ਜੇਕਰ ਤੁਸੀਂ ਫਿਰਕਾਪ੍ਰਸਤੀ ਦੀਆਂ ਕਿਤਾਬਾਂ ਪੜ੍ਹ ਰਹੇ ਹੋ ਤਾਂ ਤੁਸੀਂ ਫਿਰਕਾਪ੍ਰਸਤ ਬਣ ਜਾਵੋਗੇ ਅਤੇ ਆਪਦੇ ਫਿਰਕੇ ਨੂੰ ਛੱਡ ਕੇ ਦੂਸਰੇ ਫਿਰਕਿਆਂ ਨੂੰ ਨਫ਼ਰਤ ਕਰਨ ਲੱਗ ਜਾਵੋਗੇ ਅਤੇ ਹੋ ਸਕਦਾ ਆਪਦੀ ਜ਼ਿੰਦਗੀ ਵਿਚ ਤੁਸੀਂ ਦੰਗੀਆਂ ਦੇ ਮੋਢੀ ਬਣ ਜਾਵੋ। ਜੇਕਰ ਤੁਸੀਂ ਧਾਰਮਿਕ ਕਿਤਾਬਾਂ ਪੜ੍ਹੋਗੇ ਤਾਂ ਧਾਰਮਿਕ ਬਣ ਜਾਵੋਗੇ ਪਰ ਜੇਕਰ ਮਨੁੱਖਵਾਦੀ ਸਾਹਿਤ ਪੜ੍ਹੋਗੇ ਤਾਂ ਤੁਸੀਂ ਇਕ ਅਗਾਂਹਵਧੂ ਵਿਅਕਤੀ ਬਣੋਂਗੇ, ਜਾਤੀ ਖੁਦਗਰਜ਼ੀਆਂ ਤੋਂ ਉਠ ਕੇ ਮਨੁੱਖਤਾ ਦੇ ਭਲੇ ਲਈ ਆਪਦਾ ਆਪ ਅਰਪਣ ਕਰ ਦੇਵੋਂਗੇ। ਕਿਸੇ ਵੀ ਮੁਲਕ ਦੀ ਤਕਦੀਰ ਜਾਂ ਭਵਿੱਖ ਦਾ ਫੈਸਲਾ ਉਸ ਮੁਲਕ ਵਿਚ ਛਪ ਰਹੀਆਂ ਜਾਂ ਪੜ੍ਹੀਆਂ ਜਾ ਰਹੀਆਂ ਕਿਤਾਬਾਂ 'ਤੇ ਬਹੁਤ ਨਿਰਭਰ ਕਰਦਾ ਹੈ। ਜੇਕਰ ਲੋਕ ਲੋਕਪੱਖੀ ਸਾਹਿਤ ਪੜ੍ਹਦੇ ਹਨ ਤਾਂ ਸਥਾਪਤੀ ਨੂੰ ਚੈਲੰਜ ਕਰ ਸਕਦੇ ਹਨ। ਇਸ ਕਰਕੇ ਬਹੁਤ ਸਰਕਾਰਾਂ ਧਾਰਮਿਕ ਅਦਾਰਿਆਂ ਨੂੰ ਗਰਾਂਟਾਂ ਦੇ ਗੱਫੇ ਦੇ ਦਿੰਦੀਆਂ ਹਨ ਪਰ ਲਾਇਬ੍ਰੇਰੀਆਂ ਨੂੰ ਨਹੀਂ ਕਿਉਂਕਿ ਚੇਤਨਤਾ ਤੋਂ ਸਥਾਪਤੀ ਦੀਆਂ ਚੂਲਾਂ ਨੂੰ ਸਭ ਤੋਂ ਵੱਧ ਖਤਰਾ ਹੁੰਦਾ ਹੈ।

**ਬਿਮਾਰੀਆਂ ਤੋਂ ਛੁਟਕਾਰਾ** : ਸਿਹਤ ਸਬੰਧੀ ਕਿਤਾਬਾਂ ਤਾਂ ਸਿਹਤ ਸਬੰਧੀ ਗਿਆਨ ਨਾਲ ਭਰੀਆਂ ਪਈਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਤੁਸੀਂ ਸਿਹਤ ਸਬੰਧੀ ਗਿਆਨ ਪ੍ਰਾਪਤ ਕਰ ਸਕਦੇ ਹੋ। ਪਰ ਹੁਣ ਤਾਂ ਮੈਡੀਕਲ ਸਾਇੰਸ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਡੀਮੈਨਸ਼ੀਆ ਅਤੇ ਅਲਸਾਈਮਰ ਵਰਗੀਆਂ ਬਿਮਾਰੀਆਂ ਤੋਂ ਵੀ ਕਿਤਾਬਾਂ ਪੜ੍ਹਨ ਨਾਲ ਬਚਿਆ ਜਾ ਸਕਦਾ ਹੈ। ਜਿੰਨਾ ਜ਼ਿਆਦਾ ਪੜ੍ਹੋਂਗੇ, ਉਨਾ ਹੀ ਜ਼ਿਆਦਾ ਸੋਚੋਂਗੇ, ਦਿਮਾਗੀ ਕਸਰਤ ਹੋਵੇਗੀ ਤਾਂ ਡੀਮੈਨਸ਼ੀਆ ਵਰਗੀ ਬਿਮਾਰੀ ਨੇੜੇ ਨਹੀਂ ਆਵੇਗੀ। ਸੋ ਤੁਸੀਂ ਜਿਥੇ ਵੀ ਹੋ ਹਮੇਸ਼ਾ ਖਿਆਲ ਰੱਖੋ ਕਿ ਲਾਇਬ੍ਰੇਰੀ ਕਿਥੇ ਹੈ। ਕਿਤਾਬਾਂ ਸਾਡੇ ਦਿਮਾਗ ਨੂੰ ਵਿਸ਼ਾਲ ਕਰਦੀਆਂ ਹਨ। ਸਾਡੀ ਕਲਪਨਾ ਸ਼ਕਤੀ ਦਾ ਘੇਰਾ ਵਧਾਉਂਦੀਆਂ ਹਨ। ਜਿਹੜੇ ਲੋਕ ਕਿਤਾਬਾਂ ਪੜ੍ਹਦੇ ਹਨ ਉਨ੍ਹਾਂ ਦੀਆਂ ਮਾਨਸਿਕ ਉਡਾਰੀਆਂ ਬਹੁਤ ਉਚੀਆਂ ਹੋ ਜਾਂਦੀਆਂ ਹਨ। ਮਾਨਸਿਕ ਉਡਾਰੀ ਜਾਂ ਕਲਪਨਾ ਸ਼ਕਤੀ ਤੋਂ ਬਿਨਾ ਮਨੁੱਖ ਟੋਬੇ ਦਾ ਡੱਡੂ ਬਣ ਜਾਂਦਾ ਹੈ। ਜਿਹੜੇ ਲੋਕ ਲਿਖਣ ਦਾ ਸ਼ੌਕ ਰੱਖਦੇ ਹਨ ਉਨ੍ਹਾਂ ਲਈ ਪੜ੍ਹਨਾ ਬਹੁਤ ਜ਼ਰੂਰੀ ਹੈ, ਪੜ੍ਹਨ ਦੇ ਨਾਲ ਉਨ੍ਹਾਂ ਦੇ ਗਿਆਨ ਦਾ ਘੇਰਾ ਵਿਸ਼ਾਲ ਹੋ ਜਾਵੇਗਾ ਜਿਹੜਾ ਉਨ੍ਹਾਂ ਦੀ ਲਿਖਤ ਦੀ ਪੱਧਰ ਨੂੰ ਉਚਾ ਕਰੇਗਾ। ਇਕ ਬੜੀ ਵਧੀਆ ਕਹਾਵਤ ਹੈ ਕਿ ਜੇਕਰ ਤੁਸੀਂ ਇਕੋ ਸਫ਼ਾ ਲਿਖਣਾ ਚਾਹੁੰਦੇ ਹੋ ਤਾਂ ਇਸ ਦੇ ਨਾਲ ਇਕ ਹਜ਼ਾਰ ਸਫ਼ਾ ਪੜ੍ਹਨਾ ਚਾਹੀਦਾ ਹੈ।

**ਹਾਲਾਤਾਂ ਨੂੰ ਬਦਲਣ ਲਈ ਪੜ੍ਹੋ** :

ਜਿਹੜੇ ਲੋਕ ਇਹ ਕਹਿੰਦੇ ਹਨ ਕਿ ਉਹ ਪੜ੍ਹਨਾ ਤਾਂ ਚਾਹੁੰਦੇ ਹਨ ਪਰ ਸਮਾਂ ਨਹੀਂ ਮਿਲਦਾ, ਉਹ ਲੋਕ ਆਪਣੇ ਆਪ ਦੇ ਸਭ ਤੋਂ ਵੱਡੇ ਦੁਸ਼ਮਣ ਹੁੰਦੇ ਹਨ। ਉਹ ਲੋਕ ਆਪਦੇ ਦਿਮਾਗ ਦੇ ਕਿਵਾੜ ਬੰਦ ਰੱਖਦੇ ਹਨ ਪਰ ਜੇ ਸੋਚੀਏ ਜਿਸ ਘਰ ਦੇ ਕਿਵਾੜ ਬੰਦ ਹੁੰਦੇ ਹਨ ਉਥੇ ਤਾਂ ਮੰਗਤਾ ਵੀ ਨਹੀਂ ਜਾਂਦਾ ਜਿਸ ਬੰਦੇ ਨੇ ਆਪਣੇ ਦਿਮਾਗ ਦੇ ਕਿਵਾੜ ਬੰਦ ਕਰ ਲਏ ਉਸ ਦਿਮਾਗ ਵਿਚ ਕਦੇ ਵੀ ਗਿਆਨ ਦਾ ਪ੍ਰਕਾਸ਼ ਨਹੀਂ ਹੋ ਸਕਦਾ। ਤੁਸੀਂ ਕੰਮ ਕਰਨ ਲਈ ਸਮਾਂ ਕੱਢ ਸਕਦੇ ਹੋ, ਖਾਣ ਪੀਣ ਲਈ ਸਮਾਂ ਕੱਢਦੇ ਹੋ, ਪਰਿਵਾਰਕ ਜ਼ਿੰਮੇਵਾਰੀਆਂ ਲਈ ਸਮਾਂ ਕੱਢਦੇ ਹੋ ਫਿਰ ਪੜ੍ਹਨ ਲਈ ਕਾਸਤੋਂ ਨਹੀਂ, ਸ਼ਰਾਬ ਦੀ ਮਹਿਫ਼ਲ, ਤਾਸ਼ ਦੀ ਮਹਿਫ਼ਲ, ਸਮੇਂ ਦੀ ਬਰਬਾਦੀ ਅਤੇ ਲੜਾਈ ਦਾ ਘਰ ਹੈ। ਕਿਤਾਬਾਂ ਤੁਹਾਨੂੰ ਇਨ੍ਹਾਂ ਬਿਮਾਰੀਆਂ ਤੋਂ ਬਚਾਉਂਦੀਆਂ ਹਨ। ਜੇਕਰ ਬੇਕਰੀ 'ਚ ਪੰਦਰਾਂ ਘੰਟੇ ਕੰਮ ਕਰਨ ਵਾਲਾ ਮੈਕਸਿਮ ਗੋਰਕੀ ਪੜ੍ਹਨ ਲਈ ਸਮਾਂ ਕੱਢ ਸਕਦਾ ਹੈ ਫਿਰ ਤੁਹਾਨੂੰ ਕੀ ਬਿਮਾਰੀ ਹੈ? ਜ਼ਿੰਦਗੀ ਸਿਰਫ਼ ਪੈਸਾ ਕਮਾਉਣ ਲਈ ਜਾਂ ਬੱਚੇ ਪਾਲਣ ਲਈ ਨਹੀਂ ਹੈ, ਬੱਚੇ ਤਾਂ ਜਾਨਵਰ ਵੀ ਪਾਲਦੇ ਹਨ ਪਰ ਤੁਸੀਂ ਤਾਂ ਕੁਦਰਤ ਦੇ ਉਹ ਚੇਤੰਨ ਜੀਵ ਹੋ ਜਿਨ੍ਹਾਂ ਨੇ ਜ਼ਿੰਦਗੀ ਦੀਆਂ ਸਾਜਗਾਰ ਹਾਲਾਤਾਂ ਲਈ ਸੰਘਰਸ਼ ਕਰਨਾ ਹੈ। ਪੜ੍ਹਨ ਵਾਲੇ ਲੋਕਾਂ ਦੀ ਦਿਮਾਗੀ ਹਾਲਤ ਹੀ ਵਧੀਆ ਨਹੀਂ ਹੁੰਦੀ ਸਗੋਂ ਉਨ੍ਹਾਂ ਦੀ ਵਕੈਬੂਲਰੀ ਵੀ ਵਧੀਆ ਹੁੰਦੀ ਹੈ। ਢੁਕਵੇਂ ਹਾਲਾਤਾਂ ਤੇ ਢੁਕਵੇਂ ਲਫਜ਼ ਲੱਭਣ ਲਈ ਉਨ੍ਹਾਂ ਨੂੰ ਬਹੁਤੀ ਦਿਮਾਗ ਦੀ ਫਰੋਲਾ ਫਰਾਲੀ ਨਹੀਂ ਕਰਨੀ ਪੈਂਦੀ। ਕਿਤਾਬਾਂ ਵਿਚ ਹਰ ਸਮੱਸਿਆ ਦਾ ਹੱਲ ਦਰਜ ਹੈ, ਗਰੀਬੀ ਕਿਉਂ ਵਧ ਰਹੀ ਹੈ? ਗਰੀਬ ਅਮੀਰ ਦਾ ਪਾੜਾ ਕਿਉਂ ਵਧ ਰਿਹਾ ਹੈ? ਫਿਰਕਾਪ੍ਰਸਤੀ (ਗੁੰਡਾਗਰਦੀ) ਦੀ ਲੋੜ ਕਿਸਨੂੰ ਇਸ ਸਭ ਕਾਸੇ ਦਾ ਉਤਰ ਕਿਤਾਬਾਂ ਵਿਚ ਹੈ। ਯਾਦ ਰਹੇ ਅਗਿਆਨਤਾ ਅੰਧਵਿਸ਼ਵਾਸ ਨੂੰ ਪੈਦਾ ਕਰਦੀ ਹੈ ਅਤੇ ਅੰਧ ਵਿਸ਼ਵਾਸ ਬਾਬਿਆਂ ਡੇਰਿਆਂ ਦੀਆਂ ਧਾੜਾ ਨੂੰ ਪੈਦਾ ਕਰਦਾ ਹੈ। ਇਹ ਅੰਧ ਵਿਸ਼ਵਾਸ ਗਰੀਬੀ ਦੀ ਲੁੱਟ ਨੂੰ ਲੰਮੀ ਕਰਦਾ ਹੈ ਅਤੇ ਇਹ ਕਿਤਾਬਾਂ ਹੀ ਹਨ ਜਿਹੜੀ ਲੋਕਾਂ ਨੂੰ ਗਿਆਨ ਦਾ ਚਾਨਣ ਬਖਸ਼ ਕੇ ਜ਼ਿੰਦਗੀ ਦੀ ਸੱਚਾਈ ਦੇ ਰੂਬਰੂ ਕਰਦੀਆਂ ਹਨ। ਦੁਨੀਆਂ ਵਿਚ ਅਮਰੀਕਾ ਡੈਨਮਾਰਕ ਨਾਰਵੇ ਦੇ ਲੋਕ ਸਭ ਤੋਂ ਵੱਧ ਪੜ੍ਹਦੇ ਹਨ ਅਤੇ ਇਨ੍ਹਾਂ ਦੇਸ਼ਾਂ ਦੇ ਲੋਕ ਕਿਸੇ ਅਦਿੱਖ ਸ਼ਕਤੀ ਦੀ ਹੋਂਦ ਦੇ ਸਭ ਤੋਂ ਵੱਧ ਇਨਕਾਰੀ ਹਨ, ਇਸ ਕਰਕੇ ਲੋਕ ਇਨ੍ਹਾਂ ਦੇਸ਼ਾਂ ਵਿਚ ਸੁਖੀ ਹਨ। ਭਾਰਤ ਵਰਗੇ ਧਾਰਮਿਕ ਜਾਂ ਅੰਧਵਿਸ਼ਵਾਸੀ ਮੁਲਕ ਵਿਚ ਸਭ ਤੋਂ ਵੱਧ ਅਗਿਆਨਤਾ ਹੈ। ਪ੍ਰਤੀ ਜੀਅ ਵਿਅਕਤੀ ਪਿਛੇ ਜੇਕਰ ਕਿਤਾਬਾਂ ਪੜ੍ਹਨ ਦੀ ਰੁਚੀ ਆਮ ਲੋਕਾਂ ਵਿਚ ਪਾਈ ਜਾਂਦੀ ਹੈ ਤਾਂ ਭਾਰਤ ਫਾਡੀ ਹੈ। ਇਸ ਕਰਕੇ ਸਭ ਤੋਂ ਵੱਧ ਅਗਿਆਨਤਾ ਦਾ ਬੋਲਬਾਲਾ ਭਾਰਤ ਵਿਚ ਹੈ। ਸੰਤ, ਬਾਬੇ, ਡੇਰੇਦਾਰ ਭਾਰਤ ਵਿਚ ਖੁੰਬਾਂ ਵਾਂਗ ਉਗੇ ਹੋਏ ਹਨ। ਅਗਾਂਹਵਧੂ ਲੇਖਕਾਂ, ਪੱਤਰਕਾਰਾਂ ਦੇ ਕਤਲ ਹੋ ਰਹੇ ਹਨ। ਥੋੜ੍ਹੇ ਦਿਨ ਮੁਜ਼ਾਹਰੇ ਹੁੰਦੇ ਹਨ ਉਸ ਤੋਂ ਸਥਾਪਤੀ ਕੋਈ ਨਵਾਂ ਸ਼ੋਸ਼ਾ ਛੱਡ ਕੇ ਲੋਕਾਂ ਦਾ ਧਿਆਨ ਬਦਲ ਦਿੰਦੀ ਹੈ। ਜੇਕਰ ਭਾਰਤ ਦੇ ਲੋਕ ਅਬਾਦੀ ਵਿਚੋਂ ਜਿਹੜੇ ਦੁਨੀਆਂ ਵਿਚ ਦੂਜੇ ਨੰਬਰ 'ਤੇ ਹਨ, ਪੜ੍ਹਨ ਵਿਚ ਵੀ ਦੂਜੇ ਨੰਬਰ 'ਤੇ ਹੁੰਦੇ ਤਾਂ ਫਿਰਕਾਪ੍ਰਸਤਾਂ ਦੀ ਜੁਰਅਤ ਨਹੀਂ ਸੀ ਪੈਣੀ ਕਿ ਲੇਖਕਾਂ ਦੇ ਕਤਲ ਕਰਦੇ। ਦੁਨੀਆਂ ਦੇ ਮਹਾਨ ਲੇਖਕਾਂ ਨੇ ਇਤਿਹਾਸ ਦੇ ਪਹੀਏ ਨੂੰ ਮੋੜਿਆ ਹੈ। ਗੋਰਕੀ, ਲੂ-ਸੁੰਨ, ਪਾਬਲੋ ਨੈਰੂਦਾ, ਪਾਸ਼ ਉਦਾਸੀ ਅਤੇ ਹੋਰ ਕਿੰਨੇ ਸਾਰੇ ਲੋਕ ਜਿਹੜੇ ਸਮੇਂ ਦੇ ਸੱਚ ਨਾਲ ਖੜ੍ਹੇ ਸਨ। ਜੇਕਰ ਅਸੀਂ ਪੜ੍ਹਾਂਗੇ ਹੀ ਨਹੀਂ ਤਾਂ ਸਾਨੂੰ ਕਿਵੇਂ ਪਤਾ ਲੱਗੂ ਕਿ ਧਰਮ ਸਿਆਸਤ 'ਚ ਦਖ਼ਲ ਦੇ ਕੇ ਕਿਵੇਂ ਲੋਕ ਦੋਖੀ ਰੂਪ ਅਖਤਿਆਰ ਕਰਦਾ ਹੈ, ਕਿਵੇਂ ਇਕ ਸੁਪਰ ਪਾਵਰ ਦੁਨੀਆਂ ਨੂੰ ਆਪਦੀਆਂ ਉਂਗਲਾਂ ਤੇ ਨਚਾ ਰਹੀ ਹੈ, ਕਿਵੇਂ ਦੁਨੀਆਂ ਦੀ ਸਭ ਤੋਂ ਵੱਡੀ ਡੈਮੋਕਰੇਸੀ ਡਾਂਗੋਕਰੇਸੀ ਬਣ ਗਈ ਹੈ। ਇਸ ਕਰਕੇ ਪ੍ਰਣ ਕਰੀਏ ਕਿ ਪੜ੍ਹੀਏ ਵੱਧ ਤੋਂ ਵੱਧ ਅਤੇ ਆਪਣੇ ਦਿਮਾਗ ਦੇ ਕਿਵਾੜ ਖੋਲ੍ਹੀਏ। ਕਿਉਂਕਿ ਭਗਤ ਸਿੰਘ ਨੇ ਵੀ ਕਿਹਾ ਸੀ ਕਿ ਇਨਾ ਪੜ੍ਹੋ ਇਨਾ ਪੜ੍ਹੋ ਕਿ ਆਪਦੇ ਵਿਰੋਧੀਆਂ ਦੀਆਂ ਦਲੀਲਾਂ ਦਾ ਜਵਾਬ ਦੇ ਸਕੋ।



ਇਕ ਰਾਈਟਰ ਕਲੱਬ ਨੇ ਪੜ੍ਹਨ ਬਾਰੇ ਪੜ੍ਹਨ ਦਾ ਸ਼ੌਕ ਵਧਾਉਣ ਬਾਰੇ ਕੁਝ ਸਲਾਹਾਂ ਲਿਖੀਆਂ ਹਨ। ਉਨ੍ਹਾਂ ਨੂੰ ਸ਼ੇਅਰ ਕਰੇ ਬਿਨਾਂ ਇਹ ਲੇਖ ਅਧੂਰਾ ਰਹਿ ਜਾਵੇਗਾ :

1. ਬਜਟ ਬਣਾਉਣਾ ਪਵੇਗਾ ਕਿ ਇਕ ਮਹੀਨੇ ਵਿਚ ਕਿੰਨੀਆਂ ਕਿਤਾਬਾਂ ਪੜ੍ਹਨੀਆਂ ਹਨ।
2. ਕਿਤੇ ਵੀ ਬੁੱਕ ਫੇਅਰ (ਪੁਸਤਕ-ਮੇਲਾ) ਲੱਗਦਾ ਹੈ ਜ਼ਰੂਰ ਚੱਕਰ ਮਾਰੋ, ਹੋ ਸਕਦਾ ਹੈ ਤੁਹਾਨੂੰ ਕੋਈ ਇਹੋ ਜਿਹੀ ਕਿਤਾਬ ਮਿਲ ਜਾਵੇ ਜਿਹੜੀ ਤੁਹਾਡੀ ਜ਼ਿੰਦਗੀ ਬਦਲ ਦੇਵੇ।
3. ਹਮੇਸ਼ਾ ਕਿਤਾਬਾਂ ਖਰੀਦਣ ਲਈ ਥੋੜ੍ਹੇ ਬਹੁਤ ਪੈਸੇ ਅਲੱਗ ਰੱਖਦੇ ਰਹੋ।
4. ਨਵੇਂ ਸਾਲ ਜਾਂ ਦਿਨ ਤਿਉਹਾਰ ਤੇ ਇਕ ਦੂਜੇ ਨੂੰ ਮਹਿੰਗੇ ਗਿਫਟ ਦੇਣ ਦੀ ਥਾਂ ਕਿਤਾਬਾਂ ਦੇ ਗਿਫਟ ਦੇਵੋ।
5. ਪੁਸਤਕ ਮੇਲਿਆਂ ਜਾਂ ਲਾਇਬ੍ਰੇਰੀਆਂ ਵਿਚ ਵਲੰਟੀਅਰ ਕੰਮ ਕਰੋ, ਇਕ ਚੰਗੇ ਕੰਮ ਦਾ ਹਿੱਸਾ ਬਣੋ ਇਹ ਤੁਹਾਡੀ ਕਿਤਾਬਾਂ ਨਾਲ ਸਾਂਝ ਵਧਾਵੇਗਾ।
6. ਆਪਦੇ ਘਰ ਵਿਚ ਆਪਦੀ ਨਿੱਜੀ ਲਾਇਬ੍ਰੇਰੀ ਬਣਾਵੋ। ਦੋਸਤਾਂ ਮਿੱਤਰਾਂ ਨਾਲ ਗੁਫਤਗੂ ਇਸੇ ਲਾਇਬ੍ਰੇਰੀ ਵਿਚ ਬੈਠ ਕੇ ਕਰੋ।
7. ਯਾਦ ਰੱਖੀਏ ਪੈਸਾ ਸਭ ਕੁਝ ਨਹੀਂ ਹੈ। ਪੈਸਾ ਇਕ ਜ਼ਰੀਆ ਹੈ ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਕਰਨ ਦਾ ਅਤੇ ਕਿਤਾਬਾਂ ਵੀ ਜ਼ਿੰਦਗੀ ਦੀ ਲੋੜ ਹਨ।
8. ਗੱਪ-ਸ਼ੱਪ ਮਾਰਨ ਵਾਲੇ ਮਿੱਤਰਾਂ ਤੋਂ ਦੂਰ ਰਹੋ। ਪਹਿਲਾਂ ਪਹਿਲਾਂ ਇਕੱਲਤਾ ਮਹਿਸੂਸ ਹੋਵੇਗੀ, ਕੁਝ ਚਿਰ ਬਾਅਦ ਤੁਹਾਨੂੰ ਤੁਹਾਡੀ ਮਨਪਸੰਦ ਦੇ ਮਿੱਤਰ ਮਿਲ ਜਾਣਗੇ।
9. ਬਹੁਤ ਸਾਰੀਆਂ ਫ਼ਿਲਮਾਂ, ਨਾਟਕ ਕਿਤਾਬਾਂ ਤੇ ਹੀ ਆਧਾਰਤ ਹੁੰਦੇ ਹਨ। ਇਸ ਕਰਕੇ ਇਨ੍ਹਾਂ ਫ਼ਿਲਮਾਂ, ਨਾਟਕਾਂ ਦੀਆਂ ਬਾਰੀਕੀਆਂ ਨੂੰ ਸਮਝਣ ਲਈ ਕਿਤਾਬਾਂ ਪੜ੍ਹਨਾ ਬਹੁਤ ਜ਼ਰੂਰੀ ਹੈ।

# ਅਮਰੀਕੀ ਧੌਂਸ ਜੱਗ 'ਤੇ, ਹਥਿਆਰ ਕਾਰੋਬਾਰ। ਯੂ. ਐਨ. ਓ. ਖਾਮੋਸ਼ ਹੈ, ਰੋਹ ਵਿਚ ਸੰਸਾਰ

ਅਤੇ ਖਾਦ ਪਦਾਰਥ ਦੀ ਬਰਬਾਦੀ ਵਿਚ ਅਮਰੀਕਾ ਪਹਿਲੇ ਨੰਬਰ 'ਤੇ ਹੈ। ਇਥੇ ਚਾਲੀ ਫੀਸਦ ਰਿਨੀ ਪਕਾਈ ਖਾਧ ਖੁਰਾਕ ਗਾਰਬੇ ਹੋ ਜਾਂਦੀ ਹੈ। 7. ਰੰਗ, ਨਸਲ ਅਤੇ ਕੌਮੀਅਤ ਆਧਾਰਤ ਵਿਤਕਰਾ ਸਭ ਤੋਂ ਵੱਧ ਅਮਰੀਕਾ ਵਿਚ ਦੇਖਣ ਨੂੰ ਮਿਲਦਾ ਹੈ, ਇਥੋਂ ਦੇ ਮੂਲ ਵਾਸੀ ਅਤੇ ਸਿਆਹ-ਫਾਮ (ਕਾਲੇ) ਲੋਕ ਇਹ ਵਿਤਕਰਾ ਪੈਰ ਪੈਰ 'ਤੇ ਹੱਡੀਂ ਹੰਢਾਉਂਦੇ ਹਨ। 8. ਅਮਰੀਕਾ ਸਿਵਲੀਅਨ ਹਥਿਆਰਾਂ ਦੀ ਮਾਲਕੀ ਪੱਖੋਂ, ਪਹਿਲੇ ਨੰਬਰ ਦਾ ਮੁਲਕ ਹੈ। ਇਸ ਦੀ ਸੱਠ ਸੱਤਰ ਫੀਸਦ ਵਸੋਂ, ਇਕ ਜਾਂ ਇਕ ਤੋਂ ਵੱਧ ਹਥਿਆਰ ਰੱਖਦੀ ਹੈ। 9. ਦੁਨੀਆਂ ਭਰ ਵਿਚੋਂ ਜੰਗੀ-ਹਥਿਆਰਾਂ ਦੀ ਵਿਕਰੀ ਵੀ ਅਮਰੀਕਾ ਸਭ ਤੋਂ ਜ਼ਿਆਦਾ ਕਰਦਾ ਹੈ। ਇਨ੍ਹਾਂ ਹਥਿਆਰਾਂ ਦੀ ਵਿਕਰੀ ਵਿਚ ਜੇ ਕਦੇ ਕੋਈ ਗਿਰਾਵਟ ਆ ਜਾਵੇ ਤਾਂ ਅਮਰੀਕੀ ਮਿਲਟਰੀ-ਇੰਡਸਟਰੀਅਲ ਲਾਬੀ ਹੋ ਹੱਲਾ ਮਚਾ ਕੇ ਕਿੱਧਰੇ ਨਾ ਕਿੱਧਰੇ ਲੜਾਈ ਛੇੜ ਦਿੰਦੀ ਹੈ ਅਤੇ ਦਬਾ ਦਬ ਲੜਾਈ ਵਿਚ ਭਿੜਦੀਆਂ ਦੋਵਾਂ ਧਿਰਾਂ ਨੂੰ ਹਥਿਆਰ ਵੇਚਦੀ ਹੈ।

**ਅਮਰੀਕੀ ਗੰਨ ਕਲਚਰ ਅਤੇ ਸਿਵਲੀਅਨ ਹਥਿਆਰ ਲਾਬੀ :** ਅਮਰੀਕਾ ਲੋਕ ਇੰਨੇ ਹਥਿਆਰ ਕਿਉਂ ਰੱਖਦੇ ਹਨ? ਇਸ ਗੱਲ ਦਾ ਜਵਾਬ ਦੁਨੀਆਂ ਭਰ ਦੇ ਦਾਨਸ਼ਵਰਾਂ ਦੀ ਸਮਝ ਤੋਂ ਬਾਹਰ ਦੀ ਗੱਲ ਹੈ। ਕੀ ਅਮਰੀਕੀ ਦੀ ਸਟੇਟ ਜਾਂ ਉਸ ਸਟੇਟ ਦੀ ਸਰਕਾਰ ਆਪਣੇ ਅਵਾਮ ਨੂੰ ਸੁਰੱਖਿਆ ਨਹੀਂ ਦੇ ਸਕਦੀ? ਅਵਾਮ ਦੀ ਅੰਦਰੂਨੀ ਤੇ ਬਾਹਰੀ ਸੁਰੱਖਿਆ, ਕਿਸੇ ਵੀ ਸਟੇਟ ਜਾਂ ਰਾਜ ਦੇ ਮੁੱਖ ਚਾਰ ਲੱਛਣਾਂ ਵਿਚੋਂ ਅਹਿਮ ਹੁੰਦਾ ਹੈ ਅਤੇ ਇਹ ਉਸਦੀ ਸਰਕਾਰ ਦੀ ਮੁੱਖ ਜ਼ਿੰਮੇਵਾਰੀ ਹੁੰਦੀ ਹੈ। ਅਮਰੀਕਾ ਦੀ ਸਰਕਾਰ ਕੀ ਕਰਦੀ ਹੈ? ਆਪਣੀ ਪੂੰਜੀਪਤੀਆਂ ਅਤੇ ਕਾਰਪੋਰੇਸ਼ਨਾਂ ਨੂੰ ਕਿਧਰੋਂ ਵੀ ਮੁਕਾਬਲਾ ਜਾਂ ਖਤਰਾ ਲੱਗਦਾ ਹੋਵੇ, ਤਾਂ ਇਕਦਮ ਹਰਕਤ ਵਿਚ ਆਉਂਦੀ ਹੈ ਅਤੇ ਉਸ ਖਤਰੇ ਅਤੇ ਮੁਕਾਬਲੇ ਨੂੰ ਹਟਾਉਂਦੀ ਹੈ। ਇਸ ਕਾਰਜ ਵਾਸਤੇ ਜੋ ਖਰਚਾ ਹੁੰਦਾ ਹੈ, ਉਹ ਟੈਕਸਾਂ ਦੇ ਰੂਪ ਵਿਚ ਆਪਣੇ ਲੋਕਾਂ ਸਿਰ ਮੜ੍ਹਦੀ ਹੈ। ਲੋਕ ਭਲਾਈ ਦੇ ਬੁਨਿਆਦੀ ਕੰਮ ਜਿਵੇਂ ਸਿਹਤ ਸਹੂਲਤਾਂ, ਵਿਦਿਆ ਆਵਾਜਾਈ ਦੇ ਸਾਧਨ, ਇਕ ਪਾਸੇ, ਅਮਰੀਕੀ ਸਰਕਾਰ ਆਪਣਾ ਮੁਢਲਾ ਕਾਰਜ, ਸ਼ਹਿਰੀ ਸੁਰੱਖਿਆ ਪੱਖੋਂ ਵੀ ਸਰਕਾਰ ਨਹੀਂ ਆਖੀ ਜਾ ਸਕਦੀ। ਲੋਕ ਭਲਾਈ ਦੇ ਬੁਨਿਆਦੀ ਖੇਤਰਾਂ ਵਿਚ ਜੰਗਲ ਦਾ ਰਾਜ ਹੈ। ਲੋਕ ਆਪਣੇ ਆਪ 'ਤੇ ਨਿਰਭਰ ਹਨ। ਇਹੀ ਵੱਡਾ ਕਾਰਨ ਹੈ ਕਿ ਲੋਕਾਂ ਦੀ ਮਾਨਸਿਕਤਾ ਵਿਚ ਇਹ ਭਾਵਨਾ ਆ ਚੁੱਕੀ ਹੈ ਕਿ ਉਨ੍ਹਾਂ ਨੇ ਆਪਣੀ ਰਾਖੀ ਆਪ ਕਰਨੀ ਹੈ ਅਤੇ ਰਾਖੀ ਦਾ ਸਾਧਨ ਉਹ ਹਥਿਆਰਾਂ ਨੂੰ ਮੰਨਦੇ ਹਨ। ਕਿਉਂਕਿ ਅਮਰੀਕੀ ਲੋਕ ਸਭ ਤੋਂ ਵੱਧ ਮਾਨਸਿਕ ਰੋਗੀ ਹਨ, ਇਸ ਕਰਕੇ ਹਥਿਆਰਾਂ ਦੀ ਵਰਤੋਂ, ਰਾਖੀ ਵਾਸਤੇ ਘੱਟ ਸਗੋਂ, ਦੂਜਿਆਂ ਨੂੰ ਮਾਰਨ ਵਾਸਤੇ ਵੱਧ ਇਥੇ ਹੀ ਹੁੰਦੀ ਹੈ। ਮੈਨੂੰ ਇਸ ਦਾ ਨਿੱਜੀ ਤਜਰਬਾ ਹੈ। ਇਕ ਵਾਰ ਸਨ-ਫਰਾਂਸਿਸਕੋ ਵਿਚ ਮੈਂ ਮਸਾਂ ਮਸਾਂ ਗੋਲੀਆਂ ਦੀ ਬੁਛਾੜ ਤੋਂ ਬਚਿਆ ਸੀ।

**ਤਰੀਕ 2 ਅਕਤੂਬਰ 2017 ਦਿਨ ਸੋਮਵਾਰ :** ਅਮਰੀਕਾ ਦੇ ਦੱਖਣੀ ਰਾਜ ਨੇਵਾਡਾ ਦਾ ਸ਼ਹਿਰ ਲਾਸਵੇਗਾਸ। ਇਥੋਂ ਦੇ ਮੰਡਾਲਾ-ਬੇ ਹੋਟਲ ਦੇ ਪਿਛਵਾੜੇ ਕਜ਼ੀਨੋ ਸਟ੍ਰਿਪ ਮਾਰਕੇਡ ਵਿਚ, ਮੌਜ ਮਸਤੀਆਂ ਭਰੀ ਸੰਗੀਤਕ ਮਹਿਫਲ। ਇਕੱਠ ਬਾਈ ਹਜ਼ਾਰ। ਬਹੁ-ਮੰਜ਼ਿਲੇ ਹੋਟਲ ਦੀ ਬੱਤੀਵੀਂ ਮੰਜ਼ਿਲ ਦੇ ਇਕ ਕਮਰੇ ਵਿਚ, ਸਟੈਪਨ ਹਡੋਕ ਮਾਨਸਿਕ ਰੋਗੀ। ਹਡੋਕ ਚੱਲਦੀ ਸੰਗੀਤਕ ਮਹਿਫਲ ਤੇ ਗੋਲੀਆਂ ਦਾ ਮੀਂਹ ਵਰਸਾਉਂਦਾ ਹੈ। ਗੋਲੀਆਂ ਦੀ ਵਰਖਾ ਦਸ ਮਿੰਟ ਹੁੰਦੀ ਰਹਿੰਦੀ ਹੈ ਅਤੇ ਅੱਠਵੰਜਾ ਅਣਜਾਣੇ ਪਰਦੇਸੀ ਲੋਕ ਲਾਸ਼ਾਂ ਦੇ ਢੇਰ ਵਿਚ ਬਦਲ ਜਾਂਦੇ ਹਨ। ਤਿੰਨ ਸੌ ਤੋਂ ਜ਼ਿਆਦਾ ਲੋਕ ਜ਼ਖ਼ਮੀ ਜਾਂ ਗੰਭੀਰ ਜ਼ਖ਼ਮੀ ਹੋ ਜਾਂਦੇ ਹਨ। ਕੋਈ ਦੁਸ਼ਮਣੀ ਨਹੀਂ, ਕੋਈ ਲਾਗਡਾਟ ਵੀ ਨਹੀਂ। ਇਥੋਂ ਤੱਕ ਕਿ ਕੋਈ ਜਾਣ ਪਛਾਣ ਵੀ ਨਹੀਂ। ਫਿਰ ਇਹ ਬਦਲਾ ਕਿਸ ਗੱਲ ਦਾ? ਕੀ ਖਤਰਾ ਸੀ ਪਡੋਕ ਨੂੰ ਇਨ੍ਹਾਂ ਅਣਜਾਣੇ ਪਰਦੇਸੀ ਲੋਕਾਂ ਤੋਂ? ਜੋ ਸਿਰਫ਼ ਤੇ ਸਿਰਫ਼ ਇਕ ਰਾਤ ਵਾਸਤੇ ਆਪਣਾ ਮਨਭਾਉਂਦਾ ਸੰਗੀਤ ਮਾਣ ਰਹੇ ਸਨ। ਮਰਨ ਵਾਲਿਆਂ ਵਿਚ ਚਾਰ ਜਣੇ ਕੈਨੇਡਾ ਤੋਂ ਵੀ ਸਨ।

ਇਹ ਹੈ ਅਮਰੀਕਾ ਦੀ ਗੰਨ ਕਲਚਰ ਦੀ ਇਕ ਝਾਕੀ। ਰੌਬਨ ਉਰਥੋਕ ਨੇ ਸੀ. ਬੀ. ਸੀ. ਦੇ ਇਕ ਪ੍ਰੋਗਰਾਮ ਵਿਚ ਦੱਸਿਆ ਹੈ ਕਿ 2016-17 ਦੇ 275 ਦਿਨਾਂ ਵਿਚ 273, ਇਸ ਤਰ੍ਹਾਂ ਦੀਆਂ ਵਾਰਦਾਤਾਂ ਅਮਰੀਕਾ ਵਿਚ ਹੋ ਚੁੱਕੀਆਂ ਹਨ। ਚਾਈਨਾ ਗਲੋਬਲ ਟੈਲੀਵਿਜ਼ਨ ਨੈੱਟਵਰਕ (ਸੀ.ਜੀ.ਟੀ.ਐਨ.) ਉਪਰ ਟੈੱਡ ਮਿੱਲਰ ਨੇ ਆਖਿਆ ਹੈ ਕਿ ਸਾਲ 2015 ਵਿਚ 36,000 ਅਮਰੀਕਾ ਇਸ ਗੰਨ ਕਲਚਰ ਦੀ ਮਾਰਫ਼ਤ ਮਾਰੇ ਗਏ ਹਨ ਅਤੇ 85,000 ਗੰਭੀਰ ਜ਼ਖ਼ਮੀ ਹੋਏ ਹਨ। ਗੰਨ ਕਲਚਰ ਦੀ ਵਜ੍ਹਾ ਕਰਕੇ ਅਮਰੀਕੀ ਖਜ਼ਾਨੇ ਦਾ 250 ਬਿਲੀਅਨ ਡਾਲਰ ਖਰਚਾ ਹੋਇਆ ਹੈ। ਇਹ ਖਰਚਾ ਪੁਲਿਸ ਤਫ਼ਤੀਸ਼, ਕੋਰਟ ਕੇਸਾਂ ਅਤੇ ਮੁਜਰਮਾਂ ਦੀਆਂ ਜੇਹਲ ਬੰਦੀਆਂ ਉਪਰ ਆਇਆ ਹੈ। ਅਲ-ਜਜ਼ੀਰਾ ਦੀ ਇਕ ਰਿਪੋਰਟ ਅਨੁਸਾਰ ਪਿਛਲੇ ਵੀਹ ਸਾਲਾਂ ਵਿਚ ਜੋ ਇਸ ਤਰ੍ਹਾਂ ਦੀਆਂ ਵੱਡੀਆਂ ਵਾਰਦਾਤਾਂ ਹੋਈਆਂ ਹਨ; ਉਹ ਹੇਠ ਲਿਖੇ ਅਨੁਸਾਰ ਹਨ।

1. ਅਪ੍ਰੈਲ 1999 ਸੂਬਾ ਕੋਲੋਰਾਡੋ, ਸ਼ਹਿਰ ਲਿਟਲਟਨ ਦਾ ਸਥਾਨ ਕੋਲੰਬਾਈਨ ਹਾਈ ਸਕੂਲ, ਦੋ ਅੱਲੜ੍ਹ (ਟੀਨਏਜ਼) ਵਿਦਿਆਰਥੀਆਂ ਨੇ, 12 ਆਪਣੇ ਸਹਿਪਾਠੀ ਅਤੇ ਇਕ ਅਧਿਆਪਕ ਮਾਰਿਆ। 2. ਜੁਲਾਈ 2012, ਸੂਬਾ ਕੋਲੋਰਾਡੋ, ਸ਼ਹਿਰ ਅਰੋਰਾ, ਸਥਾਨ ਇਕ ਥੀਏਟਰ, ਰਾਤ ਦੇ ਇਕ ਫਿਲਮ ਸ਼ੋਅ ਵਿਚ, ਕਾਤਲ ਜੇਮਜ਼ ਹੋਮਸ, ਕੈਲੀਫੋਰਨੀਅਨ ਨੇ ਗੋਲੀਆਂ ਦਾ ਮੀਂਹ ਅਤੇ ਅੱਥਰੂ ਗੈਸ ਛੱਡ ਕੇ 12 ਲੋਕ ਮਾਰੇ ਅਤੇ ਸੱਤਰ ਜ਼ਖ਼ਮੀ ਕੀਤੇ। 3. ਸਤੰਬਰ 2013, ਵਾਸ਼ਿੰਗਟਨ ਦੇ ਨੇਵੀ ਯਾਰਡ ਹੈਡਕੁਆਰਟਰ ਵਿਚ, ਅਕੋਕ ਅਲੈਕਸੀ ਨੇ ਗੋਲੀਆਂ ਦਾਗ ਕੇ 12 ਨੇਵੀ ਵਰਕਰ ਮਾਰੇ। 4. ਅਪ੍ਰੈਲ 2009, ਨਿਊਯਾਰਕ ਇਮੀਗਰਾਂਟ ਸੈਂਟਰ, ਬਿੰਗਾਪਟਨ ਸਿਟੀ ਸੈਂਟਰ ਵਿਚ, ਜਿਵਰਲੀ ਅੰਤਰੀਸ਼ ਵੌਂਸ ਨੇ 13 ਬੰਦੇ ਮਾਰੇ। 5. ਨਵੰਬਰ 2009, ਫੋਰਟ ਹੁੱਡ ਮਿਲਟਰੀ ਬੇਸ, ਕਿਲੀਨ ਵਿਚ, ਨਿਡਲ ਹਸਨ ਇਕ ਮਿਲਟਰੀ ਸਾਈਕੈਟਿਸਟ ਨੇ 13 ਸਾਥੀ ਮਾਰੇ ਅਤੇ 42 ਜ਼ਖ਼ਮੀ ਕੀਤੇ। 6. ਦਸੰਬਰ 2015, ਕੈਲੇਫੋਰਨੀਆ ਦੇ ਬਰਨਾਡੀਨੋ ਸ਼ਹਿਰ ਵਿਚ, ਸੋਸ਼ਲ ਸਰਵਿਸ ਸੈਂਟਰ ਵਿਖੇ, ਚਲਦੀ ਆਫਿਸ ਪਾਰਟੀ ਤੇ ਨਵ-ਵਿਆਹੇ ਜੋੜੇ, ਰਿਜ਼ਵਾਨ ਫਾਰੂਖੀ ਅਮਰੀਕੀ ਅਤੇ ਉਸਦੀ ਪਤਨੀ ਤਸ਼ਫੀਨ ਮਲਿਕ ਨੇ 14 ਬੰਦੇ ਮਾਰੇ ਅਤੇ 22 ਜ਼ਖ਼ਮੀ ਕੀਤੇ। 7. ਅਕਤੂਬਰ 1991, ਟੈਕਸਸ ਸੂਬੇ ਦਾ ਸ਼ਹਿਰ ਕਿਲੀਨ, ਹਥਿਆਰਾ 35 ਸਾਲਾ ਜਾਰਜ ਹਨਰਡ, ਇਕ ਰੈਸਟੂਰੈਂਟ ਵਿਚ ਖਾਣਾ ਖਾਂਦੇ 22 ਲੋਕ ਮਾਰੇ। 8. ਦਸੰਬਰ 2012, ਸੂਬਾ ਕਨਕਟੀਕਟ, ਸ਼ਹਿਰ ਨਿਊਟਨ ਦਾ ਸੈਂਡੀ ਹੁੱਕ ਐਲੀਮੈਂਟਰੀ ਸਕੂਲ, ਹਤਿਆਰਾ 20 ਸਾਲਾ ਵਿਦਿਆਰਥੀ ਐਡਮ ਲਾਂਜ਼ਾ, ਉਸਨੇ ਘਰ ਆਪਣੀ ਮਾਂ ਨੂੰ ਮਾਰਕੇ, 20 ਅੱਲੜ੍ਹ ਵਿਦਿਆਰਥੀ ਅਤੇ 6 ਨੌਜਵਾਨ ਸਹਿਪਾਠੀ, ਅਧਿਆਪਕਾਂ ਸਮੇਤ ਮਾਰੇ। 9. ਅਪ੍ਰੈਲ 2007, ਸੂਬੇ ਵਰਜੀਨੀਅਮ ਦੀ ਟੈਕ ਯੂਨੀਵਰਸਿਟੀ, ਹਤਿਆਰਾ 23 ਸਾਲਾ ਸੰਗ ਹੂਈ 'ਚੋਂ ਸਾਊਥ ਕੋਰੀਅਨ, ਨੇ 27 ਵਿਦਿਆਰਥੀ ਅਤੇ 5 ਅਧਿਆਪਕ ਮਾਰੇ। 10. ਜੂਨ 2016, ਸ਼ਹਿਰ ਆਰਲੈਂਡੋ ਦੀ ਗੇ-ਪਲਸ-ਨਾਈਟ ਕਲੱਬ ਵਿਚ ਉਮਰ ਮਤੀਨ ਨੇ, ਗੋਲੀਆਂ ਦਾ ਮੀਂਹ ਵਰਾ ਕੇ, 49 ਬੰਦੇ ਮਾਰੇ। 11. ਅਕਤੂਬਰ 2017, ਲਾਸ ਵੇਗਾਸ, ਨੇਵਾਡਾ ਸੂਬਾ, ਹਤਿਆਰਾ ਸਟੈਪਨ ਪਡੋਕ, 58 ਮਾਰੇ ਅਤੇ 300 ਤੋਂ ਜ਼ਿਆਦਾ ਜ਼ਖ਼ਮੀ ਕੀਤੇ। ਉਪਰੋਕਤ ਵੇਰਵਿਆਂ ਤੋਂ ਪਾਠਕ

(ਸਫ਼ਾ 1 ਦੀ ਬਾਕੀ)

ਆਪਣੇ ਨਿਰਣੇ ਆਪ ਕਰ ਸਕਦੇ ਹਨ ਪਰ ਕੁਝ ਕੁ ਮੋਟੇ ਨੁਕਤੇ ਉਘੜਵੇਂ ਦੇਖੇ ਜਾ ਸਕਦੇ ਹਨ। ਪਹਿਲਾ, ਗੋਲੀਬਾਜ਼ਾਂ ਤੋਂ ਕੋਈ ਵੀ ਜਗ੍ਹਾ ਸੁਰੱਖਿਅਤ ਨਹੀਂ। ਇਹ ਆਮ ਪਬਲਿਕ ਥਾਵਾਂ, ਰੈਸਟੋਰੈਂਟਾਂ, ਕਲੱਬਾਂ, ਦਫ਼ਤਰਾਂ ਅਤੇ ਕੰਮ ਦੀਆਂ ਥਾਵਾਂ 'ਤੇ ਹੋ ਸਕਦੀ ਹੈ। ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਅਤੇ ਧਾਰਮਿਕ ਸਥਾਨਾਂ 'ਤੇ ਵੀ ਹੋ ਸਕਦੀ ਹੈ। ਹਤਿਆਰਿਆਂ ਦਾ ਸ਼ਿਕਾਰ, ਬੇਪਛਾਣ, ਅਣਜਾਣੇ ਪਰਦੇਸੀ ਵੀ ਹੋ ਸਕਦੇ ਹਨ ਅਤੇ ਜਾਣੇ ਪਛਾਣੇ ਲੋਕ, ਸਹਿਪਾਠੀ ਅਤੇ ਸਹਿਕਰਮੀ ਵੀ ਹੋ ਸਕਦੇ ਹਨ।

ਦੂਜਾ ਵੱਡਾ ਉਘੜਵਾਂ ਇਹ ਕਿ ਦਿਨ-ਬ-ਦਿਨ ਹਤਿਆਰਿਆਂ ਦੇ ਹਮਲਿਆਂ ਵਿਚ ਮ੍ਰਿਤਕਾਂ ਦੀ ਗਿਣਤੀ ਵੱਧ ਰਹੀ ਹੈ। ਅਮਰੀਕਾ ਵਿਚ ਸਿਵਲੀਅਨ ਹਥਿਆਰ ਵੇਚਣ ਵਾਲੀ ਲਾਬੀ ਬਹੁਤ ਤਾਕਤਵਰ ਹੈ। ਭਾਵੇਂ ਕਿ ਆਟੋਮੈਟਿਕ ਹਥਿਆਰ ਆਮ ਲੋਕਾਂ ਨੂੰ ਨਹੀਂ ਵੇਚੇ ਜਾ ਸਕਦੇ, ਸਿਰਫ਼ ਮਿਲਟਰੀ ਜਾਂ ਪੈਰਾ ਮਿਲਟਰੀ, ਪੁਲਿਸ ਫੋਰਸਾਂ ਹੀ ਆਟੋਮੈਟਿਕ ਹਥਿਆਰ ਖਰੀਦ ਸਕਦੀਆਂ ਹਨ ਪਰ ਹਥਿਆਰ ਲਾਬੀ ਨੇ ਇਕ ਜੰਤਰ, ਬੰਪ-ਸਟਾਕ ਮਾਰਕੀਟ ਵਿਚ ਵੇਚਣਾ ਸ਼ੁਰੂ ਕਰ ਦਿੱਤਾ ਹੈ। ਆਮ ਲੋਕਾਂ ਨੂੰ ਇਸ ਦਾ ਪਤਾ ਲਾਸ ਵੇਗਾਸ ਵਾਲੀ ਘਟਨਾ ਤੋਂ ਪਿਛੋਂ ਲੱਗਿਆ ਹੈ। ਅਰਧ ਆਟੋਮੈਟਿਕ ਹਥਿਆਰ ਜੋ ਆਮ ਲੋਕਾਂ ਲਈ ਖੁੱਲ੍ਹੇ ਹਨ, ਨਾਲ ਬੰਪ-ਸਟਾਕ ਫਿੱਟ ਕਰਕੇ ਉਹ ਆਟੋਮੈਟਿਕ ਬਣ ਜਾਂਦੇ ਹਨ। ਅਰਧ ਆਟੋਮੈਟਿਕ ਹਥਿਆਰ ਨਾਲ ਹਰ ਗੋਲੀ ਦਾਗਣ ਵਾਸਤੇ ਟ੍ਰਿਗਰ (ਘੋੜਾ) ਦਬਾਉਣਾ ਪੈਂਦਾ ਹੈ ਅਤੇ ਇਕ ਮਿੰਟ ਵਿਚ 45-60 ਗੋਲੀਆਂ ਦਾਗੀਆਂ ਜਾ ਸਕਦੀਆਂ ਹਨ। ਪਰ ਬੰਪ-ਸਟਾਕ ਲਗਾਕੇ ਇਕੋ ਵਾਰ ਟ੍ਰਿਗਰ ਦਬਾ ਕੇ 400 ਤੋਂ 800 ਗੋਲੀਆਂ ਦਾਗੀਆਂ ਜਾ ਸਕਦੀਆਂ ਹਨ। ਇਸ ਦੀ ਕੀਮਤ ਸਿਰਫ਼ 250 ਡਾਲਰ ਹੈ। ਲਾਸ-ਵੇਗਾਸ ਵਾਲੇ ਹਤਿਆਰੇ ਨੇ ਇਹੀ ਕੰਮ ਕੀਤਾ ਹੋਇਆ ਸੀ।

ਤੀਜਾ ਵੱਡਾ ਨੁਕਤਾ ਇਹ ਹੈ ਕਿ ਜਦੋਂ ਵੀ ਕੋਈ ਵੱਡੀ ਗੋਲੀਬਾਰੀ ਦੀ ਘਟਨਾ ਹੁੰਦੀ ਹੈ ਤਾਂ ਇਕ ਦਮ ਹਥਿਆਰ ਵੇਚਣ ਵਾਲੀਆਂ ਕੰਪਨੀਆਂ ਦੇ ਸੇਅਰਜ਼ (ਹਿੱਸਿਆਂ) ਦੀ ਕੀਮਤ ਵੱਧ ਜਾਂਦੀ ਹੈ ਕਿਉਂਕਿ ਹਥਿਆਰਾਂ ਦੀ ਵਿਕਰੀ ਵਿਚ ਬੇਤਹਾਸ਼ਾ ਵਾਧਾ ਹੋ ਜਾਂਦਾ ਹੈ। ਅਮਰੀਕਾ ਵਿਚ ਸਾਲਾਨਾ ਔਸਤ 2 ਬਿਲੀਅਨ ਡਾਲਰ ਦੇ ਹਥਿਆਰ ਵੇਚੇ ਜਾਂਦੇ ਹਨ।

ਵੱਡਾ ਸਵਾਲ ਇਹ ਹੈ ਕਿ ਇਨ੍ਹਾਂ ਹਥਿਆਰਾਂ ਉਪਰ ਰੋਕ ਕਿਉਂ ਨਹੀਂ ਲੱਗਦੀ? ਕਿਉਂ ਇਹ ਸਥਿਤੀ ਬਣੀ ਹੋਈ ਹੈ ਕਿ ਅਮਰੀਕਾ, ਆਪ ਹੀ ਆਪਦਾ ਸਭ ਤੋਂ ਵੱਡਾ ਦੁਸ਼ਮਣ ਬਣਿਆ ਹੋਇਆ ਹੈ? ਕਿਉਂਕਿ ਇਹ ਸਥਿਤੀ ਹੈ ਕਿ ਅਮਰੀਕਾ ਜੋ ਬਾਹਰੀ ਦੁਸ਼ਮਣਾਂ ਦਾ ਐਡਾ ਸ਼ੋਰ ਮਚਾਉਂਦਾ ਹੈ ਕਿ ਦੁਨੀਆਂ ਭਰ ਦੇ ਟੈਰੋਰਿਸਟ, ਇਸਲਾਮਿਕ ਅੱਤਵਾਦੀ, ਵੈਨਜ਼ੂਏਲਾ, ਉਤਰੀ ਕੋਰੀਆ, ਇਰਾਨ, ਚੀਨ, ਰੂਸ ਉਸਦੇ ਦੁਸ਼ਮਣ ਹਨ; ਉਹ ਆਪਣੀ ਬੁੱਕਲ ਦੇ ਦੁਸ਼ਮਣਾਂ ਬਾਰੇ ਚੁੱਪ ਵੱਟੀ ਰੱਖਦਾ ਹੈ। ਹੈਰਾਨ ਕਰਨ ਵਾਲੇ ਤੱਥ ਹਨ ਕਿ 9/11 ਟਵਿਨ ਟਾਵਰਜ਼ ਦੇ ਕਾਂਡ ਤੋਂ ਲੈ ਕੇ ਅੱਜ ਤੱਕ ਟੈਰੋਰਿਸਟਾਂ ਹੱਥਾਂ ਸਿਰਫ਼ ਕੁਝ ਸੈਂਕੜੇ ਅਮਰੀਕੀ ਫੌਜੀ ਜਾਂ ਸਿਵਲੀਅਨ ਹੀ ਮਾਰੇ ਗਏ ਹਨ ਪਰ ਗੰਨ ਕਲਚਰ ਕਰਕੇ ਮਰਿਆਂ ਦੀ ਗਿਣਤੀ ਪਹਿਲਾਂ ਦੱਸੀ ਜਾ ਚੁੱਕੀ ਹੈ ਜੋ ਹਰ ਸਾਲ ਲੱਖਾਂ ਨੂੰ ਜਾ ਢੁਕਦੀ ਹੈ।

ਇਸ ਛੇਕੜਲੀ ਘਟਨਾ ਤੋਂ ਬਾਅਦ ਗੰਨ ਕਲਚਰ ਦੇ ਵਿਰੋਧ ਦੀ ਸੁਰ ਤਿੱਖੀ ਹੋ ਰਹੀ ਹੈ। ਸਿਵਲ ਸੁਸਾਇਟੀ ਗੈਰ ਸਰਕਾਰੀ ਸੰਸਥਾਵਾਂ ਅਤੇ ਮਾਨਵਤਾ ਹਿਤੈਸ਼ੀ ਲੋਕ ਅੱਗੇ ਆ ਰਹੇ ਹਨ। ਡੈਮੋਕ੍ਰੈਟਿਕ ਪਾਰਟੀ ਦੇ ਵੀ ਵੱਡੇ ਹਿੱਸੇ ਮੈਦਾਨ ਵਿਚ ਆ ਰਹੇ ਹਨ। ਪਹਿਲਾਂ ਵੀ ਇਸ ਪਾਰਟੀ ਦੇ ਪ੍ਰਧਾਨ ਨੇ ਗੰਨ ਕਲਚਰ ਨੂੰ ਠੱਲਣ ਦਾ ਯਤਨ ਕੀਤਾ ਸੀ। ਕਈ ਵਾਰ ਕਾਂਗਰਸ ਵਿਚ ਮਤੇ ਪੇਸ਼ ਹੋਏ ਸਨ ਪਰ ਗੰਨ ਲਾਬਿਸਟਾਂ ਨੇ ਪੇਸ਼ ਨਹੀਂ ਜਾਣ ਦਿੱਤੀ। ਇਸ ਦਾ ਵੱਡਾ ਕਾਰਨ ਇਹ ਹੈ ਕਿ ਜਦੋਂ ਵੀ ਕੋਈ ਸਥਾਨਕ ਸਰਕਾਰ, ਸੂਬਾ ਸਰਕਾਰ ਜਾਂ ਫੈਡਰਲ ਸਰਕਾਰ, ਕੋਈ ਮਤਾ ਪੇਸ਼ ਕਰਦੀ ਹੈ; ਤਾਂ ਗੰਨ ਲਾਬੀ ਦੇ ਹਾਮੀ ਲੋਕ ਨੁਮਾਇੰਦੇ, ਵਿਰੋਧ ਵਿਚ ਵੋਟ ਪਾਉਂਦੇ ਹਨ। ਜਦੋਂ ਕਿ ਵਿਰੋਧੀ ਲਾਬੀ ਦੇ ਨੁਮਾਇੰਦੇ ਚੁੱਪ ਰਹਿੰਦੇ ਹਨ ਅਤੇ ਸਿਰਫ਼ 10-15 ਫੀਸਦੀ ਹੀ ਹੱਕ ਵਿਚ ਵੋਟ ਕਰਦੇ ਹਨ।

ਅਕਤੂਬਰ ਦੇ ਪਹਿਲੇ ਹਫ਼ਤੇ ਕੈਲੇਫੋਰਨੀਆਂ ਤੋਂ ਡੈਮੋਕ੍ਰੈਟਿਕ ਪਾਰਟੀ ਦੇ ਸਾਂਸਦਾਂ ਨੇ, ਗੰਨ ਕਲਚਰ 'ਤੇ ਨਕੇਲ ਪਾਉਣ ਵਾਸਤੇ, ਇਕ ਆਨਲਾਈਨ ਪਟੀਸ਼ਨ ਸ਼ੁਰੂ ਕੀਤੀ ਹੈ। ਇਸ ਵਾਸਤੇ 1,50,000 ਦਸਤਖ਼ਤਾਂ ਦੀ ਲੋੜ ਹੈ ਪਰ ਉਮੀਦ ਹੈ ਕਿ ਅਕਤੂਬਰ ਦੇ ਅੰਤ ਤੱਕ 2-3 ਲੱਖ ਲੋਕ ਉਸ ਨੂੰ ਸਾਈਨ ਕਰ ਦੇਣਗੇ। ਮੇਰੀ ਈ-ਮੇਲ 'ਤੇ ਵੀ ਇਹ ਪਟੀਸ਼ਨ ਸਾਈਨ ਕਰਨ ਵਾਸਤੇ ਆ ਗਈ ਹੈ ਅਤੇ ਮੈਂ ਸਾਈਨ ਵੀ ਕਰ ਦਿੱਤੀ ਹੈ। ਇਸ ਦਾ ਮੈਨੂੰ ਮਾਣ ਹੈ। ਮੇਰਾ ਹਿੱਸਾ ਵੀ ਇਸ ਨੇਕ ਕੰਮ ਵਿਚ ਪਿਆ ਹੈ। ਕਾਨੂੰਨ ਭਾਵੇਂ ਕੁਝ ਵੀ ਹੋਵੇ। ਭਾਵੇਂ ਅਮਰੀਕੀ ਨਾ ਹੋਣ ਕਰਕੇ ਇਹ ਕੱਟੀ ਹੀ ਜਾਵੇ।

ਅਮਰੀਕਾ ਪਹਿਲਾਂ ਹੀ ਵਿਸ਼ਵ ਪੱਧਰੀ ਮਾੜੇ ਰਿਕਾਰਡਾਂ ਵਿਚ ਬਹੁਤ ਅੱਗੇ ਹੈ। ਰੱਬ ਖੈਰ ਕਰੇ, ਜੇ ਅਮਰੀਕਾ ਵਿਚ ਟਰੰਪ ਲਾਬੀ ਦਾ ਜਾਦੂ 'ਪਹਿਲਾਂ ਅਮਰੀਕਾ' ਚੱਲ ਗਿਆ ਤਾਂ ਉਸਦੇ ਨਤੀਜੇ ਅਣਕਿਆਸੇ ਹੋਣਗੇ। ਯਾਦ ਰਹੇ ਕਿ ਟਰੰਪ ਲਾਬੀ ਦੇ ਜ਼ਿਆਦਾ ਲੋਕ 'ਵਾਈਟ ਸੁਪਰ ਮਾਸਿਸਟ' ਅਤੇ 'ਵ੍ਹਾਈਟ ਪ੍ਰਿਵਲਿਜ਼' ਵਾਲੇ ਲੋਕ ਹਨ; ਉਹ ਅਮਰੀਕਾ ਨੂੰ ਗੋਰਾਸ਼ਾਹੀ (ਵਾਈਟ-ਇਥਨੋ-ਸਟੇਟ) ਬਣਾਉਣਾ ਲੋਚਦੇ ਹਨ।

## ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਦੀ 29ਵੀਂ ਬਰਸੀ



ਸਾਂਝੀਵਾਲਤਾ ਦੇ ਮੁਦਈ, ਕਿਰਤੀਆਂ ਤੇ ਟਰਾਂਸਪੋਰਟ ਕਾਮਿਆਂ ਦੇ ਸਿਧਾਂਤਕ ਆਗੂ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਦੀ 29ਵੀਂ ਬਰਸੀ ਪੂਰੇ ਇਨਕਲਾਬੀ ਜੋਸ਼-ਖਰੋਸ਼ ਨਾਲ ਬੱਸ ਸਟੈਂਡ ਮੋਗਾ ਵਿਖੇ ਮਨਾਈ ਗਈ। ਬਰਸੀ ਸਮਾਗਮ ਦਾ ਆਯੋਜਨ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ (ਏਟਕ) ਪੰਜਾਬ ਵਲੋਂ ਕੀਤਾ ਗਿਆ। ਇਸ ਮੌਕੇ ਉਚੇਚੇ ਤੌਰ 'ਤੇ ਪਹੁੰਚੇ ਆਲ ਇੰਡੀਆ ਟਰੇਡ ਯੂਨੀਅਨ ਕਾਗਰਸ (ਏਟਕ) ਦੇ ਕੌਮੀ ਸਕੱਤਰ ਵਿੱਦਿਆ ਸਾਗਰ ਗਿਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਨੇ ਅੱਤਵਾਦ ਤੇ ਵੱਖਵਾਦ ਵਿਰੁੱਧ ਲੜਦਿਆਂ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਸ਼ਹਾਦਤ ਦਿੱਤੀ ਸੀ। ਉਨ੍ਹਾਂ ਦੁਆਰਾ ਲਿਆ ਗਿਆ ਸਾਂਝੀਵਾਲਤਾ ਦਾ ਸੁਪਨਾ ਅਜੇ ਅਧੂਰਾ ਹੈ। ਅੱਜ ਫਿਰ ਦੇਸ਼ ਨੂੰ ਫਿਰਕਾਪ੍ਰਸਤੀ ਦੀ ਅੱਗ ਦੀ ਭੱਠੀ ਵਿੱਚ ਝੋਕਿਆ ਜਾ ਰਿਹਾ ਹੈ। ਫਿਰਕਾਪ੍ਰਸਤੀ ਦਾ ਮੁਕਾਬਲਾ ਕਰਨ ਲਈ ਜਮਹੂਰੀ ਤੇ ਇਨਕਲਾਬੀ ਧਿਰਾਂ ਦੇ ਵਿਸ਼ਾਲ ਏਕੇ ਦੀ ਜ਼ਰੂਰਤ ਹੈ। ਪੰਜਾਬ ਏਟਕ ਦੇ ਕ੍ਰਮਵਾਰ ਪ੍ਰਧਾਨ ਤੇ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਤੇ ਨਿਰਮਲ ਸਿੰਘ ਧਾਲੀਵਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਉਦਾਰੀਕਰਨ ਤੇ ਨਿੱਜੀਕਰਨ ਦੀਆਂ ਨੀਤੀਆਂ ਨੇ ਸਾਬਤ ਕੀਤਾ ਹੈ ਕਿ ਸਰਕਾਰ ਕਾਰਪੋਰੇਟ ਘਰਾਣਿਆਂ ਦੀ ਕਠਪੁਤਲੀ ਬਣ ਕੇ ਕੰਮ ਕਰ ਰਹੀ ਹੈ। ਸਰਕਾਰ ਦੇ ਨੋਟਬੰਦੀ ਤੇ ਜੀ.ਐਸ.ਟੀ. ਦੇ ਫੈਸਲੇ ਨੇ ਦੇਸ਼ ਦੀ ਅਰਥਵਿਵਸਥਾ ਨੂੰ ਤਬਾਹ ਕਰ ਕੇ ਰੱਖ ਦਿੱਤਾ ਹੈ। ਕਿਰਤ ਕਾਨੂੰਨਾਂ ਨੂੰ ਸਰਮਾਏਦਾਰੀ ਦੇ ਹੱਕ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ। ਠੇਕੇਦਾਰੀ ਤੇ ਆਊਟਸੋਰਸਿੰਗ ਸਿਸਟਮ ਰਾਹੀਂ ਕਾਮਿਆਂ ਦਾ ਆਰਥਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ। ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ਼ ਦੇਸ਼ ਦੀਆਂ ਸਿਰਮੌਰ ਟਰੇਡ ਯੂਨੀਅਨਾ ਵੱਲੋਂ 9,10,11 ਨਵੰਬਰ 2017 ਨੂੰ ਸੰਸਦ ਦਾ ਘਿਰਾਓ ਕੀਤਾ ਜਾ ਰਿਹਾ ਹੈ। ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਦੇ ਪ੍ਰਧਾਨ ਕਾਮਰੇਡ ਗੁਰਦੀਪ ਮੋਤੀ ਤੇ ਸਕੱਤਰ ਜਗਦੀਸ਼ ਸਿੰਘ ਚਾਹਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਮੁਲਾਜ਼ਮਾ ਨਾਲ ਕੀਤੇ ਵਾਅਦਿਆਂ ਤੋਂ ਭੱਜ ਗਈ ਹੈ। ਸੁਪਰੀਮ ਕੋਰਟ ਤੇ ਹਾਈਕੋਰਟ ਦੇ ਫੈਸਲਿਆਂ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ 2407 ਬੱਸਾਂ ਦਾ ਫਲੀਟ ਪੂਰਾ ਕੀਤਾ ਜਾਵੇ, ਨਜਾਇਜ਼ ਚੱਲ ਰਹੀਆਂ ਬੱਸਾਂ ਬੰਦ ਕੀਤੀਆਂ ਜਾਣ, ਟਾਈਮ ਟੇਬਲਾਂ ਵਿੱਚ ਕੀਤੀ ਜਾਂਦੀ ਰਾਜਨੀਤਕ ਦਖਲ ਅੰਦਾਜ਼ੀ ਬੰਦ ਕੀਤੀ ਜਾਵੇ। ਇਸ ਮੌਕੇ ਉਘੇ ਸਾਹਿਤਕਾਰ ਸੁਖਦੇਵ ਸਿੰਘ ਸਰਸਾ ਤੇ ਮਹਿੰਦਰ ਸਾਥੀ ਨੂੰ ਉਨਾ ਵੱਲੋਂ ਸਾਹਿਤਕ ਖੇਤਰ ਵਿੱਚ ਪਾਏ ਵੱਡਮੁੱਲੇ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਹਰ ਸਾਲ ਦੀ ਤਰ੍ਹਾਂ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਯਾਦਗਾਰੀ ਡਾਇਰੀ ਵੀ ਰਿਲੀਜ਼ ਕੀਤੀ ਗਈ। ਉਨ੍ਹਾਂ ਦੇ ਜੱਦੀ ਪਿੰਡ ਬੱਧਨੀ ਖੁਰਦ ਦੇ ਹੋਣਹਾਰ ਬੱਚਿਆਂ ਨੂੰ ਸਨਮਾਨਿਤ ਵੀਂ ਕੀਤਾ ਗਿਆ। ਇਸ ਸਮਾਗਮ ਵਿੱਚ ਟਰਾਂਸਪੋਰਟ ਕਾਮਿਆਂ ਤੋਂ ਇਲਾਵਾ ਭਰਾਤਰੀ ਜਥੇਬੰਦੀਆਂ ਦੇ ਆਗੂਆਂ ਤੇ ਵਰਕਰਾਂ ਨੇ ਹਜਾਰਾਂ ਦੀ ਸੰਖਿਆ ਵਿੱਚ ਸ਼ਮੂਲੀਅਤ ਕੀਤੀ। ਲੰਗਰ ਦਾ ਵੀ ਪ੍ਰਬੰਧ ਕੀਤਾ ਗਿਆ। ਪੰਡਾਲ ਝੰਡੀਆਂ ਤੇ ਬੈਨਰਾ ਨਾਲ ਸਜਾਇਆ ਗਿਆ। ਇਸ ਮੌਕੇ ਸੰਬੋਧਨ ਕਰਨ ਵਾਲੇ ਆਗੂਆਂ ਵਿੱਚ ਕਾਮਰੇਡ ਕੁਲਦੀਪ ਹੁਸ਼ਿਆਰਪੁਰ, ਅਵਤਾਰ ਸਿੰਘ ਤਾਰੀ, ਦਰਸ਼ਨ ਸਿੰਘ ਟੂਟੀ, ਬਲਕਰਨ ਮੋਗਾ, ਅੰਗਰੇਜ਼ ਸਿੰਘ ਮੁਕਤਸਰ, ਪੋਹਲਾ ਸਿੰਘ, ਬਚਿੱਤਰ ਸਿੰਘ ਧੋਥੜ, ਰਣਜੀਤ ਰਾਣਵਾਂ ਆਗੂ ਕਲਾਸ ਫੋਰ, ਬਲਕਾਰ ਵਲਟੋਹਾ ਆਗੂ ਟੀਚਰ ਯੂਨੀਅਨ, ਸੁਖਦੇਵ ਸ਼ਰਮਾਂ ਆਗੂ ਬਿਜਲੀ ਬੋਰਡ, ਗੁਰਮੀਤ ਧਾਲੀਵਾਲ, ਇੰਦਰਜੀਤ ਭਿੰਡਰ, ਜਸਪਾਲ ਪਾਲੀ ਆਦਿ ਹਾਜ਼ਰ ਸਨ।

- ਬਲਕਰਨ ਮੋਗਾ

# ਇਨਕਲਾਬੀ ਜਥੇਬੰਦੀਆਂ ਵੱਲੋਂ ਜਨਤਕ ਅਤੇ ਨਿੱਜੀ ਜਾਇਦਾਦ ਨਕਸਾਨ ਰੋਕੂ ਐਕਟ-2014 ਰੱਦ ਕਰਨ ਦੀ ਮੰਗ





ਲੁਧਿਆਣਾ : ਪੰਜਾਬ ਸਰਕਾਰ ਵੱਲੋਂ ਲਾਗੂ ਕੀਤਾ ਕਾਲਾ ਕਾਨੂੰਨ ਜਨਤਕ ਅਤੇ ਨਿੱਜੀ ਜਾਇਦਾਦ ਨਕਸਾਨ ਰੋਕੂ ਐਕਟ-2014 ਇੱਕ ਖਤਰਨਾਕ, ਜਮਹੂਰੀਅਤ ਘਾਤੀ, ਲੋਕ ਵਿਰੋਧੀ ਅਤੇ ਇਨਕਲਾਬੀ ਤੇ ਜਨਤਕ ਸੰਘਰਸ਼ਾਂ ਦੀ ਸੰਘੀ ਘੁੱਟਣ ਵਾਲਾ ਕਾਲਾ ਦਸਤਾਵੇਜ ਹੈ। ਪੰਜਾਬ ਦੇ ਜੁਝਾਰੂ ਲੋਕਾਂ ਨੇ 2010 ’ਚ, ਫਿਰ 2014 ’ਚ ਅਕਾਲੀ-ਭਾਜਪਾ ਸਰਕਾਰ ਵੱਲੋਂ ਲਿਆਂਦੇ ਇਸ ਤਾਨਾਸ਼ਾਹ ਕਾਨੂੰਨ ਨੂੰ ਲੰਬੇ ਸਿਰੜੀ ਸੰਘਰਸਾਂ ਰਾਹੀਂ ਲਾਗੂ ਕਰਨ ਤੋਂ ਰੋਕਿਆ ਸੀ। ਪਰ ਵਿਧਾਨ ਸਭਾ ’ਚ ਇਸ ਕਾਨੂੰਨ ਦੇ ਵਿਰੋਧ ’ਚ ਵਾਕ ਆਊਟ ਕਰਨ ਵਾਲੀ ਕਾਂਗਰਸ ਨੇ ਪੰਜਾਬ ਦੀ ਸੱਤਾ ਸੰਭਾਲਦਿਆਂ ਚੁੱਪ ਚਪੀਤੇ ਇਹ ਕਾਨੂੰਨ ਜੂਨ 2017 ਤੋਂ ਲਾਗੂ ਕਰ ਦਿੱਤਾ ਹੈ। ਅੱਜ ਇੱਥੇ ਪੰਜਾਬੀ ਭਵਨ ’ਚ ਪੰਜਾਬ ਦੀਆ ਚਾਰ ਇਨਕਲਾਬੀ ਜਥੇਬੰਦੀਆਂ ਸੀ. ਪੀ. ਆਈ. ਐੱਮ. ਐੱਲ. (ਨਿਊ ਡੈਮੋਕਰੇਸੀ), ਇਨਕਲਾਬੀ ਲੋਕ ਮੋਰਚਾ ਪੰਜਾਬ, ਇਨਕਲਾਬੀ ਕੇਂਦਰ ਪੰਜਾਬ ਅਤੇ ਲੋਕ ਸੰਗਰਾਮ ਮੰਚ ਪੰਜਾਬ ਵੱਲੋਂ ਸਾਂਝੇ ਤੌਰ ’ਤੇ ਬੁਲਾਈ ਗਈ ਸੂਬਾਈ ਕਨਵੈਸ਼ਨ ’ਚ ਇਸ ਕਾਨੂੰਨ ਵਿੱਚ ਹਾਕਮ ਜਮਾਤਾਂ ਦੇ ਉਦੇਸ਼ ਅਤੇ ਇਸ ਦੇ ਮਾਰੂ ਪ੍ਰਭਾਵਾਂ ਬਾਰੇ ਖੁੱਲ੍ਹਕੇ ਵਿਚਾਰ ਚਰਚਾ ਹੋਈ। ਇਸ ਸੂਬਾਈ ਕਨਵੈਨਸ਼ਨ ਵਿੱਚ ਸੂਬੇ ਭਰ ’ਚੋਂ ਵੱਡੀ ਗਿਣਤੀ ਵਿੱਚ ਆਗੂਆਂ ਅਤੇ ਵਰਕਰਾਂ ਨੇ ਭਾਗ ਲਿਆ। ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਕਾ. ਕੁਲਵਿੰਦਰ ਸਿੰਘ ਵੜੈਚ, ਨਰਾਇਣ ਦੱਤ, ਸਵਰਨਜੀਤ ਸਿੰਘ ਅਤੇ ਸੁਖਵਿੰਦਰ ਕੌਰ ਨੇ ਕਿਹਾ ਕਿ ਲੋਕਾਂ ਦੇ ਬੁਨਿਆਦੀ ਮਸਲੇ ਹੱਲ ਕਰਨ ਦੀ ਥਾਂ ਲੁਟੇਰੀਆਂ ਜਮਾਤਾਂ ਆਪਣੇ ਮੁਨਾਫੇ ਵਧਾਉਣ ਲਈ ਜਦੋਂ ਸਾਮਰਾਜੀ ਸਰਮਾਏਰੇਦਾਰਾਨਾ ਨੀਤੀਆਂ ਲਾਗੂ ਕਰਨ ’ਚ ਤੇਜੀ ਨਾਲ ਅੱਗੇ ਵਧ ਰਹੀਆ ਹਨ ਅਤੇ ਆਰਥਿਕ ਮੰਦਵਾੜੇ ਦਾ ਸ਼ਿਕਾਰ ਹਾਕਮ ਜਮਾਤਾਂ ਆਪਣਾ ਸਾਰਾ ਬੋਝ ਲੋਕਾਂ ਸਿਰ ਜਬਰੀ ਮੜ੍ਹ ਰਹੇ ਹਨ ਤਾਂ ਸਿੱਟੇ ਵਜੋਂ ਮਹਿੰਗਾਈ, ਬੇਰੁਜਗਾਰੀ, ਭਰਿਸ਼ਟਾਚਾਰ, ਖੁਦਕਸ਼ੀਆਂ ਤੇ ਔਰਤਾਂ, ਦਲਿਤਾਂ ਅਤੇ ਘੱਟ ਗਿਣਤੀਆਂ ’ਤੇ ਅੱਤਿਆਚਾਰ’ਚ ਤਿੱਖਾ ਵਾਧਾ ਹੋ ਰਿਹਾ ਹੈ। ਅੱਕੇ ਮਜਬੂਰ ਲੋਕ ਜਦੋਂ ਜਥੇਬੰਦ ਹੋਕੇ ਇਨ੍ਹਾਂ ਅਲਾਮਤਾਂ ਖਿਲ਼ਾਫ ਸੜਕਾਂ’ਤੇ ਨਿਕਲ ਰਹੇ ਹਨ ਤਾਂ ਹਰ ਤਰ੍ਹਾਂ ਦੇ ਪ੍ਰਦਰਸ਼ਨ, ਹੜਤਾਲ, ਬੰਦ,ਧਰਨੇ, ਘਿਰਾਉ ਨੂੰ ਇਸ ਕਾਨੂੰਨ ਦੀ ਮਾਰ ਹੇਠ ਲਿਆਕੇ ਲੋਕ ਆਵਾਜ਼ ਦੀ ਸੰਘੀ ਘੁੱਟਣ ਲਈ ਰੱਸੇ ਪੈੜੇ ਵੱਟੇ ਜਾ ਰਹੇ ਹਨ। ਸੂਬੇ ਅੰਦਰ ਕਿਸਾਨਾਂ, ਮਜਦੂਰਾਂ, ਬੇਰੁਜਗਾਰਾਂ, ਗਰੀਬ ਲੋਕਾਂ ਦੀਆਂ ਮੰਗਾਂ ’ਤੇ ਉੱਠ ਰਹੀਆਂ ਜੱਦੋਜਹਿਦਾਂ ਤੋਂ ਲੁਟੇਰੀਆਂ ਜਮਾਤਾਂ ਡਰਦੀਆਂ ਹਨ ਤੇ ਇਸ ਲਈ ਵਿਰੋਧ ਕਰਨ ਵਾਲੇ ਨੂੰ ਬਿਨਾਂ ਅਪੀਲ, ਦਲੀਲ ਤਿੰਨ ਤੋਂ ਪੰਜ ਸਾਲ ਦੀ ਸਾਲ ਦੀ ਸਜਾ ਅਤੇ ਲੱਖਾਂ ਰੁ. ਦੇ ਜੁਰਮਾਨੇ ਸਮੇਤ ਜਾਇਦਾਦ ਜਬਤੀ ਦਾ ਇਸ ਜਾਬਰ ਕਾਨੂੰਨੀ ਹੱਲੇ ਤਹਿਤ ਸਾਹਮਣਾ ਕਰਨਾ ਪਵੇਗਾ। ਇਸ ਕਾਨੂੰਨ ਤਹਿਤ ਹੌਲਦਾਰ ਰੈਂਕ ਤੱਕ ਦੇ ਕਰਮਾਚਾਰੀ ਨੂੰ ਮੁਕੱਦਮਾ ਦਰਜ ਕਰਨ ਦਾ ਹੱਕ ਦੇ ਦਿੱਤਾ ਗਿਆ ਹੈ। ਇਸ ਕਾਲੇ ਕਾਨੂੰਨ ਦੀ ਵਰਤੋਂ ਬਾਰੇ ਬੋਲਦਿਆਂ ਬੁਲਾਰੇ ਸਾਥੀਆਂ ਕਿਹਾ ਕਿ ਇਸ ਦੀ ਵਰਤੋਂ ਜਿੱਥੇ ਜਨਤਕ ਜੱਦੋਜਹਿਦਾਂ ਨੂੰ ਰੋਕਣ ਵਾਸਤੇ ਕੀਤੀ ਜਾਣੀ ਹੈ, ਉੱਥੇ ਇਸ ਦੀ ਸਭ ਤੋਂ ਵਧੇਰੇ ਦੁਰਵਰਤੋਂ ਇਨਕਲਾਬੀ ਸ਼ਕਤੀਆਂ ਖਿਲਾਫ ਕੀਤੀ ਜਾਵੇਗੀ ਜੋ ਇਸ ਪ੍ਰਬੰਧ ਦੇ ਖਾਤਮੇ ਲਈ ਜਮਾਤੀ ਸੰਘਰਸ਼ਾਂ ਦੇ ਰਾਹ ਪਈਆਂ ਹੋਈਆਂ ਹਨ। ਬੁਲਾਰਿਆਂ ਨੇ ਇਸ ਜੁਬਾਨਬੰਦੀ ਵਾਲੇ ਕਾਨੂੰਨ ਨੂੰ ਰੱਦ ਕਰਵਾਉਣ ਲਈ ਪੰਜਾਬ ਦੀਆਂ ਸਮੂਹ ਸੰਘਰਸ਼ਸ਼ੀਲ ਜਥੇਬੰਦੀਆਂ ਨੂੰ ਜਨਤਕ ਪੱਧਰ ਤੇ ਪਹਿਲਾਂ ਵਾਂਗ ਇੱਕ ਵਿਸ਼ਾਲ ‘ਕਾਲਾ ਕਾਨੂੰਨ ਵਿਰੋਧੀ ਸਾਂਝਾ ਮੋਰਚਾ’ ਦਾ ਸੱਦਾ ਦਿੱਤਾ। ਸਟੇਜ ਸਕੱਤਰ ਦੀ ਜਿੰਮੇਵਾਰੀ ਸਾਥੀ ਕੰਵਲਜੀਤ ਖੰਨਾ ਨੇ ਨਿਭਾਈ।


AMAN SIDHU MBA
C.E.O.



DIAMOND
INSURANCE GROUP
ATUO | HOME | BUSINESS
COMMERCIAL | LIFE | FIEET DISABILITY
12577 Airport Rd. Caledon, ON, L7C 2X4
905 951 0029 x 106 D : 647 282 4606 F : 888 878 2828
asidhu@pbnet.ca www.diamondinsurancegroup.ca

Century 21
Century 21 Green Realty Inc. Brokerage
Each Office is Independently Owned and Operated
Residential & Commercial



www.century21.ca/greenrealty
Email : c21greenadmin@gmail.com
Ph : 905-565-9565 Fax : 905-565-9522


Century 21
Green Realty Inc. Brokerage
Each Office Independently Owned and Operated
Sohan Mann
Sales Representative



Dir: 416-564-1699
Off: 905-565-9565
6980 Maritz Dr., Unit 8
Mississauga, ON L5W 1Z3
Fax: 905-565-9522
Email: sohanmann@hotmail.com
Buy Green, Build Green, Save Environment!!!
www.SohanMann.com

SHAHEED BHAGAT SINGH LIBRARY







ਇੱਥੋਂ ਤੁਸੀਂ ਅਗਾਂਹਵਧੂ, ਤਰਕਸ਼ੀਲ, ਲੋਕ-ਪੱਖੀ, ਵਿਗਿਆਨਕ ਤੇ ਸਿਹਤਕ ਕਿਤਾਬਾਂ ਵਾਜਬ ਕੀਮਤਾਂ ਤੇ ਲੈ ਸਕਦੇ ਹੋ। ਕਿਤਾਬਾਂ ਸਾਡੀਆਂ ਹਮੇਸ਼ਾਂ ਸਾਥ ਦੇਣ ਵਾਲੀਆਂ ਮਿੱਤਰ ਹਨ। ਇਨ੍ਹਾਂ ਨੂੰ ਆਪਣੇ ਘਰ ਦਾ ਸ਼ਿੰਗਾਰ ਬਣਾਉ।
ਵਧੇਰੇ ਜਾਣਕਾਰੀ ਲਈ ਮਾਸਟਰ ਭਜਨ ਸਿੰਘ ਨਾਲ ਸੰਪਰਕ ਕਰ ਸਕਦੇ ਹੋ।
403-455-4220





## ਕੌਮਾਂਤਰੀ ਪਰਵਾਸ ਪੰਜਾਬੀਆਂ ਦਾ

# ਕਿੰਨਾ ਸੁਖ ਗਵਾ ਕੇ, ਕੀ ਖੱਟ ਲਿਆਂਦਾ

ਡਾ. ਗਿਆਨ ਸਿੰਘ

ਕੌਮਾਂਤਰੀ ਪਰਵਾਸ ਦੇ ਅਨੇਕਾਂ ਕਾਰਨ ਹੋ ਸਕਦੇ ਹਨ ਜਿਵੇਂ ਬਿਹਤਰ ਜ਼ਿੰਦਗੀ ਜਿਉਣ ਦਾ ਸੁਪਨਾ ਸਾਕਾਰ ਕਰਨਾ, ਪਰਿਵਾਰ ਨਾਲ ਇਕੱਠੇ ਰਹਿਣਾ, ਲੜਾਈਆਂ-ਝਗੜਿਆਂ ਜਾਂ ਵਾਤਾਵਰਣ ਵਿੱਚ ਵਿਗਾੜਾਂ ਤੋਂ ਬਚਣਾ ਆਦਿ। ਪਿਛਲੇ ਕੁਝ ਸਾਲਾਂ ਦੌਰਾਨ ਕੌਮਾਂਤਰੀ ਪਰਵਾਸੀਆਂ ਦੀ ਗਿਣਤੀ ਅਤੇ ਅਨੁਪਾਤ ਵਿੱਚ ਵਾਧੇ ਦਾ ਰੁਝਾਨ ਦੇਖਿਆ ਜਾ ਰਿਹਾ ਹੈ। ਸੰਯੁਕਤ ਰਾਸ਼ਟਰ ਅਨੁਸਾਰ ਕੌਮਾਂਤਰੀ ਪਰਵਾਸੀਆਂ ਦੀ ਗਿਣਤੀ ਸੰਨ 1990 ਵਿੱਚ 154 ਮਿਲੀਅਨ ਤੋਂ ਸੰਨ 2000 ਵਿੱਚ ਵਧ ਕੇ 175 ਮਿਲੀਅਨ ਹੋਈ ਹੋਣ ਦਾ ਅਨੁਮਾਨ ਹੈ। ਸੰਨ 2000 ਤੋਂ 2015 ਤਕ ਕੌਮਾਂਤਰੀ ਪਰਵਾਸੀਆਂ ਦੀ ਗਿਣਤੀ ਵਿੱਚ 41 ਫ਼ੀਸਦ ਵਾਧਾ ਦਰਜ ਹੋਇਆ ਜੋ ਦੁਨੀਆ ਵਿੱਚ ਆਬਾਦੀ ਦੀ ਵਾਧਾ ਦਰ ਨਾਲੋਂ ਜ਼ਿਆਦਾ ਹੈ।

ਭਾਰਤ ਵਿੱਚੋਂ ਕੌਮਾਂਤਰੀ ਪਰਵਾਸ ਦੋ ਤਰ੍ਹਾਂ ਦਾ ਹੋ ਰਿਹਾ ਹੈ: ਪਹਿਲਾ, ਉਹ ਕਾਮੇ ਜੋ ਗ਼ੈਰ-ਹੁਨਰਮੰਦ ਅਤੇ ਅਰਧ-ਹੁਨਰਮੰਦ ਸ਼੍ਰੇਣੀਆਂ ਵਿੱਚ ਆਉਂਦੇ ਅਤੇ ਜ਼ਿਆਦਾਤਰ ਖਾੜੀ ਦੇਸ਼ਾਂ ਵਿੱਚ ਪਰਵਾਸ ਕਰਦੇ ਹਨ। ਦੂਜਾ, ਗ਼ੈਰ-ਹੁਨਰਮੰਦ, ਅਰਧ-ਹੁਨਰਮੰਦ, ਹੁਨਰਮੰਦ ਅਤੇ ਪੇਸ਼ਾਵਰ ਕਾਮੇ ਅਤੇ ਵਿਦਿਆਰਥੀ ਜੋ ਜ਼ਿਆਦਾਤਰ ਸਰਮਾਏਦਾਰ ਵਿਕਸਿਤ ਦੇਸ਼ਾਂ ਵਿੱਚ ਪਰਵਾਸ ਕਰਦੇ ਹਨ। ਪੰਜਾਬ ਵਿੱਚੋਂ ਵੀ ਭਾਰਤ ਵਾਗ ਦੋਵੇਂ ਤਰ੍ਹਾਂ ਦੇ ਕਾਮਿਆਂ ਦਾ ਦੁਨੀਆ ਦੇ ਦੂਜੇ ਦੇਸ਼ਾਂ ਵਿੱਚ ਪਰਵਾਸ ਹੋ ਰਿਹਾ ਹੈ। ਇਸ ਪਰਵਾਸ ਦਾ ਮੁੱਖ ਕਾਰਨ ਦੇਸ਼ ਵਿੱਚ ਰੁਜ਼ਗਾਰ ਰਹਿਤ ਆਰਥਿਕ ਵਿਕਾਸ ਹੋਣਾ ਹੈ। ਇਸ ਕਰਕੇ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਅਤੇ ਉਸ ਦਾ ਮਿਆਰ (ਆਮਦਨ) ਬਹੁਤ ਨੀਵਾਂ ਹੈ।

ਜਿੱਥੇ ਪੰਜਾਬ ਵਿੱਚੋਂ ਕੌਮਾਂਤਰੀ ਪਰਵਾਸੀਆਂ ਨੇ ਆਪਣੇ ਨਿੱਜ, ਸੂਬੇ ਅਤੇ ਦੇਸ਼ ਵਾਸਤੇ ਕਮਾਇਆ, ਉੱਥੇ ਗੁਆਇਆ ਵੀ ਹੈ। ਪੰਜਾਬ ਵਿੱਚੋਂ ਦੂਜੇ ਦੇਸ਼ਾਂ ਵਿੱਚ ਪਰਵਾਸ ਕਰਨ ਵਾਲੇ ਕਾਮਿਆਂ ਨੇ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਦੌਰਾਨ ਸਿਰਫ਼ ਵਿੱਤੀ ਮਦਦ ਹੀ ਨਹੀਂ ਕੀਤੀ, ਸਗੋਂ ਗਦਰ ਲਹਿਰ ਨੂੰ ਜਨਮ ਦਿੱਤਾ ਅਤੇ ਪ੍ਰਫੁੱਲਤ ਵੀ ਕੀਤਾ ਸੀ। ਇਸ ਤਰ੍ਹਾਂ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਵਿੱਚ ਆਪਣਾ ਕੀਮਤੀ ਯੋਗਦਾਨ ਪਾਇਆ। ਖਾੜੀ ਦੇਸ਼ਾਂ ਵਿੱਚ ਪਰਵਾਸ ਕਰਨ ਵਾਲੇ ਪੰਜਾਬੀ ਕਾਮੇ, ਜੋ ਜ਼ਿਆਦਾਤਰ ਗ਼ੈਰ-ਹੁਨਰਮੰਦ ਜਾਂ ਅਰਧ-ਹੁਨਰਮੰਦ ਸ਼ੇ?ਣੀਆਂ ਵਿੱਚ ਆਉਂਦੇ ਹਨ, ਲਗਾਤਾਰ ਆਪਣੇ ਪਰਿਵਾਰਾਂ ਨੂੰ ਆਪਣੀ ਕਮਾਈ ਭੇਜਦੇ ਰਹੇ। ਇਸ ਤਰ੍ਹਾਂ ਦਾ ਰੁਝਾਨ ਹੁਣ ਤਕ ਹੁਨਰਮੰਦ ਅਤੇ ਪੇਸ਼ਾਵਰ ਕਾਮਿਆਂ ਵਿੱਚ ਵੀ ਦੇਖਣ ਨੂੰ ਮਿਲਦਾ ਹੈ।

ਪਰਵਾਸੀ ਪੰਜਾਬੀਆਂ ਵੱਲੋਂ ਬਾਹਰਲੇ ਦੇਸ਼ਾਂ ਵਿੱਚੋਂ ਕਮਾਈਆਂ ਕਰਕੇ ਭੇਜੀਆਂ ਰਕਮਾਂ ਨਾਲ ਜਿੱਥੇ ਇਨ੍ਹਾਂ ਦੇ ਆਪਣੇ ਪਰਿਵਾਰ ਖ਼ੁਸ਼ਹਾਲ ਹੋਏ, ਉੱਥੇ ਇਨ੍ਹਾਂ ਨੇ ਪੰਜਾਬ ਅਤੇ ਭਾਰਤ ਦੀ ਆਰਥਿਕ ਤਰੱਕੀ ਵਿੱਚ ਵੀ ਭਰਵਾਂ ਯੋਗਦਾਨ ਪਾਇਆ ਜਿਸ ਦਾ ਫ਼ਾਇਦਾ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਹੋਇਆ। ਇਨ੍ਹਾਂ ਪਰਵਾਸੀਆਂ ਨੇ ਆਪਣੇ ਪਿੰਡਾਂ ਤੇ ਇਲਾਕਿਆਂ ਦੇ ਸਕੂਲਾਂ, ਕਾਲਜਾਂ, ਹਸਪਤਾਲਾਂ ਤੇ ਹੋਰ ਸਮਾਜਿਕ ਮਹੱਤਵ ਦੇ ਕਾਰਜਾਂ ਵਿੱਚ ਵੀ ਯੋਗਦਾਨ ਪਾਇਆ। ਇਸ ਦੀਆਂ ਬਹੁਤ ਸਾਰੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਪੰਜਾਬ ਵਿੱਚੋਂ ਦੂਜੇ ਦੇਸ਼ਾਂ ਵਿੱਚ ਜਾ ਕੇ ਵਸੇ ਹੋਏ ਕੁਝ ਪਰਵਾਸੀ, ਨਵੇਂ ਪਰਵਾਸੀਆਂ ਦੀ ਮਦਦ ਵੀ ਕਰਦੇ ਹਨ। ਰਾਜਸੀ ਸਰਗਰਮੀਆਂ ਵਿੱਚ ਹਿੱਸਾ ਲੈਂਦੇ ਹੋਏ ਦੂਜੇ ਦੇਸ਼ਾਂ ਵਿੱਚ ਉੱਚੇ ਰਾਜਸੀ ਅਹੁਦੇ ਅਤੇ ਹੋਰ ਵੱਡੀਆਂ ਪਦਵੀਆਂ ਪ੍ਰਾਪਤ ਕਰ ਰਹੇ ਹਨਂ। ਇਸ ਸੰਬੰਧ ਵਿੱਚ ਸ੍ਰੀ ਐੱਸ.ਪੀ. ਸਿੰਘ ਓਬਰਾਏ ਦਾ ਜ਼ਿਕਰ ਕਰਨਾ ਬਹੁਤ ਜ਼ਰੂਰੀ ਹੈ ਜਿਨ੍ਹਾਂ ਦੀ ਹਿੰਮਤ ਅਤੇ ਸਹਾਇਤਾ ਨਾਲ ਬਹੁਤ ਸਾਰੇ ਪੰਜਾਬੀਆਂ ਦੀ ਜਾਨ ਬਚੀ ਹੈ।

ਪੰਜਾਬ ਵਿੱਚੋਂ ਕੌਮਾਂਤਰੀ ਪਰਵਾਸ ਕਰਨ ਵਾਲਿਆਂ ਨੇ ਆਪਣੇ, ਸੂਬੇ ਅਤੇ ਦੇਸ਼ ਲਈ ਜੋ ਕਮਾਇਆ, ਉਸ ਨਾਲੋਂ ਜ਼ਿਆਦਾ ਗੁਆਇਆ ਅਤੇ ਉਸ ਦੀ ਸੂਚੀ ਕਾਫ਼ੀ ਲੰਬੀ ਹੈ। ਇਸ ਲੇਖ ਵਿੱਚ ਇਸ ਸੂਚੀ ਵਿੱਚੋਂ ਕੁੱਝ ਮੁੱਖ ਪੱਖਾਂ ਦਾ ਸੰਖੇਪ ਜਿਹਾ ਜ਼ਿਕਰ ਹੈ। ਪੰਜਾਬ ਵਿੱਚੋਂ ਜਿਹੜੇ ਹੁਨਰਮੰਦ ਅਤੇ ਪੇਸ਼ਾਵਰ ਕਾਮਿਆਂ ਅਤੇ ਵਿਦਿਆਰਥੀਆਂ ਨੇ ਬਾਹਰਲੇ ਦੇਸ਼ਾਂ ਵਿੱਚ ਪਰਵਾਸ ਕੀਤਾ, ਬਾਅਦ ਵਿੱਚ ਉਹ ਉਨ੍ਹਾਂ ਦੇਸ਼ਾਂ ਵਿੱਚ ਹੀ ਵਸ ਗਏ। ਉਸ ਨਾਲ ਪੰਜਾਬ ਵਿੱਚੋਂ ਇਨ੍ਹਾਂ ਹੁਨਰਮੰਦ ਅਤੇ ਲਿਆਕਤ ਵਾਲੇ ਕਾਮਿਆਂ ਦਾ ਪੱਕਾ ਨਿਕਾਲ ਹੋ ਗਿਆ ਜੋ ਪੰਜਾਬ ਅਤੇ ਭਾਰਤ ਲਈ ਇੱਕ ਵੱਡਾ ਘਾਟਾ ਹੈ। ਕੁਝ ਲੋਕ ਇਹ ਤਰਕ ਦਿੰਦੇ ਹਨ ਕਿ ਇਹ ਜੇ ਪੰਜਾਬ ਵਿੱਚ ਰਹਿੰਦੇ ਤਾਂ ਇਨ੍ਹਾਂ ਨੇ ਇਧਰ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਤੇ ਪ੍ਰਾਪਤ ਰੁਜ਼ਗਾਰ ਦੇ ਨੀਵੇਂ ਮਿਆਰ ਕਾਰਨ ਰੁਲ ਜਾਣਾ ਸੀ। ਇਸ ਦਲੀਲ ਵਿੱਚ ਅੰਸ਼ਿਕ ਸੱਚਾਈ ਤਾਂ ਹੈ, ਪਰ ਇਸ ਦਾ ਧਿਆਨ ਮੰਗਦਾ ਪੱਖ ਇਹ ਹੈ ਕਿ ਇਨ੍ਹਾਂ ਦੇ ਹੁਨਰ ਅਤੇ ਲਿਆਕਤ ਦੇ ਵਿਕਾਸ ਵਿੱਚ ਸਾਡੇ ਇਥੋਂ ਦੇ ਸਮਾਜ ਤੇ ਸਰਕਾਰ ਵੱਲੋਂ ਪਾਇਆ ਯੋਗਦਾਨ ਕਿੱਥੇ ਗਿਆ? ਇਨ੍ਹਾਂ ਲਈ ਸਮਾਜ ਤੇ ਸਰਕਾਰ ਵੱਲੋਂ ਮੁਹੱਈਆ ਕਰਵਾਈ ਗਈ ਸਸਤੀ ਸਿੱਖਿਆ, ਸਿਖਲਾਈ ਆਦਿ ਦਾ ਹਿਸਾਬ ਕੌਣ ਕਰੇਗਾ? ਗੱਲ ਸਿਰਫ਼ ਬਰੇਨ-ਡਰੇਨ ਉੱਪਰ ਹੀ ਨਹੀਂ ਮੁੱਕਦੀ। ਸੂਚਨਾ ਤਕਨਾਲੌਜੀ ਦੇ ਇਨਕਲਾਬ ਤੋਂ ਬਾਅਦ ਪੰਜਾਬ ਵਿੱਚੋਂ ਹੁਨਰਮੰਦ ਅਤੇ ਪੇਸ਼ੇਵਰ ਕਾਮਿਆਂ ਦੇ ਬਾਹਰਲੇ ਦੇਸ਼ਾਂ ਵਿੱਚ ਜਾਣ ਨਾਲ ਦੇਸ਼ਾਂ ਵਿੱਚੋਂ ਪੂੰਜੀ ਦਾ ਨਿਕਾਲ, ਜਿਸਨੂੰ ਕੈਪੀਟਲ-ਡਰੇਨ ਵੀ ਕਹਿੰਦੇ ਹਨ ਪਰਵਾਸੀਆਂ ਦੀ ਪਹਿਲੀ ਪੀੜ੍ਹੀ ਦੇ ਜਾਣ ਨਾਲ ਹੀ ਸ਼ੁਰੂ ਹੋ ਗਿਆ ਜਦੋਂਕਿ ਪਹਿਲਾਂ ਇਹ ਦੂਜੀ ਜਾਂ ਤੀਜੀ ਪੀੜ੍ਹੀ ਵਿੱਚ ਸ਼ੁਰੂ ਹੁੰਦਾ ਸੀ। ਇਸ ਤੋਂ ਵੱਧ ਦੁੱਖ ਵਾਲੀ ਗੱਲ ਵਿਦਿਆਰਥੀਆਂ ਦੇ ਸੰਬੰਧ ਵਿੱਚ ਹੈ। ਅੱਜਕਲ੍ਹ ਜਿੰਨੇ ਵੱਡੇ ਪੱਧਰ ਉੱਪਰ ਪੰਜਾਬ ਵਿੱਚੋਂ ਵਿਦਿਆਰਥੀ ਦੂਜੇ ਦੇਸ਼ਾਂ ਵਿੱਚ ਜਾ ਰਹੇ ਹਨ, ਉਸਦਾ ਇੱਕ ਮਾੜਾ ਪਹਿਲੂ ਇਨ੍ਹਾਂ ਵਿਦਿਆਰਥੀਆਂ ਨੂੰ ਨੀਵੇਂ ਮਿਆਰ ਦੀ ਦਿੱਤੀ ਜਾ ਰਹੀ ਪੜ੍ਹਾਈ ਦਾ ਵੀ ਹੈ।

ਪੰਜਾਬ ਵਿੱਚੋਂ ਪਰਵਾਸ ਕਰਕੇ ਉੱਨਤ ਸਰਮਾਏਦਾਰ ਦੇਸ਼ਾਂ ਵਿੱਚ ਗਏ ਲੋਕਾਂ ਵਿੱਚੋਂ ਕੁਝ ਸੱਜਣ, ਜਿਹੜੇ ਆਪਣੇ ਕਾਰੋਬਾਰਾਂ ਵਿੱਚ ਅੱਗੇ ਲੰਘ ਗਏ ਹਨ, ਆਪਣੇ ਮੁਨਾਫ਼ਿਆਂ ਨੂੰ ਵਧਾਉਣ ਲਈ ਪੰਜਾਬ ਤੋਂ ਪਰਵਾਸ ਕਰਕੇ ਆਏ ਵਿਦਿਆਰਥੀਆਂ, ਗ਼ੈਰ-ਹੁਨਰਮੰਦ ਅਤੇ ਅਰਧ-ਹੁਨਰਮੰਦ ਵਿਅਕਤੀਆਂ ਦੀ ਹਰ ਤਰ੍ਹਾਂ ਦੀ ਲੁੱਟ ਕਰਦੇ ਦੇਖੇ ਜਾ ਸਕਦੇ ਹਨ। ਇਸ ਤੋਂ ਇਲਾਵਾ ਪੰਜਾਬ ਤੋਂ ਆਪਣੇ ਰਿਸ਼ਤੇਦਾਰਾਂ ਨੂੰ ਕਾਨੂੰਨੀ ਜਾਂ ਗ਼ੈਰ-ਕਾਨੂੰਨੀ ਤਰੀਕਿਆਂ ਨਾਲ ਇਨ੍ਹਾਂ ਦੇਸ਼ਾਂ ਵਿੱਚ ਲਿਆ ਕੇ ਬਹੁਤ ਹੀ ਘੱਟ ਤਨਖਾਹਾਂ ਦੇ ਕੇ ਕੰਮ ਕਰਵਾ ਰਹੇ ਹਨ। ਕਈ ਕੇਸ ਇਸ ਤਰ੍ਹਾਂ ਦੇ ਵੀ ਸਾਹਮਣੇ ਆ ਰਹੇ ਹਨ ਕਿ ਇਹਨਾਂ ਸੱਜਣਾਂ ਨੇ ਪੰਜਾਬ ਤੋਂ ਲਿਆਂਦੇ ਆਪਣੇ ਰਿਸ਼ਤੇਦਾਰਾਂ ਤੋਂ ਉਹਨਾਂ ਦੀਆਂ ਬੱਚਤਾਂ ਵਿੱਚੋਂ, ਜਿਹੜੀਆਂ ਉਹਨਾਂ ਨੇ ਆਪਣੇ ਢਿੱਡ ਨੂੰ ਗੱਠਾਂ ਦੇ ਕੇ ਕੀਤੀਆਂ ਹੁੰਦੀਆਂ ਹਨ, ਆਪਣੇ ਕਾਰੋਬਾਰ ਵਿੱਚ ਸਾਂਝ ਪੁਆਉਣ ਦੇ ਨਾਮ ਉੱਪਰ ਠੱਗੀਆਂ ਲਾਈਆਂ ਹਨ। ਇੱਥੇ ਹੀ ਬੱਸ ਨਹੀਂ, ਉਹ ਪੰਜਾਬ ਦੇ ਪਿੰਡਾਂ ਵਿੱਚ ਸਾਂਝੀਆਂ ਜਾਇਦਾਦਾਂ ਉੱਪਰ ਸਮਾਜਿਕ ਕੰਮਾਂ ਦੇ ਨਾਮ ਥੱਲੇ ਬਿਲਡਿੰਗਾਂ ਉਸਾਰ ਕੇ ਉਨ੍ਹਾਂ ਜਾਇਦਾਦਾਂ ਉੱਪਰ ਕਬਜਾ ਕਰ ਰਹੇ ਹਨ।

ਦੁਨੀਆ ਦੇ ਉੱਨਤ ਸਰਮਾਏਦਾਰ ਦੇਸ਼ਾਂ ਵਿੱਚ ਪੰਜਾਬ ਵਿੱਚੋਂ ਗਏ ਪਰਵਾਸੀਆਂ, ਖ਼ਾਸ ਕਰਕੇ ਕਾਰੋਬਾਰੀਆਂ ਦੀ ਆਮਦਨ ਪੰਜਾਬ ਦੇ ਮੁਕਾਬਲੇ ਕਈ ਗੁਣਾ ਵੱਧ ਹੈ। ਇਨ੍ਹਾਂ ਪਰਵਾਸੀਆਂ ਵਿੱਚੋਂ ਬਹੁਤ ਜ਼ਿਆਦਾ ਆਪਣੀ ਵਧੀ ਹੋਈ ਆਮਦਨ ਨੂੰ ਗ਼ੈਰ-ਉਤਪਾਦਕ ਦਿਖਾਵੇ ਦੇ ਕੰਮਾਂ ਉੱਪਰ ਖ਼ਰਚ ਰਹੇ ਹਨ। ਪੰਜਾਬ, ਖ਼ਾਸ ਕਰਕੇ ਪੇਂਡੂ ਇਲਾਕਿਆਂ ਵਿੱਚੋਂ ਕੌਮਾਂਤਰੀ ਪਰਵਾਸ ਖਾਂਦੇ-ਪੀਂਦੇ ਖ਼ੁਸ਼ਹਾਲ ਲੋਕਾਂ ਵਿੱਚੋਂ ਜ਼ਿਆਦਾ ਹੋਇਆ ਹੈ। ਇਸ ਦੇ ਨਤੀਜੇ ਵਜੋਂ ਇਨ੍ਹਾਂ ਲੋਕਾਂ ਦੀ ਸਮਾਜਿਕ ਸਰੋਕਾਰਾਂ ਵਿੱਚ ਭਾਗੀਦਾਰੀ ਅਤੇ ਬਣਦਾ ਜਾਇਜ਼ ਵਿਰੋਧ ਬਹੁਤ ਜ਼ਿਆਦਾ ਘਟਿਆ ਹੈ। ਨਤੀਜੇ ਵਜੋਂ ਪੰਜਾਬ ਦੇ ਪੇਂਡੂ ਇਲਾਕਿਆਂ ਵਿੱਚ ਵਿੱਦਿਆ, ਸਿਹਤ-ਸੰਭਾਲ ਅਤੇ ਹੋਰ ਸਾਂਝੇ ਕੰਮਾਂ ਦੇ ਸੰਬੰਧ ਵਿੱਚ ਉਹ ਤਰੱਕੀ ਨਹੀਂ ਹੋ ਸਕੀ ਜੋ ਇਨ੍ਹਾਂ ਦੀ ਭਾਗੀਦਾਰੀ ਅਤੇ ਬਣਦੇ ਜਾਇਜ਼ ਵਿਰੋਧ ਦੁਆਰਾ ਹੋਣੀ ਸੀ। ਕੌਮਾਂਤਰੀ ਪੰਜਾਬੀ ਪਰਵਾਸੀਆਂ ਨੇ ਪਰਵਾਸ ਵਾਲੇ ਦੇਸ਼ਾਂ ਵਿੱਚ ਸਮਾਜਿਕ ਸਰੋਕਾਰਾਂ ਵਾਲੇ ਕੰਮਾਂ ਦੀ ਬਜਾਇ ਧਾਰਮਿਕ ਸਥਾਨਾਂ ਉੱਪਰ ਜ਼ਿਆਦਾ ਖ਼ਰਚ ਕੀਤਾ ਹੈ। ਬਹੁਤ ਦੇਸ਼ਾਂ ਵਿੱਚ ਧਾਰਮਿਕ ਸਥਾਨ ਸਰਬ-ਸਾਂਝੇ ਨਾ ਹੋ ਕੇ ਟਰੱਸਟਾਂ ਜਾਂ ਮੈਂਬਰਾਂ ਦੀ ਜਾਇਦਾਦ ਹਨ ਜੋ ਇਹਨਾਂ ਨੂੰ ਆਪਣੇ ਹਿੱਤਾਂ ਦੀ ਪੂਰਤੀ ਲਈ ਵਰਤਦੇ ਹਨ। ਇਹਨਾਂ ਥਾਵਾਂ ਉੱਪਰ ਅਕਸਰ ਲੜਾਈ-ਝਗੜੇ ਹੁੰਦੇ ਹਨ। ਪੰਜਾਬੀ ਪਰਵਾਸੀਆਂ ਵਿੱਚੋਂ ਕੁੱਝ ਲੋਕ ਆਪਣੀ ਆਮਦਨ ਨੂੰ ਵਧਾਉਣ ਲਈ ਗ਼ੈਰ-ਕਾਨੂੰਨੀ ਤਰੀਕਿਆਂ ਦਾ ਸਹਾਰਾ ਲੈਂਦੇ ਹਨ ਜਿਸ ਵਿੱਚ ਨਸ਼ੇ ਵੇਚਣ ਦਾ ਜ਼ਿਕਰ ਕਰਨਾ ਬਣਦਾ ਹੈ। ਅਜਿਹੇ ਲੋਕ ਭਾਈਚਾਰੇ ਨੂੰ ਵੀ ਬਦਨਾਮ ਕਰਦੇ ਹਨ।

ਕੌਮਾਂਤਰੀ ਪੰਜਾਬੀ ਪਰਵਾਸੀਆਂ ਵਿੱਚੋਂ ਕੁੱਝ ਲੋਕ ਆਪਣੇ ਬਜੁਰਗਾਂ ਨੂੰ ਆਪਣੇ ਕੋਲ ਲੈ ਜਾਂਦੇ ਹਨ। ਜਿਹੜੇ ਬਜ਼ੁਰਗਾਂ ਨੇ ਦਿਨ-ਰਾਤ ਇੱਕ ਕਰਕੇ ਅਤੇ ਆਪਣੀਆਂ ਨਿੱਜੀ ਖੁਸ਼ੀਆਂ ਦੇ ਗਲ ਘੁੱਟਕੇ ਬੱਚਿਆਂ ਨੂੰ ਬਹੁਤ ਜ਼ਿਆਦਾ ਖ਼ਰਚ ਕਰਕੇ ਉੱਨਤ ਸਰਮਾਏਦਾਰ ਦੇਸ਼ਾਂ ਵਿੱਚ ਭੇਜਿਆ ਹੁੰਦਾ ਹੈ, ਉਹ ਉਨ੍ਹਾਂ ਦੀ ਰਿਟਾਇਰਮੈਂਟ ਉਮਰ ਵਿੱਚ ਆਪਣੇ ਬੱਚੇ ਪਾਲਣ ਅਤੇ ਹੋਰ ਲੋਕਾਂ ਕੋਲ ਕੰਮ ਕਰਨ ਲਈ ਮਜਬੂਰ ਕਰ ਦਿੰਦੇ ਹਨ। ਪੰਜਾਬੀ ਪਰਵਾਸੀਆਂ ਵਿੱਚੋਂ ਕੁਝ ਲੋਕ ਅਤੇ ਇਨ੍ਹਾਂ ਦੇ ਜ਼ਿਆਦਾਤਰ ਬੱਚੇ ਆਪਣੀ ਮਾਂ-ਬੋਲੀ ਨੂੰ ਵਿਸਾਰਦੇ ਜਾ ਰਹੇ ਹਨ ਜੋ ਬਹੁਤ ਜ਼ਿਆਦਾ ਘਾਤਕ ਸਾਬਤ ਹੋ ਰਿਹਾ ਹੈ। ਇਨ੍ਹਾਂ ਪਰਵਾਸੀਆਂ ਵਿੱਚੋਂ ਕੁਝ ਲੋਕ ਪੰਜਾਬ ਵਾਂਗ ਹੀ ਸਮਾਜਿਕ ਕੁਰੀਤੀਆਂ ਦਾ ਸ਼ਿਕਾਰ ਹਨ। ਪਾਖੰਡੀ ਬਾਬਿਆਂ ਵੱਲੋਂ ਅਖ਼ਬਾਰਾਂ ਜਾਂ ਟੀਵੀ ਚੈਨਲਾਂ ਉੱਪਰ ਪੰਜਾਬ ਨਾਲੋਂ ਕਿਤੇ ਵੱਧ ਇਸ਼ਤਿਹਾਰਬਾਜ਼ੀ ਕੀਤੀ ਜਾਂਦੀ ਹੈ।

ਕੌਮਾਂਤਰੀ ਪੰਜਾਬੀ ਪਰਵਾਸੀ ਪੰਜਾਬ ਦੇ ਰਾਜਸੀ ਆਗੂਆਂ ਨਾਲ ਆਪਣਾ ਮੇਲ-ਜੋਲ ਵਧਾਉਣ ਅਤੇ ਆਪਣੀਆਂ ਰਾਜਸੀ ਇੱਛਾਵਾਂ ਦੀ ਪੂਰਤੀ ਲਈ ਆਪਣੀ ਕਮਾਈ ਦਾ ਕੁਝ ਹਿੱਸਾ ਲਾ ਕੇ ਪੰਜਾਬ ਵਿੱਚ ਗੇੜੇ ਲਾਉਂਦੇ ਦੇਖੇ ਜਾ ਸਕਦੇ ਹਨ। ਇਹ ਨਜ਼ਾਰਾ ਚੋਣਾਂ ਮੌਕੇ ਅਕਸਰ ਹੀ ਦੇਖਿਆ ਜਾਂਦਾ ਹੈ। ਸਮਾਜ ਵਿੱਚ ਆਪਣੇ ਆਪ ਨੂੰ ਵੱਡਾ ਦਿਖਾਉਣ ਲਈ ਇਹ ਪਰਵਾਸੀ ਆਪਣੇ ਬਜ਼ੁਰਗਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਭੋਗ ਅਤੇ ਹੋਰ ਰੀਤੀ-ਰਿਵਾਜਾਂ ਉੱਪਰ ਬੇਲੋੜਾ ਖ਼ਰਚ ਕਰਦੇ ਤੇ ਭੈਣ-ਭਰਾਵਾਂ ਨੂੰ ਬਰਾਬਰ ਦਾ ਖ਼ਰਚਾ ਕਰਨ ਦੀਆਂ ਨਸੀਹਤਾਂ ਦਿੰਦੇ ਹਨ। ਇਨ੍ਹਾਂ ਪਰਵਾਸੀਆਂ ਵਿੱਚੋਂ ਕੁਝ ਆਪਣੇ ਪਿੱਛੇ ਰਹਿ ਗਈਆਂ ਭੈਣਾਂ-ਭਾਈਆਂ ਦੀ ਜਾਇਦਾਦ ਉੱਪਰ ਕਾਨੂੰਨੀ ਅਤੇ ਸਮਾਜਿਕ ਤਰੀਕਿਆਂ ਨਾਲ ਕਾਬਜ ਵੀ ਹੋ ਜਾਂਦੇ ਹਨ।

ਕੌਮਾਂਤਰੀ ਪਰਵਾਸ ਨਾ ਤਾਂ ਰੋਕਿਆ ਜਾ ਸਕਦਾ ਹੈ ਅਤੇ ਨਾ ਹੀ ਰੋਕਿਆ ਜਾਣਾ ਬਣਦਾ ਹੈ, ਪਰ ਇਸ ਨੂੰ ਨਿਯੰਤਰਣ ਕਰਨ ਦੀ ਸਖ਼ਤ ਲੋੜ ਹੈ। ਪੰਜਾਬ ਵਿੱਚੋਂ ਕੌਮਾਂਤਰੀ ਪਰਵਾਸ ਦੇ ਸੰਬੰਧ ਵਿੱਚ ਕੁਝ ਗੱਲਾਂ ਖ਼ਾਸ ਧਿਆਨ ਮੰਗਦੀਆਂ ਹਨ। ਜਿਹੜੇ ਹੁਨਰਮੰਦ ਜਾਂ ਪੇਸ਼ਾਵਰ ਲੋਕਾਂ ਅਤੇ ਵਿਦਿਆਰਥੀਆਂ ਦਾ ਪੰਜਾਬ ਤੋਂ ਬਾਹਰਲੇ ਦੇਸ਼ਾਂ ਵਿੱਚ ਪਰਵਾਸ ਹੋ ਰਿਹਾ ਹੈ, ਉਹ ਦੇਸ਼ ਤੋਂ ਬਾਹਰ ਜਾਣ ਤੋਂ ਪਹਿਲਾਂ ਪੜ੍ਹਾਈ ਜਾਂ ਸਿਖਲਾਈ ਉੱਪਰ ਸਮਾਜ ਅਤੇ ਸਰਕਾਰ ਵਲੋਂ ਕੀਤਾ ਗਿਆ ਖ਼ਰਚ ਵਾਪਸ ਕਰਨ। ਜੇਕਰ ਉਹ ਉੱਚ-ਵਿਦਿਆ ਲੈਣ ਲਈ ਜਾਂਦੇ ਹਨ ਤਾਂ ਉਨ੍ਹਾਂ ਤੋਂ ਹਲਫ਼ਨਾਮਾ ਲਿਆ ਜਾਵੇ ਕਿ ਦੇਸ਼ ਨਾ ਮੁੜਨ ਦੀ ਹਾਲਤ ਵਿੱਚ ਉਨ੍ਹਾਂ ਦੇ ਮਾਪੇ ਉਹ ਖ਼ਰਚ ਵਾਪਸ ਕਰਨ ਲਈ ਪਾਬੰਦ ਹੋਣਗੇ।

ਭਾਰਤ ਤੇ ਸੂਬਾ ਸਰਕਾਰਾਂ ਨੂੰ ਸਰਮਾਏਦਾਰ/ਕਾਰਪੋਰੇਟ ਜਗਤ-ਪੱਖੀ ਆਰਥਿਕ ਵਿਕਾਸ ਮਾਡਲ ਦਾ ਮੋਹ ਤਿਆਗਦੇ ਹੋਏ ਲੋਕ ਅਤੇ ਦੇਸ਼-ਪੱਖੀ ਆਰਥਿਕ ਵਿਕਾਸ ਮਾਡਲ ਅਪਣਾਉਣਾ ਬਣਦਾ ਹੈ ਤਾਂ ਕਿ ਦੇਸ਼ ਵਿੱਚ ਹੀ ਲੋਕਾਂ ਦੀਆਂ ਲੋੜਾਂ ਅਨੁਸਾਰ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਣ। ਰੁਜ਼ਗਾਰ ਦੇ ਮਿਆਰ ਨੂੰ ਵੀ ਇੰਨਾ ਉੱਚਾ ਚੁੱਕਿਆ ਜਾਵੇ ਕਿ ਸਾਰੇ ਨਾਗਰਿਕ ਆਪਣੀ ਆਮਦਨ ਨਾਲ ਆਪਣੀਆਂ ਮੁਢਲੀਆਂ ਲੋੜਾਂ ਸਤਿਕਾਰਤ ਢੰਗ ਨਾਲ ਪੂਰੀਆਂ ਕਰ ਸਕਣ। ਜਿਹੜੇ ਸੱਜਣ ਪਰਵਾਸ ਕਰਕੇ ਪੱਕੇ ਤੌਰ ਉੱਤੇ ਬਾਹਰਲੇ ਦੇਸ਼ਾਂ ਵਿੱਚ ਵਸ ਜਾਂਦੇ ਹਨ, ਉਨ੍ਹਾਂ ਨੂੰ ਆਪਣੀ ਮਾਤ- ਭੂਮੀ ਨੂੰ ਭੁੱਲਣਾ ਜਾਂ ਦੁਰਕਾਰਨਾ ਨਹੀਂ ਬਣਦਾ। ਜਿਹੜੇ ਲੋਕ ਆਪਣੇ ਪਿੱਛੇ ਨੂੰ ਭੁੱਲ ਜਾਂਦੇ ਹਨ, ਉਨ੍ਹਾਂ ਦਾ ਭਵਿੱਖ ਵੀ ਨਹੀਂ ਹੁੰਦਾ। ਇਸ ਸੰਬੰਧ ਵਿੱਚ ਯਹੂਦੀਆਂ ਤੋਂ ਸਬਕ ਸਿੱਖਣ ਦੀ ਸਖ਼ਤ ਲੋੜ ਹੈ।

**ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**
001-609-721-0950



# ਨਿੱਜੀਕਰਨ ਦੇ ਨਾਂ ਹੇਠ ਡਰਾਈਵ ਟੈਸਟ ਸੈਂਟਰਾਂ 'ਤੇ ਸਰਕੋ ਕੰਪਨੀ ਦੀ ਅਜਾਰੇਦਾਰੀ



ਨਾਹਰ ਸਿੰਘ ਔਜਲਾ
416-728-5686



ਉਨਟਾਰੀਓ ਸੂਬੇ ਵਿਚ ਪੀ. ਸੀ. ਪਾਰਟੀ ਨੇ ਲੰਮਾ ਸਮਾਂ ਰਾਜ ਕਰਨ ਤੋਂ ਬਾਅਦ 2003 ਦੀਆਂ ਅਸੈਂਬਲੀ ਵੋਟਾਂ ਤੋਂ ਪਹਿਲਾਂ, ਸਰਕਾਰੀ ਕਰਜ਼ੇ ਨੂੰ ਘਟਾਉਣ ਦੇ ਨਾਂ ਹੇਠ ਲੋਕਾਂ ਦੇ ਟੈਕਸਾਂ ਦੇ ਧਨ ਨਾਲ ਬਣਾਏ ਬਹੁਤ ਹੀ ਮਜਬੂਤ, ਵਧੀਆ ਤੇ ਚੰਗਾ ਮੁਨਾਫ਼ਾ ਕਮਾਉਣ ਵਾਲੇ ਹਾਈਵੇ 407 ਨੂੰ ਪ੍ਰਾਈਵੇਟ ਕੰਪਨੀ ਦੇ ਹੱਥਾਂ 'ਚ ਦੇ ਦਿੱਤਾ। ਵੋਟਾਂ ਤੋਂ ਕੁਝ ਸਮਾਂ ਪਹਿਲਾਂ ਹੀ ਮਨਿਸਟਰੀ ਆਫ਼ ਟਰਾਂਸਪੋਰਟੇਸ਼ਨ ਦੀ ਨਿਗਰਾਨੀ ਹੇਠ ਚਲਦੇ ਡਰਾਈਵ ਟੈਸਟ ਸੈਂਟਰਾਂ ਨੂੰ ਵੀ ਇਕ ਪ੍ਰਾਈਵੇਟ ਕੰਪਨੀ 'ਸਰਕੋ' ਦੇ ਕੋਲ ਵੇਚਣ ਦਾ ਕੰਨਟਰੈਕਟ ਪਾਸ ਕਰ ਦਿੱਤਾ ਗਿਆ। ਬਿਲਰਲ ਦੀ ਵੱਧ ਗਿਣਤੀ ਦੀ ਸਰਕਾਰ ਬਣਨ 'ਤੇ ਵੀ ਸਰਕਾਰ ਨੇ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਰੱਦੀ ਦੀ ਟੋਕਰੀ 'ਚ ਸੁਟਦਿਆਂ ਇਨ੍ਹਾਂ ਪ੍ਰਾਈਵੇਟ ਕੰਪਨੀਆਂ ਨਾਲ ਹੋਏ ਸਮਝੌਦਿਆਂ ਨਾਲ ਰਜ਼ਾਮੰਦੀ ਜ਼ਾਹਿਰ ਕਰਦਿਆਂ ਇਨ੍ਹਾਂ ਨੂੰ ਹਰੀ ਝੰਡੀ ਦੇ ਦਿੱਤੀ ਗਈ। ਟੈਸਟ ਸੈਂਟਰਾਂ ਦਾ ਸਾਰਾ ਪ੍ਰਬੰਧ ਇਕੋ ਕੰਪਨੀ ਕੋਲ ਹੋਣ ਕਾਰਨ ਲੋਕ ਇਸ ਕੰਪਨੀ 'ਤੇ ਹੀ ਨਿਰਭਰ ਕਰ ਸਕਦੇ ਸਨ। ਥੋੜ੍ਹਾ ਸਮਾਂ ਬੀਤਣ ਤੋਂ ਬਾਅਦ ਹੀ ਇਸ ਕੰਪਨੀ ਨੇ ਆਪਣੇ ਮੋਟੇ ਮੁਨਾਫ਼ੇ ਨੂੰ ਹੋਰ ਦੁੱਗਣਾ ਕਰਨ ਲਈ ਉਥੇ ਕੰਮ ਕਰਦੇ ਸਟਾਫ਼ ਮੈਂਬਰਾਂ ਦੀ ਵੱਡੇ ਪੱਧਰ 'ਤੇ ਛਾਂਟੀ ਕਰਨੀ ਸ਼ੁਰੂ ਕਰ ਦਿੱਤੀ, ਬਹੁਤ ਸਾਰੇ ਸਟਾਫ਼ ਨੂੰ ਪਾਰਟ ਟਾਈਮ 'ਤੇ ਰੱਖ ਲਿਆ ਤੇ ਉਨ੍ਹਾਂ ਨੂੰ ਮਿਲਦੀਆਂ ਸਹੂਲਤਾਂ 'ਤੇ ਕੱਟ ਲਾ ਦਿੱਤੇ ਗਏ। ਵਧਦੀ ਅਬਾਦੀ ਨਾਲ ਨਵੇਂ ਸੈਂਟਰ ਨਾ ਖੋਲ੍ਹੇ ਜਾਣ ਕਾਰਨ ਲੋਕਾਂ ਨੂੰ ਵੱਡੀਆਂ ਵੱਡੀਆਂ ਲਾਈਨਾਂ 'ਚ ਖੜ੍ਹਨ ਲਈ ਮਜਬੂਰ ਹੋਣਾ ਪਿਆ। ਬਹੁਤ ਹੀ ਜ਼ਿਆਦਾ ਠੰਡ ਅਤੇ ਝੱਖੜ ਦੇ ਸਮੇਂ 'ਚ ਵੀ ਲੋਕ ਘੰਟਿਆਂਬੱਧੀ ਲਾਈਨਾਂ 'ਚ ਖੜ੍ਹ ਕੇ ਆਪਣੀ ਵਾਰੀ ਨੂੰ ਉਡੀਕਦੇ ਰਹਿੰਦੇ ਹਨ। ਸੰਨ 2016 'ਚ ਤਾਂ ਸਰਕੋ ਕੰਪਨੀ ਨੇ ਆਪਣੇ ਸਿਸਟਮ ਨੂੰ ਸੁਧਾਰਨ ਦੇ ਨਾਂ ਹੇਠ ਇਕ ਅਜਿਹੀ ਵੈਬਸਾਈਟ ਬਣਾ ਦਿੱਤੀ ਜਿਸ ਵਿਚ ਬੇਸੁਮਾਰ ਨੁਕਸ਼ ਹਨ। ਜਦੋਂ ਕੁਝ ਲੋਕ ਇਕੱਠੇ ਹੀ ਬੁਕਿੰਗ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਸਿਸਟਮ ਪੂਰੀ ਤਰ੍ਹਾਂ ਨਾਲ ਬੰਦ ਹੀ ਹੋ ਜਾਂਦਾ ਹੈ। ਜਦੋਂ ਟੈਸਟ ਸੈਂਟਰ ਖੁੱਲ੍ਹੇ ਹੀ ਨਹੀਂ ਹੁੰਦੇ ਭਾਵ ਐਤਵਾਰ ਤੇ ਰਾਤ ਦਾ ਸਮਾਂ ਉਸ ਸਮੇਂ ਦੀਆਂ ਐਪੁਆਇੰਟਮੈਂਟਸ ਉਥੇ ਮਿਲਦੀਆਂ ਹੁੰਦੀਆਂ ਹਨ। ਇਸ ਨਵੇਂ ਸਿਸਟਮ ਨਾਲ ਤਾਂ ਲੋਕਾਂ ਵਿਚ ਹਾਹਾਕਾਰ ਹੀ ਮੱਚ ਗਈ। ਸਾਰਾ ਮੈਨ ਸਟਰੀਮ ਮੀਡੀਆ, ਐਥਨਿਕ ਮੀਡੀਆ ਇਸ ਸਿਸਟਮ 'ਤੇ ਚਰਚਾ ਕਰ ਰਿਹਾ ਹੈ ਪਰ ਮਨਿਸਟਰੀ ਵਲੋਂ ਤੇ ਸਰਕੋ ਕੰਪਨੀ ਵਲੋਂ ਇਸ ਨੂੰ ਸੁਧਾਰਨ ਲਈ ਕੋਈ ਵੀ ਪ੍ਰਭਾਵਸ਼ਾਲੀ ਕਦਮ ਨਹੀਂ ਚੁੱਕਿਆ ਜਾ ਰਿਹਾ। ਇਨ੍ਹਾਂ ਬੇਨਿਯਮੀਆਂ ਕਾਰਨ ਡਰਾਈਵਿੰਗ ਸਕੂਲ ਬਿਜਨਿਸ਼ ਨਾਲ ਜੁੜੇ ਬਹੁਤ ਸਾਰੇ ਇਨਸਟਰਕਟਰਜ਼ ਨੂੰ ਬੜੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨਵੇਂ ਆਏ ਇੰਮੀਗਰਾਂਟਸ, ਇੰਟਰਨੈਸ਼ਨਲ ਸਟੂਡੈਂਟਸ, ਟਰੱਕ ਡਰਾਈਵਰਜ਼ ਤੇ ਸਕੂਲਾਂ ਕਾਲਜਾਂ 'ਚ ਪੜ੍ਹਦੇ ਵਿਦਿਆਰਥੀਆਂ ਨੂੰ ਇਕ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈ ਲੋਕਾਂ ਕੋਲ ਤਾਂ ਰੋਡ ਟੈਸਟ ਬੁੱਕ ਹੋਣ ਦੀ ਕੰਨਫਰਮੇਸ਼ਨ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਟੈਸਟ ਸੈਂਟਰ ਤੋਂ ਬਿਨਾਂ ਰੋਡ ਟੈਸਟ ਲਿਆ ਹੀ ਵਾਪਸ ਮੋੜ ਦਿੱਤਾ ਜਾਂਦਾ ਹੈ।

ਇਸ ਨਾਲ ਲੋਕਾਂ ਦੇ ਪੈਸੇ ਅਤੇ ਸਮੇਂ ਦੀ ਬਰਬਾਦੀ ਹੋ ਰਹੀ ਹੈ। ਜਦੋਂ ਸਤੰਬਰ 2013 ਵਿਚ ਸਰਕੋ ਕੰਪਨੀ ਦਾ ਦਾਸ ਸਾਲਾਂ ਬਾਅਦ ਕੰਨਟਰੈਕਟ ਰਿਨਿਊ ਹੋਣਾ ਸੀ ਉਸ ਸਮੇਂ ਇਸ ਕੰਪਨੀ ਦੇ ਖਿਲਾਫ਼ ਬਹੁਤ ਸਾਰੀਆਂ ਸ਼ਿਕਾਇਤਾਂ ਕੀਤੀਆਂ ਗਈਆਂ ਸਨ। ਇਸ ਕੰਪਨੀ ਦੀ ਰੇਟਿੰਗ ਬਹੁਤ ਥੱਲੇ ਸੀ, ਇਸ ਸਭ ਦੇ ਬਾਵਜੂਦ ਹੋਰ ਕੰਪਨੀਆਂ ਨੂੰ ਪਿਛੇ ਧੱਕ ਕੇ ਫੇਰ ਨਵਾਂ ਕੰਨਟਰੈਕਟ ਸਰਕੋ ਕੰਪਨੀ ਦੇ ਨਾਂ ਹੀ ਕਰ ਦਿੱਤਾ ਗਿਆ। ਸਬੰਧਤ ਐਮ. ਪੀ. ਪੀਜ਼ ਨਾਲ ਕਈ ਵਾਰ ਮੀਟਿੰਗ ਕਰਨ 'ਤੇ ਵੀ ਕੋਈ ਢੁਕਵਾਂ ਜਵਾਬ ਨਾ ਮਿਲਣ 'ਤੇ ਸਰਕੋ ਕੰਪਨੀ ਨੂੰ ਤੇ ਮਨਿਸਟਰੀ ਨੂੰ ਵੀ ਈ ਮੇਲਜ਼ ਤੇ ਪਟੀਸ਼ਨ 'ਤੇ ਸਾਈਨ ਕਰਵਾ ਕੇ ਦਿੱਤੇ ਜਾ ਚੁੱਕੇ ਪਰ ਪਰਨਾਲਾ ਉਥੇ ਦਾ ਉਥੇ ਹੀ ਹੈ। ਅਗਲੇ ਸਾਲ ਸੂਬੇ ਵਿਚ ਫਿਰ ਚੋਣਾਂ ਹੋਣੀਆਂ ਹਨ ਅਗਰ ਸਮੇਂ ਦੀ ਸਰਕਾਰ ਵਲੋਂ ਲੋਕਾਂ ਦੇ ਮਸਲਿਆਂ ਨੂੰ ਹੱਲ ਨਾ ਕੀਤਾ ਗਿਆ ਤਾਂ ਚੁਣੇ ਹੋਏ ਨੁਮਾਇੰਦਿਆਂ ਨੂੰ ਲੋਕਾਂ ਦੇ ਤਲਖੀ ਭਰੇ ਸਵਾਲਾਂ ਨੂੰ ਸੁਣਨ ਲਈ ਤਿਆਰ ਰਹਿਣਾ ਪਵੇਗਾ, ਲੋਕਾਂ ਵਲੋਂ 8 ਅਕਤੂਬਰ ਨੂੰ ਇਕ ਵੱਡੀ ਮੀਟਿੰਗ ਕਰਕੇ ਇਹ ਸੁਨੇਹਾ ਮੀਡੀਏ ਰਾਹੀਂ ਸਰਕਾਰ ਤੱਕ ਪਹੁੰਚਦਾ ਕਰ ਦਿੱਤਾ ਗਿਆ ਹੈ ਕਿ ਲੋਕ ਇਸ ਪ੍ਰੇਸ਼ਾਨੀ ਨੂੰ ਹੋਰ ਬਹੁਤੀ ਸਹਿਣ ਨਹੀਂ ਕਰ ਸਕਦੇ। ਲੋਕ ਇਹ ਸੇਵਾਵਾਂ ਫੀਸ ਪੇ ਕਰਕੇ ਲੈ ਰਹੇ ਹਨ ਤੇ ਫੀਸ ਵੀ ਹਰ ਸਾਲ ਵਧਾ ਦਿੱਤੀ ਜਾਂਦੀ ਹੈ। ਸਮੇਂ ਦੀ ਸਰਕਾਰ ਨੂੰ ਚਾਹੀਦਾ ਕਿ ਉਹ ਅਜਾਰੇਦਾਰਾਂ ਦਾ ਹੇਜ਼ ਛੱਡ ਕੇ ਆਮ ਲੋਕਾਂ ਨਾਲ ਖੜ੍ਹੇ ਤਾਂ ਕਿ ਟੈਕਸ ਪੇ ਕਰਨ ਵਾਲੇ ਲੋਕਾਂ ਨੂੰ ਵੀ ਕੁਝ ਰਾਹਤ ਮਿਲ ਸਕੇ।

MAROK LAW OFFICE
Always Taking You Forward
• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

Rush Lube Inc.
Complete Truck Repairs & Truck Wash with Drive Thru Truck Services
Jaskaranjit Singh (Jas)
TEL: 905 - 453 - 6344
FAX: 905 - 456 - 2065
EMAIL: rushlube@hotmail.com
32 Rutherford Road South
Brampton, ON, L6W 3J1

Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092
Sukdev Singh Liddar
*2555 Steeles Ave E. Unit 11 *Brampton *ON*L6T4L6

STARLINE PAINTING LTD.
STARLINE Painting Ltd.
RESIDENTIAL • COMMERCIAL • INDUSTRIAL
• Hotel • Motel • Exterior & Interior
• Office Painting • Drywall Fixing
• Spray Painting
Call Sukhi for FREE Estimate
416.230.4000 • 647.409.1092
www.starlinepainting.com
7 Days A Week

Metro Immigration .com
FOR 100% HONEST ADVICE
EXPRESS ENTRY $500
SPOUSAL VISA $750
VISITOR VISA $100
SUPER VISA $200
APPEALS $1000+$2000
20 YEARS OF SOLID EXPERIENCE
PNP = REQUIRED NET WORTH (Assets) of $400,000 (2 crores) & INVEST $200,000
LMIA/AEO (Work Permit) 2X$750
SURESH GUPTA
Licenced Immigration Practitioner
Member ICCRC
Head Office:
Tel: 905-673-1200
Brampton: 905-794-6003 Toronto: 416-840-7554

# ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਮਾਸਿਕ ਮੀਟਿੰਗ 'ਚ ਅਕਤੂਬਰ ਇਨਕਲਾਬ ਦੀ 100ਵੀਂ ਵਰ੍ਹੇਗੰਢ ਅਤੇ ਮਿਊਂਸਪਲ ਚੋਣਾਂ ਕੈਲਗਰੀ ਦੇ ਮੁੱਦਿਆਂ 'ਤੇ ਵਿਚਾਰ-ਚਰਚਾ







ਕੈਲਗਰੀ (ਮਾ. ਭਜਨ) : ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਮਾਸਿਕ ਮੀਟਿੰਗ ਹਮੇਸ਼ਾ ਦੀ ਤਰ੍ਹਾਂ ਪਹਿਲੇ ਐਤਵਾਰ 1 ਅਕਤੂਬਰ ਕੋਸੋ ਹਾਲ ਵਿਖੇ ਹੋਈ। ਮੀਟਿੰਗ ਦੀ ਸ਼ੁਰੂਆਤ ਇਨਕਲਾਬੀ ਕਵੀ ਅਵਤਾਰ ਪਾਸ਼ ਦੀ ਮਸ਼ਹੂਰ ਕਵਿਤਾ 'ਸਭ ਤੋਂ ਖਤਰਨਾਕ ਹੁੰਦਾ ਹੈ, ਸਾਡੇ ਸੁਪਨਿਆਂ ਦਾ ਮਰ ਜਾਣਾ' ਬਣੇ ਜੋਸ਼ੀਲੇ ਅੰਦਾਜ਼ 'ਚ ਨਵਕਿਰਨ ਕੌਰ ਢੁੱਡੀਕੇ ਵਲੋਂ ਪੇਸ਼ ਕੀਤੀ ਗਈ।

ਇਨਕਲਾਬ ਦੀ 100ਵੀਂ ਵਰ੍ਹੇਗੰਢ ਵਿਸ਼ੇ 'ਤੇ ਬੋਲਦਿਆਂ ਮਾਸਟਰ ਭਜਨ ਸਿੰਘ ਨੇ ਕਿਹਾ ਕਿ ਸੰਸਾਰ ਵਿਚ ਪਹਿਲੀ ਵਾਰ 25 ਅਕਤੂਬਰ 1917 ਨੂੰ ਰੂਸ ਵਿਚ ਲੈਨਿਨ ਦੀ ਅਗਵਾਈ 'ਚ ਜ਼ਾਰਸਾਹੀ ਦੇ ਹਜ਼ਾਰਾਂ ਸਾਲਾਂ ਦੇ ਜਾਬਰ ਰਾਜ ਨੂੰ ਉਲਟਾ ਕੇ ਮਜ਼ਦੂਰ ਜਮਾਤ ਨੇ ਸੱਤਾ ਹਾਸਲ ਕੀਤੀ। ਕਾਰਲ ਮਾਰਕਸ ਅਤੇ ਏਂਗਲਜ਼ ਦੇ ਫਲਸਫੇ ਨੂੰ ਧਰਤੀ 'ਤੇ ਅਮਲੀਜਾਮਾ ਪਹਿਨਾਇਆ ਗਿਆ। ਨਵੇਂ ਤਜਰਬੇ ਕਾਰਨ ਭਾਵੇਂ ਲੈਨਿਨ ਅਤੇ ਸਟਾਲਨ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਪ੍ਰੰਤੂ ਰੂਸ ਨੇ ਸਮਾਜਵਾਦੀ ਪ੍ਰਬੰਧ ਦੀ ਅਗਵਾਈ 'ਚ ਲਾਮਿਸ਼ਾਲ ਤਰੱਕੀ ਕੀਤੀ, ਜਿਸ ਕਾਰਨ ਸੰਸਾਰ ਭਰ 'ਚ ਜਮਹੂਰੀ ਲਹਿਰਾਂ ਅਤੇ ਸਮਾਜਵਾਦੀ ਲਹਿਰਾਂ ਨੂੰ ਬਹੁਤ ਬਲ ਮਿਲਿਆ। ਰੂਸ ਵਿਚ ਨਿੱਜੀ ਪ੍ਰਾਪਰਟੀ ਦਾ ਸਮਾਜੀਕਰਨ ਕਰ ਦਿੱਤਾ ਗਿਆ। ਬਾਲਸ਼ਵਿਕ ਪਾਰਟੀ ਦੀ ਅਗਵਾਈ 'ਚ ਹਿਟਲਰਸ਼ਾਹੀ ਅਤੇ ਸਾਮਰਾਜੀ ਸ਼ਕਤੀਆਂ ਖਿਲਾਫ਼ ਤਕੜਾ ਸੰਘਰਸ਼ ਕਰਕੇ ਜਿੱਤਾਂ ਹਾਸਲ ਕੀਤੀਆਂ ਗਈਆਂ। ਨਰਿੰਦਰ ਢਿੱਲੋਂ ਅਤੇ ਸੋਹਨ ਮਾਨ ਨੇ ਵੀ ਇਸ ਵਿਸ਼ੇ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਅਕਤੂਬਰ ਇਨਕਲਾਬ ਦੀ ਮਿਸਾਲ ਹਮੇਸ਼ਾ ਜਗਦੀ ਰਹੇਗੀ। ਸਮਾਜਵਾਦੀ ਵਿਚਾਰਧਾਰਾ ਫੇਲ੍ਹ ਹੋਣ ਦਾ ਝੂਠਾ ਪ੍ਰਚਾਰ ਪੂੰਜੀਪਤੀ ਅਤੇ ਸਾਮਰਾਜਵਾਦੀ ਸ਼ਕਤੀਆਂ ਦੀ ਸੋਚੀ ਸਮਝੀ ਚਾਲ ਹੈ। ਸਮਾਜਵਾਦ ਦੀ ਇਸ ਵਕਤੀ ਹਾਰ ਨੂੰ ਸਦੀਵੀ ਨਹੀਂ ਮੰਨਣਾ ਚਾਹੀਦਾ। 90-95% ਲੋਕਾਂ ਦੀ ਮੁਕਤੀ ਇਸ ਵਿਚਾਰਧਾਰਾ ਤੋਂ ਬਿਨਾਂ ਹੋ ਨਹੀਂ ਸਕਦੀ।



ਦੂਜੇ ਮੁੱਖ ਵਿਸ਼ੇ 'ਤੇ ਬੋਲਦਿਆਂ ਗੁਰਬਚਨ ਬਰਾੜ ਨੇ ਕਿਹਾ ਕਿ ਕੈਲਗਰੀ ਵਾਸੀਆਂ ਲਈ 16 ਅਕਤੂਬਰ ਨੂੰ ਹੋਣ ਵਾਲੀਆਂ ਮਿਊਂਸਪਲ ਚੋਣਾਂ ਵਿਚ ਭਖਦਾ ਮਸਲਾ ਹੈ। ਅਸੀਂ ਕੌਂਸਲਰ, ਮੇਅਰ ਅਤੇ ਸਕੂਲ ਟਰੱਸਟੀ ਦੀ ਚੋਣ ਵੀ ਕਰਨੀ ਹੈ। ਲੋਕਾਂ ਦੇ ਬਹੁਤ ਸਾਰੇ ਮਸਲੇ ਹਨ, ਜਿਵੇਂ ਬੱਸ ਸਟਾਫ਼ ਬਣਾਉਣੇ, ਸਕੂਲੀ ਬੱਸਾਂ ਦੇ ਪ੍ਰਬੰਧ ਨੂੰ ਠੀਕ ਕਰਨਾ, ਨਾਰਥ ਈਸਟ ਇਲਾਕੇ ਨੂੰ ਹੋਰ ਹਰਾ ਭਰਾ ਬਣਾਉਣ ਲਈ ਦਰਖਤ ਲਾਉਣੇ, ਨਵੇਂ ਇਲਾਕੇ ਰੈਡ ਸਟੋਨ, ਸਿਟੀ ਸਕੇਪ ਅਤੇ ਸਕਾਈਵਿਊ ਆਦਿ ਇਲਾਕਿਆਂ 'ਚ ਸਕੂਲ ਬਣਾਉਣੇ, ਧਾਰਮਿਕ ਅਤੇ ਕਈ ਕਿਸਮਾਂ ਦੇ ਸਕੂਲ ਖੋਲ੍ਹਣੇ ਬੰਦ ਕਰਕੇ ਸਭ ਨੂੰ ਇਕੋ ਕਿਸਮ ਦੇ ਸਕੂਲਾਂ 'ਚ ਪੜ੍ਹਾਈ ਦੇਣ ਅਤੇ NE ਦੇ ਇਲਾਕੇ 'ਚ ਹੋ ਰਹੇ ਵਿਤਕਰਿਆਂ ਨੂੰ ਦੂਰ ਕਰਕੇ ਸਭ ਸਹੂਲਤਾਂ ਬਰਾਬਰ ਦੇਣ ਆਦਿ ਮਸਲੇ ਹਨ। ਚੋਣਾਂ ਸਮੇਂ ਇਹ ਮਸਲੇ ਉਮੀਦਵਾਰਾਂ ਕੋਲ ਉਠਾਉ ਤਾਂ ਕਿ ਉਨ੍ਹਾਂ ਨੂੰ ਜਵਾਬਦੇਹ ਬਣਾਇਆ ਜਾ ਸਕੇ। ਹਰੀਪਾਲ, ਹਰਚਰਨ ਪਰਹਾਰ, ਮਾ. ਭਜਨ, ਕਮਲਪ੍ਰੀਤ ਕੌਰ ਪੰਧੇਰ, ਪੈਰੀ ਮਹਿਲ ਆਦਿ ਨੇ ਵੀ ਇਸ ਮਸਲੇ 'ਤੇ ਵਿਚਾਰ-ਚਰਚਾ 'ਚ ਭਾਗ ਲਿਆ। ਉਨ੍ਹਾਂ ਕਿਹਾ ਕਿ ਵੋਟਾਂ 'ਚ ਖੜ੍ਹੇ ਉਮੀਦਵਾਰ ਵੋਟਾਂ ਵੇਲੇ ਹੀ ਦਿਖਦੇ ਹਨ, ਲੋਕਾਂ ਦੇ ਮਸਲਿਆਂ ਨਾਲੋਂ ਨਿੱਜੀ ਹਿੱਤ ਇਨ੍ਹਾਂ ਲਈ ਮੁੱਖ ਹਨ। ਇਸ ਕਰਕੇ ਵੋਟ ਪਾਉਣ ਜਾਂ ਨਾ ਪਾਉਣ ਦਾ ਅਧਿਕਾਰ ਹਰ ਇਕ ਦਾ ਨਿੱਜੀ ਹੈ। ਜੋ ਵੀ ਕਰਨਾ ਹੈ ਸੁਚੇਤ ਰੂਪ 'ਚ ਕਰੋ, ਇਸ ਵਿਚ ਧਰਮ, ਜਾਤ ਇਲਾਕੇ ਦੀ ਸੋਚ ਤੋਂ ਉਪਰ ਉੱਠਣ ਦਾ ਯਤਨ ਕਰੋ।

ਜੋ 9 ਸਤੰਬਰ ਨੂੰ 8ਵਾਂ ਤਰਕਸ਼ੀਲ ਨਾਟਕ ਸਮਾਗਮ ਜੈਨਸਸ ਸੈਂਟਰ ਵਿਖੇ ਸਫ਼ਲਤਾਪੂਰਵਕ ਸਿਰੇ ਚੜ੍ਹਿਆ, ਉਸਦਾ ਰੀਵਿਊ ਕੀਤਾ ਗਿਆ। ਜਗਦੇਵ ਸਿੰਘ ਸਿੱਧੂ, ਗੁਰਦੀਪ ਕੌਰ ਪਰਹਾਰ, ਮਾ. ਬਚਿੱਤਰ ਗਿੱਲ ਅਤੇ ਹਰੇਕ ਬੱਧਨੀ ਆਦਿ ਨੇ ਨਾਟਕ ਬਾਰੇ ਆਪਣੇ ਪ੍ਰਭਾਵ ਸਾਂਝੇ ਕੀਤੇ ਅਤੇ ਸੁਝਾਅ ਦਿੱਤੇ। ਨਾਟਕ ਟੀਮ ਦੇ ਕਲਾਕਾਰਾਂ ਟੀਨੂੰ ਬਰਾੜ, ਕਮਲ ਸਿੱਧੂ ਅਤੇ ਜਸਵਿੰਦਰ (ਜਸ) ਲੰਮੇ ਆਦਿ ਨੇ ਵੀ ਭਾਗ ਲਿਆ। ਬਲਜਿੰਦਰ ਸਿੰਘ ਸੰਘਾ, ਪਰਮਿੰਦਰ ਢੁੱਡੀਕੇ, ਹਰਨੇਕ ਬੱਧਨੀ ਅਤੇ ਮਾ. ਬਚਿੱਤਰ ਗਿੱਲ ਨੇ ਕਵਿਤਾਵਾਂ, ਗ਼ਜ਼ਲ ਅਤੇ ਕਵੀਸ਼ਰੀ ਰਾਹੀਂ ਆਪਣਾ ਯੋਗਦਾਨ ਦਿੱਤਾ। ਸਟੇਜ ਸੰਚਾਲਨ ਕਮਲਪ੍ਰੀਤ ਕੌਰ ਪੰਧੇਰ ਨੇ ਬੜੀ ਸੁਚੱਜਤਾ ਨਾਲ ਨਿਭਾਈ। ਪੀ.ਸੀ.ਏ. ਦੀ ਅਗਲੀ ਮੀਟਿੰਗ ਨਵੰਬਰ ਦੇ ਪਹਿਲੇ ਐਤਵਾਰ 5 ਨਵੰਬਰ ਸੈਨਸਸ ਸੈਂਟਰ 123 ਡੀ ਨੰਬਰ ਕਮਰੇ 3.30 ਵਜੇ ਹੋਵੇਗੀ। ਜਾਣਕਾਰੀ ਲਈ ਫੋਨ 403-455-4220 'ਤੇ ਸੰਪਰਕ ਕਰੋ।


FOR ALL YOUR REAL ESTATE NEEDS
Contact Long time trusted name in the community
HARCHARAN SINGH PARHAR
* RESIDENTIAL * BUSINESS * LAND
* COMMERCIAL * INDUSTRIAL * INVESTMENT
403-681-8689
www.parharrealty.com
hp8689@gmail.com

* Free no obligation evaluation
* Full time commitment
* Assistance to arrange best mortgage rates
urban
1A-4101 19 ST N.E. CALGARY, AB T2E 6X8
Ph: 403-590-2233 Fax: 403-776-1942

SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
SUPER VISA INSURANCE RATES
AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage
LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.
Full Refund if Visa Denied, Partial Refund if Return early (with no claim) Ask for more details.
ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।
For More Information Call
HARCHARAN SINGH PARHAR
403-681-8689
Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.
208, 4656-WESTWINDS DR. N.E. CALGARY AB T3J 3Z5

Century 21
Green Realty Inc., Brokerage
Each Office Independently Owned and Operated
6980 Maritz Dr., Unit #8, Mississauga, ON L5W 1Z3
Tel: 905-565-9565 | Fax: 905-565-9522
Call For
Residential, Commercial, & Investment


For all your Real Estate needs
Amolak Dhindsa
Sales Representative
416-721-2576

# ਕੈਨੇਡਾ ਦੀ ਸਿਟੀਜਨਸ਼ਿਪ ਲਈ ਸ਼ਰਤਾਂ ਮੁੜ ਨਰਮ



ਡਾ. ਹਰਦੀਪ ਸਿੰਘ, ਮਿਲਟਨ, ਓਂਟਾਰੀਓ

ਸਰਕਾਰ ਨੇ ਪਿਛਲੇ ਦੋਧਾਰੀ ਐਕਟ ਦੀ ਸਖ਼ਤੀ ਨੂੰ ਕੀਤਾ ਨਰਮ। ਇਸ ਐਕਟ ਵਿਚ ਨਰਮੀ ਮੁਤਾਬਕ ਹੁਣ ਇਕ ਵਾਰੀ ਫਿਰ 14 ਤੋਂ 17 ਸਾਲ ਵਾਲੇ ਬੱਚੇ ਤਐ 54 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਨੂੰ ਸਿਟੀਜਨਸ਼ਿਪ ਟੈਸਟ ਪਾਸ ਕਰਨ ਦੀ ਜ਼ਰੂਰਤ ਨਹੀਂ ਰਹੀ ਪਰ ਮਾਪਿਆਂ ਨੂੰ ਸਪਾਂਸਰ ਕਰਨ ਦੇ ਲਾਟਰੀ ਸਿਸਟਮ ਦਾ ਕਾਨੂੰਨ ਵਿਚ ਅਜੇ ਕੋਈ ਬਦਲਾਅ ਨਹੀਂ ਕੀਤਾ ਗਿਆ, ਜਿਸ ਵਿਚ ਵੀ ਸੋਧ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

ਇਸ ਬਾਰੇ ਐਲਾਨ ਪਿਛਲੇ ਮਹੀਨੇ ਮੰਤਰੀ ਅਹਿਮਦ ਹੁਸਨ ਨੇ ਬਰੈਂਪਟਨ ਵਿਖੇ ਪੁੱਜ ਕੇ ਕੀਤਾ। ਉਸ ਐਲਾਨ ਸਮੇਂ ਉਨ੍ਹਾਂ ਨਾਲ ਬਰੈਂਪਟਨ ਦੇ ਸਾਰੇ 5 ਸੰਸਦ ਮੈਂਬਰ ਹਾਜ਼ਰ ਸਨ। ਸੋਨੀਆ ਸਿੱਧੂ, ਰਾਜ ਗਰੇਵਾਲ, ਰੂਬੀ ਸਹੋਤਾ, ਕਮਲ ਖਹਿਰਾ ਅਤੇ ਰਮੇਸ਼ਵਰ ਸੰਘਾ ਦੀ ਹਾਜ਼ਰੀ ਵਿਚ ਮੰਤਰੀ ਹੁਸੇਨ ਨੇ ਕਿਹਾ ਕਿ ਕੈਨੇਡਾ ਦੇ ਨਾਗਰਿਕ ਬਣਨ ਦੇ ਚਾਹਵਾਨ ਇਮੀਗ੍ਰਾਂਟਾਂ ਦੇ ਰਾਹ ਵਿਚ ਬੇਲੋੜੀਆਂ ਰੋਕਾਂ ਨਹੀਂ ਹੋਣੀਆਂ ਚਾਹੀਦੀਆਂ। ਉਨ੍ਹਾਂ ਦੱਸਿਆ ਕਿ ਪਿਛਲੀ ਸਰਕਾਰ ਵਲੋਂ ਖੜ੍ਹੀਆਂ ਕੀਤੀਆਂ ਗਈਆਂ ਗੈਰ ਜ਼ਰੂਰੀ ਰੋਕਾਂ ਨੂੰ ਹਟਾ ਕੇ ਟਰੂਡੋ ਸਰਕਾਰ ਨੇ ਆਪਣਾ ਚੋਣ ਵਾਅਦਾ ਪੂਰਾ ਕੀਤਾ ਹੈ। ਅਕਤੂਬਰ ਤੋਂ ਕੈਨੇਡਾ ਅੰਦਰ ਪਿਛਲੇ ਪੰਜ ਸਾਲਾਂ ਦੌਰਾਨ 3 ਸਾਲਾਂ ਦੀ ਰਿਹਾਇਸ਼ ਪੂਰੀ ਕਰ ਲੈਣ ਵਾਲੇ ਵਿਅਕਤੀ ਸਿਟੀਜਨਸ਼ਿਪ ਅਪਲਾਈ ਕਰਨ ਦੇ ਯੋਗ ਹਨ। ਹੁਣ ਅਰਜ਼ੀ ਕਰਨ ਤੋਂ ਪਹਿਲੇ ਛੇ ਸਾਲਾਂ ਵਿਚੋਂ ਚਾਰ ਸਾਲ ਰਹਿਣ ਅਤੇ ਉਨ੍ਹਾਂ ਚਾਰ ਸਾਲਾਂ ਵਿਚੋਂ ਹਰੇਕ ਸਾਲ ’ਚ 183 ਦਿਨ ਕੈਨੇਡਾ ਵਿਚ ਰਹਿੰਦੇ ਰਹੇ ਹੋਣ ਦੀ (ਸਖ਼ਤ) ਸ਼ਰਤ ਪੂਰੀ ਕਰਨ ਦੀ ਜ਼ਰੂਰਤ ਨਹੀਂ ਰਹੀ। ਇਸ ਮਾਮਲੇ ’ਚ ਸਿਟੀਜਨਸ਼ਿਪ ਐਕਟ ਦੀ ਨਰਮੀ ਬਹਾਲ ਕਰ ਦਿੱਤੀ ਗਈ ਹੈ ਜਿਵੇਂ ਕਿ 11 ਜੂਨ 2015 ਨੂੰ ਸੀ। ਸੰਨ 2015 ਤੋਂ ਪਹਿਲਾਂ ਦੇ ਨਰਮ ਐਕਟ ਤਹਿਤ ਸਟੂਡੈਂਟਾਂ, ਰਫਿਊਜੀਆਂ, ਵਰਕਰਾਂ, ਵਿਜ਼ਟਰਾਂ ਆਦਿਕ ਨੂੰ ਕੈਨੇਡਾ ਵਿਚ ਗੁਜ਼ਾਰੇ ਕੁਲ ਸਮੇਂ ਦਾ ਅੱਧ ਸਿਟੀਜਨਸ਼ਿਪ ਵਾਸਤੇ ਜੋੜਨ ਦੀ ਖੁੱਲ੍ਹ ਸੀ। ਉਹ ਖੁੱਲ੍ਹ (11 ਅਕਤੂਬਰ ਤੋਂ) ਮੁੜ ਬਹਾਲ ਕਰ ਦਿੱਤੀ ਗਈ ਹੈ ਪਰ ਉਹ ਸਮਾਂ ਕੁਲ ਮਿਲਾ ਕੇ ਵੱਧ ਤੋਂ ਵੱਧ 1 ਸਾਲ (365 ਦਿਨਾਂ) ਤੱਕ ਦਾ ਹੋ ਸਕਦਾ ਹੈ ਜਿਸ ਦਾ ਭਾਵ ਹੈ ਕਿ ਸਿਟੀਜਨਸ਼ਿਪ ਲੈਣ ਦੇ ਚਾਹਵਾਨ ਵਿਅਕਤੀ ਦਾ ਐਪਲੀਕੇਸ਼ਨ ਤੋਂ ਦੋ ਸਾਲ ਪਹਿਲਾਂ ਕੈਨੇਡਾ ’ਚ ਇਮੀਗ੍ਰਾਂਟ (ਲੈਂਡ) ਹੋਇਆ ਹੋਣਾ ਜ਼ਰੂਰੀ ਹੈ। ਰਿਹਾਇਸ਼ ਦਾ ਸਮਾਂ ਘੱਟ ਕਰਨ ਤੋਂ ਬਾਅਦ ਇਨਕਮ ਟੈਕਸ ਫਾਈਲ ਕਰਨ ਦਾ ਸਮਾਂ ਵੀ ‘ਮੈਚ’ ਕਰ ਦਿੱਤਾਗਿਆ ਹੈ ਜਿਸ ਤੋਂ ਭਾਵ ਹੈ ਕਿ ਐਪਲੀਕੇਸ਼ਨ ਤੋਂ ਪਹਿਲੇ ਪੰਜ ਵਿਚੋਂ ਤਿੰਨ ਸਾਲਾਂ ਦਾ ਟੈਕਸ ਫਾਈਲ ਕੀਤਾ ਹੋਣਾ ਚਾਹੀਦਾ ਹੈ। ਸ੍ਰੀ ਟਰੂਡੋ ਤੋਂ ਪਹਿਲਾਂ ਹਾਰਪਰ ਸਰਕਾਰ ਨੇ ਉਮਰ ਦੀ ਹੱਦ ਵਿਚ ਵਾਧਾ ਕੀਤਾ ਗਿਆ ਸੀ ਜਿਸ ਨਾਲ 14 ਸਾਲਾਂ ਦੇ ਬੱਚਿਆਂ ਤੋਂ 64 ਸਾਲ ਉਮਰ ਤੱਕ ਵਾਲਿਆਂ ਨੂੰ ਸਿਟੀਜਨਸ਼ਿਪ ਟੈਸਟ ਪਾਸ ਕਰਨਾ ਪੈਂਦਾ ਸੀ। ਇਸ ਨਾਲ ਵਿਸ਼ੇਸ਼ ਤੌਰ ’ਤੇ ਵੱਡੀ ਗਿਣਤੀ ਸੀਨੀਅਰਜ਼ ਦਾ ਕੈਨੇਡੀਅਨ ਬਣਨ ਦਾ ਸੁਪਨਾ ਪੂਰਾ ਨਹੀਂ ਹੋ ਰਿਹਾ ਸੀ। ਐਕਟ ਵਿਚ ਕੀਤੀ ਗਈ ਮੌਜੂਦਾ ਨਰਮੀ ਮੁਤਾਬਿਕ ਹੁਣ ਇਕ ਵਾਰੀ ਫਿਰ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਅਤੇ 54 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਨੂੰ ਸਿਟੀਜਨਸ਼ਿਪ ਟੈਸਟ ਪਾਸ ਕਰਨ ਦੀ ਜ਼ਰੂਰਤ ਨਹੀਂ ਰਹੀ। ਇਸ ਸਿਟੀਜਨਸ਼ਿਪ ਟੈਸਟ ਵਿਚ ਐਪਲੀਕੈਂਟ ਨੂੰ ਕੈਨੇਡਾ ਬਾਰੇ ਜਾਣਕਾਰੀ ਅਤੇ ਅੰਗੇਰੇਜ਼ੀ ਜਾਂ ਫਰੈਂਚ ਸਮਝਣ ਦੀ ਸਮਰੱਥਾ ਦਾ ਇਮਤਿਹਾਨ ਪਾਸ ਕਰਨਾ ਪੈਂਦਾ ਹੈ। ਮੰਤਰੀ ਹੁਸੈਨ ਨੇ ਦਾਅਵਾ ਕੀਤਾ ਕਿ ਬਹੁਤ ਸਾਰੇ ਇਮੀਗ੍ਰਾਂਟ ਕੈਨੇਡੀਅਨ ਬਣਨ ਲਈ ਉਪਰੋਕਤ ਸੋਧਾਂ ਲਾਗੂ ਹੋਣ ਦਾ ਉਤਸੁਕਤਾ ਨਾਲ ਇੰਤਰਾਜ਼ ਕਰ ਰਹੇ ਸਨ।

ਯਾਦ ਰਹੇ ਕਿ ਦੋ ਕੁ ਸਾਲ ਪਹਿਲਾਂ ਕੈਨੇਡਾ ਵਿਖੇ ਫੈਡਰਲ ਚੋਣਾਂ ਵਿਚ ਲਿਬਰਲ ਪਾਰਟੀ ਦੀ ਵੱਡੀ ਜਿੱਤ ਨਾਲ ਬਣੇ ਮੌਜੂਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਿਚ ਨਵੀਂ ਸਰਕਾਰ ਨੇ ਨਾਗਰਿਕਤਾ ਕਾਨੂੰਨ ਬਾਰੇ ਚੋਣ ਵਾਅਦੇ ਕੀਤੇ ਸਨ ਜੋ ਕਿ ਹੌਲੀ ਹੌਲੀ ਹਕੀਕਤ ਕਰਦੇ ਨਜ਼ਰ ਆ ਰਹੇ ਹਨ। ਪਿਛਲੀ ਸਟੀਫਨ ਹਾਰਪਰ ਦੀ ਸਰਕਾਰ ਵਲੋਂ ਇਮੀਗ੍ਰੇਸ਼ਨ ਅਤੇ ਸਿਟੀਜਨਸ਼ਿਪ ਦੇ ਹੱਦੋਂ ਵੱਧ ਸਖ਼ਤ ਕਰ ਦਿੱਤੇ ਗਏ ਕਾਨੂੰਨ ਸਨ। ਮਾਪਿਆਂ ਅਤੇ ਉਨ੍ਹਾਂ ਦੇ ਨਿਰਭਰ ਬੱਚਿਆਂ ਨੂੰ ਸਪਾਂਸਰ ਕਰਨ ਦੇ ਤਰੀਕੇ ਔਖੇ ਕਰਨ ਅਤੇ ਸਿਟੀਜਨਸ਼ਿਪ ਦੀ ਨੀਤੀ ਭੇਦਭਾਵ ਵਾਲੀ ਬਣਾ ਦੇਣ ਤੋਂ ਬਹੁਤ ਸਾਰੇ ਕੈਨੇਡੀਅਨ ਖੁਸ਼ ਨਹੀਂ ਸਲ। ਲਿਬਰਲ ਪਾਰਟੀ ਦੀ ਵੱਡੀ ਜਿੱਤ ਦੇ ਕੁਝ ਕਾਰਨ ਆਰਥਿਕਤਾ, ਰੋਜ਼ਗਾਰ ਅਤੇ ਵਿਕਾਸ ਨਾਲ ਤੇ ਕੁਝ ਸੁਧਾਰਾਂ ਤੋਂ ਇਲਾਵਾ ਇਮੀਗ੍ਰੇਸ਼ਨ ਨੀਤੀਆਂ ਨੂੰ ਮੁੜ ਲਚਕੀਲੀਆਂ ਕਰਨ ਦੇ ਚੋਣ ਵਾਅਦੇ ਨਾਲ ਸ੍ਰੀ ਟਰੂਡੋ ਅਤੇ ਉਨ੍ਹਾਂ ਦੀ ਟੀਮ ਚੋਣ ਮੈਦਾਨ ਵਿਚ ਆਈ ਸੀ। ਸ੍ਰੀ ਟਰੂਡੋ ਪਾਰਟੀ ਦੇ ਵਾਅਦਿਆਂ ਤੇ ਕੈਨੇਡੀਅਨਜ਼ ਨੇ ਭਰੋਸਾ ਕੀਤਾ ਅਤੇ ਭਾਰੀ ਬਹੁਗਿਣਤੀ ਨਾਲ ਵੋਟਾਂ ਪ੍ਰਾਪਤ ਕਰਕੇ ਲਿਬਰਲ ਪਾਰਟੀ ਤੀਸਰੇ ਤੋਂ ਪਹਿਲੇ ਨੰਬਰ ਦੀ ਪਾਰਟੀ ਬਣ ਕੇ ਉਭਰੀ। ਹਾਰਪਰ ਸਰਕਾਰ ਵਲੋਂ 11 ਜੂਨ 2015 ਨੂੰ ਸਿਟੀਜਨਸ਼ਿਪ ਐਕਟ ਨੂੰ ਦੋਧਾਰੀ ਬਣਾ ਕੇ ਸਖ਼ਤ ਕਰ ਦਿੱਤਾ ਗਿਆ ਸੀ। ਉਸ ਨੂੰ ਢਿੱਲਾ ਕਰਨ ਲਈ ਲਿਬਰਲ ਸਰਕਾਰ ਦੇ ਦੋ ਇਮੀਗ੍ਰੇਸ਼ਨ ਐਂਡ ਸਿਟੀਜਨਸ਼ਿਪ ਮੰਤਰੀਆਂਨੂੰ ਜ਼ੋਰ ਅਜ਼ਮਾਈ ਕਰਨੀ ਪਈ ਹੈ। ਟਰੂਪੋ ਕੈਬਨਿਟ ’ਚ ਜ਼ੋਨ ਮਕੈਲਮ ਇਮੀਗ੍ਰੇਸ਼ਨ, ਰਫਿਊਜੀ ਅਤੇ ਸਿਟੀਜਨਸ਼ਿਪ ਮੰਤਰੀ ਬਣੇ। ਇਮੀਗ੍ਰੇਸ਼ਨ ਮੰਤਰਾਲੇ ਦਾ ਨਾਂ ਬਦਲਿਆ ਗਿਆ। ਰਫਿਊਜੀਆਂ ਦੀ ਮੁਸ਼ਕਿਲ ਦੀ ਸੁਣਵਾਈ ਦੀਆਂ ਆਸਾਂ ਵਧੀਆਂ। ਸੀਰੀਆ ਦੀ ਜੰਗੀ ਤਰਾਸਦੀ ਤੋਂ ਪ੍ਰੇਸ਼ਾਨ ਰਫਿਊਜੀਆਂ ਲਈ ਕੈਨੇਡਾ ਨੇ ਅਮਰੀਕਾ ਅਤੇ ਹੋਰ ਮੁਲਕਾਂ ਦੇ ਮੁਕਾਬਲੇ ਉਧਾਰਵਾਦੀ ਨੀਤੀ ਅਪਣਾਈ ਅਤੇ ਬਹੁਤ ਗਿਣਤੀ ਵਿਚ ਇਨ੍ਹਾਂ ਰਫਿਊਜੀ ਪਰਿਵਾਰਾਂ ਨੂੰ ਕੈਨੇਡਾ ਵਿਚ ਆਸਰਾ ਦਿੱਤਾ। ਕੁਝ ਲੋਕਾਂ ਦੇ ਵਿਰੋਧ ਦੇ ਬਾਵਜੂਦ ਇਨ੍ਹਾਂ ਸੀਰੀਅਨ ਪਰਿਵਾਰਾਂ ਲਈ ਮੁੜ ਵਸੇਵੇ ਲਈ ਮਾਇਕ ਸਹਾਇਤਾ ਵੀ ਜਾਰੀ ਹੈ।

ਹਾਰਪਰ ਸਰਕਾਰ ਵਲੋਂ 11 ਜੂਨ 2015 ਨੂੰ ਸਿਟੀਜਨਸ਼ਿਪ ਐਕਟ ਨੂੰ ਦੋਧਾਰੀ ਬਣਾ ਕੇ ਸਖ਼ਤ ਕਰ ਦਿੱਤਾ ਸੀ ਉਸ ਨੂੰ ਦੁਬਾਰਾ ਇਮੀਗਰੈਂਟ ਪੱਖੀ ਬਣਾਉਣ ਲਈ ਲਿਬਰਲ ਸਰਕਾਰ ਨੂੰ ਕਾਫ਼ੀ ਕੋਸ਼ਿਸ਼ ਕਰਨੀ ਪਈ ਹੈ। ਜੌਨ ਮਕੈਲਮ ਤੋਂ ਬਾਅਦ ਮੌਜੂਦ ਮੰਤਰੀ ਅਹਿਮਦ ਹੁਸੈਨ ਨੇ ਬਿੱਲ ਸੀ-6 ਦੀ ਹਾਊਸ ਆਫ਼ ਕਾਮਨਜ਼ ਅਤੇ ਸੈਨੇਟ ਵਿਚ ਪੈਰਵਾਈ ਕੀਤੀ। ਆਖਿਰ 19 ਜੂਨ 2017 ਨੂੰ ਸਾਰੀਆਂ ਰੁਕਾਵਟਾਂ ਵਿਚੋਂ ਲੰਘ ਕੇ ਬਿੱਲ ਸੀ-6 ਕਾਨੂੰਨ ਬਣ ਗਿਆ ਸੀ ਜਿਸ ਨਾਲ ਕੈਨੇਡਾ ਦੀ ਸਿਟੀਜਨਸ਼ਿਪ ਅਪਲਾਈ ਕਰਨ ਲਈ ਇੰਤਜ਼ਾਰ ਕਰ ਰਹੇ ਲੋਕਾਂ ਦੇ ਮਨਾਂ ਨੂੰ ਰਾਹਤ ਮਹਿਸੂਸ ਹੋਈ ਹੈ। 19 ਜੂਨ 2017 ਨੂੰ ਲਾਗੂ ਕੀਤੀਆਂ ਗਈਆਂ ਕੁਝ ਸੋਧਾਂ ਵਿਚ ਟੈਸਟ ਵਾਸਤੇ ਉਮਰ ਦੀ ਛੋਟ, ਕੈਨੇਡਾ ਵਿਚ ਰਹਿਣ ਅਤੇ ਇਨਕਮ ਟੈਕਸ ਭਰਨ ਦੀ ਸ਼ਰਤ ਦਾ ਸਮਾਂ ਘੱਟ ਕਰਨ ਦੀਆਂ ਸ਼ਰਤਾਂ ਖਤਮ ਨਹੀਂ ਕੀਤੀਆਂ ਜਾ ਸਕੀਆਂ ਸਨ ਅਤੇ ਉਹ ਸ਼ਰਤਾਂ ਖਤਮ ਕਰਨ ਵਾਸਤੇ ਇੰਤਜ਼ਾਰ ਦੀਆਂ ਘੜੀਆਂ ਚੱਲਦੀਆਂ ਰੱਖੀਆਂ ਗਈਆਂ ਸਨ। ਸਿਸਟਮ ’ਚ ਲੋੜੀਂਦੀ ਤਿਆਰੀ ਤੋਂ ਬਾਅਦ ਹੁਣ ਇੰਤਜ਼ਾਰ ਖਤਮ ਕਰਨ ਦੀ ਤਰੀਕ 11 ਅਕਤੂਬਰ 2017 ਮਿੱਥ ਦਿੱਤੀ ਗਈ ਸੀ ਜਿਸਦੇ ਮੌਜੂਦਾ ਐਲਾਨ ਨਾਲ ਇਹ ਇੰਤਜ਼ਾਰ ਖਤਮ ਹੋਇਆ।

ਹੁਣ ਮਾਪਿਆਂ/ਦਾਦਕਿਆਂ/ਨਾਨਕਿਆਂ ਨੂੰ ਸਪਾਂਸਰ ਕਰਨ ਦਾ ਕੋਟਾ ਤਕਰੀਬਨ ਦੁੱਗਣਾ ਕਰ ਦਿੱਤਾ ਗਿਆ ਹੈ ਪਰ ਉਨ੍ਹਾਂ ਨੂੰ ਅਪਲਾਈ ਕਰਨ ਵਾਸਤੇ ਟਰੂਡੋ ਸਰਕਾਰ ਵਲੋਂ ਲਿਆਂਦਾ ਗਿਆ ਲਾਟਰੀ ਸਿਸਟਮ ਲੋਕਾਂ ਨੂੰ ਰਾਸ ਨਹੀਂ ਆ ਰਿਹਾ। ਸਾਰੀਆਂ ਕਾਨੂੰਨੀ ਸ਼ਰਤਾਂ ਪੂਰੀਆਂ ਕਰਨ ਤੋਂ ਬਾਅਦ ਵੀ ਕੈਨੇਡਾ ਵਾਸੀਆਂ ਨੂੰ ਲਾਟਰੀ ਲੱਗਣ ਦੀ ਕਿਸਮਤ ਦੇ ਵੱਸ ਪਾਇਆ ਗਿਆ ਹੈ। ਇਸ ਲਾਟਰੀ ਸਿਸਟਮ ਰਾਹੀਂ ਹਰੇਕ ਕੈਨੇਡੀਅਨ (ਜਾਂ ਇਮੀਗ੍ਰਾਂਟ) ਨੂੰ ਆਪਣੇ ਪਰਿਵਾਰ ਦੇ ਜੀਅ ਇਕੱਠੇ ਕਰਨ ਲਈ ਬਰਾਬਰ ਮੌਕਾ ਨਹੀਂ ਮਿਲਦਾ ਜਿਸ ਕਰਕੇ ਇਸ ਸਿਸਟਮ ਦੀ ਟੇਕ ਕਿਸਮਤ ਤੋਂ ਹਟਾ ਕੇ ਕਾਨੂੰਨ ਅਨੁਸਾਰ ਨਿਆਂਕਾਰੀ ਬਣਾਉਣ ਦੀ ਮੰਗ ਜ਼ੋਰ ਫੜ ਰਹੀ ਹੈ। ਆਸ਼ਿਰਤ ਬੱਚਿਆਂ ਦੀ ਉਮਰ ਹੱਦ 21 ਸਾਲ ਕਰ ਦੇਣ ਨਾਲ ਪਰਿਵਾਰਾਂ ਨੂੰ ਇਕੱਠੇ ਕਰਨ ਵਿਚ ਮਦਦ ਮਿਲਣ ਦੀ ਆਸ ਬੱਝ ਗਈ ਹੈ ਜਿਸ ਦਾ ਕੈਡੇਡੀਅਨ ਭਾਈਚਾਰੇ ਵਿਚ ਪ੍ਰਭਾਵ ਹਾਂਪੱਖੀ ਹੈ। ਦੂਸਰੇ ਸਿਟੀਜਨਸ਼ਿਪ ਐਕਟ ਨੂੰ ਸਾਰੇ ਕੈਨੇਡੀਅਨਜ਼ ਲਈ ਇਕਸਾਰ ਕਰਨ ਵਾਸਤੇ ਲੋੜੀਂਦੀਆਂ ਸੋਧਾਂ (ਕੈਨੇਡਾ ਵਿਚ ਰਹਿਣਾ ਜ਼ਰੂਰੀ, ਆਤੰਕੀਆਂ ਦੀ ਨਾਗਰਿਕਤਾ ਖਤਮ ਕਰਨ ਦੀ ਵਿਵਸਥਾ, ਪੱਕੇ ਹੋਣ ਤੋਂ ਪਹਿਲਾਂ ਕੈਨੇਡਾ ’ਚ ਬਿਤਾਇਆ ਸਮਾਂ ਸਿਟੀਜਨਸ਼ਿਪ ਲਈ ਗਿਣਨ ਦੀ ਸਹੂਲਤ) ਤਾਂ ਮੰਤਰੀ ਹੁਸੈਨ ਨੇ 19 ਜੂਨ ਤੋਂ ਹੀ ਲਾਗੂ ਕਰਨ ਦਾ ਐਲਾਨ ਕਰ ਦਿੱਤਾ ਸੀ। ਦਹਿਸ਼ਤਗਰਦੀਆਂ, ਜਸੂਸਾਂ, ਦੇਸ਼ ਧਰੋਹੀਆਂ ਆਦਿਕ ਦੀ ਨਾਗਰਿਕਤਾ ਖਤਮ ਕਰਨ ਬਾਰੇ ਦੋਵਾਂ ਮੰਤਰੀਆਂ (ਮੰਤਰੀ ਮਕੈਲਮ ਅਤੇ ਮੰਤਰੀ ਹੁਸੈਨ) ਨੇ ਸਪਸ਼ਟ ਕੀਤਾ ਸੀ ਕਿ ਕੈਨੇਡਾ ਦੀਆਂ ਨਿਆਂ ਪ੍ਰਣਾਲੀ ਅਪਰਾਧੀਆਂ ਨਾਲ ਨਜਿੱਠਣ ਦੇ ਸਮਰੱਥ ਹੈ ਜਿਸ ਕਰਕੇ ਸਿਟੀਜਨਸ਼ਿਪ ਨੂੰ ਦੋਧਾਰੀ ਬਣਾਉਣ ਦੀ ਲੋੜ ਨਹੀਂ ਹੈ। ਮੰਤਰੀ ਹੁਸੈਨ ਨੇ ਆਖਿਆ ਕਿ ਬਹੁਤ ਸਾਰੇ ਇਮੀਗ੍ਰਾਂਟ ਕੈਨੇਡੀਅਨ ਬਣਨ ਲਈ ਉਪਰੋਕਤ ਸੋਧਾਂ ਲਾਗੂ ਹੋਣ ਦਾ ਉਤਸੁਕਤਾ ਨਾਲ ਇੰਤਜ਼ਾਰ ਕਰ ਰਹੇ ਸਨ। ਉਨ੍ਹਾਂ ਇਹ ਵੀ ਮੰਨਿਆ ਕਿ ਕੈਨੇਡਾ ਦੀ ਆਰਥਿਕਤਾ ਅਤੇ ਸਮਾਜਿਕ ਬਣਤਰ ਵਿਚ ਇਮੀਗ੍ਰਾਂਟ ਭਾਈਚਾਰੇ ਦਾ ਅਹਿਮ ਯੋਗਦਾਨ ਹੈ ਜਿਸ ਨੂੰ ਮਾਨਤਾ ਅਤੇ ਸਤਿਕਾਰ ਦਿੰਦੇ ਹੋਏ ਮੌਜੂਦਾ ਸਰਕਾਰ ਸਿਟੀਜਨਸ਼ਿਪ ਐਕਟ ਨੂੰ ਲਚਕੀਲਾ ਰੱਖਣ ਦੇ ਹੱਕ ਵਿਚ ਹੈ। ਇਸ ਨਵੇਂ ਐਲਾਨ ਵਿਚ ਮਾਪਿਆਂ ਨੂੰ ਸਪਾਂਸਰ ਕਰਨ ਦੇ ਲਾਟਰੀ ਸਿਸਟਮ ਵਿਚ ਬਦਲਾਅ ਦਾ ਲੋਕਾਂ ਨੂੰ ਇੰਤਜ਼ਾਰ ਸੀ, ਜਿਸ ਵਿਚ ਵੀ ਸੋਧ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

## ਨਾਗਰਿਕਤਾ ਵਾਸਤੇ ਨਰਮ ਸੋਧਿਆ ਕਾਨੂੰਨ ਲਾਗੂ










# ਚੀ ਗੁਵੇਰਾ : ਮੈਂ ਸਟਾਲਿਨ ਕਰਕੇ ਕਮਿਊਨਿਜ਼ਮ ਵੱਲ ਆਇਆਂ





ਨਿਕੋਸ ਮੋਤਾਸ
ਤਰਜਮਾ - ਮਨਦੀਪ

ਅਰਨੈਸਟੋ ਚੀ ਗੁਵੇਰਾ ਨਿਸ਼ਚਿਤ ਰੂਪ 'ਚ 20ਵੀਂ ਸਦੀ ਦੀ ਕਮਿਊਨਿਸਟ ਲਹਿਰ ਦੀ ਇੱਕ ਇਤਿਹਾਸਿਕ ਹਸਤੀ ਹੈ ਜੋ ਵੱਡੇ ਸਿਆਸੀ ਵਿਚਾਰਧਾਰਕ ਸਰੋਕਾਰਾਂ ਵਾਲੇ ਲੋਕਾਂ ਨੂੰ ਆਕਰਸ਼ਿਤ ਕਰਦੀ ਹੈ। ਕਈ ਵਰ੍ਹੇ ਪਹਿਲਾਂ ਬੋਲੀਵੀਆ ਵਿੱਚ ਕਾਇਰਤਾ ਨਾਲ ਉਨ੍ਹਾਂ ਦੀ ਹੱਤਿਆ ਕੀਤੀ ਗਈ, ਚੀਗ ਮਾਰਕਸਵਾਦੀਆਂ, ਖੱਬੇਪੱਖੀਆਂ ਅਤੇ ਪ੍ਰਗਤੀਸ਼ੀਲ ਪਾਰਟੀਆਂ ਅਤੇ ਸੰਗਠਨਾਂ, ਟ੍ਰਾਟਸਕੀਵਾਦ ਤੋਂ ਜੂਝਾਰੂ ਲੈਨਿਨਵਾਦ ਅਤੇ ਸੋਸ਼ਲ ਡੈਮੋਕਰੇਟਾਂ ਤੋਂ ਅਨਾਰਕੋ-ਲਿਬਰਟੇਨਜ ਤੱਕ, ਇੱਕ ਇਨਕਲਾਬੀ ਚਿੰਨ੍ਹ ਬਣ ਗਿਆ ਹੈ। ਬਹੁਤ ਸਾਰੇ ਲੋਕ ਇਸ ਅਰਜਨਟੀਨੀ ਇਨਕਲਾਬੀ ਦੀ ਪ੍ਰਸ਼ੰਸਾ ਕਰਦੇ ਹਨ ਅਤੇ ਆਪਣੇ ਆਪ ਨੂੰ 'ਸਟਾਲਿਨ ਵਿਰੋਧੀ' ਦਰਸਾਉਂਦੇ ਹਨ, ਸਟਾਲਿਨ ਨੂੰ ਨ਼ਫਰਤ ਕਰਦੇ ਹਨ ਅਤੇ ਫਿਟਕਾਰਦੇ ਹਨ ਅਤੇ ਉਹ ਅਕਸਰ ਸਟਾਲਿਨ ਯੁਗ ਨੂੰ ਅਖੌਤੀ 'ਅਪਰਾਧਕ' ਯੁੱਗ ਕਹਿੰਦੇ ਹਨ। ਇਹ ਵਿਰੋਧਾਭਾਸ ਕੀ ਹੈ ਅਤੇ ਇਤਿਹਾਸ ਦੀ ਇਕ ਵਿਅੰਜਨਾਂ ਇਹ ਹੈ: ਚੀਗ ਗੁਵੇਰਾ ਖ਼ੁਦ ਜੋਸੇਫ ਸਟਾਲਿਨ ਦਾ ਪ੍ਰਸ਼ੰਸਕ ਸੀ।

ਮਹਾਨ ਸੋਵੀਅਤ ਨੇਤਾ ਦੀ ਮੌਤ ਤੋਂ 63 ਸਾਲ ਬਾਅਦ, ਆਓ ਅਸੀਂ ਗੁਵੇਰਾ ਦੀਆਂ ਆਪਣੀਆਂ ਲਿਖਤਾਂ ਅਤੇ ਚਿੱਠੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਚੀਗਤੇ ਕਰੀਏ ਕਿ ਚੀਗ, ਜੋਸੇਫ ਸਟਾਲਿਨ ਬਾਰੇ ਕੀ ਸੋਚਦਾ ਸੀ।

1953 ਵਿਚ, ਗੁਆਟੇਮਾਲਾ 'ਚ, 25 ਸਾਲਾ ਚੀਗ ਨੇ ਆਪਣੀ ਆਂਟੀ ਬੇਟ੍ਰੀਜ਼ ਨੂੰ ਲਿਖੇ ਪੱਤਰ ਵਿਚ ਨੋਟ ਕੀਤਾ ਸੀ: 'ਇਨ੍ਹਾਂ ਰਾਹਾਂ ਤੇ ਚੱਲਦਿਆਂ, ਮੈਨੂੰ ਯੂਨਾਈਟਿਡ ਫ਼ਰੂਟ ਦੇ ਸ਼ਾਸਨ 'ਚੋਂ ਗੁਜਰਨ ਦਾ ਮੌਕਾ ਮਿਲਿਆ, ਇਹ ਇਕ ਵਾਰ ਫਿਰ ਮੈਨੂੰ ਯਕੀਨ ਦਿਵਾਉਂਦਾ ਹੈ ਕਿ ਇਹ ਪੂੰਜੀਵਾਦੀ ਔਕਟੋਪਸ ਕਿੰਨੇ ਭਿਆਨਕ ਹਨ। ਮੈਂ ਬੁੱਢੇ ਅਤੇ ਸੋਗੀ ਕਾਮਰੇਡ ਸਟਾਲਿਨ ਦੀ ਤਸਵੀਰ ਸਾਹਮਣੇ ਸੌਂਹ ਚੁੱਕਦਾ ਹਾਂ ਕਿ ਮੈਂ ਉਦੋਂ ਤੱਕ ਚੈਨ ਨਾਲ ਨਹੀਂ ਬੈਠਾਂਗਾ ਜਦੋਂ ਤੱਕ ਇਹ ਪੂੰਜੀਵਾਦੀ ਔਕਟੋਪਸਾਂ ਦਾ ਨਾਸ ਨਹੀਂ ਹੁੰਦਾ' (ਜੋਨ ਲੀ ਐਂਡਰਸਨ, ਚੀਗ ਗੁਵੇਰਾ: ਏ ਰੈਵੋਲਿਊਸ਼ਨਰੀ ਲਾਈਫ, 1997)।

ਕੁਝ ਸਾਲ ਪਹਿਲਾਂ ਗੁਆਟੇਮਾਲਾ ਤੋਂ ਚਿੱਠੀ ਲਿਖਣ ਬਾਅਦ-ਕਿਊਬਾ-ਗੁਵੇਰਾ ਵਿਚ ਕ੍ਰਾਂਤੀਕਾਰੀ ਪ੍ਰਕਿਰਿਆ ਦੌਰਾਨ ਚੀਗ ਸਟਾਲਿਨ ਪ੍ਰਤੀ ਆਪਣੇ ਵਿਚਾਰਾਂ ਦੀ ਮੁੜ ਪੁਸ਼ਟੀ ਕਰਦਾ ਹੈ:

'ਸਟਾਲਿਨ ਦੀਆਂ ਗਲਤੀਆਂ ਸਬੰਧੀ ਇਕ ਇਨਕਲਾਬੀ ਰਵੱਈਏ ਅਤੇ ਸੋਧਵਾਦੀ ਰਵੱਈਏ ਵਿਚ ਅੰਤਰ ਹੈ। ਤੁਹਾਨੂੰ ਸਟਾਲਿਨ ਨੂੰ ਉਸ ਇਤਿਹਾਸਕ ਪ੍ਰਸੰਗ 'ਚ ਵੇਖਣ ਦੀ ਲੋੜ ਹੈ ਜਿਸ ਵਿਚ ਉਹ ਵਿਚਰਦਾ ਹੈ, ਤੁਹਾਨੂੰ ਉਸ ਨੂੰ ਕਿਸੇ ਕਿਸਮ ਦੀ ਬੁਰਾਈ ਵਾਂਗ ਨਹੀਂ ਦੇਖਣਾ ਪੈਂਦਾ, ਪਰ ਉਸ ਖਾਸ ਇਤਿਹਾਸਕ ਪ੍ਰਸੰਗ ਵਿੱਚ ਡੈਡੀ ਸਟਾਲਿਨ ਕਾਰਨ ਮੈਂ ਕਮਿਊਨਿਜ਼ਮ ਵੱਲ ਆਇਆ ਹਾਂ ਅਤੇ ਕਿਸੇ ਨੂੰ ਨਹੀਂ ਆਉਣਾ ਚਾਹੀਦਾ ਅਤੇ ਮੈਨੂੰ ਇਹ ਦੱਸਣਾ ਚਾਹੀਦਾ ਹੈ ਕਿ ਮੈਨੂੰ ਸਟਾਲਿਨ ਨਹੀਂ ਪੜ੍ਹਨਾ ਚਾਹੀਦਾ। ਮੈਂ ਉਸਨੂੰ ਪੜ੍ਹਿਆ, ਜਦੋਂ ਉਸ ਨੂੰ ਪੜ੍ਹਨਾ ਬਹੁਤਾ ਚੰਗਾ ਨਹੀਂ ਸੀ। ਇਹ ਹੋਰ ਸਮਾਂ ਸੀ, ਅਤੇ ਕਿਉਂਕਿ ਮੈਂ ਬਹੁਤਾ ਜਾਣਿਆ ਪਛਾਣਿਆ ਨਹੀਂ ਸੀ ਜਾਂਦਾ, ਅਤੇ ਮੈਂ ਇੱਕ ਸਖਤ-ਸਿਰ ਵਾਲਾ ਵਿਅਕਤੀ ਹਾਂ, ਮੈਂ ਉਸਨੂੰ ਪੜ੍ਹਨਾ ਜਾਰੀ ਰੱਖਦਾ ਹਾਂ। ਖ਼ਾਸ ਕਰਕੇ ਇਸ ਨਵੇਂ ਦੌਰ 'ਚ, ਹੁਣ ਉਸ ਨੂੰ ਪੜ੍ਹਨਾ ਵਿਗੜਨ ਬਰਾਬਰ ਹੈ। ਫਿਰ ਵੀ, ਮੈਨੂੰ ਅਜੇ ਵੀ ਬਹੁਤ ਸਾਰੀਆਂ ਚੰਗੀਆਂ ਚੀਜ਼ਾਂ ਮਿਲਦੀਆਂ ਹਨ।'

ਸਟਾਲਿਨ ਦੀ ਅਗਵਾਈ ਦੀ ਸਿਫ਼ਤ ਕਰਦੇ ਹੋਏ, ਚੀਗ ਨੇ ਹਮੇਸ਼ਾ ਟ੍ਰਾਟਸਕੀ ਦੀ ਇਨਕਲਾਬੀ-ਵਿਰੋਧੀ ਭੂਮਿਕਾ ਵੱਲ ਇਸ਼ਾਰਾ ਕੀਤਾ, ਜਿਸ ਵਿੱਚ ਉਸਨੂੰ 'ਗੁਪਤ ਇਰਾਦਿਆਂ' ਅਤੇ 'ਬੁਨਿਆਦੀ ਗਲਤੀਆਂ' ਲਈ ਦੋਸ਼ ਦਿੱਤਾ ਗਿਆ। ਆਪਣੀ ਇੱਕ ਲਿਖਤ ਵਿੱਚ ਉਹ ਲਿਖਦੇ ਹਨ: 'ਮੈਂ ਸੋਚਦਾ ਹਾਂ ਕਿ ਬੁਨਿਆਦੀ ਤੌਰ 'ਤੇ ਟਰਾਟਸਕੀ ਗਲਤੀਆਂ ਤੇ ਅਧਾਰਿਤ ਸੀ ਅਤੇ ਉਸਦਾ ਗੁੱਝਾ ਵਿਵਹਾਰ ਗਲਤ ਸੀ ਅਤੇ ਉਸ ਦੇ ਆਖਰੀ ਸਾਲ ਵੀ ਚੰਗੇ ਨਹੀਂ ਸਨ। ਇਨਕਲਾਬੀ ਅੰਦੋਲਨ 'ਚ ਟਰਾਟਸਕੀਆਂ ਦਾ ਕੋਈ ਯੋਗਦਾਨ ਨਹੀਂ; ਜਿੱਥੇ ਪੇਰੂ 'ਚ ਉਹ ਸਭ ਤੋਂ ਜ਼ਿਆਦਾ ਸਨ, ਪਰ ਉਹ ਆਖਰਕਾਰ ਅਸਫਲ ਹੋਏ ਕਿਉਂਕਿ ਉਨ੍ਹਾਂ ਦੇ ਢੰਗ ਸਹੀ ਨਹੀਂ ਸਨ' (ਸਿਆਸੀ ਆਰਥਿਕਤਾ 'ਤੇ ਟਿੱਪਣੀਆਂ ਰੈਵੋਲਿਊਸ਼ਨਰੀ ਡੈਮੋਕਰੇਸੀ ਜਰਨਲ, 2007 ਚੀਗ ਗੁਵੇਰਾ)।

ਅਰਨੇਸਟੋ ਗੁਵੇਰਾ, ਮਾਰਕਸਵਾਦੀ ਦਰਸ਼ਨ ਦੀ ਵਿਕਸਤ ਜਾਣਕਾਰੀ ਦੇ ਨਾਲ ਇੱਕ ਬਹੁਤ ਵਧੀਆ ਪਾਠਕ ਵੀ ਸੀ, ਸਟਾਲਿਨ ਦੀਆਂ ਲਿਖਤਾਂ ਸਮੇਤ ਮਾਰਕਸਵਾਦੀ-ਲੈਨਿਨਵਾਦੀ ਸ਼ਾਸ਼ਤਰੀ ਲਿਖਤਾਂ ਵਿੱਚ ਵੀ। ਇਸੇ ਲਈ ਉਸਨੇ ਅਰਮਾਂਦੋ ਹਾਰਟ ਦਾਵਲੋਸ ਨੂੰ ਲਿਖੇ ਇੱਕ ਪੱਤਰ, 'ਟਰਾਟਸਕੀ ਅਤੇ ਕਿਊਬਨ ਰੈਵੋਲਿਊਸ਼ਨ ਦੇ ਪ੍ਰਮੁੱਖ ਮੈਂਬਰ' ਵਿੱਚ ਲਿਖਿਆ ਹੈ 'ਜੇਕਰ ਸੋਵੀਅਤ ਇੱਟਾਂ ਨੂੰ ਬਾਹਰ ਕੱਢਿਆ ਜਾਵੇ ਤਾਂ ਕਿਊਬਾ ਨੇ ਕੁੱਝ ਵੀ ਪ੍ਰਕਾਸ਼ਿਤ ਨਹੀਂ ਕੀਤਾ, ਜਿਸ ਨਾਲ ਇਹ ਤੁਹਾਡੇ ਸੋਚਣ ਲਈ ਅਸੁਵਿਧਾਜਨਕ ਨਾ ਹੋਵੇ; ਪਾਰਟੀ ਨੇ ਤੁਹਾਡੇ ਲਈ ਇਹ ਕੀਤਾ ਅਤੇ ਤੁਹਾਨੂੰ ਇਸ ਨੂੰ ਹਜ਼ਮ ਕਰਨਾ ਚਾਹੀਦਾ ਹੈ। ਮਾਰਕਸ, ਏਂਗਲਜ਼, ਲੈਨਿਨ, ਸਟਾਲਿਨ (ਮੂਲ ਰੂਪ ਵਿੱਚ ਚੀਗ ਦੁਆਰਾ ਰੇਖਾਂਕਿਤ) ਅਤੇ ਹੋਰ ਮਹਾਨ ਮਾਰਕਸਵਾਦੀਆਂ ਦੀਆਂ ਸੰਪੂਰਨ ਰਚਨਾਵਾਂ ਨੂੰ ਪ੍ਰਕਾਸ਼ਿਤ ਕਰਨਾ ਜ਼ਰੂਰੀ ਹੋਵੇਗਾ। ਇੱਥੇ ਵੱਡੇ ਸੋਧਵਾਦੀ (ਜੇ ਤੁਸੀਂ ਚਾਹੁੰਦੇ ਹੋ ਤਾਂ ਤੁਸੀਂ ਇੱਥੇ ਖਰੁਸ਼ਚੀਗਵ ਨੂੰ ਸ਼ਾਮਲ ਕਰ ਸਕਦੇ ਹੋ) ਵੀ ਆ ਸਕਦੇ ਹਨ, ਚੰਗੀ ਤਰ੍ਹਾਂ ਪਰਖੇ ਹੋਏ, ਕਿਸੇ ਹੋਰ ਨਾਲੋਂ ਜਿਆਦਾ ਸ਼ਕਤੀਸ਼ਾਲੀ ਅਤੇ ਤੁਹਾਡਾ ਦੋਸਤ ਟਰਾਟਸਕੀ, ਜੋ ਕਿ ਹਾਜਰ ਹੈ ਅਤੇ ਸਪੱਸ਼ਟ ਤੌਰ ਤੇ ਕੁੱਝ ਲਿਖਦਾ ਹੈ' (Contracorriente, ਨੰ. 9, ਸਤੰਬਰ 1997)।

ਸੋਵੀਅਤ ਲੀਡਰਸ਼ਿਪ ਦੀ ਅਗਵਾਈ 'ਚ ਬਾਅਦ ਸੀ ਪੀ ਐਸ ਯੂ ਦੀ 20ਵੀਂ ਕਾਂਗਰਸ ਤੋਂ ਬਾਅਦ ਚੀਗ ਲਈ ਸੋਵੀਅਤ ਮਾਰਗ ਚਿੰਤਾ ਦਾ ਸਰੋਤ ਬਣਿਆ ਹੋਇਆ ਸੀ। 'ਡੀ-ਸਟਾਲਿਨਾਈਜ਼ੇਸ਼ਨ' ਦੀ ਨੀਤੀ ਅਤੇ ਸਮਾਜਵਾਦ ਬਣਾਉਣ ਦੀ ਪ੍ਰਕਿਰਿਆ ਬਾਰੇ ਗਲਤ, ਮੌਕਾਪ੍ਰਸਤ ਧਾਰਨਾਵਾਂ, ਜੋ ਕਿ 1956 ਦੇ ਬਾਅਦ ਖਰੁਸ਼ਚੋਵ ਲੀਡਰਸ਼ਿਪ ਵੱਲੋਂ ਸ਼ੁਰੂ ਕੀਤੀਆਂ ਗਈਆਂ ਸਨ, ਇਸਨੇ ਇਨਕਲਾਬ ਅਤੇ ਸੋਸ਼ਲਿਜ਼ਮ ਬਾਰੇ ਗੁਵੇਰਾ ਦੇ ਨਜ਼ਰੀਏ 'ਤੇ ਆਪਣੇ ਗੰਭੀਰ ਪ੍ਰਭਾਵ ਪਾਏ। ਗੁਵੇਰਾ ਦੇ ਜੀਵਨੀ ਲੇਖਕਾਂ ਵਿੱਚੋਂ ਇਕ, ਮੈਕਸਿਕੋ ਦਾ ਸਿਆਸਤਦਾਨ ਜੌਰਜ ਕਾਸਤਨੇਦਾ ਨੇ (ਕਮਿਊਨਿਸਟ ਵਿਰੋਧੀ ਪ੍ਰਸੰਗ ਨੂੰ ਜੋੜਦੇ ਹੋਏ) ਲਿਖਿਆ ਸੀ: 'ਇੱਕ ਸਮੇਂ ਗੁਵੇਰਾ ਇੱਕ ਸਟਾਲਿਨਵਾਦੀ ਬਣ ਗਿਆ ਸੀ ਜਦੋਂ ਹਜ਼ਾਰਾਂ ਲੋਕ 'ਕਮਿਊਨਿਜ਼ਮ' ਤੋਂ ਨਿਰਾਸ਼ ਹੋ ਰਹੇ ਸਨ। ਉਸਨੇ 1956 ਵਿੱਚ ਸਟਾਲਿਨ ਦੇ 'ਸਾਮਰਾਜੀ ਪ੍ਰਚਾਰ' ਦੇ ਰੂਪ ਵਿੱਚ ਜੁਰਮ ਦੀ ਨਿੰਦਾ ਕਰਦੇ ਹੋਏ ਖਰੁਸ਼ਚੀਗਵ ਦੇ ਭਾਸ਼ਣ ਨੂੰ ਖਾਰਜ ਕੀਤਾ ਅਤੇ ਹੰਗਰੀ ਦੇ ਰੂਸੀ ਹਮਲੇ ਦਾ ਬਚਾਅ ਕੀਤਾ ਜਿਸ ਵਿੱਚ ਉਸਨੇ ਉਸੇ ਸਾਲ ਵਿੱਚ ਵਰਕਰਾਂ ਦੇ ਵਿਦਰੋਹ ਨੂੰ ਕੁਚਲ ਦਿੱਤਾ' (ਜੇ. ਕਾਸਤਨੇਦਾ, ਸਹਾਇਕ: ਚੀਗ ਗੁਵੇਰਾ ਦਾ ਜੀਵਨ ਅਤੇ ਮੌਤ, 1997)।

ਨਵੰਬਰ 1930 ਨੂੰ ਖਰੁਸ਼ਚੀਗਵ ਦੁਆਰਾ ਕੀਤੀ 'ਡੀ-ਸਟਾਲਿਨਾਈਜ਼ੇਸ਼ਨ' ਦੀ ਸ਼ੁਰੂਆਤ ਤੋਂ ਚਾਰ ਸਾਲ ਬਾਅਦ ਅਰਨੈਸਟੋ ਚੀਗ ਗੁਵੇਰਾ ਕਿਊਬਾ ਸਰਕਾਰ ਦੇ ਇਕ ਸਰਕਾਰੀ ਪ੍ਰਤੀਨਿਧੀ ਦੇ ਤੌਰ 'ਤੇ ਰੂਸ ਦੇ ਮਾਸਕੋ ਆ ਰਹੇ ਸਨ। ਇਸ ਤਰ੍ਹਾਂ ਦੀ ਕਾਰਵਾਈ ਤੋਂ ਬਚਣ ਲਈ ਉਸ ਸਮੇਂ ਕਿਊਬਾ ਦੇ ਰਾਜਦੂਤ ਦੀ ਸਲਾਹ ਦੇ ਖਿਲਾਫ, ਚੀਗ ਨੇ ਕ੍ਰੈਮਲੀਨ ਕਸਬੇ 'ਤੇ ਸਟਾਲਿਨ ਦੀ ਕਬਰ' ਤੇ ਮੁਲਾਕਾਤ ਕਰਨ ਅਤੇ ਫੁੱਲ ਭੇਟ ਕਰਨ 'ਤੇ ਜ਼ੋਰ ਦਿੱਤਾ।

ਚੀਗ ਨੂੰ ਆਗੂ ਜੋਸਫ਼ ਸਟਾਲਿਨ ਅਤੇ ਸਮਾਜਵਾਦ ਦੇ ਨਿਰਮਾਣ ਵਿਚ ਉਨ੍ਹਾਂ ਦੇ ਯੋਗਦਾਨ ਲਈ ਡੂੰਘੀ ਪ੍ਰਸ਼ੰਸਾ ਸੀ। ਅਤੇ ਇਸੇ ਕਰਕੇ ਚੀਗ ਨੇ ਆਪਣੇ ਆਪ ਨੂੰ ਕਿਹਾ, 'ਤੁਹਾਨੂੰ ਸਟਾਲਿਨ ਨੂੰ ਉਸ ਇਤਿਹਾਸਕ ਪ੍ਰਸੰਗ ਵਿੱਚ ਵੇਖਣ ਦੀ ਜ਼ਰੂਰਤ ਹੈ ਜਿਸ ਖਾਸ ਇਤਿਹਾਸਕ ਪ੍ਰਸੰਗ ਵਿੱਚ ਉਹ ਵਿਚਰਦੇ ਹਨ'। ਇਹ ਇਤਿਹਾਸਕ ਸੰਦਰਭ ਅਤੇ ਸਟਾਲਿਨ ਨੇ ਬਹੁਤ ਹੀ ਉਲਟ ਅਤੇ ਔਖੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਮਾਹੌਲ ਵਿੱਚ ਸਟਾਲਿਨ ਨੇ ਸੋਵੀਅਤ ਯੂਨੀਅਨ ਦੀ ਅਗਵਾਈ ਕੀਤੀ ਸੀ, ਜਦੋਂ ਐਂਟੀਲੈਲਿਨਵਾਦ ਦੇ ਸਮਰਥਕਾਂ ਮੂਕ ਸਨ। ਉਹ ਇਸ ਗੱਲ ਨੂੰ ਅਣਗੌਲਿਆਂ ਕਰਦੇ ਹਨ ਕਿ ਸੋਵੀਅਤ ਯੂਨੀਅਨ ਵਿਚ ਸਮਾਜਵਾਦ ਬਣਾਉਣ ਦੀ ਪ੍ਰਕਿਰਿਆ ਭਿਆਨਕ ਜਮਾਤੀ-ਸੰਘਰਸ਼ ਦੇ ਨਾਲ-ਨਾਲ ਘਰੇਲੂ ਅਤੇ ਬਾਹਰੀ (ਸਾਮਰਾਜੀ ਘੇਰਾਬੰਦੀ)-ਖਤਰੇ ਦੇ ਨਾਲ ਹੋ ਰਹੀ ਹੈ, ਜਦਕਿ ਉਦਯੋਗੀਕਰਨ ਦੇ ਪ੍ਰਤੀਕਰਮਾਂ ਅਤੇ ਵਿਆਪਕ ਭੰਨਤੋੜ ਦੇ ਵੱਡੇ ਯਤਨਾਂ ਦਾ ਸਾਹਮਣਾ ਕੀਤਾ ਜਾ ਰਿਹਾ ਹੈ।

ਜੋਸਫ਼ ਸਟਾਲਿਨ, ਇੱਕ ਸ਼ਖਸੀਅਤ ਅਤੇ ਆਗੂ ਦੇ ਰੂਪ ਵਿੱਚ ਇੱਕ ਵਿਸ਼ੇਸ਼ ਇਤਿਹਾਸਿਕ ਪ੍ਰਸੰਗ 'ਚ ਲੋਕਾਂ ਦੀ ਕਾਰਵਾਈ ਦਾ ਉਤਪਾਦਨ ਸਨ। ਅਤੇ ਇਹ ਸਟਾਲਿਨ ਹੀ ਸੀ ਜਿਸਨੇ ਲੈਨਿਨ ਦੀ ਮਜ਼ਬੂਤ ਵਿਚਾਰਧਾਰਕ ਵਿਰਾਸਤ ਦੇ ਆਧਾਰ ਤੇ ਬਾਲਸ਼ਿਵਿਕ ਪਾਰਟੀ (ਏ. ਯੂ. ਸੀ. ਪੀ.-ਬੀ) ਅਤੇ ਸੋਵੀਅਤ ਲੋਕਾਂ ਦੀ 30 ਸਾਲ ਤੱਕ ਅਗਵਾਈ ਦਿੱਤੀ। ਇੱਕ ਅਸਲੀ ਕਮਿਊਨਿਸਟ ਹੋਣ ਦੇ ਨਾਤੇ, ਇੱਕ ਸੱਚਾ ਇਨਕਲਾਬੀ-ਸਿਧਾਂਤ ਅਤੇ ਅਭਿਆਸ ਵਿੱਚ-ਅਰਨੇਸਟੋ ਚੀਗ ਗੁਵੇਰਾ ਇਸ ਇਤਿਹਾਸਕ ਅਸਲੀਅਤ ਨੂੰ ਨਿਸ਼ਚਿਤ ਰੂਪ ਵਿੱਚ ਪਹਿਚਾਣ ਅਤੇ ਪ੍ਰਸ਼ੰਸ਼ਾ ਦੇਵੇਗਾ।

mandeepsaddowal@gmail.com

# .ਗਦਰੀ ਬਾਬਿਆਂ ਦੀ ਤਸਵੀਰ ਸਬੰਧੀ

ਪਿਛਲੇ ਦਿਨੀਂ ਇਹ ਉਪਰਲੀ ਤਸਵੀਰ ਗਦਰੀ ਬਾਬਿਆਂ ਦੇ ਹਵਾਲੇ ਨਾਲ ਸੋਸ਼ਲ ਮੀਡੀਆ ਤੇ ਇਹ ਕਹਿ ਕੇ ਘੁਮਾਈ ਗਈ ਕਿ ਇਹ ਤਸਵੀਰ ਬੰਬਈ ਰੇਲਵੇ ਸਟੇਸ਼ਨ ਦੀ ਹੈ। ਬਾਬਿਆਂ ਨੂੰ ਕਾਲੇਪਾਣੀ ਭੇਜਿਆ ਜਾ ਰਿਹਾ ਹੈ। ਇਹ ਗੱਲ ਕਿਣਕਾ ਮਾਤਰ ਵੀ ਸਹੀ ਨਹੀਂ, ਸਗੋਂ ਅੰਮ੍ਰਿਤਸਰ ਰੇਲਵੇ ਸਟੇਸ਼ਨ ਦੀ ਹੈ।

1938 ਚ ਲੱਗੇ ਅੰਮ੍ਰਿਤਸਰ ਕਿਸਾਨ ਮੋਰਚੇ ਚ ਗ੍ਰਿਫ਼ਤਾਰ ਇਹ ਸੂਰਮੇ ਹਨ

ਰੱਈਆ (ਅੰਮ੍ਰਿਤਸਰ) ਇਲਾਕੇ 'ਚ ਨਹਿਰ ਦੇ ਮੋਘਿਆਂ ਦਾ ਮੂੰਹ ਨਿੱਕਾ ਕਰਨ ਤੇ ਫ਼ਸਲਾਂ ਦੀਆਂ ਕੀਮਤਾਂ ਘੱਟ ਕਰਨ ਅਤੇ ਵਧਾਏ ਟੈਕਸ ਦੇ ਖਿਲਾਫ਼ ਇਸ ਮੋਰਚੇ ਦੀ ਅਗਵਾਈ ਬਾਬਾ ਸੋਹਣ ਸਿੰਘ ਭਕਨਾ ਨੇ ਕੀਤੀ ਸੀ।

ਇਹ ਉਹੀ ਸਮਾਂ ਹੈ ਜਦ ਪੰਜਾਬ ਚ ਯੂਨੀਅਨਿਸਟ ਪਾਰਟੀ ਕਾਂਗਰਸ ਨੂੰ ਹਰਾ ਕੇ ਸਰਕਾਰ ਬਣਾ ਗਈ ਸੀ। ਇਸ ਅਸੈਂਬਲੀ ਚ ਬਾਬਾ ਬੋਰਡ ਵੱਲੋਂ 8 ਦੇਸ਼ ਭਗਤ ਸੂਰਮੇ ਵਿਧਾਇਕ ਬਣੇ ਸਨ।



ਖੱਬਿਓਂ ਬਾਬਾ ਸੰਤਾ ਸਿੰਘ ਗੰਡੀਵਿੰਡ, ਕਾਮਰੇਡ ਫੌਜਾ ਸਿੰਘ ਭੁੱਲਰ, ਭਾਈ ਦਰਸ਼ਨ ਸਿੰਘ ਫੇਰੂਮਾਨ, ਬਾਬਾ ਸੋਹਨ ਸਿੰਘ ਭਕਨਾ, ਬਾਬਾ ਕਰਮ ਸਿੰਘ ਚੀਮਾ।

1936 ਵਾਲੀ ਗਦਰ ਡਾਇਰੈਕਟਰੀ (ਪੰਜਾਬੀ ਯੂਨੀਵਰਸਿਟੀ, ਪਟਿਆਲਾ) ਵਿੱਚ ਕਾਮਰੇਡ ਫੌਜਾ ਸਿੰਘ ਭੁੱਲਰ ਨੂੰ ਛੱਡ ਕੇ ਬਾਕੀਆਂ ਬਾਰੇ ਸੀ ਆਈ ਡੀ ਨੇ ਵੱਡੇ ਇੰਦਰਾਜ ਕੀਤੇ ਹੋਏ ਨੇ।

ਪ੍ਰਮੁੱਖ ਪੰਜਾਬੀ ਕਵੀ ਤੇ ਦੇਸ਼ਭਗਤ ਲਹਿਰ ਦੇ ਖੋਜੀ ਵਿਦਵਾਨ ਅਮਰਜੀਤ ਚੰਦਨ ਜੀ (ਯੂ ਕੇ) ਦੀ ਪ੍ਰੇਰਨਾ ਕਾਰਨ ਇਸ ਤਸਵੀਰ ਦੀ ਭਾਲ ਸ਼ੁਰੂ ਹੋਈ।

ਉਨ੍ਹਾਂ ਸੀਤਾ ਰਾਮ ਨੂੰ ਪ੍ਰੇਰਨਾ ਦਿੱਤੀ ਅਤੇ ਉਹ ਸੰਦੀਪ ਸਿੰਘ ਨੂੰ ਨਾਲ ਲੈ ਕੇ ਉਸ ਵੇਲੇ ਦੇ ਪ੍ਰਮੁੱਖ ਫੋਟੋਗਰਾਫਰਾਂ ਕੋਲ ਗਏ।

ਇਹ ਤਸਵੀਰ ਹਾਲ ਬਾਜ਼ਾਰ ਅੰਮ੍ਰਿਤਸਰ ਦੇ ਪ੍ਰਸਿੱਧ ਫੋਟੋਗ੍ਰਾਫਰ ਸ: ਸੇਵਾ ਸਿੰਘ ਦੀ ਖਿੱਚੀ ਹੋਈ ਹੈ ਜੋ ਉਨ੍ਹਾਂ ਦੇ ਪੁੱਤਰਾਂ ਪਾਸੋਂ ਬੜੀ ਮਿਹਨਤ ਬਾਅਦ ਮਿਲੀ।

ਸੰਦੀਪ ਸਿੰਘ ਅੰਮ੍ਰਿਤਸਰ ਨੇ ਉਨ੍ਹਾਂ ਪਾਸੋਂ ਨੈਗੇਟਿਵ ਲੈ ਕੇ ਨਵੀਂ ਦਿੱਲੀ ਦੀ ਕਿਸੇ ਲੈਬ ਤੋਂ ਡਰੰਮ ਸਕੈਨਰ ਨਾਲ ਸਕੈਨ ਕਰਵਾ ਕੇ ਦੋ ਤਸਵੀਰਾਂ ਜਲੰਧਰ ਵਾਸੀ ਪ੍ਰਸਿੱਧ ਖੋਜੀ ਇਤਿਹਾਸਕਾਰ ਪ੍ਰੋ ਮਲਵਿੰਦਰ ਜੀਤ ਸਿੰਘ ਵੜੈਚ ਦੇ ਪਿਆਰੇ ਸ਼ਾਗਿਰਦ ਇਤਿਹਾਸਕਾਰ ਤੇ ਨਵੋਦਯ ਸਕੂਲ ਤਲਵੰਡੀ ਮਾਧੋ (ਜਲੰਧਰ) ਦੇ ਵੋਕੇਸ਼ਨਲ ਅਧਿਆਪਕ ਸੀਤਾ ਰਾਮ ਬਾਂਸਲ ਨੂੰ 2009 ਚ ਸੌਂਪੀਆਂ। ਇਹ ਦੋਵੇਂ ਤਸਵੀਰਾਂ ਮੈਨੂੰ ਵੀ ਹੁਣ ਸੀਤਾ ਰਾਮ ਬਾਂਸਲ ਤੋਂ ਹੀ ਪ੍ਰਾਪਤ ਹੋਈਆਂ ਹਨ। ਹੋਰ ਜਾਣਕਾਰੀ ਲਈ ਸੀਤਾ ਰਾਮ ਬਾਂਸਲ ਨਾਲ ਸੰਪਰਕ ਕਰ ਸਕਦੇ ਹੋ ਜੀ। ਉਨ੍ਹਾਂ ਦਾ ਨੰਬਰ +91 75892 56092 ਹੈ। ਏਨੀਆਂ ਗੱਲਾਂ ਵੀ ਮੈਂ ਉਸ ਤੋਂ ਹੀ ਪੁੱਛ ਕੇ ਦੱਸੀਆਂ ਹਨ।

*ਅਮਰ ਸ਼ਹੀਦਾਂ ਦਾ ਪੈਗ਼ਾਮ, ਜਾਰੀ ਰੱਖਣਾ ਲੋਕ-ਸੰਗਰਾਮ*

# 1 ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਵਿੱਚ ਲੱਗ ਰਹੇ ਗ਼ਦਰੀ ਬਾਬਿਆਂ ਦੇ ਮੇਲੇ ਮੌਕੇ 'ਤੇ







ਗ਼ਦਰ ਪਾਰਟੀ ਦੇ ਲਾਸਾਨੀ ਯੋਧਿਆਂ ਦੀ ਯਾਦ 'ਚ ਦੇਸ਼ ਭਗਤ ਯਾਦਗਾਰ ਹਾਲ ਦੇ ਵਿਹੜੇ 1992 ਵਿੱਚ ਸ਼ੁਰੂ ਕੀਤਾ 'ਮੇਲਾ ਗ਼ਦਰੀ ਬਾਬਿਆਂ ਦਾ' ਅੱਜ ਆਪਣੇ 26ਵੇਂ ਪੜਾਅ 'ਤੇ ਹੈ। ਇਸ ਵਾਰ ਮੇਲਾ ਮਹਾਨ ਰੂਸੀ ਸਮਾਜਵਾਦੀ ਇਨਕਲਾਬ ਦੀ 100ਵੀਂ ਵਰ੍ਹੇ ਗੰਢ ਨੂੰ ਸਮਰਪਤ ਹੈ। ਹਰ ਸਾਲ ਮੇਲਾ ਗ਼ਦਰ ਲਹਿਰ ਦੇ ਸ਼ਹੀਦਾਂ ਨੂੰ ਸਮਰਪਤ ਅਤੇ ਫੇਰ ਗ਼ਦਰ ਪਾਰਟੀ ਅਤੇ ਇਸ ਅਗੇ ਚੱਲੀਆਂ ਲਹਿਰਾਂ: ਕਿਰਤੀ ਪਾਰਟੀ, ਨੌਜਵਾਨ ਭਾਰਤ ਸਭਾ, ਬੱਬਰ ਅਕਾਲੀ ਲਹਿਰ ਅਤੇ ਆਜ਼ਾਦ ਹਿੰਦ ਫੌਜ ਦੇ ਇਤਿਹਾਸ ਨੂੰ ਸਮਰਪਤ ਰਿਹਾ। ਫੇਰ ਦੌਰ ਸ਼ੁਰੂ ਹੋਇਆ ਏਸ ਲਹਿਰ ਦੀਆਂ ਸ਼ਤਾਬਦੀਆਂ ਦਾ 2013 ਦਾ ਮੇਲਾ ਗ਼ਦਰ ਪਾਰਟੀ ਦੀ ਸ਼ਤਾਬਦੀ ਨੂੰ ਅਗਲੇ ਸਾਲ ਕਾਮਾਗਾਟਾ ਮਾਰੂ ਸ਼ਤਾਬਦੀ ਅਤੇ ਫੇਰ ਗ਼ਦਰ ਲਹਿਰ ਦੀਆਂ ਸ਼ਹਾਦਤਾਂ ਨੂੰ ਸਮਰਪਤ ਰਿਹਾ। ਇਨ੍ਹਾਂ ਪੰਝੀ ਸਾਲਾਂ ਦੌਰਾਨ ਮੇਲਾ ਜਿਥੇ ਦੇਸ਼ ਭਗਤ ਯਾਦਗਾਰ ਹਾਲ ਅੰਦਰ ਗ਼ਦਰ ਪਾਰਟੀ ਦੇ ਸੁਨੇਹੇ ਨੂੰ ਅੱਜ ਦੀ ਨੌਜਵਾਨ ਪੀੜ੍ਹੀ ਤੱਕ ਪਹੁੰਚਾਉਣ ਦਾ ਸਬੱਬ ਬਣਿਆ ਹੈ, ਉਥੇ ਪੰਜਾਬ ਭਰ ਦੇ ਸਾਰੇ ਗ਼ਦਰੀ ਸ਼ਹੀਦਾਂ ਦੇ ਪਿੰਡਾਂ ਵਿਚ ਵੀ ਉਨ੍ਹਾਂ ਦੀ ਯਾਦ ਵਿਚ "ਮੇਲਾ ਗ਼ਦਰੀ ਬਾਬਿਆਂ ਦਾ" ਦੇ ਨਾਂਅ 'ਤੇ ਆਮ ਲੋਕਾਂ ਦੇ ਮੇਲਿਆਂ ਦੀ ਪ੍ਰੰਪਰਾਂ ਸ਼ੁਰੂ ਹੋਈ ਹੈ ਤੇ ਇਹ ਸਿਲਸਿਲਾ ਕਨੇਡਾ, ਅਮਰੀਕਾ ਵਿਚ ਜਾਰੀ ਹੈ, ਜਿਥੋਂ ਗ਼ਦਰ ਪਾਰਟੀ ਦਾ ਮੁੱਢ ਬੱਝਿਆ ਸੀ।

"ਮੇਲਾ ਗ਼ਦਰੀ ਬਾਬਿਆਂ ਦਾ" ਅਤੀਤ ਦੀ ਬੁੱਕਲ 'ਚ ਸੁਲਘਦੇ, ਧੁਖ਼ਦੇ ਇਤਿਹਾਸ ਦੀ ਦਹਿਕਦੀ ਗਾਥਾ ਹੈ ਓਥੇ ਇਹ ਸਥਾਪਤੀ ਵਲੋਂ ਸੋਚ ਸਮਝ ਕੇ ਭੁਲਾਏ ਗਏ ਇਨਕਲਾਬੀ ਕੌਮੀ ਪਰਵਾਨਿਆਂ ਨੂੰ ਯਾਦ ਕਰਨ ਅਤੇ ਉਨ੍ਹਾਂ ਦੀ ਅਥਾਹ ਦੇਣ ਨੂੰ ਬੁਲੰਦ ਕਰਨ ਦਾ ਮੇਲਾ ਹੈ। ਇਹ ਮੇਲਾ ਵਰਤਮਾਨ ਅਤੇ ਭਵਿੱਖ ਦੀਆਂ ਮੂੰਹ ਅੱਡੀ ਖੜ੍ਹੀਆਂ ਅਨੇਕਾਂ ਹੀ ਚੁਣੌਤੀਆਂ ਨਾਲ ਅੱਖ ਮੇਲਣ ਦੀ ਜਾਂਚ ਸਿਖਾਉਣ ਦਾ, ਚੁਫ਼ੇਰੇ ਫੈਲੀ ਧੁੰਦ ਨੂੰ ਲੰਗਾਰ ਕਰਨ ਵਾਲੀਆਂ ਰਿਸ਼ਮਾਂ ਦੀ ਲੱਪ ਸੁੱਟਣ ਦਾ ਮੇਲਾ ਹੈ। ਇਹ ਐਸਾ ਹੈ ਮੇਲਾ, ਜਿਥੇ ਨਾ ਲੱਗੇ ਪੈਸਾ, ਨਾ ਲੱਗੇ ਧੇਲਾ। ਜਦੋਂ ਤੁਸੀਂ ਇਸ ਦਾ ਆਨੰਦ ਮਾਣਦੇ ਹੋ, ਤਾਜ਼ਗੀ ਮਹਿਸੂਸ ਕਰਦੇ ਹੋ। ਸਮਾਜ ਵਾਸਤੇ ਕੁਝ ਕਰਨ ਲਈ ਨਵੀਆਂ ਨਰੋਈਆਂ ਉਤਸ਼ਾਹੀ ਤਰੰਗਾਂ ਦਾ ਅਹਿਸਾਸ ਕਰਦੇ ਹੋ। ਆਪਣੇ ਪੁਰਖ਼ਿਆਂ ਦੀਆਂ ਪਾਈਆਂ ਪੈੜਾਂ ਉਪਰ ਗੌਰਵ ਵੀ ਮਹਿਸੂਸ ਕਰਦੇ ਹੋ ਅਤੇ ਇਨ੍ਹਾਂ ਉਪਰ ਚੱਲਦਿਆਂ ਅੱਗੇ ਵਧਣ ਦੀ ਚੇਸ਼ਟਾ ਵੀ ਜਾਗਦੀ ਹੈ। ਇਹ ਮੇਲਾ ਕੋਈ ਰਸਮੀ ਪੂਜਾ ਦਾ ਤਿਉਹਾਰ ਨਹੀਂ। ਨਾ ਹੀ ਕਿਸੇ ਵੱਡੇ ਇਕੱਠ ਕਰਨ ਦੀ ਐਵੇਂ ਸ਼ੇਖੀ ਮਾਰਨ ਦੀ ਦੌੜ ਦਾ ਇਜ਼ਹਾਰ ਹੈ। ਮੇਲਾ, ਸਥਾਪਤੀ ਦੀ ਛਤਰ-ਛਾਇਆ, ਦਖ਼ਲ-ਅੰਦਾਜ਼ੀ ਤੋਂ ਪੂਰੀ ਤਰ੍ਹਾਂ ਮੁਕਤ ਹੈ। ਮੇਲਾ ਹਰ ਵੰਨਗੀ ਦੇ ਮੂਲਵਾਦੀ, ਫ਼ਿਰਕੂ, ਲੋਕ-ਦੋਖੀ ਹਾਕਮ ਧੜਿਆਂ ਦੇ ਪ੍ਰੇਤ-ਛਾਏ ਤੋਂ ਵੀ ਲੋਕਾਂ ਨੂੰ ਸੁਚੇਤ ਕਰਦਾ ਹੈ। ਹਰ ਵੰਨਗੀ ਦਾ ਦੇਸੀ-ਵਿਦੇਸ਼ੀ, ਲੁੱਟ-ਦਾਬੇ, ਜਾਤਪ੍ਰਸਤੀ, ਅਨਿਆਂ, ਵਿਤਕਰੇਬਾਜ਼ੀ, ਔਰਤਾਂ ਨਾਲ ਵਿਤਕਰੇਬਾਜ਼ੀ, ਧੱਕੇਸ਼ਾਹੀ, ਜ਼ਬਰ ਸਿਤਮ ਤੋਂ ਪੀੜਤ ਲੋਕਾਂ ਦੀ ਆਵਾਜ਼ ਬਣਦਾ ਹੈ। ਸਮਾਜ ਅੰਦਰ ਫੈਲੇ ਨਸ਼ਿਆਂ ਦੇ ਕੋਹੜ ਦਾ ਸ਼ਿਕਾਰ ਹੋਈ, ਕੰਧੀਂ ਕੌਲੀਂ ਟੱਕਰਾਂ ਮਾਰਦੀ ਭਟਕੀ ਜੁਆਨੀ ਨੂੰ ਰੋਸ਼ਨੀ ਦਿੰਦਾ ਹੈ, ਇਹ ਮੇਲਾ।

ਇਹ ਮੇਲਾ ਵੰਗਾਰਮਈ ਹੋਕਾ ਹੈ, ਗ਼ਦਰੀ ਲਹਿਰ ਦੇ ਵਾਰਸਾਂ ਨੂੰ ਜਾਗਣ ਦਾ। ਵੇਲੇ ਦੀ ਨਜ਼ਾਕਤ ਨੂੰ ਸਮਝਦਿਆਂ ਸਮਾਜ ਉਪਰ ਬੋਲੇ ਚੌਤਰਫ਼ੇ ਆਰਥਕ, ਰਾਜਨੀਤਕ, ਸਮਾਜਕ, ਸੱਭਿਆਚਾਰਕ ਅਤੇ ਜ਼ਿਹਨੀ ਗੁਲਾਮੀ ਦੇ ਖਿਲਾਫ਼ ਇਨਕਲਾਬੀ ਚੇਤਨਾ ਦੀ ਆਵਾਜ਼ ਬੁਲੰਦ ਕਰਨ ਦਾ। ਮੇਲੇ 'ਚ ਹੁੰਦੀਆਂ ਤਕਰੀਰਾਂ, ਬਹੁ-ਵੰਨਗੀ ਕਲਾ ਕਿਰਤਾਂ ਦੀਆਂ ਪੇਸ਼ਕਾਰੀਆਂ, ਝੰਡੇ, ਮਾਟੋ, ਬੈਨਰ, ਜਾਗੋ, ਕਵੀ ਦਰਬਾਰ, ਸੰਗੀਤ, ਨਾਟਕ ਆਦਿ ਜੋ ਕੁਝ ਵੀ ਲੋਕ ਦੇਖਦੇ, ਸੁਣਦੇ, ਮਹਿਸੂਸ ਕਰਦੇ ਹਨ, ਸਮੁੱਚਾ ਮਾਹੌਲ ਹੀ ਅਜੇਹਾ ਸਿਰਜਿਆ ਜਾਂਦਾ ਹੈ ਜਿਹੜਾ ਸਰੂਰ ਦਿੰਦਾ ਹੈ। ਸਾਨੂੰ ਹਾਕਾਂ ਮਾਰਕੇ ਇਹ ਮੋੜਦਾ ਹੈ, ਔਝੜੇ ਰਾਹਾਂ ਤੋਂ। ਸਾਨੂੰ ਆਪਣੇ ਵਿਰਸੇ ਦੀ ਸਾਂਭ ਸੰਭਾਲ ਕਰਨ ਅਤੇ ਇਸ ਤੋਂ ਮਰ ਮਿਟਣ ਦੀ ਪ੍ਰੇਰਨਾ ਮਿਲਦੀ ਹੈ।

ਮੇਲਾ ਗ਼ਦਰੀ ਇਤਿਹਾਸ ਦੇ ਅਨੇਕਾਂ ਅਣਫੋਲੇ ਵਰਕੇ ਸਾਡੀਆਂ ਰੂਹਾਂ, ਸਾਡੀਆਂ ਪਲਕਾਂ ਅੱਗੇ ਲੈ ਕੇ ਆਇਆ ਹੈ। ਮੇਲੇ ਨੇ ਗ਼ਦਰ ਲਹਿਰ ਦੇ ਉਦੇਸ਼ਾਂ ਨੂੰ ਉਘਾੜਨ, ਉਚਿਆਉਣ, ਇਹਨਾਂ 'ਤੇ ਪਹਿਰੇਦਾਰੀ ਕਰਨ ਦਾ ਸੱਦਾ ਦਿੱਤਾ ਹੈ। ਮੇਲੇ ਨੇ ਗ਼ਦਰ ਲਹਿਰ ਦੇ ਅਨੇਕਾਂ ਪੱਖਾਂ ਦੀ ਅਜੋਕੇ ਸਮੇਂ 'ਚ ਪ੍ਰਸੰਗਕਤਾ ਨੂੰ ਉਭਾਰਿਆ ਹੈ। ਮੇਲੇ ਨੇ ਸਾਫ਼ ਅਤੇ ਸਪੱਸ਼ਟ ਤੌਰ 'ਤੇ ਗ਼ਦਰੀ ਸ਼ਹੀਦਾਂ ਅਤੇ ਕੌਮੀ ਮੁਕਤੀ ਲਹਿਰ ਦੇ ਅਮੁੱਲੇ ਅਧਿਆਇ ਨੂੰ ਇਤਿਹਾਸ ਦੇ ਸੁਨਹਿਰੇ ਪੰਨੇ ਸਾਬਤ ਕਰਨ ਦੀ ਭੂਮਿਕਾ ਅਦਾ ਕੀਤੀ ਹੈ ਜਿਸ ਨੂੰ ਕਿ ਸੋਚੇ ਸਮਝੇ ਤੌਰ 'ਤੇ ਅਜੋਕੇ ਪ੍ਰਬੰਧ-ਮੁਖੀ ਤਾਕਤਾਂ ਅੱਖੋਂ-ਪਰੋਖੇ ਕਰਦੀਆਂ ਆ ਰਹੀਆਂ ਹਨ।

ਮੇਲਾ ਇੱਕ ਉੱਦਮ ਹੈ, ਅਜਿਹੀ ਜੜ੍ਹਤ 'ਚ ਫਸੇ ਵਿਚਾਰਾਂ/ਸੰਕਲਪਾਂ ਨੂੰ ਸਹੀ ਮਾਰਗ ਦੇਣ ਦਾ। ਹਾਲਾਤ ਕਦਮ ਕਦਮ ਬਦਲ ਭਾਲਦੇ ਹਨ। ਗੱਲੀਂ ਬਾਤੀਂ ਨਹੀਂ, ਠੋਸ ਅਮਲ ਅਤੇ ਨਮੂਨੇਦਾਰ ਅਗਵਾਈ ਦੀ ਲੋੜ ਆਵਾਜ਼ਾਂ ਮਾਰ ਰਹੀ ਹੈ। ਸ਼ਹੀਦ ਭਗਤ ਸਿੰਘ ਨੇ ਕਿਹਾ ਸੀ ਕਿ:-

"ਜਦੋਂ ਖੜੋਤ ਦੀ ਹਾਲਤ ਲੋਕਾਂ ਨੂੰ ਆਪਣੇ ਸ਼ਿਕੰਜੇ ਵਿੱਚ ਜਕੜ ਲੈਂਦੀ ਹੈ, ਕਿਸੇ ਕਿਸਮ ਦੀ ਤਬਦੀਲੀ ਤੋਂ ਉਹ ਹਿਚਕਚਾਉਂਦੇ ਹਨ, ਬਸ ਇਸ ਜਮੂਦ ਅਤੇ ਬੇਹਰਕਤੀ ਨੂੰ ਤੋੜਨ ਦੀ ਖਾਤਰ ਇੱਕ ਇਨਕਲਾਬੀ ਸਪਿਰਟ ਪੈਦਾ ਕਰਨ ਦੀ ਲੋੜ ਹੁੰਦੀ ਹੈ, ਨਹੀਂ ਤਾਂ ਇੱਕ ਗਿਰਾਵਟ, ਬਰਬਾਦੀ ਦਾ ਵਾਯੂਮੰਡਲ ਕਾਬਜ਼ ਹੋ ਜਾਂਦਾ ਹੈ। ਗੁੰਮਰਾਹ ਕਰਨ ਵਾਲੀਆਂ, ਗੈਰ ਤਰੱਕੀ ਪਸੰਦ ਤਾਕਤਾਂ ਲੋਕਾਂ ਨੂੰ ਗਲਤ ਰਾਹ 'ਤੇ ਲੈ ਜਾਣ ਵਿੱਚ ਕਾਮਯਾਬ ਹੋ ਜਾਂਦੀਆਂ ਹਨ, ਜਿਸ ਨਾਲ ਇਨਸਾਨੀ ਤਰੱਕੀ ਰੁਕ ਜਾਂਦੀ ਹੈ ਅਤੇ ਉਸ ਵਿੱਚ ਖੜੋਤ ਆ ਜਾਂਦੀ ਹੈ। ਇਸ ਹਾਲਤ ਨੂੰ ਬਦਲਣ ਲਈ ਜ਼ਰੂਰੀ ਹੈ ਕਿ ਇਨਕਲਾਬੀ ਸਪਿਰਟ ਤਾਜ਼ਾ ਕੀਤੀ ਜਾਵੇ ਤਾਂ ਜੋ ਇਨਸਾਨੀਅਤ ਦੀ ਰੂਹ ਵਿੱਚ ਇਕ ਹਰਕਤ ਪੈਦਾ ਹੋ ਜਾਵੇ।"

ਦੇਸ਼ ਭਗਤ ਯਾਦਗਾਰ ਕਮੇਟੀ ਕਿਉਂਕਿ ਕੋਈ ਸਿਆਸੀ ਪਾਰਟੀ ਨਹੀਂ। ਇਸ ਕਰਕੇ ਇਸਨੂੰ ਆਪਣੇ ਰੋਲ ਅਤੇ ਕਾਰਜ਼ ਖੇਤਰ ਬਾਰੇ ਕੋਈ ਭੁਲੇਖਾ ਨਹੀਂ ਕਿ ਸਾਡਾ ਰੋਲ ਪਾਰਟੀਆਂ ਦੇ ਮੁਕਾਬਲੇ ਸੀਮਤ ਹੱਦ ਤੱਕ ਹੀ ਹੋ ਸਕਦਾ ਹੈ। ਇਸਦਾ ਸੋਚ-ਆਧਾਰ ਅਤੇ ਮਾਰਗ-ਦਰਸ਼ਕ ਗ਼ਦਰ ਪਾਰਟੀ ਅਤੇ ਕਮੇਟੀ ਦਾ ਐਲਾਨਨਾਮਾ/ਵਿਧਾਨ ਹੈ। ਮੇਲਾ ਸਾਡਾ ਕੁੱਲ ਵਰ੍ਹੇ ਦੇ ਕੰਮਾਂ ਦੀ ਸਿਖਰ ਦੀ ਸਰਗਰਮੀ ਹੈ। ਸਾਲ ਦੇ ਅਰਸੇ ਦੌਰਾਨ ਵੀ ਕੁੱਝ ਨਾ ਕੁੱਝ ਕਰਨ ਲਈ ਯਤਨਸ਼ੀਲ ਰਹਿੰਦੇ ਹਾਂ।

ਇਸ ਮੇਲੇ ਨੇ ਇਕ ਹੋਰ ਸੁਲੱਖਣੇ ਵਰਤਾਰੇ ਨੂੰ ਨਵੀਂ ਤਾਕਤ ਅਤੇ ਵੇਗ ਦੇਣ ਦਾ ਕੰਮ ਕੀਤਾ ਹੈ। ਗ਼ਦਰੀਆਂ/ਦੇਸ਼ ਭਗਤਾਂ ਦੇ ਪਿੰਡਾਂ 'ਚ ਮੇਲੇ ਲੱਗਣ ਲੱਗੇ ਹਨ। ਇਹਨਾਂ ਮੇਲਿਆਂ ਨੇ ਇਕ ਦੂਜੇ ਦਾ ਸਹਿਯੋਗ ਕਰਨ ਲਈ ਹੱਥ ਵਧਾਇਆ ਹੈ। ਇਹ ਸਿਹਤਮੰਦ, ਅਗਾਂਹ-ਵਧੂ, ਲੋਕ-ਪੱਖੀ ਸਭਿਆਚਾਰਕ ਲਹਿਰ ਵੱਲ ਪੁਲਾਂਘਾਂ ਦਾ ਸੰਕੇਤ ਹੈ। ਇਹ ਨਵੇਂ ਯੁੱਗ ਦਾ ਮਸ਼ਾਲਚੀ ਹੈ। ਇਹ ਰਵਾਇਤੀ ਅਤੇ ਸਥਾਪਤੀ ਦੀ ਛਤਰ ਛਾਇਆ ਵਾਲੇ ਸਮਾਗਮਾਂ ਨਾਲੋਂ ਨਿਖੇੜੇ ਦੀ ਲਕੀਰ ਖਿੱਚਦਾ ਆਪਣੀ ਕਿਸਮ ਦਾ ਸਭਿਆਚਾਰਕ ਉਤਸਵ ਹੈ ਜਿਸ ਦੀਆਂ ਕਲਾ/ਕਿਰਤਾਂ 'ਚ ਗ਼ਦਰੀਆਂ ਦੇ ਸੁਪਨੇ ਧੜਕਦੇ ਹਨ। ਮੇਲੇ ਦੀ ਸਫ਼ਲਤਾ ਦਾ ਪ੍ਰਮਾਣ ਇਹ ਵੀ ਹੈ ਕਿ ਜਿਹੜੇ ਕਈ ਪ੍ਰਦੇਸ਼ ਵਸਦੇ ਪਰਿਵਾਰ ਭਾਵੇਂ ਸਾਕ-ਸਬੰਧੀਆਂ ਪਰਿਵਾਰ ਮੈਂਬਰਾਂ ਦੇ ਵਿਆਹ ਜਾਂ ਹੋਰ ਮੌਕਿਆਂ ਤੇ ਨਹੀਂ ਵੀ ਆ ਸਕਦੇ ਪਰ ਉਹ ਮੇਲੇ ਦੀਆਂ ਤਾਰੀਖਾਂ ਆਪਣੇ ਮਨ ਦੀ ਡਾਇਰੀ ਤੇ ਰਾਖਵੀਆਂ ਰੱਖਦੇ ਹਨ।

ਜ਼ਿਕਰਯੋਗ ਹੈ ਕਿ 26ਵਾਂ ਮੇਲਾ, ਸਾਡੇ ਸੂਬੇ, ਮੁਲਕ ਅਤੇ ਕੌਮਾਂਤਰੀ ਮੰਚ ਤੇ ਉਭਰੇ ਸੁਆਲਾਂ ਨੂੰ ਵੱਖ-ਵੱਖ ਮੁਕਾਬਲਾ-ਵੰਨਗੀਆਂ, ਵਿਚਾਰ-ਚਰਚਾ, ਤਕਰੀਰਾਂ ਅਤੇ ਪੇਸ਼ ਕਲਾ ਕਿਰਤਾਂ ਦਾ ਉਭਰਵਾਂ ਹਿੱਸਾ ਬਣਾ ਰਿਹਾ ਹੈ। ਲੰਗਰ ਦੀ ਇਸ ਵਾਰ ਜਨਤਕ ਹਿੱਸੇਦਾਰੀ ਦੀ ਪਰੰਪਰਾ ਆਪਣੇ ਆਪ 'ਚ ਮੇਲੇ ਦਾ ਹਾਸਲ ਹੈ।

ਆਜ਼ਾਦੀ ਸੰਗਰਾਮੀਆਂ ਅਤੇ ਲੋਕ ਮੁਕਤੀ ਲਈ ਆਪਾ ਵਾਰਨ ਵਾਲਿਆਂ ਦੇ ਸੁਪਨੇ ਸਾਕਾਰ ਕਰਨ ਲਈ ਇਹ ਮੇਲਾ ਗੱਜ ਵੱਜ ਕੇ ਐਲਾਨ ਕਰਦਾ ਹੈ ਕਿ:

ਅਮਰ ਸ਼ਹੀਦਾਂ ਦਾ ਪੈਗ਼ਾਮ
ਜਾਰੀ ਰੱਖਣਾ ਲੋਕ-ਸੰਗਰਾਮ;

**ਗੁਰਮੀਤ ਸਿੰਘ**
**ਜਨਰਲ ਸਕੱਤਰ**
**ਦੇਸ਼ ਭਗਤ ਯਾਦਗਾਰ ਕਮੇਟੀ,**
**ਜਲੰਧਰ।**

## 809 ਪ੍ਰਾਇਮਰੀ ਸਕੂਲ ਬੰਦ ਕਰਨ ਦੇ ਸਰਕਾਰੀ ਫੈਸਲੇ ਦੀ ਨਿਖੇਧੀ

ਸਿੱਖਿਆ ਵਿਭਾਗ ਪੰਜਾਬ ਵੱਲੋਂ 20 ਤੋਂ ਘੱਟ ਗਿਣਤੀ ਵਾਲੇ 809 ਪ੍ਰਾਇਮਰੀ ਸਕੂਲਾਂ ਨੂੰ ਬੰਦ ਕਰਕੇ 25 ਅਕਤੂਬਰ ਤੱਕ ਇਹਨਾਂ ਦਾ ਹੋਰਨਾਂ ਸਕੂਲਾਂ ਵਿੱਚ ਰਲੇਵਾਂ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਅਜਿਹੀਆਂ ਕੋਸ਼ਿਸ਼ਾਂ ਕਾਫੀ ਸਮੇਂ ਤੋਂ ਚੱਲ ਰਹੀਆਂ ਹਨ। 2013 ਵਿੱਚ ਵੀ 700 ਸਕੂਲਾਂ ਨੂੰ ਇੰਝ ਬੰਦ ਕਰਨ ਦਾ ਫੈਸਲਾ ਕੀਤਾ ਗਿਆ ਸੀ ਪਰ ਲੋਕਾਂ ਦੇ ਵਿਰੋਧ ਮਗਰੋਂ ਇਸਨੂੰ ਵਾਪਸ ਲੈ ਲਿਆ ਗਿਆ ਸੀ। ਪਿਛਲੇ ਸਾਲ ਦੇ ਅੰਤ ਤੋਂ ਇਹ ਚਰਚਾ ਫੇਰ ਚੱਲ ਰਹੀ ਸੀ ਜਿਸਨੂੰ ਹੁਣ ਅਮਲੀ ਰੂਪ ਦਿੱਤਾ ਜਾ ਰਿਹਾ ਹੈ। ਸਿੱਖਿਆ ਵਿੱਚ ਸੁਧਾਰ ਦੇ ਨਾਮ 'ਤੇ ਲਿਆ ਇਹ ਫੈਸਲਾ ਪੂਰੀ ਤਰ੍ਹਾਂ ਸਿੱਖਿਆ ਵਿਰੋਧੀ ਹੈ ਤੇ ਆਮ ਕਿਰਤੀਆਂ-ਮਜ਼ਦੂਰਾਂ ਦੇ ਬੱਚਿਆਂ ਨੂੰ ਸਿੱਖਿਆ ਮੁਹੱਈਆ ਕਰਵਾਉਣ ਦੀ ਜ਼ਿੰਮੇਵਾਰੀ ਤੋਂ ਭੱਜਣਾ ਹੈ।

ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਘਟਣ ਲਈ ਇਹ ਪੂਰਾ ਸਰਕਾਰੀ ਪ੍ਰਬੰਧ ਜ਼ਿੰਮੇਵਾਰ ਹੈ। ਸਮੁੱਚਾ ਸਰਕਾਰੀ ਸਿੱਖਿਆ ਢਾਂਚਾ ਅਧਿਆਪਕਾਂ ਦੀ ਘਾਟ ਨਾਲ ਜੂਝ ਰਿਹਾ ਹੈ ਜਦਕਿ ਇਸ ਕੰਮ ਲਈ ਬੇਰੁਜ਼ਗਾਰ ਤੇ ਯੋਗ ਨੌਜਵਾਨਾਂ ਦੀ ਬਹੁਤ ਵੱਡੀ ਗਿਣਤੀ ਮੌਜੂਦ ਹੈ। ਇਸਦੇ ਨਾਲ਼ ਹੀ ਬਹੁਤ ਸਾਰੇ ਸਕੂਲਾਂ ਵਿੱਚ ਲੋੜੀਂਦੀਆਂ ਇਮਾਰਤਾਂ, ਫਰਨੀਚਰ, ਪਖਾਨਿਆਂ ਤੇ ਸਾਫ ਪਾਣੀ ਜਿਹੀਆਂ ਸਹੂਲਤਾਂ ਦੀ ਵੀ ਕਿੱਲਤ ਹੈ। ਇਹਨਾਂ ਸਕੂਲਾਂ ਲਈ ਜਾਰੀ ਕੀਤੀਆਂ ਜਾਂਦੀਆਂ ਕਿਤਾਬਾਂ ਵੀ ਅੱਧਾ ਸੈਸ਼ਨ ਬੀਤਣ ਮਗਰੋਂ ਨਹੀਂ ਪਹੁੰਚਦੀਆਂ। ਅਜਿਹੀਆਂ ਬੇਰੁਖੀ ਵਾਲੀਆਂ ਨੀਤੀਆਂ ਕਾਰਨ ਲੋਕਾਂ ਦਾ ਸਰਕਾਰੀ ਸਿੱਖਿਆ ਢਾਂਚੇ ਤੋਂ ਮੋਹ ਭੰਗ ਹੋ ਰਿਹਾ ਹੈ ਤੇ ਬੱਚਿਆਂ ਦੀ ਗਿਣਤੀ ਘਟ ਰਹੀ ਹੈ।

ਸਰਕਾਰ ਬੱਚਿਆਂ ਘੱਟ ਗਿਣਤੀ ਤੇ ਅਧਿਆਪਕਾਂ ਦੀ ਨਾਕਾਮੀ ਜਿਹੇ ਬਹਾਨਿਆਂ ਹੇਠ ਆਪਣੀਆਂ ਗਲਤੀਆਂ ਲੁਕਾ ਕੇ ਦੂਜਿਆਂ ਉੱਪਰ ਸਿੱਟਣਾ ਚਾਹੁੰਦੀ ਹੈ। ਮੌਜੂਦਾ ਫੈਸਲੇ ਨਾਲ਼ ਕੋਈ ਸੁਧਾਰ ਹੋਣ ਦੀ ਥਾਂ ਸਗੋਂ ਬੱਚਿਆਂ ਦੀ ਗਿਣਤੀ ਹੋਰ ਘਟੇਗੀ ਕਿਉਂਕਿ ਛੋਟੇ ਬੱਚਿਆਂ ਨੂੰ ਪੜ੍ਹਨ ਲਈ ਦੂਰ ਜਾਣਾ ਪਵੇਗਾ। ਸਭ ਲਈ ਮੁਫ਼ਤ ਤੇ ਲਾਜ਼ਮੀ ਸਿੱਖਿਆ ਦੇ ਦਾਅਵੇ ਕਰਨ ਵਾਲ਼ੀਆਂ ਸਰਕਾਰਾਂ ਅਸਲ ਵਿੱਚ ਮਜ਼ਦੂਰਾਂ-ਕਿਰਤੀਆਂ ਦੀ ਭਲਾਈ ਲਈ ਕੋਈ ਖਰਚਾ ਨਹੀਂ ਕਰਨਾ ਚਾਹੁੰਦੀ। ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ) ਇਸ ਫੈਸਲੇ ਦੀ ਪੁਰਜ਼ੋਰ ਨਿਖੇਧੀ ਕਰਦੀ ਹੈ ਤੇ ਮੰਗ ਕਰਦੀ ਹੈ ਕਿ ਇਸ ਫੈਸਲੇ ਨੂੰ ਤੁਰੰਤ ਵਾਪਸ ਲਿਆ ਜਾਵੇ ਤੇ ਮੌਜੂਦਾ ਸਰਕਾਰੀ ਸਿੱਖਿਆ ਪ੍ਰਬੰਧ ਵਿੱਚ ਸੁਧਾਰ ਕਰਨ ਲਈ ਅਧਿਆਪਕਾਂ ਦੀ ਭਰਤੀ, ਸਕੂਲਾਂ ਦੀਆਂ ਇਮਾਰਤਾਂ, ਫਰਨੀਚਰ ਤੇ ਹੋਰ ਬੁਨਿਆਦੀ ਸਹੂਲਤਾਂ ਦਾ ਪ੍ਰਬੰਧ ਕਰਨ, ਕਿਤਾਬਾਂ ਸਮੇਂ ਸਿਰ ਪੁੱਜਦੀਆਂ ਕਰਨ ਜਿਹੇ ਜ਼ਰੂਰੀ ਕਦਮ ਚੁੱਕੇ। ਜੇ ਲੋੜ ਪਈ ਤਾਂ ਇਹਦੇ ਲਈ ਲੋਕਾਂ ਨੂੰ ਨਾਲ ਲੈਕੇ ਸੰਘਰਸ਼ ਵੀ ਵਿੱਢਿਆ ਜਾਵੇਗਾ।

**Honorary Advisory Board**

Sukhdev Singh Sandhu (Toronto)

Master Balbir Singh Gill (Toronto)

Jaspreet Dhaliwal (Toronto)

Haripal Calgary

Harcharan Singh Parhar Calgary

Malkit Singh Abbotsford (BC)

Narbhinder Singh (India) (Punjab) 935-443-0211

Buta Singh Nawan Shahr (Punjab) 946-347-4342 atoozed@gmail.com

Jaswant Zirakh (India) (Punjab) 98151-69825 jaswantzirakh@gmail.com



# ਪੰਜਾਬ ਦੇ ਇਤਿਹਾਸ ਚ ਬੰਦਾ ਬਹਾਦਰ ਦਾ ਨਿਸ਼ਚੇ ਹੀ ਅਹਿਮ ਸਥਾਨ ਹੈ

• **ਮੁਖਵਿੰਦਰ ਸਿੰਘ ਚੋਹਲਾ**




ਬਾਬਾ ਬੰਦਾ ਸਿੰਘ ਬਹਾਦਰ ਦਾ ਸੰਸਾਰ ਦੇ ਇਤਹਾਸ ਵਿਚ ਇਕ ਨਿਵੇਕਲਾ ਸਥਾਨ ਹੈ। ਉਨਾਂ ਸੰਸਾਰ ਦਾ ਪਹਿਲਾ ਸਫਲ ਕਿਸਾਨੀ ਇਨਕਲਾਬ ਲਿਆਂਦਾ। ਜਾਗੀਰਦਾਰੀ ਪ੍ਰਣਾਲੀ ਖਤਮ ਕਰਕੇ ਜ਼ਮੀਨਾਂ ਦੇ ਹੱਕ ਦੁਨੀਆਂ ਤਕ ਪਹਿਲੀਵਾਰ ਕਾਸ਼ਤਕਾਰਾਂ ਨੂੰ ਦਿੱਤੇ ਭਾਵ ਵਾਹੀਕਾਰਾਂ ਨੂੰ ਜ਼ਮੀਨਾਂ ਦੇ ਹੱਕ ਸੌਂਪਣ ਦਾ ਇਨਕਲਾਬੀ ਕਦਮ ਚੁੱਕਿਆ। ਉਨ੍ਹਾਂ ਨੇ ਭੌਂ ਸੁਧਾਰ ਕੀਤੇ, ਜਾਤੀ ਪਰਥਾ ਨੂੰ ਖਤਮ ਕੀਤਾ ਤੇ ਜਾਤ-ਪਾਤ, ਧਰਮ, ਨਸਲ ਦੇ ਬੰਧਨਾਂ ਨੂੰ ਤੋੜਿਆ, ਅਖੌਤੀ ਨੀਚ ਜਾਤਾਂ ਨੂੰ ਉਚ ਪਦਵੀਆਂ ਦਿੱਤੀਆਂ। ਇਕ ਦਲਿਤ ਨੂੰ ਸਰਹੰਦ ਦਾ ਪਹਿਲਾ ਗਵਰਨਰ ਬਣਾਇਆ ਤੇ ਕਈ ਪਿੰਡਾਂ ਦੇ ਚੌਧਰੀ ਦਲਿਤ ਵਰਗ ਨਾਲ ਸਬੰਧਤ ਬਣਾਏ। ਸਮਾਜਿਕ ਬਰਾਬਰੀ ਲਈ ਵਿਸ਼ੇਸ਼ ਪ੍ਰਬੰਧ ਕੀਤੇ। ਉਸ ਦੇ ਪ੍ਰਬੰਧ 'ਚ ਸਿੱਖ, ਮੁਸਲਮਾਨ ਤੇ ਹਿੰਦੂ ਸਭ ਨੂੰ ਬਰਾਬਰ ਦਾ ਸਤਿਕਾਰ ਪ੍ਰਾਪਤ ਸੀ। ਮੁਸਲਮਾਨ ਸਿਪਾਹੀਆਂ ਨੂੰ ਸਮੇਂ ਸਿਰ ਨਮਾਜ ਪੜਨ ਦੀ ਇਜਾਜ਼ਤ ਸੀ। 15 ਹਜ਼ਾਰ ਮੁਸਲਮਾਨ ਉਸ ਦੀ ਫੌਜ ਵਿਚ ਸਨ। ਉਸ ਦੀ ਲੜਾਈ ਜਾਬਰ ਹਾਕਮਾਂ ਦੇ ਜੁਲਮਾਂ ਵਿਰੁੱਧ ਸੀ ਨਾ ਕਿ ਮੁਸਲਮਾਨਾਂ ਜਾਂ ਕਿਸੇ ਖਾਸ ਵਰਗ ਖਿਲਾਫ। ਉਸ ਨੇ ਰਾਜ ਸਥਾਪਤ ਕਰਕੇ ਆਪਣੇ ਨਾਂ ਦਾ ਸਿੱਕਾ ਨਹੀਂ ਚਲਾਇਆ, ਸਗੋਂ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਤੇ ਸਿੱਕੇ ਚਲਾਏ। ਬੰਦਾ ਬਹਾਦਰ ਦਾ ਜਨਮ ਜੰਮੂ ਦੇ ਪੁਣਛ ਖੇਤਰ ਦੇ ਇਕ ਪਿੰਡ ਵਿਚ ਰਾਮਦੇਵ ਰਾਜਪੂਤ ਦੇ ਘਰ 27 ਅਕਤੂਬਰ 1670 ਈ: ਨੂੰ ਹੋਇਆ (ਕੁਝ ਇਤਿਹਾਸਕਾਰਾਂ ਨੇ 16 ਅਕਤੂਬਰ ਲਿਖਿਆ ਹੈ)। ਉਨ੍ਹਾਂ ਦਾ ਮੁਢਲਾ ਨਾਮ ਲਛਮਣ ਦੇਵ ਸੀ ਪਰ ਲਛਮਣ ਦਾਸ ਤੇ ਮਾਧੋਦਾਸ ਦਾ ਨਾਂ ਨਾਲ ਜਾਣਿਆ ਜਾਂਦਾ ਰਿਹਾ। 15 ਸਾਲ ਦੀ ਉਮਰ ਵਿਚ ਵੈਰਾਗੀ ਬਣ ਕੇ ਨਾਂਦੇੜ ਵਿਖੇ ਗੋਦਾਵਰੀ ਨਦੀ ਦੇ ਕੰਢੇ ਤੇ 18 ਸਾਲ ਆਸ਼ਰਮ ਬਣਾ ਕੇ ਰਹੇ। ਇਥੇ ਹੀ 1708 ਵਿਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਭੇਟ ਹੋਈ, ਜਿੰਨ੍ਹਾਂ ਦੀ ਸ਼ਖਸੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ। ਗੁਰੂ ਜੀ ਦੇ ਪੁੱਛਣ ਤੇ ਉਸਨੇ ਕਿਹਾ ਮੈਂ ਤੁਹਾਡਾ ਬੰਦਾ ਹਾਂ, ਤੁਸੀਂ ਸੇਵਾ ਬਖਸ਼ੋ। ਗੁਰੂ ਜੀ ਨੇ ਉਸ ਨੂੰ ਬਾਬਾ ਬੰਦਾ ਸਿੰਘ ਬਹਾਦਰ ਦਾ ਨਾਂ ਦੇ ਕੇ ਪੰਜਾਬ ਵਿਚ ਹੋ ਰਹੇ ਜੁਲਮਾਂ ਤੇ ਆਪਣੇ ਪਰਿਵਾਰ ਨਾਲ ਹੋਏ ਅਨਿਆਂ ਤੋਂ ਜਾਣੂ ਕਰਾਇਆ। ਉਸਨੂੰ ਫੌਜ ਤਿਆਰ ਕਰਕੇ ਸਰਹੰਦ ਤੇ ਬਾਈਧਾਰ ਰਾਜਿਆਂ ਤੇ ਪੰਜਾਬ ਦੇ ਦੋਖੀਆਂ ਨੂੰ ਸੋਧਣ ਲਈ ਉਨ੍ਹਾਂ ਨੂੰ ਪੰਜ ਤੀਰ ਦਿੱਤੇ ਤੇ ਪੰਜ ਸਿੰਘਾਂ ਭਾਈ ਵਿਨੋਦ ਸਿੰਘ, ਭਗਵੰਤ ਸਿੰਘ, ਕਾਹਨ ਸਿੰਘ, ਬਾਜ ਸਿੰਘ ਤੇ ਰਾਮ ਸਿੰਘ ਨੂੰ ਨਾਲ ਭੇਜਿਆ। ਪੰਜਾਬ ਪਹੁੰਚਦਿਆਂ ਉਸ ਦੀ ਫੌਜ ਵਿਚ ਹਿੰਦੂ, ਸਿੱਖ, ਮੁਸਲਮਾਨ ਤੇ ਉਦਾਸੀ ਸ਼ਾਮਲ ਹੋ ਗਏ। ਸਭ ਤੋਂ ਪਹਿਲਾਂ ਸਰਹੰਦ ਨੂੰ ਫਤਿਹ ਕਰਕੇ ਫਤਿਹ ਦਿਵਸ ਮਨਾਇਆ। ਫਿਰ ਸੋਨੀਪਤ, ਸਮਾਣਾ, ਘੁਮਾਣ, ਸ਼ਾਹਬਾਦ, ਕਪੂਰੀ ਤੇ ਸਢੌਰੇ ਤੇ ਜਿੱਤਾਂ ਪ੍ਰਾਪਤ ਕੀਤੀਆਂ। 1710 ਨੂੰ ਚੱਪੜਚਿੜੀ ਦੇ ਮੈਦਾਨ ਵਿਚ ਸਰਹੰਦ ਦਾ ਸੂਬੇਦਾਰ ਵਜੀਰ ਖਾਨ ਮਾਰਿਆ ਗਿਆ। ਸ਼ਿਵਾਲਿਕ ਪਹਾੜੀਆਂ ਵਿਚ ਪੰਥਕ ਦੀ ਰਾਜਧਾਨੀ ਲੋਹਗੜ੍ਹ ਨੂੰ ਬਣਾਇਆ। ਮਈ ਤੋਂ ਦਸੰਬਰ 1710 ਤਕ ਬੰਦਾ ਸਿੰਘ ਬਹਾਦਰ ਨੇ ਜਿਸ ਫੁਰਤੀ ਨਾਲ ਉਤਰੀ ਭਾਰਤ ਤੇ ਜਿੱਤਾਂ ਪ੍ਰਾਪਤ ਕੀਤੀਆਂ, ਉਸ ਨਾਲ ਦੇਸ ਵਿਚ ਤਰਥੱਲੀ ਮੱਚ ਗਈ। 4 ਦਸੰਬਰ ਨੂੰ ਲੋਹਗੜ੍ਹ ਪੰਜ ਹਜ਼ਾਰ ਸਿੱਖਾਂ ਨਾਲ 60 ਹਜਾਰ ਦੀ ਫੌਜ ਨਾਲ ਮੁਕਾਬਲਾ ਕਰਦੇ ਹੋਏ ਉਥੋਂ ਬਚ ਕੇ ਨਿਕਲ ਗਏ। 10 ਦਸੰਬਰ 1710 ਨੂੰ ਬਹਾਦਰ ਸ਼ਾਹ ਨੇ ਹੁਕਮ ਜਾਰੀ ਕੀਤਾ ਕਿ ਜਿਥੇ ਵੀ ਸਿੱਖ ਮਿਲੇ ਕਤਲ ਕਰ ਦਿਤਾ ਜਾਵੇ। ਇਥੋਂ ਨਿਕਲ ਕੇ ਪਹਾੜਾਂ ਵਲ ਰੁੱਖ ਕੀਤਾ। ਸਾਢੇ ਚਾਰ ਸਾਲ ਉਥੇ ਲੁਕ ਛਿਪ ਕੇ ਰਹੇ। ਉਥੇ ਉਨ੍ਹਾਂ ਦਾ ਵਿਆਹ ਬੀਬੀ ਸ਼ੁਸ਼ੀਲ ਕੌਰ ਨਾਲ ਹੋਇਆ। ਇਕ ਪੁੱਤਰ ਅਜੈ ਸਿੰਘ ਨੇ ਜਨਮ ਲਿਆ। ਫੌਜਾਂ ਵਲੋਂ ਪਿੱਛਾ ਕੀਤਾ ਗਿਆ ਤੇ ਆਖਰ ਗੁਰਦਾਸ ਨੰਗਲ ਦੀ ਗੜੀ ਵਿਚ ਅੱਠ ਮਹੀਨੇ ਦੀ ਲੜਾਈ ਪਿਛੋਂ 7-12-1715 ਨੂੰ 741 ਸਿੰਘਾਂ ਨਾਲ ਗ੍ਰਿਫਤਾਰ ਕਰਕੇ ਇਨ੍ਹਾਂ ਨੂੰ ਬੇੜੀਆਂ ਲਾ ਕੇ ਤੇ ਪਿੰਜਰੇ ਵਿਚ ਪਾ ਕੇ ਦਿੱਲੀ ਲਿਜਾਇਆ ਗਿਆ। ਤਸੀਹੇ ਦੇਣ ਉਪਰੰਤ 9 ਜੂਨ 1716 ਨੂੰ ਸ਼ਹੀਦ ਕਰ ਦਿੱਤਾ ਗਿਆ। ਸ਼ਹੀਦ ਕਰਨ ਤੋਂ ਪਹਿਲਾਂ ਉਨਾਂ ਦੇ ਪੁੱਤਰ ਅਜੈ ਸਿੰਘ ਨੂੰ ਕਤਲ ਕਰਕੇ ਉਸਦਾ ਧੱੜਕਦਾ ਦਿਲ ਬਾਬਾ ਜੀ ਦੇ ਮੂੰਹ ਵਿਚ ਧਕਣ ਦੀ ਕੋਸ਼ਿਸ਼ ਕੀਤੀ। ਮਾਧੋ ਦਾਸ ਤੋਂ ਬੰਦਾ ਬਣਿਆ 'ਬੰਦਾ ਸਿੰਘ ਬਹਾਦੁਰ' ਮੱਧਕਾਲ ਇਤਿਹਾਸ ਦਾ ਵੱਡਾ ਇਨਕਲਾਬੀ ਸੀ। ਦਸਵੇਂ ਗੁਰੂ ਦੇ ਅਕਾਲ ਚਲਾਣੇ ਮਗਰੋਂ, ਬੰਦਾ ਬਹਾਦੁਰ ਉਸ ਸਮੇਂ ਦੇ ਮੁਗ਼ਲ ਹਾਕਮਾਂ ਵਿਰੁੱਧ ਲੜਾਈ ਵਿਚ ਲੋਕਾਂ ਦੇ ਢਹਿ ਢੇਰੀ ਹੋ ਚੁੱਕੇ ਹੌਂਸਲਿਆਂ ਨੂੰ ਚੁਗਣ ਪੰਜਾਬ ਵੱਲ ਨੂੰ ਆਉਂਦਾ ਹੈ। ਮੁੱਠੀ ਭਰ ਲੋਕਾਂ ਨੂੰ ਲੈ ਕੇ ਤੁਰਿਆਂ 'ਬੰਦਾ' ਪੰਜਾਬ ਪਹੁੰਚਣ ਤੱਕ ਇੱਕ ਵੱਡਾ ਕਾਫਲਾ ਬਣਾ ਲੈਂਦਾ ਹੈ। ਮੁਗਲਾਂ ਦੀ ਸ਼ੈਅ 'ਤੇ ਵੱਡੇ ਜਾਗੀਰਦਾਰਾਂ ਵੱਲੋਂ ਮਚਾਈ ਲੁੱਟ ਦਾ ਜਵਾਬ ਉਹ ਆਪਣੀ ਤਲਵਾਰ ਨਾਲ ਉਹਨਾਂ ਦੀਆਂ ਧੌਣਾਂ ਲਾਹ ਕੇ ਦਿੰਦਾ ਹੈ। ਇਸ ਮਿੱਟੀ ਦੇ ਇਤਿਹਾਸ 'ਚ ਬੰਦਾ ਬਹਾਦੁਰ ਪਹਿਲਾ ਇਨਕਲਾਬੀ ਸੀ ਜਿਸਨੇ 'ਜ਼ਮੀਨ ਹਲ-ਵਾਹਕ ਦੀ' (Land to the Tiller) ਦਾ ਨਾਅਰਾ ਦਿੱਤਾ ਅਤੇ ਜ਼ਮੀਨਾਂ ਦੀ ਸਹੀ ਵੰਡ ਕਰਕੇ ਬਰਾਬਰੀ ਦਾ ਸਮਾਜ ਉਸਾਰਿਆ। ਅੱਜ ਦੇ ਦਿਨ 27 ਅਕਤੂਬਰ 1670 ਨੂੰ ਇਸ ਇਨਕਲਾਬੀ ਯੋਧੇ ਦਾ ਜਨਮ ਹੋਇਆ ਸੀ। **-ਅੰਟਾਰ ਪ੍ਰੀਤ**

• • •

ਪੰਜਾਬ ਦੇ ਇਤਿਹਾਸ ਚ ਬੰਦਾ ਬਹਾਦਰ ਦਾ ਨਿਸ਼ਚੇ ਹੀ ਅਹਿਮ ਸਥਾਨ ਹੈ। ਉਨ੍ਹਾਂ ਪੰਜਾਬ 'ਚ ਜ਼ਮੀਨ ਹਲ ਵਾਹਕ ਦੀ, ਦੇ ਨਾਹਰੇ ਤੇ ਕਿਸਾਨੀ ਨੂੰ ਲਾਮਬੰਦ ਕੀਤਾ। ਜਗੀਰਦਾਰੀ ਤੇ ਵੱਡੀ ਸੱਟ ਮਾਰੀ। ਪਰ ਉਸ ਸਮੇਂ ਕੋਈ ਹੋਰ ਅਗਾਂਹਵਧੂ ਜਮਾਤ ਇਤਿਹਾਸ ਦੇ ਰੰਗ ਮੰਚ ਤੇ ਨਾ ਹੋਣ ਕਾਰਨ ਕੋਈ ਨਵਾਂ ਸਮਾਜ ਪ੍ਰਬੰਧ ਨਾ ਬਣ ਸਕਿਆ। ਪੰਜਾਬ 'ਚੋਂ ਵੀ ਜਗੀਰਦਾਰੀ ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਹੀ ਖਤਮ ਹੋਈ। "ਇਸ ਮਿੱਟੀ ਦੇ ਇਤਿਹਾਸ 'ਚ ਬੰਦਾ ਬਹਾਦੁਰ ਪਹਿਲਾ ਇਨਕਲਾਬੀ ਸੀ ਜਿਸਨੇ 'ਜ਼ਮੀਨ ਹਲ-ਵਾਹਕ ਦੀ' (Land to the Tiller) ਦਾ ਨਾਅਰਾ ਦਿੱਤਾ ਅਤੇ ਜ਼ਮੀਨਾਂ ਦੀ ਸਹੀ ਵੰਡ ਕਰਕੇ ਬਰਾਬਰੀ ਦਾ ਸਮਾਜ ਉਸਾਰਿਆ"? ਸਾਥੀ ਜੀ ਤੁਹਾਡਾ ਇਹ ਕਹਿਣਾ ਦਰੁਸਤ ਨਹੀਂ। ਕਿਉਂਕਿ ਇਸ ਨਾਹਰੇ ਤੇ ਜ਼ਮੀਨ ਦੀ ਵੰਡ ਰਾਹੀਂ ਅੱਜ ਤੱਕ ਕਿਧਰੇ ਵੀ ਬਰਾਬਰੀ ਦਾ ਸਮਾਜ ਨਹੀਂ ਉਸਰਿਆ ਨਾ ਹੀ ਇਹ ਸੰਭਵ ਹੈ ਕਿਉਂਕਿ ਜ਼ਮੀਨ ਦੀ ਵੰਡ ਕਦੇ ਵੀ ਬਰਾਬਰ ਨਹੀਂ ਹੁੰਦੀ। ਮੰਨ ਲਓ ਜੇ ਬਰਾਬਰ ਹੋ ਵੀ ਜਾਵੇ ਤਾਂ ਫਿਰ ਲੋਕਾਂ ਦੀਆਂ ਲੋੜਾਂ ਅਲੱਗ ਅਲੱਗ ਹੋਣ ਕਾਰਨ ਫਿਰ ਗੈਰ ਬਰਾਬਰੀ ਹੋਵੇਗੀ।

ਉਂਝ ਮਾਰਕਸਵਾਦ ਜਦੋਂ ਬਰਾਬਰੀ ਦੀ ਗੱਲ ਕਰਦਾ ਹੈ ਤਾਂ ਬੁਰਜੁਆ ਅਰਥਾਂ 'ਚ ਨਹੀਂ ਕਰਦਾ। ਮਾਰਕਸਵਾਦ ਦੀ ਬਰਾਬਰੀ ਤੋਂ ਮੁਰਾਦ ਜਮਾਤਾਂ ਦੇ ਖਾਤਮੇ ਤੋਂ ਹੈ। ਤੇ ਹਾਲੇ ਤੱਕ ਮਨੁੱਖੀ ਇਤਿਹਾਸ 'ਚ ਕਦੇ ਵੀ ਜਮਾਤਾਂ ਦਾ ਖਾਤਮਾ ਨਹੀਂ ਹੋਇਆ (ਸਿਰਫ ਮੁੱਢ ਕਦੀਮੀ ਸਮਾਜ 'ਚ ਜਮਾਤਾਂ ਨਹੀਂ ਸਨ) ਇਹ ਕਾਰਜ ਅਜੇ ਭਵਿੱਖ ਦੇ ਗਰਭ 'ਚ ਹੈ। ਇਸ ਲਈ ਦਾਆਵਾ ਕਰਨਾ ਕਿ ਬੰਦਾ ਬਹਾਦਰ ਨੇ ਬਰਾਬਰੀ ਦਾ ਸਮਾਜ ਉਸਾਰਿਆ। ਇਤਿਹਾਸ ਦੇ ਤੱਥਾਂ ਨਾਲ ਮੇਲ ਨਹੀਂ ਖਾਂਦਾ। **- ਅਜੈ ਪਾਲ**

# ਕਿਉਂ ਮਿਲਣੀ ਚਾਹੀਦੀ ਹੈ ਪੰਜਾਬੀ ਨੂੰ ਪਹਿਲੀ ਥਾਂ



**ਡਾ. ਧਰਮਵੀਰ ਗਾਂਧੀ**
**ਮੈਂਬਰ, ਲੋਕ ਸਭਾ (ਪਟਿਆਲਾ)**
**090138-69336**




ਸੜਕਾਂ ਕੰਢੇ ਲੱਗੇ ਦਿਸ਼ਾ ਸੂਚਕ ਫੱਟਿਆਂ 'ਤੇ ਪੰਜਾਬੀ ਭਾਸ਼ਾ ਨੂੰ ਹਿੰਦੀ ਤੇ ਅੰਗਰੇਜ਼ੀ ਤੋਂ ਹੇਠਾਂ ਥਾਂ ਦੇਣ ਨਾਲ ਪੰਜਾਬੀ ਪਿਆਰਿਆਂ ਵਿੱਚ ਰੋਹ ਪੈਦਾ ਹੋਣਾ ਸੁਭਾਵਿਕ ਹੈ। ਇਸ ਹਰਕਤ ਦਾ ਵੱਖ-ਵੱਖ ਪਾਸਿਆਂ ਤੋਂ ਤਿੱਖਾ ਵਿਰੋਧ ਹੋਇਆ ਹੈ, ਜਿਸ ਨੂੰ ਮੀਡੀਆ ਵਿੱਚ ਵੀ ਕਾਫ਼ੀ ਥਾਂ ਮਿਲੀ ਹੈ। ਇਸ ਮਸਲੇ 'ਤੇ ਕੁਝ ਟੀਵੀ ਚੈਨਲਾਂ 'ਤੇ ਵੀ ਵਿਚਾਰ-ਵਟਾਂਦਰੇ ਹੋਏ ਹਨ। ਇਸ ਤੋਂ ਲੱਗਦਾ ਹੈ ਕਿ ਪੰਜਾਬੀ ਭਾਸ਼ਾ ਦੀ ਅਣਦੇਖੀ ਵੱਲ ਪੰਜਾਬੀ ਪਹਿਲਾਂ ਨਾਲੋਂ ਵਧੇਰੇ ਧਿਆਨ ਦੇਣ ਲੱਗੇ ਹਨ। ਇਹ ਉਤਸ਼ਾਹ ਦੇਣ ਵਾਲੀ ਗੱਲ ਹੈ। ਪਰ ਸਰਕਾਰੀ ਧਿਰਾਂ ਪੰਜਾਬੀ ਭਾਸ਼ਾ ਨੂੰ ਸਭ ਤੋਂ ਹੇਠਲੀ ਥਾਂ ਦੇਣ ਨੂੰ ਇੱਕ ਮਹਿਕਮੇ ਵੱਲੋਂ ਹੋਈ ਅਚੇਤ ਭੁੱਲ ਵੱਜੋਂ ਪੇਸ਼ ਕਰ ਰਹੀਆਂ ਹਨ। ਅਸਲ ਵਿੱਚ, ਪੰਜਾਬੀ ਤੇ ਹੋਰ ਭਾਰਤੀ ਖੇਤਰੀ ਭਾਸ਼ਾਵਾਂ ਦੀ ਅਣਦੇਖੀ ਦਾ ਮਸਲਾ ਬਹੁਤ ਡੂੰਘਾ ਹੈ। ਇਸ ਦੀ ਡੂੰਘਿਆਈ ਨੂੰ ਸਮਝਣ ਲਈ ਭਾਰਤ ਦੇ ਭਾਸ਼ਾਈ ਵਿਹਾਰ 'ਤੇ ਝਾਤੀ ਮਾਰਨੀ ਜ਼ਰੂਰੀ ਹੈ।

ਭਾਰਤ ਦੇ ਭਾਸ਼ਾਈ ਵਿਹਾਰ 'ਤੇ ਝਾਤੀ ਮਾਰਿਆਂ ਇਹੀ ਸਾਹਮਣੇ ਆਉਂਦਾ ਹੈ ਕਿ ਸੰਵਿਧਾਨ ਵਿੱਚ ਰਾਜ ਭਾਸ਼ਾ ਦਾ ਦਰਜਾ ਪ੍ਰਾਪਤ ਖੇਤਰੀ ਭਾਸ਼ਾਵਾਂ, ਬਹੁਤੇ ਭਾਸ਼ਾਈ ਖੇਤਰਾਂ ਜਿਵੇਂ ਸਿੱਖਿਆ, ਕਾਨੂੰਨ, ਪ੍ਰਸ਼ਾਸਨ ਤੇ ਗ਼ੈਰ-ਸਰਕਾਰੀ ਦਫ਼ਤਰਾਂ ਆਦਿ ਵਿੱਚੋਂ ਬਾਹਰ ਹੋਣ ਵਾਂਗ ਹਨ। ਸਿਰਫ਼ ਕੁਝ ਰਾਜਾਂ ਵਿੱਚ ਹੀ ਸਰਕਾਰੀ ਕੰਮ-ਕਾਜ ਵਿੱਚ ਖੇਤਰੀ ਭਾਸ਼ਾਵਾਂ ਦੀ ਵਰਤੋਂ ਹੋ ਰਹੀ ਹੈ। ਬਾਕੀ ਖੇਤਰੀ ਭਾਸ਼ਾਵਾਂ ਤੇ ਬੋਲੀਆਂ ਦੀ ਬਿਲਕੁਲ ਕੋਈ ਪੁੱਛ ਨਹੀਂ ਹੈ। ਆਜ਼ਾਦੀ ਤੋਂ ਬਾਅਦ ਕਈ ਭਾਸ਼ਾਵਾਂ ਤਾਂ ਮਰ ਚੁੱਕੀਆਂ ਹਨ ਤੇ ਕਈ ਮਰਨ ਕੰਢੇ ਹਨ। ਇਸ ਭਾਸ਼ਾਈ ਵਿਹਾਰ ਨੂੰ ਕਿਸੇ ਤਰ੍ਹਾਂ ਵੀ ਠੀਕ ਨਹੀਂ ਕਿਹਾ ਜਾ ਸਕਦਾ। ਦੁਨੀਆਂ ਭਰ ਦੇ ਭਾਸ਼ਾ ਮਾਹਿਰਾਂ ਦੀ ਰਾਇ ਤੇ ਵਧੇਰੇ ਕਾਮਯਾਬ ਦੇਸ਼ਾਂ ਦਾ ਤਜਰਬਾ ਦੱਸਦਾ ਹੈ ਕਿ ਕਿਸੇ ਭਾਸ਼ਾਈ ਖਿੱਤੇ ਦੇ ਕਿਸੇ ਵੀ ਸਥਾਨਕ ਖੇਤਰ ਵਿੱਚ ਮਾਤ ਭਾਸ਼ਾ ਦੀ ਥਾਂ ਕਿਸੇ ਹੋਰ ਭਾਸ਼ਾ ਦੀ ਵਰਤੋਂ ਨਾਲ ਵੱਡੇ ਨੁਕਸਾਨ ਹੁੰਦੇ ਹਨ। ਮਿਸਾਲ ਲਈ ਸਿੱਖਿਆ ਦੇ ਖੇਤਰ ਨੂੰ ਵੇਖਿਆ ਜਾ ਸਕਦਾ ਹੈ ਜੋ ਭਾਸ਼ਾ ਦੇ ਮਾਮਲੇ ਵਿੱਚ ਸਭ ਤੋਂ ਅਹਿਮ ਖੇਤਰ ਹੈ। ਸਿੱਖਿਆ ਵਿੱਚ ਉਹੀ ਦੇਸ਼ ਮੋਹਰੀ ਹਨ ਜੋ ਬੱਚੇ ਦੀ ਮਾਤ ਭਾਸ਼ਾ ਵਿੱਚ ਸਿੱਖਿਆ ਦੇ ਰਹੇ ਹਨ। ਭਾਰਤ ਵਿੱਚ ਹੁਣ ਤਕ ਬਣੇ ਸਾਰੇ ਕਮਿਸ਼ਨ ਤੇ ਕਮੇਟੀਆਂ ਨੇ ਵੀ ਮਾਤ ਭਾਸ਼ਾ ਵਿੱਚ ਸਿੱਖਿਆ ਦੇਣ ਦੀ ਹਦਾਇਤ ਕੀਤੀ ਹੈ। ਭਾਰਤੀ ਸੰਵਿਧਾਨ ਧਾਰਾ 350 (ਏ) ਦੇ ਮੁਤਾਬਿਕ ਵੀ, ਮਾਤ ਭਾਸ਼ਾ ਵਿੱਚ ਸਿੱਖਿਆ ਲਈ ਵਿਵਸਥਾਵਾਂ ਕੀਤੀਆਂ ਹੋਈਆਂ ਹਨ। ਪਰ ਇਸ ਸਭ ਦੀ ਅਣਦੇਖੀ ਕਰਕੇ, ਭਾਰਤੀ ਮਾਤ ਭਾਸ਼ਾਵਾਂ ਨੂੰ ਸਿੱਖਿਆ ਦੇ ਖੇਤਰ ਵਿੱਚ ਬਣਦੀ ਥਾਂ ਨਹੀਂ ਦਿੱਤੀ ਜਾ ਰਹੀ। ਇਸ ਨਾਲ ਵੱਡੇ ਵਿੱਦਿਅਕ ਨੁਕਸਾਨ ਹੋ ਰਹੇ ਹਨ।

ਇਵੇਂ ਹੀ ਪ੍ਰਸ਼ਾਸਨ ਦੇ ਖੇਤਰ ਵਿੱਚ ਵੀ ਵੇਖਿਆ ਜਾ ਸਕਦਾ ਹੈ। ਇਹ ਸੋਚਿਆ ਵੀ ਨਹੀਂ ਜਾ ਸਕਦਾ ਕਿ ਸੁਚਾਰੂ ਪ੍ਰਸ਼ਾਸਨ, ਲੋਕਾਂ ਦੀ ਭਾਸ਼ਾ ਤੋਂ ਬਿਨਾਂ ਕਿਸੇ ਹੋਰ ਭਾਸ਼ਾ ਵਿੱਚ ਦਿੱਤਾ ਜਾ ਸਕਦਾ ਹੈ। ਪਰ ਭਾਰਤ ਵਿੱਚ ਹਾਲੇ ਵੀ ਬਹੁਤਾ ਪ੍ਰਸ਼ਾਸਨ ਲੋਕਾਂ ਦੀ ਭਾਸ਼ਾ ਵਿੱਚ ਨਹੀਂ ਹੋ ਰਿਹਾ। ਭਾਸ਼ਾ ਦੀ ਵਰਤੋਂ ਦੇ ਹੋਰ ਖੇਤਰਾਂ ਦਾ ਵੀ ਇਹੀ ਹਾਲ ਹੈ।

ਭਾਰਤੀ ਖੇਤਰੀ ਭਾਸ਼ਾਵਾਂ ਵੱਲ ਇਸ ਵਿਤਕਰੇ ਭਰੇ ਸਲੂਕ ਕਰਕੇ ਰਾਜਸੀ ਸੰਕਟ ਵੀ ਪੈਦਾ ਹੋ ਰਹੇ ਹਨ। ਜੇ ਕਿਸੇ ਖਿੱਤੇ ਦੇ ਲੋਕਾਂ ਦੀ ਭਾਸ਼ਾ, ਉਸ ਖਿੱਤੇ ਦੇ ਕੰਮ-ਕਾਰ ਦੀ ਭਾਸ਼ਾ ਨਹੀਂ ਹੁੰਦੀ ਤਾਂ ਖਿੱਤੇ ਦੇ ਲੋਕਾਂ ਦਾ ਸੱਤਾ ਤੇ ਪ੍ਰਸ਼ਾਸਨ ਪ੍ਰਤੀ ਓਪਰੇਪਣ ਵਾਲਾ ਰੂਪ ਹੀ ਬਣਿਆ ਰਹੇਗਾ। ਓਪਰੇਪਣ ਦੀ ਅਜਿਹੀ ਭਾਵਨਾ ਦਾ ਨਤੀਜਾ ਅਕਸਰ ਰਾਜਸੀ ਤੌਰ 'ਤੇ ਅਲਹਿਦਗੀ ਦੀ ਭਾਵਨਾ ਦਾ ਰੂਪ ਹਾਸਲ ਕਰ ਲੈਂਦਾ ਹੈ। ਇਸ ਲਈ, ਭਾਰਤੀ ਖੇਤਰੀ ਭਾਸ਼ਾਵਾਂ ਨੂੰ ਆਪਣੇ-ਆਪਣੇ ਖਿੱਤੇ ਵਿੱਚ ਕੇਂਦਰੀ ਥਾਂ ਦੇਣਾ, ਭਾਰਤੀ ਲੋਕਾਂ ਦੀ ਰਾਜਸੀ ਤੇ ਭਾਵਨਾਤਮਕ ਸਾਂਝ ਤੇ ਵਡੇਰੇ ਵਿਆਪਕ ਦ੍ਰਿਸ਼ਟੀਕੋਣ ਤੇ ਹਿੱਤਾਂ ਲਈ ਵੀ ਬੇਹੱਦ ਜ਼ਰੂਰੀ ਹੈ।

ਭਾਰਤ ਵਿੱਚ ਭਾਸ਼ਾ ਦਾ ਮਸਲਾ ਅਤੇ ਹੋਰ ਬਹੁਤ ਸਾਰੇ ਰਾਜਸੀ ਮਸਲੇ ਦੇਸ਼ ਦੀ ਸਮਾਜੀ ਤੇ ਰਾਜਸੀ ਹਕੀਕਤ ਨੂੰ ਠੀਕ ਤਰ੍ਹਾਂ ਨਾ ਸਮਝਣ ਅਤੇ ਸਵੀਕਾਰ ਨਾ ਕਰਨ ਕਰਕੇ ਪੈਦਾ ਹੋ ਰਹੇ ਹਨ। ਭਾਰਤ ਇੱਕ ਬਹੁਕੌਮੀ ਦੇਸ਼ ਹੈ ਜਿੱਥੇ ਕੇਵਲ ਵੱਖ-ਵੱਖ ਕੌਮਾਂ ਹੀ ਨਹੀਂ ਨਸਲਾਂ ਦੇ ਸਮੂਹ ਵੀ ਵੱਸਦੇ ਹਨ। ਇਸ ਲਈ ਹਕੀਕੀ ਰੂਪ ਵਿੱਚ ਸੰਘੀ (ਫੈਡਰਲ) ਢਾਂਚਾ ਹੀ ਭਾਰਤ ਲਈ ਸੁਭਾਵਿਕ ਤੇ ਢੁੱਕਵਾਂ ਰਾਜਸੀ ਢਾਂਚਾ ਹੋ ਸਕਦਾ ਹੈ। ਭਾਰਤੀ ਸੁਤੰਤਰਤਾ ਅੰਦੋਲਨ ਦੀ ਮੂਲ ਭਾਵਨਾ ਵੀ ਇਹੀ ਸੀ; ਇਹ ਮੂਲ ਭਾਵਨਾ ਭਾਰਤੀ ਸੰਵਿਧਾਨ ਦਾ ਇੱਕ ਆਧਾਰ ਵੀ ਬਣੀ ਸੀ। ਪਰ ਆਜ਼ਾਦੀ ਤੋਂ ਬਾਅਦ ਇਸ ਮੂਲ ਭਾਵਨਾ ਦਾ ਸਤਿਕਾਰ ਘੱਟ ਤੇ ਉਲੰਘਣਾ ਵਧੇਰੇ ਹੁੰਦੀ ਆ ਰਹੀ ਹੈ। 70ਵਿਆਂ ਤੇ 80ਵਿਆਂ ਵਿੱਚ ਕਿਵੇਂ ਚੁਣੀਆਂ ਹੋਈਆਂ ਸੂਬਾਈ ਸਰਕਾਰਾਂ ਨੂੰ ਭੰਗ ਕਰ ਦਿੱਤਾ ਜਾਂਦਾ ਰਿਹਾ ਹੈ, ਇਹ ਸਭ ਨੂੰ ਯਾਦ ਹੈ। ਹੁਣ ਵੀ ਇਹ ਰੁਝਾਨ ਬਦਲਵੇਂ ਢੰਗਾਂ ਨਾਲ ਜਾਰੀ ਹੈ। ਸੂਬਿਆਂ ਦੀਆਂ ਤਾਕਤਾਂ ਨੂੰ ਖੋਰਾ ਅਤੇ ਸੱਤਾ ਦੇ ਕੇਂਦਰੀਕਰਨ ਦਾ ਰੁਝਾਨ ਦਿਨ-ਬ-ਦਿਨ ਹੋਰ ਵੀ ਭਾਰੂ ਹੁੰਦਾ ਜਾ ਰਿਹਾ ਹੈ। ਮੌਜੂਦਾ ਕੇਂਦਰ ਸਰਕਾਰ ਵੇਲੇ ਤਾਂ ਇਹ ਰੁਝਾਨ ਖ਼ਤਰਨਾਕ ਦੀ ਹੱਦ ਤਕ ਵਧ ਗਿਆ ਹੈ। ਵੱਖ-ਵੱਖ ਖਿੱਤਿਆਂ ਦੀਆਂ ਭਾਰਤੀ ਖੇਤਰੀ ਭਾਸ਼ਾਵਾਂ ਦੀ ਨਿਰਾਦਰੀ ਏਸੇ ਰੁਝਾਨ ਦਾ ਇੱਕ ਪ੍ਰਗਟਾਓ ਹੈ।

ਇਸ ਲਈ, ਭਾਰਤੀ ਲੋਕਾਂ ਦੀ ਏਕਤਾ ਅਤੇ ਭਾਰਤੀ ਖੇਤਰੀ ਭਾਸ਼ਾਵਾਂ ਤੇ ਸੱਭਿਆਚਾਰਾਂ ਦੀ ਰਾਖੀ ਲਈ ਜ਼ਰੂਰੀ ਹੋ ਗਿਆ ਹੈ ਕਿ ਦੇਸ਼ ਲਈ ਸੰਘੀ ਢਾਂਚੇ ਵਿੱਚ ਸੱਚੇ ਦਿਲੋਂ ਵਿਸ਼ਵਾਸ ਰੱਖਣ ਵਾਲੀਆਂ ਸਾਰੀਆਂ ਧਿਰਾਂ ਇੱਕਜੁਟ ਹੋਣ ਤਾਂ ਕਿ ਕੇਂਦਰੀਕਰਨ ਦੇ ਇਸ ਖ਼ਤਰਨਾਕ ਰੁਝਾਨ ਨੂੰ ਠੱਲ੍ਹ ਪਾਈ ਜਾ ਸਕੇ ਅਤੇ ਭਾਰਤ ਲਈ ਢੁੱਕਵੇਂ ਸੰਘੀ ਰਾਜਸੀ ਢਾਂਚੇ ਦੀ ਹਕੀਕੀ ਰੂਪ ਵਿੱਚ ਉਸਾਰੀ ਕੀਤੀ ਜਾ ਸਕੇ। ਅਨੇਕਤਾਵਾਂ ਨਾਲ ਭਰਪੂਰ ਇਸ ਦੇਸ਼ ਅੰਦਰ ਬਰਾਬਰੀ ਆਧਾਰਿਤ ਇਕਜੁੱਟਤਾ ਕਾਇਮ ਕਰਨ ਲਈ ਇਹੋ ਇੱਕੋ ਇੱਕ ਰਾਹ ਹੈ। ਸਮੂਹ ਭਾਰਤੀ ਭਾਸ਼ਾਵਾਂ ਲਈ ਸਮਾਨ ਸਤਿਕਾਰ ਤੇ ਸਮੂਹ ਭਾਰਤੀ ਭਾਸ਼ਾਵਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦੇਣਾ ਇਸ ਸੰਘੀ ਢਾਂਚੇ ਦੀ ਉਸਾਰੀ ਦਾ ਇੱਕ ਅਹਿਮ ਹਿੱਸਾ ਹੈ। ਭਾਰਤ ਦੀ ਕਿਸੇ ਭਾਸ਼ਾ, ਕਿਸੇ ਸੱਭਿਆਚਾਰ, ਕਿਸੇ ਹਾਂ-ਪੱਖੀ ਵਿਰਸੇ ਨੂੰ ਖੋਰਾ ਲਾਉਣਾ, ਦਰਅਸਲ, ਅੱਜ ਦੇ ਵਿਸ਼ਵੀਕਰਨ ਦੇ ਯੁੱਗ ਅੰਦਰ ਵੱਖ - ਵੱਖ ਖਿੱਤਿਆਂ ਤੇ ਕੌਮੀਅਤਾਂ ਦੀ ਆਪਸੀ ਸਾਂਝ, ਨਿਰਭਰਤਾ ਤੇ ਏਕਤਾ ਨੂੰ ਢਾਹ ਲਾਉਣ ਦੀ ਸਾਜ਼ਿਸ਼ ਵਜੋਂ ਹੀ ਦੇਖਿਆ ਜਾਣਾ ਚਾਹੀਦਾ ਹੈ। ਭਾਸ਼ਾ ਨੂੰ ਖੋਰਾ ਲੱਗਣ ਨਾਲ ਸਿੱਖਿਆ ਆਦਿ ਵਿੱਚ ਹੀ ਵੱਡੇ ਨੁਕਸਾਨ ਨਹੀਂ ਹੁੰਦੇ, ਇਸ ਦਾ ਮਤਲਬ, ਨਵੀਂ ਪੀੜ੍ਹੀ ਦਾ ਆਪਣੇ ਸੱਭਿਆਚਾਰ, ਆਪਣੇ ਵਿਰਸੇ, ਆਪਣੇ ਇਤਿਹਾਸ ਅਤੇ ਆਪਣੇ ਲੋਕਾਂ ਤੋਂ ਟੁੱਟ ਜਾਣਾ ਵੀ ਹੁੰਦਾ ਹੈ। ਇਨ੍ਹਾਂ ਤੋਂ ਟੁੱਟਿਆ ਮਨੁੱਖ ਤੁਰਦੀ-ਫਿਰਦੀ ਮਸ਼ੀਨ ਮਾਤਰ ਹੀ ਹੋਵੇਗਾ। ਅਜਿਹੇ ਮਨੁੱਖ ਤੋਂ ਸਮਾਜ ਲਈ ਯੋਗਦਾਨ ਜਾਂ ਸਮੂਹਿਕ ਸਮਾਜਿਕ ਭਲੇ ਦੀ ਮੰਗ ਕਰਨਾ ਤਾਂ ਦੂਰ ਦੀ ਗੱਲ, ਉਸ ਵਿੱਚ ਆਪਣੇ ਪਰਿਵਾਰ ਦੇ ਦੁੱਖ-ਸੁਖ ਲਈ ਵੀ ਚੰਗੀ ਲੋੜੀਂਦੀ ਸੰਵੇਦਨਾ ਵੀ ਨਹੀਂ ਪਨਪ ਸਕਦੀ। ਇਸ ਕਰਕੇ ਹੀ ਭਾਸ਼ਾ ਦਾ ਸੁਆਲ ਕਿਸੇ ਸਮਾਜ, ਕੌਮ ਜਾਂ ਦੇਸ਼ ਦੀ ਹੋਣੀ ਦੇ ਸੁਆਲ ਨਾਲ ਜੁੜਿਆ ਹੋਇਆ ਹੈ।

ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਪ੍ਰਤੀ ਚੇਤਨਾ ਦੇ ਪ੍ਰਚਾਰ-ਪ੍ਰਸਾਰ ਲਈ 29 ਅਕਤੂਬਰ, (ਐਤਵਾਰ), 10:00 ਵਜੇ ਸਵੇਰੇ, ਭਾਸ਼ਾ ਵਿਭਾਗ ਆਡੀਟੋਰੀਅਮ, ਸ਼ੇਰਾਂ ਵਾਲਾ ਗੇਟ, ਪਟਿਆਲਾ ਵਿਖੇ ਕਨਵੈਨਸ਼ਨ ਕੀਤੀ ਜਾ ਰਹੀ ਹੈ। ਕਨਵੈਨਸ਼ਨ ਤੋਂ ਬਾਅਦ ਚੇਤਨਾ ਤੇ ਰੋਸ ਮਾਰਚ ਕੱਢਿਆ ਜਾਵੇਗਾ। ਇਹ ਇੱਕ ਨਿਰੋਲ ਗ਼ੈਰ-ਰਾਜਸੀ ਪ੍ਰੋਗਰਾਮ ਹੈ, ਜਿਸ ਦਾ ਮਨੋਰਥ ਪੰਜਾਬ ਵਿੱਚ ਹੀ ਪੰਜਾਬੀ ਨਾਲ ਹੋ ਰਹੇ ਵਿਤਕਰੇ ਖ਼ਿਲਾਫ਼ ਜਨਤਕ ਵਿਰੋਧ ਜਥੇਬੰਦ ਕਰਨਾ ਹੈ।




Toronto : Canadian people also made a presence incelebrations around the world as mark the centenary of the Great October Socialist Revolution of 1917. Peoples voice forum organized a function on the event of 100 year of Great October at Brampton, Toronto on Sunday, October 22.Comrade Wilfred, organizer of GTA West club, chaired the program. Speakers expressed their views on this great historic event of humankind.in this program, it was remembered that in 1917, the workers and peasants of Russia overthrow the Russian capitalists and landowners, this revolution in history opened the door to a new society in which humanity's dreams of peace, equality and democracy began to become reality.The October Revolution was far more than a change in government. It was a fundamental social upheaval, a sharp break with thousands of years of class-divided societies. For the first time in world history, the downtrodden working class took the reins of political power, to build a society free from any type of exploitation.

Addressing the gathering,John Humphery, a labor leader, shared a detailed history of the impact of Great October Revolution on the working class. He said this event was of a great inspiration for the workers of the whole world. It was not a template, a blueprint, for revolution in their own country, which would have to reflect their own national circumstances and characteristics. But its spirit, its daring, its determination and clear-headedness raised their morale, their hopes, their dedication. Great October holds a unique and honoured place in history,as the first socialist revolution to achieve and retain political power, withstanding both internal counter-revolution and foreign intervention. It dramatically changed world politics, breaking the hegemony of imperialism, and establishing a new and fundamentally different approach to relations between peoples, nations and states. The Soviet Union championed the cause of anti-racism and decolonization, gave crucial material and political support to liberation movements, and provided vital assistance to the former colonies as they won their independence.

Another speaker ,Jean McGuire, a retired University teacher and former president of Congress of Canadian Women talked about the impact of October Revolution on the conditions of women of not only of Soviet Union but of Europe and the rest of the world. Many health, economic and social benefits which Soviet governments provided to women soon after the revolution were provided decades later in Europe and North America after a long fight by women and labor organisations. The gains achieved by workers under socialism inspired the working class in the advanced capitalist countries, compelling the ruling class to concede reforms around labor rights, the 40-hour work week, unemployment insurance, health care, public education, and pensions. The progress toward economic and social equality by women in the USSR was a powerful stimulus to the struggles of women in the capitalist countries for pay and employment equity, and for child care and other social programs which would weaken the patriarchal double burden of capitalist exploitation and unpaid domestic labor.

Ex leader of Communist Party of Canada Comrade Miguel Figueroa, and pro temp leader of Canadian Peace Congress, in his speech talked about the consequences of the elimination of the USSR and its impact on the working people of Soviet Union, other European countries and the rest of the world. Comrade said the collapse of Soviet union not only resulted in the miseries and impoverishment of the post soviet and east Eurpean people but also for the working people of whole world. Despite its so-called victory, capitalism itself remains in profound systemic crisis. The widening gap between rich and poor, the endless wars and conflicts spawned by imperialism, and the environmental crisis which threatens human civilization, all show that the private profit system, driven by personal and corporate greed, cannot meet the fundamental needs and interests of the people and the global environment. As capitalism generates war, austerity, and catastrophic climate change, people everywhere are yearning for freedom. Struggles against imperialist globalization have grown sharper, and in many countries, the working class is mounting fierce resistance against the corporate drive for higher profits. Great October Revolution is a great inspiration to the working class people not only to fight against imperialist plunder of the planet, war and exploitation but also inspire the to build a alternative social economic system based on equality, justice and peace. Nothing can erase the accomplishments of Great October.

The program continued for four hours and question answer session was held after each speaker. Advocate Shalinder, Comrade Sehdev Singh, Jaspal Randhawa, Umerlatif, Comrade Saleh Ather, Noman Sagir, Balwant Singh, Comrade Lal Singh, Harparminder Singh Gadari, HarinderHundal and chief Editor of Punjabi " Sarokaran Dee Awaz' Harbans Singh participated in session. Comrade Baljit Bains sung a revolutionary song at the end of the program.

## ਲਿਖ ਦਿਆਂ

ਕਮਲਾਂ ਤਾਂ ਚੁੱਕੀਆਂ ਸੀ,
ਵਤਨ ਮੇਰੇ ਨੂੰ ਗੁਲਜ਼ਾਰ ਲਿਖ ਦਿਆਂ,
ਗੱਲਾਂ ਕਰਾਂ ਗਿੱਧੇ ਭੰਗੜੇ ਦੀਆਂ,
ਸਜ ਵਿਆਹੀ ਦੇ ਸ਼ਿੰਗਾਰ ਲਿਖ ਦਿਆਂ,
ਪਰ ਟਾਕੀ ਬਾਪੂ ਸਿਰ ਬੰਨ੍ਹੀ ਨੂੰ,
ਦੋਸਤਾ ਕਿਵੇਂ ਦਸਤਾਰ ਲਿਖ ਦਿਆਂ,
ਇਨ੍ਹਾਂ ਕਰਜ਼ਿਆਂ ਦੇ ਦੱਬਿਆਂ ਨੂੰ,
ਔਝੜੇ ਨਾ ਕਿਵੇਂ ਸਰਦਾਰ ਲਿਖ ਦਿਆਂ,
ਜੋ ਫਿਕਰੇ ਕਸਣ ਧੀਆਂ ਭੈਣਾਂ 'ਤੇ,
ਗੀਤਾਂ ਨੂੰ ਕਿਵੇਂ ਸਭਿਆਚਾਰ ਖਿ ਦਿਆਂ,
ਨਸ਼ਿਆਂ ਦੇ ਭੰਨਿਆਂ ਚੋਬਰਾਂ ਨੂੰ,
ਕਿਵੇਂ ਭਗਤ ਸਿੰਘ, ਕਰਤਾਰ ਲਿਖ ਦਿਆਂ,
ਜਿਥੇ ਹੈ ਨਹੀਂ ਪੁੱਛ ਬਜ਼ੁਰਗਾਂ ਦੀ,
ਟੱਬਰਾਂ ਨੂੰ ਕਿਵੇਂ ਪਰਿਵਾਰ ਲਿਖ ਦਿਆਂ,
ਪਾਖੰਡੀਆਂ ਖੋਲ੍ਹੀ ਹੈ ਹੱਟ ਧਰਮਾਂ ਦੀ,
ਵਿਚ ਬੈਠੇ ਨੂੰ ਕਿਵੇਂ ਅਵਤਾਰ ਲਿਖ ਦਿਆਂ,
ਜੋ ਪੀ ਗਏ ਰੱਤ ਗਰੀਬਾਂ ਦੀ,
ਲੋਟੂ ਟੋਲੇ ਨੂੰ ਕਿਵੇਂ ਸਰਕਾਰ ਲਿਖ ਦਿਆਂ।

- ਰਘਵੀਰ ਵੜੈਚ



ਪੰਜਾਬੀ ਸਿੱਖਣ ਦੀਆਂ ਮੁਫਤ ਕਲਾਸਾਂ
ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ, ਕੈਲਗਰੀ ਅਤੇ ਕੈਲਗਰੀ ਹਾਕਸ ਫੀਲਡ ਹਾਕੀ ਅਕੈਡਮੀ
ਦੇ ਸਾਂਝੇ ਉੱਦਮ ਤੇ ਤਹਿਤ ਪੰਜਾਬੀ ਬੋਲੀ ਸਿਖਾਉਣ ਦੀਆਂ ਮੁਫਤ ਕਲਾਸਾਂ ਹਰ ਐਤਵਾਰ
ਜੈਨੇਸਿਸ ਸੈਂਟਰ ਵਿਚ 1000 ਵਾਇਸਜ਼ ਵਿੱਚ ਲਗਾਈਆਂ ਜਾਂਦੀਆਂ ਹਨ।
ਕਲਾਸਾਂ ਦਾ ਸਮਾਂ ਸਵੇਰੇ 10:30 ਤੋਂ ਬਾਅਦ ਦੁਪਿਹਰ 12 ਵਜੇ ਤੱਕ
ਹੋਰ ਜਾਣਕਾਰੀ ਲਈ ਸੰਪਰਕ ਕਰੋ:
ਮਾਸਟਰ ਭਜਨ ਸਿੰਘ: 403-455-4220 ਸੁਖਵੀਰ ਗਰੇਵਾਲ: 403-402-0770



Sheila Block

**The gap between Indigenous and non-Indigenous people is high**

There were 1.7 million Indigenous people in Canada in 2016, accounting for 4.9 per cent of the population, which is up from 3.8 per cent in 2006.

The average total income of Indigenous people was 75 per cent of non-Indigenous people in 2015—that's a 25 per cent income gap. That is a slight improvement from the 27 per cent gap 10 years before in 2005.

However, that average masks larger differences. Indigenous women's incomes were 55 per cent of non-indigenous men, meaning there is a 45 per cent income gap between Indigenous women and non-Indigenous men.

There are other gaps as well. First Nations individuals had an average total income of $31,519 in 2015, which is 66 per cent of the non-Indigenous average total income. In other words, the average income gap between First Nations and non-Indigenous people in Canada is 33 per cent.

This data shows Indigenous people continue to be more likely to live in poverty as measured by the after-tax low-income measure (LIM-AT). Indigenous people have a low-income rate of 23.6 per cent, which is much higher than the 13.8 per cent for non-Indigenous people. The poverty rate for Indigenous children is 30.4 per cent—that's almost double the poverty rate for non-Indigenous children.

**The gap between racialized and non-racialized Canadians isn't budging**

After 10 long years, we once again have Census data that can tell us about the economic lives of racialized Canadians.

Between 2006 and 2016, the racialized population in Canada increased from 5 million to 7.7 million. That population grew faster than the total population, increasing from 16.2 to 22.7 per cent of the total.

However, the income gap between the racialized and non-racialized Canadians isn't budging. In fact, the gap slightly widened.

The average total income of racialized Canadians was 74 per cent of non-racialized Canadians in 2015—that's a 26 per cent income gap. That is up from a 25 per cent gap in 2005.

However, the average masks larger differences by race and gender. Racialized women's incomes were 53 per cent of non-racialized men, meaning there is a 47 per cent income gap between racialized women and non-racialized men.

This income gap is also reflected in low-income rates. Racialized Canadians had a low-income rate of 20.8 per cent in 2015, compared to a low-income rate of 12.2 per cent for non-racialized Canadians.

**The income gap between recent immigrants and non-immigrants remains high.**

In 2016, there were 1.2 million new immigrants who had arrived in Canada in the last five years, accounting for 3.5 per cent of the total population.

The average total income of recent immigrants was 63 per cent of non-immigrants in 2015—that's a 37 per cent income gap. It's a slight improvement from the 39 per cent gap in 2005. However, that average masks larger differences by gender. Women who are recent immigrants had a total average income that was 41 per cent of non-immigrant men in 2015, meaning there is a 59 per cent income gap between immigrant women and non-immigrant men in Canada.

Recent immigrants also have higher low-income rates. At 31.4 per cent, that's more than double the 12.5 per cent poverty rate for non-immigrants.

**Time to close the gap**

These summary statistics provide us with evidence that



income inequality in Canada is persistent for racialized people, recent immigrants, and Indigenous people.

We need to dive into these numbers more deeply to more fully understand the mechanisms and manifestations of persistent income inequality, but these findings should not be a surprise to any Canadian. There is ample evidence that includes the work of the CCPA. Six years ago Grace-Edward Galabuzi and I published a report, Canada's Colour-Coded Labour Market, which documented employment and income inequality for racialized Canadians. The CCPA's David McDonald has partnered with Dan Wilson to document Indigenous child poverty and the income gap between Indigenous and non-Indigenous people for many years.

The latest Census data simply confirms the reality that racialized people, people who are recent immigrants, and Indigenous people continue to face discrimination and that income inequality doesn't just magically reverse itself. That takes political leadership.

It's time for the federal and provincial governments to make concrete commitments to implement policies that will reduce income inequality in ways that will show measureable progress in the 2021 Census. This will require policy development, implementation, and hard dollars.

Sheila Block is a senior economist with the CCPA-Ontario. Follow Sheila on Twitter: Sheila@policyalternatives.ca

---

Dear Vasantha

I am frightened to think of coming winter. Already I am shivering with continuous fever. I do not have a blanket. I do not have a sweater/jacket. As temperature goes down excruciating pain continuously in my legs and left hand increases. It is impossible for me to survive here during the winter that starts from November. I am living here like an animal taking its last breaths. Somehow 8 months I managed to survive. But I am not going to survive in the coming winter. I am sure. It is of no use to write about my health any longer.

In any case, please finalize the senior counsel by or before the end of this month. Then inform Mr. Gadling to file my bail application in the first week of November or last week of October itself. You remember if this is not done in this way, my situation will be out of hands. I am not responsible. I am



making clear to you. Hereafter I am not going to write about it any longer.

You should talk to Mrs Rebeccaji and Nandita Narain. You also talk to Prof. Haragopal and others. Explain the entire situation. You need to hurry up. I am feeling so depressed for requesting you all so many times like a beggar, a destitute. But none of you are moving an inch, no one understand my present condition. No one understands 90% disabled person is behind bars struggling with one hand in condition and suffering with multiple ailments. And no one cares for my life. This is simply criminal negligence, a callous attitude.

Please take care of your health. Your health is my health and entire family's health. There is no one else to take care of your health for now. Till I am in your presence, you have to take care of your health without any negligence.

Lots of love

Yours

Sai

# Pushing back against campus precarity

Erika Shaker and Robin Shaban

A lot of numbers are circulated during the coverage of a strike. But in the current strike by Ontario college faculty, two in particular stand out.

The first number, 70, is the percent of college faculty who are on contract (these include partial-load, part-time, and sessional faculty—and 70% is the minimum estimate). This means that students have at most a one in four chance (less on some campuses) that the person at the front of their classroom is a full time faculty member who does not have to reapply for their job each year (or every four months, as many others must).

OPSEU, representing full-time professors, instructors, librarians and counsellors, and partial-load faculty (and trying to organize sessionals and part-time faculty), wants to create more full-time jobs where faculty are actually paid for prep time and marking and are not restricted to a handful of paid hours of work each week, and where "long term" contracts mean more than 12 months over a two-year time frame. To ensure more employment stability for faculty and more educational stability for students, OPSEU is calling for a (minimum) 50:50 ratio of full-time to non-full-time faculty.

The College Employer Council argues that creating 2,840 new full-time jobs would result in the loss of 7,120 contracts (short-term work contracts should not be treated as "jobs" as many faculty cobble together several contracts to make a living)—in effect, suggesting that maintaining more insecure, low-paying work is somehow preferable to creating guaranteed, better-paid, secure jobs.



Similar arguments—often referencing the plight of the minimum-wage-earning teenager—are making the rounds in the business lobby's criticisms of a $15/hr minimum wage and other improvements to labour legislation. (In fact, the research indicates that, beyond teenagers, a $15 minimum wage "will largely benefit the province's most marginalized—a broad and diverse swath of workers including contract, seasonal, and casual workers, part-time workers, women, and immigrants.")

According to the fear-stoking from the business lobby and the College Employer Council, legislating higher standards for everyone will make it worse for people who have been most severely marginalized by those who have actively been fighting to maintain inadequate standards in the first place. But, much as higher minimum workplace standards are broadly beneficial, better working conditions for contract faculty are linked to improved learning conditions for students.

The other standout number is 84. The College Employer Council explains—presumably in defense of their refusal to adequately address their increased reliance on a poorly paid, precarious workforce—that 84% of college students find employment within six months of graduation, and that employers and students are generally pleased with the education colleges provide.

**So, no harm, no foul, right?**

Well, not so much. As public funding declines, students are paying more for an education that is increasingly provided by lower-paid, under-compensated, insecure faculty members—at an annual "savings" to Ontario colleges of $400 million by the College Employer Council's own admission—before graduating into an economy where current estimates indicate one third of Ontario's workers are vulnerable. There is a certain, shall we say, ironic symmetry to that education model.

Ontario's Changing Workplaces Review and Bill 148 is an attempt to begin to address precarity and other gaps in workplace policy. It is, predictably, receiving pushback from the usual suspects who maintain that, far from being a problem, "more flexible", "part time" employment is increasingly preferable given changing demands ("aging population!" "full time students!"), and public policy changes "would place an unintended burden on employers".

There's a striking similarity between these business lobby arguments against improved working conditions and compensation, and those wielded by the College Employer Council in rejecting OPSEU's demands for equal pay for work of equal value and a diminishment of precarity for college faculty.

All labour wins come with a price tag—most often for those who are in the best position to afford it—whether it's increasing the minimum wage to something that begins to approach a living wage, guaranteeing paid sick days to workers, or ensuring that those providing instruction to college students have decent working conditions.

But the fact is, we—and particularly those who are most severely impacted–cannot continue to bear the financial, social and human costs of an economy dependent on the ongoing undercompensation of a significant portion of the labour force. As an economic and social model—let alone an educational one—it's unsustainable and short sighted.

While nowhere near perfect, Bill 148 is an opportunity to address precarity, compensation and workplace standards for workers in the province—including those students whose classes are being interrupted by Ontario colleges' reluctance to address how these issues are playing out on their own campuses. Rather than clinging to a model predicated on precarity, and steadfastly refusing to acknowledge equal pay for work of equal value, colleges could be at the forefront of improving the conditions of work and the state of jobs—on campus, and across the province.

Erika Shaker is Director of Education and Outreach with the CCPA. Follow her on Twitter@ErikaShaker.

Robin Shaban is an independent economic and public policy consultant based in Ottawa.

This blog is part of an ongoing project examining precarious employment in Ontario's postsecondary institutions. You can read part one of this project here.

# ਪ੍ਰਦੂਸ਼ਣ ਦੇ ਮਾਮਲੇ 'ਚ ਕਿਸਾਨ ਹੀ ਕਟਹਿਰੇ ਵਿੱਚ ਕਿਉਂ ?

*ਨੋਟ : ਜਿਨ੍ਹਾਂ ਲੋਕਾਂ ਨੂੰ ਵਾਤਾਵਰਨ ਦਾ ਮਸਲਾ ਅਧਿਆਤਮਵਾਦੀ ਲੱਗਦਾ ਹੈ, ਉਹ ਇਹ ਵਿਚਾਰ ਨਾ ਪੜ੍ਹਨ ਕਿਤੇ ਉਹਨਾਂ ਦੇ ਦਵੰਦਾਤਮਕ ਪਦਾਰਥਵਾਦੀ ਵਿਚਾਰਾਂ ਉਪਰ ਸੱਟ ਈ ਨਾ ਵੱਜ ਜਾਵੇ।*

ਜਿਹੜੇ ਕਹਿੰਦੇ ਸੀ ਕਿਸਾਨ ਪਰਾਲੀ ਸਾੜਦੇ, ਉਹ ਕੱਲ੍ਹ ਰਾਤੀ ਫੁੱਸ ਹੋ ਗਏ। ਪਿੰਡਾਂ ਆਲ਼ਿਆਂ ਨੇ ਦੱਸਿਆ ਕਿ ਪਟਿਆਲੇ ਵਿਚ ਤਾਂ 6 ਤੋਂ 11 ਵਜੇ ਤੱਕ ਪਟਾਕੇ ਚੱਲੇ ਪਰ ਪਿੰਡਾਂ ਵਿਚ ਰੌਲ਼ਾ ਘੱਟ ਈ ਸੀ, ਖੌਰ੍ਹੇ ਕੁਦਰਤ ਦੇ ਵਧੇਰੇ ਨੇੜੇ ਜੁ ਸਨ। ਸ਼ਹਿਰੀਆਂ ਨੇ ਆਪਣੇ ਬੱਚਿਆਂ ਨੂੰ ਢੇਰਾਂ ਪਟਾਕੇ ਲਿਆ ਕੇ ਦਿੱਤੇ ਤੇ ਅਗਾਂਹ ਹੋ ਹੋ ਕੇ ਫੂਕੇ। ਉਹਨਾਂ ਨੂੰ ਕਿਸਾਨਾਂ ਖਿਲਾਫ ਬੋਲਣ ਦਾ ਕੋਈ ਹੱਕ ਨਹੀਂ। ਉਹਨਾਂ ਲੋਕਾਂ ਨੂੰ ਪ੍ਰਦੂਸ਼ਨ ਖਿਲਾਫ ਬੋਲਣ ਦਾ ਵੀ ਕੋਈ ਹੱਕ ਨਹੀਂ ਜਿਨ੍ਹਾਂ ਦੇ ਘਰ ਦੋ-ਦੋ ਕਾਰਾਂ, ਚਾਰ-ਚਾਰ ਦੋਪਹੀਆ ਵਾਹਨ ਰੋਜ਼ਾਨਾ ਸੜਕਾਂ ਦੀ ਸੈਰ ਕਰਦੇ ਹਨ। ਗ਼ਰੀਬ ਲੋਕਾਂ ਉਪਰ ਵੀ ਇਲਜ਼ਾਮ ਲਗਾਉਣ ਵਾਲੇ ਅਮੀਰੋ, ਗ਼ਰੀਬ ਲੋਕ ਕੋਈ ਪ੍ਰਦੂਸ਼ਨ ਨਹੀਂ ਫੈਲਾਉਂਦੇ। ਸਾਰਾ ਗੰਦ ਜੋ ਤੁਸੀਂ ਪੀਜੇ, ਸੈਂਡਵਿਚ ਖਾ-ਖਾ ਸੜਕਾਂ ਤੇ ਖਿਲਾਰਦੇ ਹੋ, ਉਹ ਗ਼ਰੀਬ ਹੀ ਚੁੱਕ ਕੇ ਸਫਾਈ ਕਰਦੇ ਨੇ। ਸਾਈਕਲ ਵੀ ਕਦੇ ਧੂੰਆਂ ਮਾਰਦੇ ਆ!, ਖੱਚਰ-ਰੇਹੜਾ ਵੀ ਕੋਈ ਭਲਾ ਤੇਲ ਸੁੱਟਦਾ ਏ!, ਆਹ ਫੈਕਟਰੀਆਂ ਵਾਲ਼ਿਆਂ ਨੇ ਤਾਂ ਗੰਦੇ ਪਾਣੀ ਨਾਲ ਰਾਵੀ, ਬਿਆਸ ਤੇ ਸਤਲੁਜ ਨੂੰ ਹੀ ਪਲੀਤ ਕਰਤਾ। ਦਰਿਆਵਾਂ ਦਾ ਤਾਂ ਸਾਰਾ ਪਾਣੀ ਜ਼ਹਿਰੀ ਕਰ ਹੀ ਦਿੱਤਾ, ਕਹਿੰਦੇ ਕਿ ਆਪਾਂ ਵਾਟਰ ਟਰੀਟਮੈਂਟ ਤੇ ਪੈਸਾ ਕਿਉਂ ਖਰਚਣਾ ਏ, ਬਸ ਧਰਤੀ ਦੀ ਹਿੱਕ ਪਾੜ ਕੇ ਪਾਈਪਾਂ ਪਾ ਦਿਓ ਤੇ ਗੰਦਾ ਪਾਣੀ ਸਾਰਾ ਧਰਤੀ ਵਿਚ..ਨਾਲੇ ਕਿਸੇ ਨੂੰ ਪਤਾ ਵੀ ਲੱਗੂ। ਆਹ ਲੁਧਿਆਣੇ ਤੇ ਅੰਮ੍ਰਿਤਸਰ ਦੀ ਧਰਤੀ ਦੀਆਂ ਕਈ ਫੈਕਟਰੀਆਂ ਵਿਚ ਇਹ ਕਾਰਾ ਹੋ ਰਿਹੈ ਡਾ. ਸੁੱਚਾ ਸਿੰਘ ਆਂਹਦਾ ਏ। ਇਕ ਕਿਸਾਨ ਆਗੂ ਰੁਲਦਾ ਸਿਹੁੰ ਆਂਹਦਾ ਪਈ ਗੁੱਸਾ ਨਾ ਕਰਿਓ ਮੈਂ ਗੱਲ ਤਾਂ ਭੱਦੀ ਜਿਹੀ ਆ ਪਰ ਕਹਿਣ ਲੱਗਾ ਕਿ 'ਪਿੰਡਾਂ ਆਲ਼ੇ ਤਾਂ ਖਾਲ਼ੀ ਦੇ ਖੜ੍ਹੇ ਪਾਣੀ 'ਚੋਂ ਹੱਥ ਧੋ ਲੈਂਦੇ ਆ ਪਰ ਸ਼ਹਿਰੀ ਚਾਰ-ਚਾਰ ਟਾਇਲਟ ਟੈਂਕੀਆਂ (60-70 ਲਿਟਰ) ਪਾਣੀ ਰੋੜ ਦਿੰਦੇ ਆ!' ਬਈ ਗੱਲ ਕੁਝ ਤਾਂ ਸੋਚਣ ਲਾਉਂਦੀ ਈ ਏ ਕਿ ਅਸੀਂ ਕਿਵੇਂ ਪਾਣੀ ਦੀ ਵਰਤੋਂ ਕਰੀਏ। ਬਾਬੇ ਨਾਨਕ ਦਾ ਕੰਧੀਂ ਲਿਖਿਆ ਵੀ ਪੜ੍ਹੀਏ ਕਿ 'ਪਵਣੁ ਗੁਰੂ, ਪਾਣੀ ਪਿਤਾ, ਮਾਤਾ ਧਰਤੁ ਮਹਤੁ।' ਪਰ ਲੱਗਦੈ ਕਿ ਅਮੀਰਾਂ ਨੇ ਇਹ ਨਹੀਂ ਸਮਝਣਾ ਬਸ ਆਮ ਲੋਕਾਂ ਨੂੰ ਹੀ ਨਸੀਹਤਾਂ ਦਿੱਤੀ ਜਾਣਗੇ, ਨਾਲੇ ਮੰਤਰੀ ਤੇ ਨਾਲੇ ਆਹ ਬਾਬੇ। ਇਹ ਵੀ ਪਤਾ ਲੱਗਾ ਕਿ ਅਮੀਰਜ਼ਾਦੇ ਤਾਂ ਨਹਾਉਣ ਧੋਣ ਤੇ ਇਥੋਂ ਤੱਕ ਕਿ ਹਾਜਤ ਦਾ ਪਾਣੀ ਵੀ ਫਿਲਟਰ ਈ ਵਰਤਦੇ ਆ! ਸਰਕਾਰੀ ਠੂਠਾ ਪ੍ਰਦੂਸ਼ਨ ਕੰਟਰੋਲ ਬੋਰਡ ਉਦੋਂ ਪਤਾ ਨਹੀਂ ਕਿੱਥੇ ਸੀ ਜਦੋਂ ਆਪ ਅਮਰੀਕਾ ਚੋਂ ਆਏ ਯੂਰੀਆ-ਬਾਰੂਦ ਨੂੰ ਹਰੀ ਕ੍ਰਾਂਤੀ ਦੇ ਨਾਮ ਤੇ ਖੇਤਾਂ ਵਿਚ ਸੁਟਵਾਇਆ। ਉਸ ਨੂੰ ਮੰਤਰੀਆਂ, ਅਧਿਕਾਰੀਆਂ ਦੇ ਕਾਫ਼ਲੇ ਦੀਆਂ ਸੌ ਸੌ ਗੱਡੀਆਂ ਦੀਆਂ ਪੂਛਾਂ ਕਿਉਂ ਨਹੀਂ ਦਿੱਸਦੀਆਂ। ਮੁਲਕ ਵਿਚ ਵਧਦੇ ਮੋਬਾਇਲ ਟਾਵਰ ਕਿਉਂ ਨਹੀਂ ਦਿੱਸਦੇ, ਤੇ ਕਿਉਂ ਨਹੀਂ ਦਿੱਸਦੀ ਮਾਸੂਮ ਪੰਛੀਆਂ, ਕੀੜਿਆਂ-ਮਕੌੜਿਆਂ ਦੀ ਘਟਦੀ ਤਾਦਾਦ। ਕਿਥੇ ਰਹਿ ਗਿਆ ਮੋਦੀ ਦੇ ਸਵੱਛ ਭਾਰਤ ਦਾ ਖੇਖਨ ਜੋ ਗ਼ਰੀਬਾਂ ਨੂੰ ਘਰ 'ਚ ਟੱਟੀਆਂ ਕਰਨ ਦੀਆਂ ਨਸੀਹਤਾਂ ਦਿੰਦਾ ਨਹੀਂ ਥੱਕਦਾ ਤੇ ਦੂਜੇ ਪਾਸੇ ਇਕੋ ਵਾਰ ਵਿਦੇਸ਼ੀ ਫੈਕਟਰੀਆਂ ਨੂੰ ਭਾਰਤ ਵਿਚ ਪ੍ਰਦੂਸ਼ਨ ਫੈਲਾਉਣ ਲਈ ਸਵਾਗਤ ਕਰਦਾ ਹੈ ਤੇ ਉਹਨਾਂ ਦੇਸ਼ਾਂ ਦਾ ਰਸਾਇਣਕ ਕਚਰਾ (ਮੈਡੀਕਲ, ਕੀਟਨਾਸ਼ਕ, ਇਲੈਕਟ੍ਰਾਨਿਕ, ਬਾਰੂਦ, ਪਾਲੀਵਿਨ-ਪਲਾਸਟਿਕ ਆਦਿ) ਭਾਰਤ ਵਿਚ ਸੁਟਵਾ ਰਿਹੈ ਜੋ ਖੁਦ ਮਿੱਟੀ ਨਹੀਂ ਹੁੰਦਾ ਬਲਕਿ ਲੋਕਾਂ ਨੂੰ ਮਿੱਟੀ ਕਰ ਜਾਂਦਾ ਹੈ।

ਵੈਸੇ ਸਾਡੇ ਅੱਜ ਦੇ ਕੁਝ ਧਾਰਮਿਕ ਆਗੂ ਵੀ ਨਿਹਾਲੇ ਈ ਆ ਜਿਹੜੇ ਦਰਬਾਰ ਸਾਹਿਬ ਦੀ ਪਰਿਕਰਮਾ ਦੇ ਵਿਹੜੇ ਵਿਚ ਤਿੰਨ ਕੁ ਬੇਰੀਆਂ ਇਸੇ ਕਰਕੇ ਛੱਡ ਗਏ ਕਿ ਖੌਰੇ ਇਹਨਾਂ ਥੱਲੇ ਕਰਾਮਾਤਾਂ ਹੋਈਆਂ ਸਨ, ਨਹੀਂ ਤਾਂ ਇਹਨਾਂ ਦੀ ਥਾਂ ਵੀ ਸੰਗਮਰਮਰ ਤੇ ਜਰਮਨ ਲਾਈਟਾਂ ਦੇ ਹੀ ਚਮਤਕਾਰ ਹੋ ਜਾਣੇ ਸੀ। ਭਲਾ ਹੋਵੇ ਉਹਨਾਂ ਮਹਾਨ ਲੋਕਾਂ ਦਾ ਜਿਨ੍ਹਾਂ ਦੀ ਬਦੌਲਤ ਇਹ ਬੇਰੀਆਂ ਬਚ ਗਈਆਂ। ਗੁਰੂ ਤਾਂ ਕੁਦਰਤ ਦੇ ਨੇੜੇ ਸਨ ਜੰਡਾਂ, ਬੇਰੀਆਂ, ਕਰੀਰਾਂ, ਟਾਹਲੀਆਂ, ਅੰਬਾਂ, ਮੋਰਾਂ, ਬਾਜ਼ਾਂ, ਘੋੜਿਆਂ ਦੇ ਪਰ ਆਹ ਤਾਂ ਬਸ ਪੱਛਮੀ ਬੰਗਾਲ ਆਲਾ ਟੈਗੋਰ ਹੀ ਸ਼ਾਂਤੀ ਨਿਕੇਤਨ ਲੈ ਗਿਆ ਲੱਗਦਾ ਜਿਥੇ ਅੱਜ ਵੀ ਵਿਦਿਆਰਥੀ ਰੁੱਖਾਂ ਹੇਠ ਪੜ੍ਹਦੇ ਆ ਤੇ ਸਾਡੀ 'ਗਪ ਕਮੇਟੀ' ਤਾਂ ਸੰਗਮਰਮਰ ਤੇ ਸੋਨੇ ਚਾਂਦੀ ਪਿੱਛੇ ਰਹਿਗੀ। ਬੇਸ਼ੱਕ ਨਾੜ ਸਾੜਨਾ ਵੀ ਘਾਤਕ ਹੈ ਤੇ ਇਸ ਦਾ ਸਮਰਥਨ ਵੀ ਠੀਕ ਨਹੀਂ ਪਰ ਕੇਵਲ ਕਿਸਾਨਾਂ ਦੁਆਰਾ ਫੈਲਾਏ ਜਾਂਦੇ ਪ੍ਰਦੂਸ਼ਨ ਉਪਰ ਬੋਲਣ ਤੋਂ ਪਹਿਲਾਂ ਫੈਕਟਰੀਆਂ, ਉਦਯੋਗਾਂ, ਚਾਰ-ਚਾਰ ਕਾਰਾਂ ਵਾਲਿਆਂ, ਫੌਜ ਦੁਆਰਾ ਨਿੱਤ ਕੀਤੇ ਜਾਂਦੇ ਮਿਜ਼ਾਇਲ ਪ੍ਰਯੋਗਾਂ, ਸਿਖਲਾਈ ਲਈ ਚਲਾਈਆਂ ਜਾਂਦੀਆਂ ਨਿੱਤ ਕਰੋੜਾਂ ਗੋਲੀਆਂ ਦੇ ਪ੍ਰਦੂਸ਼ਨ ਖਿਲਾਫ਼ ਵੀ ਬੋਲਣਾ ਪਵੇਗਾ। ਹਰ ਮਨੁੱਖ ਨੂੰ ਆਲਾ ਦੁਆਲਾ ਸਾਫ ਰੱਖਣ ਦੀ ਪਹਿਲਕਦਮੀ ਦੇ ਨਾਲ ਸਰਕਾਰਾਂ ਉਪਰ ਇਕਜੁਟ ਹੋ ਕੇ ਆਵਾਜ਼ ਬੁਲੰਦ ਕਰਨੀ ਪਵੇਗੀ।

**ਡਾ. ਇਕਬਾਲ ਸੋਮੀਆਂ**

**95012-05169**

# Wynne Government's Hospital Bed Announcement a Temporary Band-Aid

Toronto – The Ontario Health Coalition congratulated the Health Minister for recognizing the crisis in Ontario's hospitals and announcing 1,200 new hospital beds today. However, the coalition cautioned that this is only temporary band-aid that will partially alleviate the crisis but not solve it. One-fourth of the hospital money announced today was already announced in the budget and the announced beds are both temporary and too few to meet need. The coalition is disturbed by the government's plans to continue the crisis in public hospitals and move capacity to private for-profit corporations.

"Ontario needs a long-term plan to rebuild capacity in our public hospitals to meet population need," said Natalie Mehra, executive director of the Ontario Health Coalition who has been fighting hospital cuts and closures for the last decade. "We have been in a hospital overcrowding crisis all year all across Ontario, not because of a flu season, but because hospital beds have been cut in our province for decades. At this point, the cuts are deeper than in any other province in Canada and any other country in the developed world. Ontario now has the fewest hospital beds per person, the least amount of nursing care per patient. Patients are forced out of hospital, often with no care or inadequate care, too frail and as a result we have the highest hospital readmission rate in the country."

Taking issue with the claims and process used by the government, Mehra said. "From what has been happening in Australia we are expecting a terrible flu season, no question. But even before this, Ontario's hospitals are overcrowded to the point of being in total crisis. Planning for our hospitals needs to be long-term and based on projections of community need. It needs to be done in an open and transparent way and policy must be forged with democratic public input not made in backroom deals with




the Ontario Hospital Association, whom we do not trust to advocate for the real needs of Ontarians."

Using government figures, the Ontario Health Coalition has produced charts comparing Ontario's hospital beds, nursing, and funding compared to other provinces, available here: http://www.ontariohealthcoalition.ca/wp-content/uploads/Pre-Budget-Briefing-Feb-2016-1.pdf

**Briefing Note:** On the number of beds: A hospital bed in this context refers to a funded and staffed bed. There are all kinds of empty wards in Ontario's hospitals where beds have been closed down, but hospitals do not have the funding to reopen and staff them. Adding 1,200 hospital beds will still leave Ontario dead last in Canada in the number of hospital beds per capita, and at the bottom of the entire OECD. This is not enough beds to prevent overcrowding in flu season and it is not a long-term plan. In the government's release the beds are described as "temporary" and "transitional". Furthermore, opening up mothballed hospitals is not a plan to build capacity in public hospitals to meet the needs of a growing and aging population.

The globally accepted safe level of hospital occupancy is 80 – 85 percent. Many of Ontario's hospitals are rountinely running over 100 per cent with stretchers in hallways, patients crowded into non-patient spaces, emergency departments housing patients for days at a time. Undue pressure is put on patients to get out of hospital from the moment they are admitted, and often patients are sent home with all kinds of promises for care that never materializes. The OHA has called for more long-term care beds and has cited the low numbers of beds as evidence of "efficient" hospitals. That is not how patients see it. Readmission rates are climbing every year, people are left in inhumane conditions and families are suffering as a result of the hospital cuts that have gone too far.

On privatization: The government is planning on moving hospital patients out to retirement homes, home care and community care. The vast majority of retirement homes are private and for-profit. They are not health care facilities and they are "self-regulating". They do not have the standards and safety regulations of long-term care homes. A number of retirement homes unlawfully charge patients for services that are supposed to be OHIP-covered. Health policy should not be used as a subsidy for a private industry, no matter how much they lobby the government for public money. Similarly, patients that can be moved out to home care are already moved out, and homecare is majority privatized. While the $40 million increase for home care volumes is needed, plans to continue to offload and privatize hospital care are not supported by the evidence. Many of the services that are being cut today are not transferable, for example operating room closures, surgical and medical bed closures, cuts to RNs, RPNs, cleaners, health record transcribers and health professionals, cuts to inpatient mental health and so on. The "transition" of hospital care to home care was accomplished more than a decade ago. Now this rhetoric is used as a cover for cuts to needed care.

On bed blocking: The Ontario government and hospital leadership continues to ignore their own evidence that the overcrowding in hospitals is not due to seniors who can and should be moved out. Alternate Level of Care is a designation that refers both to people in hospital beds that could be moved to long-term, home or community care, and to patients that are waiting for a hospital bed. Patients waiting for mental health beds, or rehab beds, or medical patients in surgical beds; all of these are counted in Alternate Level of Care statistics. Thus, government and hospital leadership routinely overstate the number of patients that could be moved out. For more details and the most recent publicly available numbers on this see: http://www.ontariohealthcoalition.ca/index.php/release-backgrounder-ontario-government-responsible-for-overwhelmed-hospital-emergency-departments-critical-bed-shortages-systemic-and-pervasive/

Further, Ontario has is a severe shortage of long-term care beds. As a result today's long-term care homes grant access to only those patients with the highest acuity. Since hospital patients are the top of the list to be moved into long-term care homes, if they are not being discharged to long-term care it is because the care needs of the patients are too high for the long-term care homes to take. Already violence and homicide rates in long-term care homes are too high and homes cannot be forced to take people for whom they cannot care safely. It therefore will not be successful to plan to move these patients out to private for-profit retirement homes and other less intensive types of community care.

On the money: The government announced $100 million for temporary and transitional beds in hospitals and $40 million for home care. Of the $100 million, $26 million was already announced in last spring's provincial budget. The $40 million for home care volumes is new money. The funding is welcome and needed. Ontario funds its hospitals at the second lowest rate in Canada (only Quebec is lower) and here, hospital funding is far below the average of the rest of the provinces. However, the coalitions warns that the temporary nature of the funding should raise red flags. The government's fiscal plan is to increase hospital funding next year, leading into the provincial election, then reduce it again. The coalition is calling for a long-term capacity plan, based on the evidence of population need for care, to protect Ontarians against such short-term partisan policies and ensure that Ontario's hospital crisis is properly solved for the long term.

"15 Gervais Drive, Suite 201, Toronto, Ontario M3C 1Y8 Tel: 416-441-2502 Email: ohc@sympatico.ca Web: www.ontariohealthcoalition.ca "

ਕਰਜ਼ਾ ਵਾਅਦਾਖ਼ਿਲਾਫ਼ੀ

# ਕਿਸਾਨਾਂ-ਮਜਦੂਰਾਂ ਦਾ ਵਧਦਾ ਰੋਹ



ਮੋਹਨ ਸਿੰਘ

ਸੱਤਾ ਵਿੱਚ ਆਉਣ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਵੱਲੋਂ ਲੋਕਾਂ ਨਾਲ ਤਰ੍ਹਾਂ-ਤਰ੍ਹਾਂ ਦੇ ਵਾਅਦੇ ਕੀਤੇ ਸਨ। ਪਰ ਮਜਦੂਰਾਂ-ਕਿਸਾਨਾਂ ਦੀ ਕਰਜ਼ਾ ਮੁਆਫ਼ੀ ਅਤੇ ਝੋਨੇ ਦੀ ਪਰਾਲੀ ਨੂੰ ਸਾੜਨ ਦੇ ਮੁੱਦੇ ਉਸ ਲਈ ਗਲੇ ਦੀ ਹੱਡੀ ਬਣੇ ਹੋਏ ਹਨ। ਇਨ੍ਹਾਂ ਮੁੱਦਿਆਂ ਨੇ ਕਿਸਾਨਾਂ-ਮਜਦੂਰਾਂ ਤੇ ਸਰਕਾਰ ਵਿਚਕਾਰ ਟਕਰਾਅ ਵਧਾ ਦਿੱਤਾ ਹੈ ਉਨ੍ਹਾਂ ਨੂੰ ਆਪਣੀਆਂ ਮੰਗਾਂ ਮੰਨਵਾਉਣ ਲਈ ਬਰਨਾਲੇ ਅਤੇ ਪਟਿਆਲੇ ਵੱਡੇ ਅੰਦੋਲਨ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ।ਕਾਂਗਰਸ ਨੇ ਚੋਣਾਂ ਜਿੱਤਣ ਲਈ ਆਪਣੇ ਚੋਣ ਮੈਨੀਫ਼ੈਸਟੋ 'ਚ ਪੰਜਾਬ ਦੇ ਕਿਸਾਨਾਂ ਅਤੇ ਪੇਂਡੂ ਮਜਦੂਰਾਂ ਸਿਰ ਚੜ੍ਹੇ ਕਮਰਸ਼ੀਅਲ ਬੈਂਕਾਂ, ਕੋਆਪਰੇਟਿਵ ਬੈਂਕਾਂ/ਸੋਸਾਈਟੀਆਂ ਅਤੇ ਸ਼ਾਹੂਕਾਰਾਂ/ਆੜ੍ਹਤੀਆਂ ਦੇ ਹਰ ਕਿਸਮ ਦੇ ਕਰਜ਼ੇ ਨੂੰ ਮੁਆਫ਼ ਕਰਨ, ਕਿਸਾਨਾਂ ਨੂੰ ਮੁਫ਼ਤ ਬਿਜਲੀ ਜਾਰੀ ਰੱਖਣ, ਫ਼ਸਲੀ ਵਿਭਿੰਨਤਾ ਲਿਆਉਣ, ਫ਼ਸਲਾਂ ਅਤੇ ਸਿਹਤ ਦਾ ਮੁਫ਼ਤ ਬੀਮਾ ਕਰਨ, ਪੰਜਾਬ ਨੂੰ ਡੇਅਰੀ ਕਿੱਤੇ ਵਿਚ ਮੋਹਰੀ ਸੂਬੇ ਵਜੋਂ ਵਿਕਸਤ ਕਰਨ, ਹਰ ਘਰ ਦੇ ਇਕ ਮੈਂਬਰ ਨੂੰ ਰੁਜ਼ਗਾਰ ਮੁਹੱਈਆ ਕਰਨ, ਬੇਰੁਜ਼ਗਾਰਾਂ ਨੂੰ ਭੱਤਾ ਦੇਣ ਅਤੇ ਪੇਂਡੂ ਮਜਦੂਰਾਂ ਨੂੰ ਅਕਾਲੀ-ਭਾਜਪਾ ਸਰਕਾਰ ਨਾਲੋਂ ਵੀ ਵੱਧ ਤਰ੍ਹਾਂ ਤਰ੍ਹਾਂ ਦੀਆਂ ਸਹੂਲਤਾਂ ਦੇਣ ਦੇ ਵਾਅਦੇ ਕੀਤੇ ਸਨ।ਕੈਪਟਨ ਨੇ ਜਿੰਨੇ ਧੜੱਲੇ ਨਾਲ ਵਾਅਦੇ ਕੀਤੇ ਸਨ, ਉਸ ਤੋਂ ਲੋਕਾਂ ਨੂੰ ਵਾਅਦੇ ਪੂਰੇ ਹੋਣ ਦੀ ਪੂਰੀ ਆਸ ਸੀ।ਪਰ ਜਿਵੇਂ ਜਿਵੇਂ ਸਮਾਂ ਬੀਤਦਾ ਜਾ ਰਿਹਾ ਹੈ, ਉਵੇਂ-ਉਵੇਂ ਸਰਕਾਰ ਆਪਣੇ ਕੀਤੇ ਵਾਅਦਿਆਂ ਤੋਂ ਪਿੱਛੇ ਹਟ ਰਹੀ ਹੈ ਅਤੇ ਲੋਕਾਂ ਦੀ ਸਰਕਾਰ 'ਤੇ ਬੇਭਰੋਸਗੀ ਵਧ ਰਹੀ ਹੈ।ਪਹਿਲਾਂ ਹਰ ਕਿਸਮ ਦੇ ਕਰਜ਼ੇ ਨੂੰ ਮੁਆਫ਼ ਕਰਨ ਦਾ ਵਾਅਦਾ ਸੀ, ਜੋ ਹੁਣ ਇਹ 10.25 ਲੱਖ ਸੀਮਾਂਤਕ (2.5) ਏਕੜ ਅਤੇ ਛੋਟੇ (2.5 ਤੋਂ 5) ਏਕੜ ਤੱਕ ਵਾਲੇ ਕਿਸਾਨ ਪਰਿਵਾਰਾਂ ਦੇ 31 ਮਾਰਚ 2017 ਤੱਕ ਦੇ ਕੇਵਲ 2 ਲੱਖ ਰੁਪਏ ਬੈਂਕਾਂ ਦੇ ਫ਼ਸਲੀ ਕਰਜ਼ੇ ਅਤੇ ਇਕ ਅਪ੍ਰੈਲ਼ 2017 ਤੋਂ ਬੈਂਕ ਵਿਆਜ ਮੁਆਫ਼ ਕਰਨ ਤੱਕ ਸੁੰਘੜ ਕੇ ਰਹਿ ਗਿਆ ਹੈ ਅਤੇ ਪੇਂਡੂ ਮਜਦੂਰਾਂ ਦੇ ਕਰਜ਼ਾ ਮੁਆਫ਼ੀ ਲਈ ਕਮੇਟੀ ਬਣਾ ਕੇ ਚੁੱਪ ਵੱਟ ਲਈ ਹਈ ਹੈ। ਖ਼ਜ਼ਾਨਾ ਖਾਲੀ ਹੋਣ ਦਾ ਬਹਾਨਾ ਲਾ ਕੇ ਕਰਜ਼ਾ ਮੁਆਫ਼ੀ ਦੇ ਨੋਟੀਫੀਕੇਸ਼ਨ ਲਈ ਛੇ ਮਹੀਨੇ ਲਾਰੇ ਲਾਏ ਗਏ। ਹੁਣ ਗੁਰਦਾਸਪੁਰ ਦੀਆਂ ਜ਼ਿਮਨੀ ਚੋਣਾਂ ਨੂੰ ਧਿਆਨ ਵਿੱਚ ਰੱਖ ਕੇ ਕਰਜ਼ਾ ਮੁਆਫ਼ੀ ਦਾ ਨੋਟੀਫੀਕੇਸ਼ਨ ਤਾਂ ਜਾਰੀ ਕਰ ਦਿੱਤਾ ਹੈ ਪਰ ਅਜੇ ਤੱਕ ਇਸ ਨੂੰ ਬੈਂਕਾਂ ਤੋਂ ਉਧਾਰ ਕਰਜ਼ਾ ਚੁੱਕਣ ਕਈ ਕੇਂਦਰ ਦੀ ਹਰੀ ਝੰਡੀ ਨਹੀਂ ਮਿਲੀ।ਮੰਡੀ ਬੋਰਡ ਦਾ ਚੈਅਰਮੈਨ ਲਾਲ ਸਿੰਘ ਅਨੁਸਾਰ ਹੁਣ ਇਹ ਅਮਲ ਗੁਰਦਾਸਪੁਰ ਦੀਆਂ ਜ਼ਿਮਨੀ ਚੋਣਾਂ ਤੋਂ ਬਾਅਦ ਹੀ ਸ਼ੁਰੂ ਹੋਵੇਗਾ। ਉਸ ਨੇ ਹੋਰ ਦੇਰੀ ਹੋਣ ਦੀ ਗੱਲ ਵੀ ਕੀਤੀ ਹੈ। ਇਸ ਤਰ੍ਹਾਂ ਕਰਜ਼ਾ ਮੁਆਫ਼ੀ ਦੇ ਅਮਲ ਦਾ ਸ਼ੁਰੂ ਹੋਣਾ ਅਤੇ ਦੋ ਲੱਖ ਦੀ ਐਲਾਨੀ ਗਈ ਕਰਜ਼ਾ ਮੁਆਫ਼ੀ ਅਜੇ ਵੀ ਦੂਰ ਦੀ ਕੌਡੀ ਬਣੀ ਹੋਈ ਹੈ।

ਕੈਪਟਨ ਸਰਕਾਰ ਹੁਣ ਕਰਜ਼ਾ ਮੁਆਫ਼ ਕਰੇ ਜਾਂ ਨਾ ਕਰੇ ਪਰ ਪੀਏਯੂ ਨੇ ਸਰਕਾਰ ਦੇ 'ਪਬਲਿਕ ਰਿਲੇਸ਼ਨ ਵਿਭਾਗ' ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਨੇ ਐਤਕੀ ਕਿਸਾਨ ਮੇਲੇ 'ਤੇ 'ਸਾਦੇ ਵਿਆਹ-ਸਾਦੇ ਭੋਗ, ਨਾ ਕਰਜ਼ਾ-ਨਾ ਚਿੰਤਾ ਰੋਗ' ਦੇ ਮਾਟੋ ਥੱਲੇ ਕਿਸਾਨਾਂ ਨੂੰ ਕਰਜ਼ੇ ਅਤੇ ਖ਼ੁਦਕੁਸ਼ੀਆਂ ਤੋਂ ਬਚਾਉਣ ਲਈ ਪਰਚਾਰ ਮੁਹਿੰਮ ਸ਼ੁਰੂ ਕੀਤੀ ਹੈ। ਇਸ ਪ੍ਰਚਾਰ ਮੁਹਿੰਮ ਦਾ ਆਗਾਜ਼ ਕੈਪਟਨ ਸਰਕਾਰ ਵੱਲੋਂ ਕਿਸਾਨਾਂ ਦੇ ਕਰਜ਼ੇ ਮੁਆਫ਼ ਨਾ ਕਰ ਸਕਣ ਤੋਂ ਬਾਅਦ ਹੋਇਆ ਹੈ। ਹੁਣ ਤੱਕ ਯੁਨੀਵਰਸਿਟੀ ਕਿਸਾਨਾਂ ਵਿੱਚ ਵਿਗਿਆਨਕ ਸੋਚ ਅਤੇ ਨਜ਼ਰੀਏ ਦਾ ਸੰਚਾਰ ਕਰਨ ਵਜੋਂ ਇਹ ਨਵੇਂ ਬੀਜਾਂ, ਨਵੀਆਂ ਖੇਤੀ ਤਕਨੀਕਾਂ, ਫ਼ਸਲੀ ਬਿਮਾਰੀਆਂ ਦੀ ਰੋਕਥਾਮ, ਨਵੀਆਂ ਪਸ਼ੂਆਂ ਦੀਆਂ ਨਸਲਾਂ, ਨਵੇਂ ਖੇਤੀਬਾੜੀ ਔਜ਼ਾਰਾਂ ਨੂੰ ਵਿਕਸਤ ਕਰਨ ਆਦਿ ਦੇ ਵਿਗਿਆਨਕ ਖੋਜ-ਵਿਕਾਸ ਲਈ ਜਾਣੀ ਜਾਂਦੀ ਹੈ। ਪਰ ਹੁਣ ਇਸ ਨੇ ਖ਼ੁਦਕੁਸ਼ੀਆਂ ਦੇ ਵਰਤਾਰੇ ਦੇ ਮੁੱਖ ਆਰਥਿਕ ਕਾਰਨਾਂ ਦੀ ਬਜਾਏ ਮਨੋਵਿਗਿਆਨਕ ਅਤੇ ਦੋਮ ਦਰਜੇ ਦੇ ਸਮਾਜਿਕ ਕਾਰਨਾਂ ਦਾ ਵਿਸ਼ਲੇਸ਼ਣ ਕਰਕੇ ਇਨ੍ਹਾਂ ਨੂੰ ਰੋਕਣ ਦਾ ਪ੍ਰੋਗਰਾਮ ਬਣਾ ਲਿਆ ਹੈ ਅਤੇ ਇਸ ਨੇ ਵਿਆਹ ਸ਼ਾਦੀਆਂ, ਮਰਨੇ ਦੇ ਭੋਗਾਂ, ਨਸ਼ੇ, ਸ਼ਰਾਬ ਅਤੇ ਹੋਰ ਰਸਮਾਂ-ਰਿਵਾਜਾਂ 'ਤੇ ਖ਼ਰਚਾ ਘੱਟ ਕਰਨ ਕਰਨ ਦਾ ਹੋਕਾ ਕੇ ਦੇ ਕੇ ਕਰਜ਼ੇ ਦਾ ਵੱਡਾ ਕਾਰਨ ਇਨ੍ਹਾਂ 'ਤੇ ਖ਼ਰਚੇ ਨੂੰ ਟਿਕਣ ਦੀ ਕਵਾਇਦ ਸ਼ੁਰੂ ਕਰ ਦਿੱਤੀ ਹੈ। ਪੀਏਯੂ ਦੇ ਉਪ ਕੁਲਪਤੀ ਅਨੁਸਾਰ ਕਿਸਾਨਾਂ ਸਿਰ ਕਰਜ਼ਾ ਪਹਿਲਾਂ ਵੀ ਹੁੰਦਾ ਸੀ ਪਰ ਉਹ ਖ਼ੁਦਕੁਸ਼ੀਆਂ ਨਹੀਂ ਕਰਦੇ ਸਨ। ਉਸ ਅਨੁਸਾਰ ਅਧਿਐਨ ਰਿਪੋਰਟਾਂ ਵਿੱਚ ਕਿਸਾਨਾਂ ਦੀਆਂ ਆਰਥਿਕ ਸਮੱਸਿਆਵਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ। ਉਸ ਅਨੁਸਾਰ ਭਾਈਚਾਰਕ ਸਾਂਝ ਦਾ ਟੁੱਟਣਾ ਖ਼ੁਦਕੁਸ਼ੀਆਂ ਦਾ ਇਕ ਵੱਡਾ ਕਾਰਨ ਹੈ। ਅਜਿਹੇ ਮੌਕਿਆਂ 'ਤੇ ਹੱਲਾਸ਼ੇਰੀ ਦੀ ਲੋੜ ਹੈ। ਉਨ੍ਹਾਂ ਅਨੁਸਾਰ ਪੰਜਾਬ ਦੇ ਕਿਸਾਨਾਂ ਦੀ ਪ੍ਰਤੀ ਏਕੜ ਆਮਦਨ ਸਾਰੇ ਭਾਰਤ ਨਾਲੋਂ ਵੱਧ ਹੈ। ਪਰ ਉਪ ਕੁਲਪਤੀ ਸਾਹਿਬ ਦੀ ਇਹ ਗੱਲ ਠੀਕ ਹੈ ਕਿ ਬਰਤਾਨਵੀ ਰਾਜ ਸਮੇਂ ਵੀ ਪੰਜਾਬ ਦਾ ਕਿਸਾਨ ਕਰਜ਼ੇ ਥੱਲੇ ਜੰਮਦਾ, ਕਰਜ਼ੇ ਥੱਲੇ ਪਲਦਾ ਅਤੇ ਕਰਜ਼ਾ ਛੱਡ ਕੇ ਮਰ ਜਾਂਦਾ ਸੀ ਪਰ ਉਹ ਖ਼ੁਦਕੁਸ਼ੀਆਂ ਨਹੀਂ ਕਰਦਾ ਸੀ। ਪਰ ਉਹ ਇਹ ਗੱਲ ਭੁਲਦੇ ਹਨ ਕਿ 1947 ਤੋਂ ਬਾਅਦ ਪੰਜਾਬ 'ਤੇ ਸਾਮਰਾਜੀ ਅਤੇ ਵਿਸ਼ੇਸ਼ ਕਰਕੇ ਅਮਰੀਕਾ ਵੱਲੋਂ ਥੋਪੇ ਗਏ 'ਹਰੇ ਇਨਕਲਾਬ' ਅਤੇ 1990ਵਿਆਂ ਤੋਂ ਬਾਅਦ ਨਵ-ਉਦਾਰਵਾਦੀ ਨੀਤੀਆਂ ਨਾਲ ਪੰਜਾਬ ਵਿੱਚ ਵੱਡੀਆਂ ਪੂੰਜੀਵਾਦੀ ਤਬਦੀਲੀਆਂ ਹੋਈਆਂ ਹਨ। ਕਿਸਾਨ ਖੇਤੀਬਾੜੀ ਲਾਗਤਾਂ ਪੱਖੋਂ ਦੇਸੀ-ਵਿਦੇਸ਼ੀ ਕੰਪਨੀਆਂ ਦੇ ਮਹਿੰਗੇ ਮਾਲ 'ਤੇ ਨਿਰਭਰ ਹੋ ਗਿਆ ਹੈ। ਕਿਸਾਨੀ ਜਮਾਤਾਂ ਵਿੱਚ ਵਿਭੇਦੀਕਰਨ ਨਾਲ ਪੁਰਾਣੇ ਭਾਈਚਾਰੇ ਵਾਲਾ ਸਮਾਜਿਕ ਢਾਂਚਾ ਟੁੱਟ ਚੁੱਕਾ ਹੈ। ਪੂੰਜੀਵਾਦ ਨੇ ਜਗੀਰੂ ਸਾਂਝੇ ਭਾਈਚਾਰੇ ਨੂੰ ਖੇਰੂੰ ਖੇਰੂੰ ਕਰ ਦਿੱਤਾ ਹੈ, ਵਿਅਕਤੀਆਂ ਦੇ ਰਿਸ਼ਤਿਆਂ ਵਿੱਚ ਅਪਣਤ ਦੀ ਥਾਂ ਪੂੰਜੀ ਅਤੇ ਪੈਸੇ ਨੇ ਲੈ ਲਈ ਹੈ। ਸਮਾਜ ਵਿੱਚ ਮਾਨਵਤਾ ਦੀ ਥਾਂ ਬੇਗਾਨਗੀ (ਏਲੀਨੇਸ਼ਨ) ਨੇ ਲੈ ਲਈ ਹੈ। ਸੀਰੀ, ਦਿਹਾੜੀਦਾਰ ਮਜਦੂਰ ਬਣ ਗਿਆ ਹੈ ਅਤੇ ਪੁਰਾਣਾ ਜਗੀਰਦਾਰ ਪੂੰਜੀਵਾਦੀ ਉਦਮੀ ਬਣ ਗਿਆ ਹੈ। ਸਮਾਜ ਅਨੇਕਾਂ ਪਰਤਾਂ ਵਿੱਚ ਵੰਡਿਆ ਗਿਆ ਹੈ। ਤਰਖਾਣ, ਲੁਹਾਰ, ਨਾਈ, ਛੀਂਬੇ, ਝਿਓਰ, ਜੁਲਾਹੇ ਆਦਿ ਕਿਰਤ ਵੰਡ ਵਾਲਾ ਭਾਈਚਾਰਾ ਟੁੱਟ ਚੁੱਕਾ ਹੈ ਉਸ ਨੂੰ ਪਰਚਾਰ ਕਰਕੇ ਵਾਪਿਸ ਨਹੀਂ ਲਿਆਂਦਾ ਸਕਦਾ। ਸਰਕਾਰ ਦੀਆਂ ਗ਼ਲਤ ਨੀਤੀਆਂ ਕਾਰਨ ਪੇਂਡੂ ਮਜਦੂਰਾਂ, ਸੀਮਾਂਤ ਕਿਸਾਨਾਂ ਅਤੇ ਛੋਟੇ ਕਿਸਾਨਾਂ ਸਿਰ ਉਨ੍ਹਾਂ ਦੀ ਆਮਦਨ ਨਾਲੋਂ ਖ਼ਰਚਾ ਜ਼ਿਆਦਾ ਹੋਣ ਕਰਕੇ ਉਹ ਇਤਨੇ ਕਰਜ਼ੱਈ ਹੋ ਚੁੱਕੇ ਹਨ ਕਿ ਉਹ ਕਰਜ਼ਾ ਲਾਹੁਣ ਦੀ ਹਾਲਤ ਵਿੱਚ ਨਹੀਂ ਹਨ। ਉਨ੍ਹਾਂ ਸਿਰ ਕਰਜ਼ਾ ਫਜ਼ੂਲ ਖ਼ਰਚੀ ਕਾਰਨ ਨਹੀਂ ਚੜ੍ਹਿਆ। ਜਿਥੋਂ ਤੱਕ ਕਿਸਾਨ ਦੇ ਖ਼ਰਚੇ ਅਤੇ ਕਰਜ਼ੇ ਦਾ ਸਬੰਧ ਹੈ, ਪੀਏਯੂ ਦੇ ਅਧਿਐਨਾਂ ਮੁਤਾਬਿਕ ਕਰਜ਼ੇ ਦਾ ਤਿੰਨ-ਚੌਥਾਈ ਹਿੱਸਾ ਕਿਸਾਨ ਖੇਤੀਬਾੜੀ ਪੈਦਾਵਾਰ ਲਾਗਤਾਂ ਵਿੱਚ ਹੀ ਲਾਉਂਦਾ ਹੈ, ਇਸ ਨੂੰ ਉਪਜਾਊ ਖ਼ਰਚਾ ਕਿਹਾ ਜਾਂਦਾ ਹੈ ਅਤੇ ਵਿਆਹ, ਸ਼ਾਦੀਆਂ, ਭੋਗ ਅਤੇ ਹੋਰ ਰਸਮਾਂ 'ਤੇ ਕਰਜ਼ੇ ਦਾ (ਗ਼ੈਰ-ਉਪਜਾਊ ਖ਼ਰਚਾ) ਕੇਵਲ 7.7 ਪ੍ਰਤੀਸ਼ਤ ਹੀ ਖ਼ਰਚ ਹੁੰਦਾ ਹੈ। ਇਸਦੇ ਉਲਟ ਪੀਏਯੂ ਨੇ ਕਿਸਾਨ ਮੇਲੇ ਚ ਜਾਰੀ ਕੀਤੇ ਕਿਤਾਬਚੇ 'ਸਾਦੇ ਵਿਆਹ-ਸਾਦੇ ਭੋਗ,....' ਰਾਹੀਂ ਕਿਸਾਨ ਖ਼ੁਦਕੁਸ਼ੀਆਂ ਦੇ ਅਸਲੀ ਕਾਰਨਾਂ 'ਤੇ ਪਰਦਾ ਪਾਉਣ ਦੀ ਕੋਸ਼ਿਸ ਕੀਤੀ ਹੈ। ਮੇਲੇ ਤੇ ਮਨਪ੍ਰੀਤ ਬਾਦਲ ਕਿਸਾਨਾਂ ਨੂੰ ਇਕ ਡੰਗ ਰੋਟੀ ਖਾ ਕੇ ਵੀ ਬੱਚਿਆਂ ਪੜ੍ਹਾਉਣ ਦੀ ਨਸੀਹਤ ਦੇਣ ਲੱਗ ਪਿਆ। ਹਾਲਾਂਕਿ ਉਸ ਨੂੰ ਪਤਾ ਹੈ ਕਿ ਇਸ ਇਕ ਡੰਗ ਦੀ ਬੱਚਤ ਨਾਲ ਇੰਨੀ ਮਹਿੰਗੀ ਵਿਦਿਆ ਕਦਾਚਿਤ ਦੁਆਈ ਨਹੀਂ ਜਾ ਸਕਦੀ। ਕਿਸਾਨ ਔਖੇ ਹੋ ਕੇ ਪੜ੍ਹਾਈ ਕਾਸ ਲਈ ਕਰਾਉਣ ਜਦੋਂ ਕਿ ਲੱਖਾਂ ਬੇਰੁਜ਼ਗਾਰ ਨੌਜਵਾਨਾਂ ਨੂੰ ਉਸ ਦੀ ਸਰਕਾਰ ਰੁਜ਼ਗਾਰ ਦੇਣ ਦਾ ਵਾਅਦਾ ਪੂਰਾ ਨਹੀਂ ਕਰ ਰਹੀ।ਡਿਪਟੀ ਸਪੀਕਰ ਅਜੈਬ ਸਿੰਘ ਭੱਟੀ ਖ਼ੁਦਕੁਸ਼ੀਆਂ ਕਰਨ ਵਾਲੇ ਮਜਦੂਰਾਂ-ਕਿਸਾਨਾਂ ਨੂੰ ਬੁਜ਼ਦਿਲ ਕਹਿਕੇ ਉਹ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਨਾਲ ਹਮਦਰਦੀ ਕਰਨ ਦੀ ਬਜਾਏ ਉਨ੍ਹਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕ ਰਿਹਾ ਹੈ। ਕੀ ਪੰਜਾਬ ਦੇ 15 ਹਜ਼ਾਰ ਤੋਂ ਵੱਧ ਅਤੇ ਭਾਰਤ ਦੇ 3.5 ਲੱਖ ਤੋਂ ਵੱਧ ਹਜਾਰਾਂ ਸਾਲਾਂ ਤੋਂ ਮੀਂਹ, ਹਨੇਰੀਆਂ, ਝੱਖੜਾਂ, ਜੇਠ ਦੀ ਧੁਪਾਂ, ਪੋਹ ਦੀਆਂ ਠੰਢਾਂ ਝਲਦੇ ਅਤੇ ਸੱਪਾਂ ਦੀਆਂ ਸਿਰੀਆਂ ਮਿਧਦੇ ਖੇਤੀ ਕਾਮਿਆਂ ਨੇ ਹੁਣ ਪਿਛਲੇ ਦੋ ਦਹਾਕਿਆਂ ਤੋਂ ਬੁਜ਼ਦਿਲੀ ਕਾਰਨ ਖ਼ੁਦਕੁਸ਼ੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ? ਖ਼ੁਦਕੁਸ਼ੀ ਕਰਨਾ ਕੋਈ ਫੈਸ਼ਨ ਨਹੀਂ ਹੁੰਦਾ, ਕੋਈ ਵੀ ਮਿਹਨਤੀ ਵਿਅਕਤੀ ਉਦੋਂ ਖ਼ੁਦਕੁਸ਼ੀ ਕਰਦਾ ਹੈ, ਜਦੋ ਉਸ ਨੂੰ ਕੋਈ ਹੋਰ ਰਸਤਾ ਦਿਖਾਈ ਨਹੀਂ ਦਿੰਦਾ। ਪੇਂਡੂ ਮਜਦੂਰਾਂ ਅਤੇ ਕਿਸਾਨਾਂ ਦੀ ਉਪਜੀਵਕਾ ਦਾ ਸਾਧਨ ਜ਼ਮੀਨ ਹੀ ਹੈ। ਪਰ ਕਿਸਾਨਾਂ ਦੇ ਹੱਥੋਂ ਜ਼ਮੀਨ ਖਿਸਕ ਰਹੀ ਹੈ ਅਤੇ ਪੰਜਾਬ ਵਿੱਚ ਦੋ ਲੱਖ ਚੋਂਟੇ ਕਿਸਾਨਾਂ ਖੇਤੀ ਧੰਦਾ ਛੱਡ ਚੁੱਕੇ ਹਨ। ਸੰਕਟ ਵਿੱਚ ਫਸੇ ਛੋਟੇ ਅਤੇ ਸੀਮਾਂਤ ਕਿਸਾਨ ਆਪਣੀ ਜ਼ਮੀਨ ਜਾਇਦਾਦ ਵੇਚ ਕੇ ਵੀ ਆਪਣੇ ਪਰਿਵਾਰ ਦੀਆਂ ਰੋਜਮਰ੍ਹਾ ਦੀਆਂ ਲੋੜਾਂ, ਬੱਚਿਆਂ ਦੀ ਪੜ੍ਹਾਈ, ਬਿਮਾਰੀ ਅਤੇ ਹੋਰ ਮਹਿੰਗੇ ਖ਼ਰਚਿਆਂ ਕਾਰਨ ਆਪਣਾ ਜਵਿਨ ਪੱਧਰ ਬਰਕਰਾਰ ਨਹੀਂ ਰੱਖ ਸਕਦੇ। ਬੈਂਕਾਂ, ਸ਼ਾਹੂਕਾਰਾਂ ਅਤੇ ਰਿਸ਼ਤੇਦਾਰਾਂ ਕੋਲੋ ਉਨ੍ਹਾਂ ਦੇ ਉਧਾਰ ਸੋਮੇ ਵੀ ਖ਼ਤਮ ਹੋ ਜਾਂਦੇ ਹਨ। ਚਾਰੇ ਪਾਸੇ ਉਨ੍ਹਾਂ ਨੂੰ ਕੋਈ ਸਹਾਰਾ ਨਹੀਂ ਦਿਸਦਾ। ਬੇਗਾਨਗੀ ਦੇ ਆਲਮ 'ਚ ਉਨ੍ਹਾਂ ਕੋਲ ਖ਼ੁਦਕੁਸ਼ੀਆਂ ਬਿਨਾਂ ਕੋਈ ਚਾਰਾਂ ਨਹੀਂ ਰਹਿੰਦਾ। ਮਸ਼ੀਨੀਕਰਨ ਅਤੇ ਰਦਾਇਣਾਂ ਦੀ ਵਰਤੋਂ ਨੇ ਪੇਂਡੂ ਮਜਦੂਰਾਂ ਦੀਆਂ ਦਿਹਾੜੀਆਂ ਘਟਾ ਦਿੱਤੀਆਂ ਹਨ। ਮਜਦੂਰਾਂ ਦੇ ਉਪਜੀਵਕਾ ਦੇ ਸ਼ਾਧਨ ਦਿਹਾੜੀਆ ਖੁਸਣ ਕਾਰਨ ਉਹ ਵੀ ਖ਼ੁਦਕੁਸ਼ੀਆਂ ਦੇ ਰਾਹ ਪੈ ਰਹੇ ਹਨ। ਉਧਰ ਪਿਛਲੇ ਛੇ ਮਹੀਨਿਆਂ ਤੋਂ ਕਰਜ਼ਾ ਮੁਆਫ਼ੀ ਦੇ ਲਾਰਿਆਂ ਤੋਂ ਕਿਸਾਨ-ਮਜਦੂਰ ਅੱਕੇ ਪਏ ਹਨ ਪਰ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਪੰਜਾਬ ਵਿਧਾਨ ਸਭਾ ਮੈਂਬਰਾਂ ਦੀ ਪੰਜ ਮੈਂਬਰੀ ਕਮੇਟੀ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਨੂੰ ਫੋਕੇ ਦਿਲਾਸੇ ਦੇ ਕੇ ਉਨ੍ਹਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਦਾ ਕੰਮ ਕਰ ਰਹੀ ਹੈ। ਇਸ ਦੇ ਬਾਵਜੂਦ ਕੈਪਟਨ ਅਮਰਿੰਦਰ ਸਿੰਘ ਕਹਿ ਰਿਹਾ ਹੈ ਕਿ ਯੂਨੀਅਨਾਂ ਦੇ ਆਗੂ ਕਿਸਾਨਾਂ ਨੂੰ ਗੁੰਮਰਾਹ ਕਰ ਰਹੇ ਹਨ ।

'ਆਜ਼ਾਦੀ' ਤੋਂ ਬਾਅਦ ਕਿਸਾਨਾਂ ਦੀ ਹਾਲਤ ਬਰਤਾਨਵੀ ਹਕੂਮਤ ਨਾਲੋਂ ਵੀ ਬਦਤਰ ਹੋਈ ਹੈ। ਬਰਤਾਨਵੀ ਰਾਜ ਸਮੇਂ ਬੰਗਾਲ ਵਿੱਚ 30 ਲੱਖ ਲੋਕ ਅਤੇ ਪੰਜਾਬ ਵਿੱਚ 1850 ਤੋਂ 1900 ਵਿਚਕਾਰ 25 ਵਾਰੀ ਅਕਾਲ ਪੈਣ ਨਾਲ ਕਰਜ਼ੇ ਥੱਲੇ ਦੱਬੇ ਲੱਖਾਂ ਗ਼ਰੀਬ ਅਕਾਲ ਵਿੱਚ ਮਰ ਗਏ ਸਨ। ਪਰ ਇਨ੍ਹਾਂ ਵਿੱਚ ਨਾ ਕੋਈ ਅੰਗਰੇਜ ਸੀ, ਨਾ ਜਗੀਰਦਾਰ ਅਤੇ ਨਾ ਹੀ ਸ਼ਾਹੂਕਾਰ। ਹੁਣ 'ਆਜ਼ਾਦ' ਭਾਰਤ ਅੰਦਰ ਖ਼ੁਦਕੁਸ਼ੀਆਂ ਕਰਨ ਵਾਲੇ ਵੀ ਗ਼ਰੀਬ ਹੀ ਹਨ। ਭਾਰਤੀ ਸਰਕਾਰ ਵਾਂਗ ਬਰਤਾਨਵੀ ਹਕੂਮਤ ਵੀ ਪੰਜਾਬ ਦੇ ਕਿਸਾਨ ਨੂੰ ਗੰਵਾਰ, ਸ਼ਰਾਬੀ-ਕਬਾਬੀ, ਮੁਕੱਦਮੇਬਾਜ਼ ਅਤੇ ਸ਼ਾਹੂਕਾਰ ਤੋਂ ਵਿਆਜ ਲੈਣ ਵਾਲਾ ਜੱਟ-ਬੂਟ ਕਹਿੰਦੀ ਸੀ।ਬਰਤਾਨਵੀ ਹਕੂਮਤ ਦੇ ਇਸ ਕੂੜ ਪਰਚਾਰ ਦੇ ਪ੍ਰਭਾਵ ਵਿੱਚ ਆ ਕੇ ਧਨੀ ਰਾਮ ਚਾਤ੍ਰਿਕ ਨੇ ਆਪਣੀ ਚਰਚਿੱਤ ਕਵਿਤਾ 'ਗ਼ਰੀਬ ਕਿਰਸਾਨ' 'ਚ ਲਿਖਿਆ ਸੀ, ਉਇਕ ਇਲਮ ਦੀ ਊਣ ਹੈ, ਮੁੰਡੇ ਪੜ੍ਹਨੇ ਪਾਇ। ਦੂਜਾ ਝੱਸ ਸ਼ਰਾਬ ਦਾ, ਇਸ ਤੋਂ ਜਾਨ ਛੁਡਾਇ। 33. ਤੀਜਾ ਐਬ ਕੁਪੱਤ ਦਾ, ਖਹਿ ਖਹਿ ਮਰੇ ਭਰਾਇ, ਫੇਰ ਮੁਕੱਦਮੇ ਲੜਦਿਆਂ, ਝੁੱਗਾ ਉਜੜ ਜਾਇ। 34. ਪੰਜਵਾਂ ਚਸਕਾ ਕਰਜ਼ ਦਾ, ਵਾਹਣ ਛਡੇਂ ਤੂੰ ਖਾਇ, ਪੰਜੇ ਭੈੜੀਆਂ ਵਾਦੀਆਂ, ਬਰਕਤ ਖੜ੍ਹਨ ਉਡਾਇ। 35. ਜੇ ਪੰਜਾਂ ਦੇ ਪੰਜਿਓਂ ਪਾ ਲਵੇਂ ਛੁਟਕਾਰ, ਫਿਰ ਜੇ ਪੂਰੀ ਨਾ ਪਵੇ, 'ਚਾਤ੍ਰਿਕ' ਜ਼ੁੰਮੇਵਾਰ"। 36. ਬਰਤਾਨਵੀ ਕੂੜ ਪ੍ਰਚਾਰ ਕਿਸਾਨਾਂ ਸਿਰ ਕਰਜ਼ੇ ਦੇ ਅਸਲੀ ਕਾਰਨਾਂ 'ਤੇ ਪਰਦਾਪੋਸ਼ੀ ਕਰਦਾ ਸੀ। ਕਿਸਾਨਾਂ ਸਿਰ ਕਰਜ਼ੇ ਦਾ ਅਸਲੀ ਕਾਰਨ ਬਰਤਾਨਵੀ ਬਸਤੀਵਾਦੀਆਂ, ਸ਼ਾਹੂਕਾਰਾਂ ਅਤੇ ਜਗੀਰਦਾਰਾਂ ਵੱਲੋਂ ਅੰਨੀ ਲੁੱਟ ਕਰਨਾ ਸੀ। ਇਸ ਅੰਨੀ ਲੁੱਟ ਕਾਰਨ ਹੀ ਕਿਸਾਨ ਕਰਜ਼ੇ ਥੱਲੇ ਰਹਿੰਦਾ ਸੀ। ਹੁਣ ਵੀ ਦੇਸ਼ ਦੇ ਹੁਕਮਰਾਨਾਂ ਨੇ ਮਜਦੂਰ-ਕਿਸਾਨ ਵਿਰੋਧੀ ਨੀਤੀਆਂ ਅਪਣਾ ਕੇ ਖੇਤੀਬਾੜੀ ਵਿੱਚੋਂ ਵੱਧ ਤੋਂ ਵੱਧ ਵਾਫ਼ਰ ਕਦਰ ਨਿਚੋੜਨ ਲਈ ਖੇਤੀਬਾੜੀ ਨੂੰ ਘਾਟੇ ਵਾਲਾ ਧੰਦਾ ਬਣਾਇਆ ਹੋਇਆ ਹੈ। ਉਹ ਖੁਦ ਹੀ ਇਸ ਨੂੰ ਘਾਟੇਵੰਦਾ ਬਣਾ ਕੇ ਕਿਸਾਨਾਂ ਨੂੰ ਖੇਤੀਬਾੜੀ ਛੱਡਣ ਦਾ 'ਉਪਦੇਸ਼' ਦਿੰਦੇ ਹਨ

ਕਿਸਾਨੀ ਕਰਜ਼ੇ ਅਤੇ ਖ਼ੁਦਕੁਸ਼ੀਆਂ ਦੇ ਅਸਲੀ ਕਾਰਨ ਜ਼ਮੀਨ ਦੀ ਅਣਸਾਵੀਂ ਵੰਡ ਦਾ ਹੋਣਾ; ਛੋਟੇ ਅਤੇ ਸ਼ੀਮਾਂਤ ਕਿਸਾਨਾਂ ਨੂੰ ਜ਼ਮੀਨ ਮਹਿੰਗੇ ਲਗਾਨ 'ਤੇ ਮਿਲਣਾ; ਵਪਾਰਕ ਸ਼ਰਤਾਂ ਦਾ ਖੇਤੀਬਾੜੀ ਦੇ ਉਲਟ ਹੋਣਾ; ਖੇਤੀਬਾੜੀ ਦੀਆਂ ਲਾਗਤਾਂ ਦਾ ਮਹਿੰਗੀਆਂ ਹੋਣਾ, ਬੈਂਕਾਂ ਅਤੇ ਸ਼ਾਹੂਕਾਰਾਂ ਕੋਲੋ ਉਧਾਰ ਦਾ ਮਹਿੰਗੇ ਵਿਆਜ 'ਤੇ ਮਿਲਣਾ; ਕੁੱਲੀ, ਜੁੱਲੀ, ਗੁੱਲੀ, ਵਿਦਿਆ, ਸਿੱਹਤ, ਬਿਜਲੀ, ਪਾਣੀ ਅਤੇ ਜੀਵਨ ਦੀਆਂ ਹੋਰ ਜ਼ਰੂਰਤਾਂ ਦਾ ਦਿਨੋ ਦਿਨ ਮਹਿੰਗੀਆਂ ਹੋਣਾ; ਮਜਦੂਰਾਂ-ਕਿਸਾਨਾਂ ਦੀ ਆਮਦਨ ਨਾਲੋਂ ਖ਼ਰਚਾ ਵਧ ਹੋਣਾ ਹਨ। ਵਿਆਹ ਅਤੇ ਭੋਗਾਂ ਦਾ ਖ਼ਰਚਾ ਘਟਾਉਣ ਲਈ ਪਹਿਲਾਂ ਸਿਆਸੀ ਆਗੂਆਂ ਅਤੇ ਆਪਣੇ ਆਪ ਨੂੰ ਪਤਵੰਤੇ ਸਮਝਣ ਵਾਲੇ ਵਿਅਕਤੀਆਂ ਨੂੰ ਰੋਲ ਮਾਡਲ ਬਣਨਾ ਚਾਹੀਦਾ ਹੈ। ਵਿਆਹ ਅਤੇ ਭੋਗਾਂ 'ਤੇ ਖ਼ਰਚਾ ਘਟਾਉਣ ਲਈ ਪਿੰਡਾਂ ਅਤੇ ਸ਼ਹਿਰਾਂ ਵਿੱਚ ਸਾਂਝੇ ਕਮਿਊਨਿਟੀ ਹਾਲ ਬਣਾ ਕੇ 'ਨਾ ਹਾਨੀ, ਨਾ ਮੁਨਾਫ਼ੇ' 'ਤੇ ਮਿਲਣੇ ਚਾਹੀਦੇ ਹਨ; ਬਣੇ ਹੋਏ ਮੈਰਿਜ ਪੈਲਸ ਸਰਕਾਰ ਨੂੰ ਆਪਣੇ ਹੱਥ ਲੈਣੇ ਚਾਹੀਦੇ ਹਨ; ਵਿਆਹਾਂ ਲਈ ਸਾਰੀ ਸਮੱਗਰੀ ਜਨਤਕ ਵੰਡ ਪ੍ਰਨਾਲੀ ਰਾਹੀਂ ਸਬਸਿਡੀ 'ਤੇ ਸਸਤੀ ਮਿਲਣੀ ਚਾਹੀਦੀ ਹੈ। ਮਨੋਵਿਗਿਆਨਕ ਬਿਮਾਰੀ ਵਾਲੇ ਮਜਦੂਰਾਂ-ਕਿਸਾਨਾਂ ਦਾ ਮੁਫ਼ਤ ਇਲਾਜ ਕਰਨਾ ਚਾਹੀਦਾ ਹੈ। ਖ਼ੁਦਕੁਸ਼ੀਆਂ ਨੂੰ ਫੌਰੀ ਰੋਕਣ ਲਈ ਦੋ ਸਾਲ ਦੀ ਆਮਦਨ ਨਾਲੋਂ ਜ਼ਿਆਦਾ ਕਰਜ਼ੇ ਵਾਲੇ ਮਜਦੂਰ ਅਤੇ ਕਿਸਾਨ ਦੇ ਯਕਮੁਸ਼ਤ ਕਰਜ਼ੇ ਨੂੰ ਮੁਆਫ਼ ਕਰਨ; ਸਾਰੇ ਕਰਜ਼ੇ ਨੂੰ ਬਿਨਾਂ ਵਿਆਜ ਦੋ ਸਾਲਾਂ ਲਈ ਅੱਗੇ ਪਾਉਣ; ਜ਼ਮੀਨ ਦੀ ਅਣਸਾਵੀਂ ਵੰਡ ਦੀ ਮੁੜ-ਵਿਉਂਤਵੰਦੀ ਕਰਕੇ ਸਾਂਝੇ ਫਾਰਮ ਬਣਾਉਣ; ਸਵਾਮੀਨਾਥਨ ਦੀਆਂ ਸਿਫਾਰਿਸ਼ਾਂ ਲਾਗੂ ਕਰਨ; ਖੇਤੀ ਲਾਗਤਾਂ ਨੂੰ ਸਸਤਾ ਕਰਨ ਲਈ ਉਨ੍ਹਾਂ ਨੂੰ ਪੈਦਾ ਕਰਨ ਵਾਲੀਆ ਕੰਪਨੀਆਂ ਉਪਰ ਸਰਕਾਰੀ ਕੰਟਰੋਲ ਕਰਕੇ ਜਾਂ ਇਨ੍ਹਾਂ ਨੂੰ ਸਰਕਾਰ ਅਧੀਨ ਲਿਆ ਕੇ ਸਸਤੀਆਂ ਕਰਨ; ਮਜਦੂਰਾਂ-ਕਿਸਾਨਾਂ ਨੂੰ ਸਸਤਾ ਕਰਜ਼ਾ ਦੇਣ ਲਈ ਕਿਸਾਨ ਅਤੇ ਮਜਦੂਰ ਬੈਂਕ ਅਲੱਗ ਬਣਾਉਣ; ਜਨਤਕ ਵੰਡ ਪ੍ਰਨਾਲੀ ਨੂੰ ਮੁੜ ਸ਼ੁਰੂ ਕਰਨ; ਮਜਦੂਰਾਂ ਦੀ ਆਮਦਨ ਵਧਾਉਣ, ਘਰ ਮੁਹੱਈਆ ਕਰਨ, ਪੱਕਾ ਰੁਜ਼ਗਾਰ ਅਤੇ ਪੈਨਸ਼ਨ ਦੇਣ, ਵਰਗੇ ਕਦਮ ਚੁੱਕ ਕੇ ਖ਼ੁਦਕੁਸ਼ੀਆਂ ਨੂੰ ਰੋਕਿਆ ਜਾ ਸਕਦਾ ਹੈ। ਪਰ ਮਜਦੂਰਾਂ-ਕਿਸਾਨਾਂ ਦਾ ਅਸਲੀ ਕਲਿਆਣ ਮਜਦੂਰਾਂ-ਕਿਸਾਨਾਂ ਦੇ ਰਾਜ ਸਥਾਪਤ ਕਰਨ ਨਾਲ ਹੀ ਹੋ ਸਕਦਾ ਹੈ।


ਸੰਪਰਕ:7888327695



# ਅਲਬਰਟਾ ਸੂਬੇ ਦੀਆਂ ਸਿਟੀ ਕੌਂਸਲ ਚੋਣਾਂ 'ਚ ਚਾਰ ਪੰਜਾਬੀ ਕੌਂਸਲਰ ਬਣੇ

## ਜੌਰਜ ਚਾਹਲ, ਜੋਤੀ (ਗਰੇਵਾਲ) ਗੌਂਡੇਕ, ਮਹਿੰਦਰ (ਮੋਇ) ਬੰਗਾ ਤੇ ਯਾਦਵਿੰਦਰ ਮਿਨਹਾਸ ਜਿੱਤੇ



ਕੈਲਗਰੀ (ਸੁਖਵੀਰ ਗਰੇਵਾਲ) : ਅਲਬਰਟਾ ਸੂਬੇ ਦੇ ਵੱਖ-ਵੱਖ ਸ਼ਹਿਰਾਂ ਵਿੱਚ 16 ਅਕਤੂਬਰ ਨੂੰ ਪਈਆਂ ਸਿਟੀ ਕੌਂਸਿਲ ਦੀਆਂ ਚੋਣਾਂ ਦੌਰਾਨ ਪੰਜਾਬੀ ਮੂਲ ਦੇ ਚਾਰ ਉਮੀਦਵਾਰਾਂ ਨੇ ਜਿੱਤ ਪ੍ਰਾਪਤ ਕੀਤੀ ਹੈ। ਕੈਲਗਰੀ ਦੇ ਵਾਰਡ ਨੰਬਰ 5 ਤੋਂ ਜੌਰਜ ਚਾਹਲ,ਵਾਰਡ ਨੰਬਰ-3 ਤੋਂ ਜੋਤੀ (ਗਰੇਵਾਲ) ਗੌਂਡੇਕ, ਐਡਮਿੰਟਨ ਦੇ ਵਾਰਡ ਨੰਬਰ 12 ਤੋਂ ਮਹਿੰਦਰ (ਮੋਇ) ਬੰਗਾ ਤੇ ਗਰੈਂਡਪਰੇਰੀ ਤੋਂ ਯਾਦਵਿੰਦਰ (ਯਾਦ) ਮਿਨਹਾਸ ਨੇ ਚੋਣ ਜਿੱਤੀ ਹੈ।

ਵਾਰਡ-5: ਕੈਲਗਰੀ ਦੇ ਵਾਰਡ ਨੰਬਰ-5 ਦਾ ਚੋਣ ਦੰਗਲ਼ ਪਿਛਲੇ ਕਈ ਦਿਨਾਂ ਤੋਂ ਸਭ ਤੋਂ ਵੱਧ ਭਖਿਆ ਹੋਇਆ ਸੀ। ਪੰਜਾਬੀ ਵਸੋਂ ਵਾਲ਼ੇ ਇਸ ਵਾਰਡ ਵਿੱਚ ਬੇਹਿਸਾਬ ਸਾਈਨ ਬੋਰਡਾਂ ਅਤੇ ਚੋਣ ਰੈਲੀਆਂ ਕਰਕੇ ਇਹ ਵਾਰਡ ਪੂਰੇ ਸ਼ਹਿਰ ਵਿੱਚ ਚਰਚਾ ਦਾ ਵਿਸ਼ਾ ਬਣਿਆ ਰਿਹਾ। ਸਾਬਕਾ ਕੌਂਸਲਰ ਜਿੰਮ ਸਟੀਵਸਨ ਵਲੋਂ ਇਸ ਵਾਰ ਚੋਣ ਨਾ ਲੜਨ ਦੇ ਫੈਸਲੇ ਅਤੇ ਵਾਰਡਾਂ ਦੀ ਨਵੀਂ ਹੱਦਬੰਦੀ ਤੋਂ ਬਾਅਦ ਵਾਰਡ ਨੰਬਰ-5 ਦੀ ਚੋਣ ਕਾਫੀ ਦਿਲਚਸਪ ਬਣ ਗਈ ਸੀ ਤੇ ਕਈ ਨਵੇਂ ਉਮੀਦਵਾਰਾਂ ਨੇ ਇਸ ਵਾਰਡ ਤੋਂ ਕਾਗਜ਼ ਭਰੇ ਸਨ ਜਿਹਨਾਂ ਵਿੱਚ ਜਿਆਦਾਤਰ ਉਮੀਦਵਾਰ ਦੱਖਣੀ ਏਸ਼ਿਆਈ ਮੂਲ ਦੇ ਸਨ। ਜੌਰਜ ਚਾਹਲ ਨੇ ਵੱਡੇ ਫਰਕ ਨਾਲ਼ ਇਹ ਚੋਣ ਜਿੱਤ ਲਈ। ਜੌਰਜ ਚਾਹਲ 1975 ਵਿੱਚ ਕੈਲਗਰੀ ਵਿੱਚ ਜੰਮੇ ਤੇ ਪਲ਼ੇ। ਉਹਨਾਂ ਦੇ ਮਾਪੇ ਚੰਗੇ ਭਵਿੱਖ ਦੀ ਆਸ ਵਿੱਚ 1972 ਵਿੱਚ ਪੰਜਾਬ ਤੋਂ ਕੈਨੇਡਾ ਆ ਗਏ ਸਨ। ਜੌਰਜ ਚਾਹਲ ਨੇ ਸਿਟੀ ਪਲੈਨਿੰਗ ਵਿੱਚ ਮਾਸਟਰ ਦੀ ਡਿਗਰੀ ਕੀਤੀ ਹੈ। ਜੌਰਜ ਚਾਹਲ ਦਾ ਖੇਡਾਂ ਨਾਲ਼ ਖਾਸ ਲਗਾਓ ਹੈ। ਬਤੌਰ ਖਿਡਾਰੀ ਬਾਲ ਹਾਕੀ ਵਿੱਚ ਉਹਨਾਂ ਕਾਫੀ ਮੱਲ੍ਹਾਂ ਮਾਰੀਆਂ ਹਨ।

ਇਸੇ ਤਰ੍ਹਾਂ ਕੈਲਗਰੀ ਦੇ ਵਾਰਡ-3 ਤੋਂ ਜੋਤੀ ਗੌਂਡੇਕ ਨੇ ਜਿੱਤ ਪ੍ਰਾਪਤ ਕੀਤੀ ਹੈ। ਇੱਕ ਪੜ੍ਹੇ ਲਿਖੇ ਪਰਿਵਾਰ ਨਾਲ਼ ਸੰਬਧਿਤ ਜੋਤੀ ਨੇ ਪੀ.ਐਚ.ਡੀ. ਕੀਤੀ ਹੈ ਤੇ ਉਹ ਕੈਲਗਰੀ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਹਨ। ਕੈਲਗਰੀ ਸਿਟੀ ਕੌਂਸਿਲ ਦੇ ਹੋਂਦ (1823) 'ਚ ਆਉਣ ਤੋਂ ਲੈ ਕੇ ਹੁਣ ਤੱਕ ਕੈਲਗਰੀ ਸਿਟੀ ਹਾਲ ਵਿੱਚ ਪੁੱਜਣ ਵਾਲ਼ੇ ਇਹ ਦੋਵੇਂ ਪਹਿਲੇ ਪੰਜਾਬੀ ਕੌਂਸਲਰ ਬਣ ਗਏ ਹਨ।

ਇਸ ਤੋਂ ਇਲਾਵਾ ਐਡਮਿੰਟਨ ਸ਼ਹਿਰ ਦੇ ਵਾਰਡ ਨੰਬਰ -12 ਤੋਂ ਪੰਜਾਬੀ ਮੂਲ ਦੇ ਉਮੀਦਵਾਰ ਮਹਿੰਦਰ (ਮੋਅ) ਬੰਗਾ ਦੁਬਾਰਾ ਚੋਣ ਜਿੱਤ ਗਏ। ਮੋਇ ਬੰਗਾ ਐਡਮਿੰਟਨ ਪੁਲੀਸ ਤੋਂ ਸੇਵਾ ਮੁਕਤ ਹੋ ਕੇ ਇਸ ਖੇਤਰ ਵਿੱਚ ਆਏ ਸਨ ਤੇ ਉਹਨਾਂ ਨੇ ਪਿਛਲੀ ਵਾਰ ਇਸ ਵਾਰਡ ਤੋਂ ਉਸ ਸਮੇਂ ਕੌਂਸਲਰ ਦੀ ਚੋਣ ਜਿੱਤੀ ਸੀ ਜਦੋਂ ਪਿਛਲੇ ਕੌਂਸਲਰ ਅਮਰਜੀਤ ਸੋਹੀ ਬਤੌਰ ਐਮ.ਪੀ. ਚੁਣੇ ਗਏ ਸਨ। ਅਲਬਰਟਾ ਸੂਬੇ ਲਈ ਤੇਲ ਦਾ ਗੜ੍ਹ ਮੰਨੇ ਜਾਂਦੇ ਸ਼ਹਿਰ ਗਰੈਂਪਰੇਰੀ ਤੋਂ ਯਾਦਵਿੰਦਰ (ਯਾਦ) ਮਿਨਹਾਸ ਨੇ ਬਤੌਰ ਕੌਂਸਲਰ ਚੋਣ ਜਿੱਤੀ ਹੈ। ਮਿਨਹਾਸ ਪਰਿਵਾਰ ਇਸ ਸ਼ਹਿਰ ਵਿੱਚ ਪੂਰੀ ਤਰਾਂ ਸਮਾਜ ਸੇਵਾ ਨੂੰ ਸਮਰਪਿਤ ਹੈ। ਇਸ ਪਰਿਵਾਰ ਦੇ ਵੱਡੇ ਯੋਗਦਾਨ ਸਦਕਾ ਹੀ ਪਿੱਛੇ ਜਿਹੇ ਸ਼ਹਿਰ ਵਾਸੀਆਂ ਨੇ ਹਸਪਤਾਲ ਦੇ ਟਰੌਮਾ ਸੈਂਟਰ ਲਈ ਦੋ ਲੱਖ ਡਾਲਰ ਦੀ ਰਾਸ਼ੀ ਇੱਕਤਰ ਕੀਤੀ ਸੀ।

ਇਸੇ ਤਰ੍ਹਾਂ ਕੈਲਗਰੀ ਤੋਂ ਨਾਹੀਦ ਨੈਨਸ਼ੀ ਤੇ ਐਡਮਿੰਟਨ ਤੋਂ ਡੌਨ ਇਵਨਸਨ ਦੁਬਾਰਾ ਮੇਅਰ ਚੋਣ ਜਿੱਤ ਗਏ ਹਨ। ਕੈਲਗਰੀ ਮੇਅਰ ਦੀ ਚੋਣ ਲਈ ਇਸ ਵਾਰ ਮੁਕਾਬਲਾ ਕਾਫੀ ਸਖਤ ਸੀ ਪਰ ਨਾਹੀਦ ਨੈਨਸ਼ੀ ਨੇ ਤੀਜੀ ਵਾਰ ਇਸ ਚੋਣ ਜਿੱਤ ਲਈ ਹੈ। ਨੈਨਸ਼ੀ ਨੂੰ 199122 ਵੋਟਾਂ ਪਈਆਂ। ਬਿੱਲ ਸਮਿੱਥ 169367 ਵੋਟਾਂ ਨਾਲ਼ ਦੂਜੇ ਸਥਾਨ ਤੇ ਰਹੇ। ਐਡਮਿੰਟਨ ਦੇ ਮੇਅਰ ਦੀ ਚੋਣ ਡੌਨ ਇਵਨਸਨ ਨੇ ਬੜੀ ਅਸਾਨੀ ਨਾਲ਼ ਜਿੱਤ ਲਈ ਹੈ। 72.47 ਫੀਸਦੀ ਵੋਟਾਂ ਲੈ ਕੇ ਉਹ ਦੂਜੀ ਵਾਰ ਮੇਅਰ ਬਣਨ ਵਿੱਚ ਕਾਮਯਾਬ ਹੋ ਗਏ ਹਨ।













# ਰੂਸੀ ਇਨਕਲਾਬ ਦੀ 100ਵੀਂ ਵਰ੍ਹੇਗੰਢ ਦੇ ਮੌਕੇ ਡਾ. ਕਾਲੀਆ ਦੀ ਕਿਤਾਬ ਰਿਲੀਜ਼

## ਬਹੁ ਭਾਸ਼ਾਈ ਕਵੀ ਦਰਬਾਰ ਅਤੇ ਕਿਤਾਬ ਪ੍ਰਦਰਸ਼ਨੀ ਨੂੰ ਭਰਵਾਂ ਹੁੰਗਾਰਾ







ਐਡਮਿੰਟਨ : ਪ੍ਰੋਗਰੈਸਿਵ ਪੀਪਲਜ਼ ਆਫ਼ ਐਡਮਿੰਟਨ ਵਲੋਂ 15 ਅਕਤੂਬਰ ਨੂੰ ਰੂਸੀ ਇਨਕਲਾਬ ਦੀ 100ਵੀਂ ਵਰ੍ਹੇਗੰਢ ਮਨਾਉਣ ਲਈ ਬਹੁ-ਭਾਸ਼ਾਈ ਕਵੀ ਦਰਬਾਰ ਅਤੇ ਕਿਤਾਬ ਰਿਲੀਜ਼ ਸਮਾਗਮ ਕਰਵਾਇਆ ਗਿਆ। ਆਰੀਆ ਬੈਂਕੁਇਟ ਫ਼ੈਕਲਿਟੀ (ਮਹਾਰਾਜਾ ਬੈਂਕੁਇਟ ਹਾਲ) ਵਿਖੇ ਕਰਵਾਏ ਇਸ ਸਮਾਗਮ ਵਿੱਚ ਸੰਸਥਾ ਦੇ ਪ੍ਰਧਾਨ ਡਾ. ਪੀ ਆਰ. ਕਾਲੀਆ ਵਲੋਂ ਸੰਪਾਦਿਤ ਕਿਤਾਬ 'ਪਹਿਲੇ ਸਮਾਜਵਾਦੀ ਇਨਕਲਾਬ ਤੋਂ 100 ਸਾਲ ਬਾਅਦ' ਰਿਲੀਜ਼ ਕੀਤੀ ਗਈ। ਇਹ ਕਿਤਾਬ ਪੀ.ਪੀ.ਐਫ਼.ਈ.ਵਲੋਂ ਪ੍ਰਕਾਸ਼ਿਤ ਕੀਤੀ ਗਈ ਹੈ।

ਸਮਾਗਮ ਦੇ ਪਹਿਲੇ ਪੜਾਅ ਦੀ ਸ਼ੁਰੂਆਤ ਕਿਤਾਬ ਰਿਲੀਜ਼ ਕਰਨ ਨਾਲ ਕੀਤੀ ਗਈ। ਸਟੇਜ ਸਕੱਤਰ ਜਸਵੀਰ ਦਿਉਲ ਨੇ ਪ੍ਰਧਾਨਗੀ ਮੰਡਲ ਜਿਨ੍ਹਾਂ ਵਿੱਚ ਮੁੱਖ ਮਹਿਮਾਨ ਡਾ. ਰਾਜ ਪੰਨੂੰ, ਡਾ. ਪੀ. ਆਰ. ਕਾਲੀਆ, ਬਖ਼ਸ਼ ਸੰਘਾ ਅਤੇ ਕੇਸਰ ਸਿੰਘ ਨੀਰ ਸ਼ਾਮਲ ਨੂੰ ਜੀ ਆਇਆ ਕਿਹਾ। ਜਸਵੀਰ ਦਿਉਲ ਨੇ ਪੀ. ਪੀ. ਐਫ਼. ਈ. ਦੀ ਸਥਾਪਨਾ ਤੇ ਉਦੇਸ਼ ਹਾਜ਼ਰੀਨ ਨਾਲ ਸਾਂਝੇ ਕੀਤੇ। ਡਾ. ਕਾਲੀਆ ਨੇ ਕਿਤਾਬ ਬਾਰੇ ਆਪਣੇ ਤਜ਼ਰਬੇ ਸਾਂਝੇ ਕਰਦਿਆਂ ਕਿਹਾ ਕਿ ਇਸ ਕਿਤਾਬ ਨੂੰ ਸੰਪਾਦਿਤ ਕਰਨਾ ਜਿਥੇ ਮੁਸ਼ਕਿਲ ਕੰਮ ਸੀ ਉਥੇ ਹੀ ਕਈ ਚੁਣੌਤੀਆਂ ਦਾ ਸਾਹਮਣਾ ਵੀ ਕਰਨਾ ਪਿਆ। ਇਸ ਤੋਂ ਪਹਿਲਾਂ ਅੰਗਰੇਜ਼ੀ ਅਤੇ ਪੰਜਾਬੀ ਵਿੱਚ 'ਗ਼ਦਰ ਲਹਿਰ ਅਤੇ ਭਾਰਤ ਦਾ ਸਾਮਰਾਜ ਵਿਰੋਧੀ ਸੰਘਰਸ਼', 'ਭਗਤ ਸਿੰਘ' ਅਤੇ 'ਕਰਤਾਰ ਸਿੰਘ ਸਰਾਭਾ' ਕਿਤਾਬਾਂ ਲੋਕ ਅਰਪਿਤ ਕੀਤੀਆਂ ਜਾ ਚੁੱਕੀਆਂ ਹਨ।

ਉਨ੍ਹਾਂ ਕਿਹਾ ਕਿ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਿਯੋਗ ਨਾਲ ਛਾਪੀ ਗਈ ਇਸ ਪੁਸਤਕ ਨੂੰ ਕਮੇਟੀ ਦੇ ਸਾਲਾਨਾ ਮੇਲੇ ਮੌਕੇ 1 ਨਵੰਬਰ ਨੂੰ ਜਲੰਧਰ ਵਿਖੇ ਵੀ ਰਿਲੀਜ਼ ਕੀਤਾ ਜਾਵੇਗਾ। ਇਸ ਉਪਰੰਤ ਮੁੱਖ ਮਹਿਮਾਨ ਅਤੇ ਬੁਲਾਰੇ ਡਾ. ਰਾਜ ਪਨੂੰ ਨੇ ਇਤਿਹਾਸਕ ਸੰਦਰਭ ਵਿਚ ਸੋਵੀਅਤ ਇਨਕਲਾਬ ਵਿਸ਼ੇ 'ਤੇ ਸੰਬੋਧਨ ਕਰਦਿਆਂ ਕਿਹਾ ਕਿ ਦੁਨੀਆ ਵਿੱਚ ਆਜ਼ਾਦੀ ਪ੍ਰਾਪਤੀ ਜਾਂ ਤਖ਼ਤਾ ਪਲਟਾਊ ਹੋਰ ਵੀ ਸੰਘਰਸ਼ ਚੱਲੇ ਪਰ ਰੂਸੀ ਇਨਕਲਾਬ ਅਜਿਹਾ ਪਹਿਲਾ ਇਨਕਲਾਬ ਜੋ ਲੋਕਾਂ ਦੁਆਰਾ ਸਮਾਜਕ ਤੇ ਆਰਥਕ ਬਰਾਬਰੀ ਲਈ ਕੀਤਾ ਗਿਆ ਸੀ।

ਉਸ ਵਕਤ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਕੀਤੇ ਜਾ ਰਹੇ ਸੰਘਰਸ਼ ਸਿਰਫ਼ ਰਾਜ ਸੱਤਾ ਹਾਸਲ ਕਰਨ ਜਾਂ ਆਜ਼ਾਦੀ ਪ੍ਰਾਪਤੀ ਲਈ ਸਨ ਪਰ ਸੋਵੀਅਤ ਇਨਕਲਾਬ ਨੇ ਇਹ ਸਾਬਤ ਕੀਤਾ ਕਿ ਜਿੰਨੀ ਦੇਰ ਆਰਥਕ ਅਤੇ ਸਮਾਜਕ ਬਰਾਬਰਤਾ ਨਹੀਂ ਹੁੰਦੀ ਉਨੀਂ ਦੇਰ ਸੱਤਾ 'ਤੇ ਕਾਬਜ਼ ਹੋਣਾ ਕੋਈ ਅਰਥ ਨਹੀਂ ਰੱਖਦਾ।

ਡਾ. ਪਨੂੰ ਨੇ 1917 ਦੇ ਅਕਤੂਬਰ ਇਨਕਲਾਬ ਤੋਂ 100 ਸਾਲ ਬਾਅਦ ਦੇ ਹਾਲਾਤਾਂ ਨੂੰ ਬਿਆਨ ਕਰਦਿਆਂ ਕਿਹਾ ਕਿ ਅੱਜ ਵੀ ਲੜਾਈ ਬਸਤੀਆਂ 'ਤੇ ਕਬਜ਼ਾ ਕਰਨ ਦੀ ਹੈ। ਇਸ ਅੰਨ੍ਹੀ ਦੌੜ ਵਿੱਚ ਸਰਮਾਏਦਾਰ ਏਨਾ ਅੱਗੇ ਲੰਘ ਚੁੱਕੇ ਹਨ ਕਿ ਉਨ੍ਹਾ ਨੂੰ ਇਨਸਾਨੀ ਕਦਰਾਂ-ਕੀਮਤਾਂ ਦੀ ਪ੍ਰਵਾਹ ਤਕ ਨਹੀ ਹੈ। ਮੰਡੀਆਂ 'ਤੇ ਕਬਜ਼ਾ ਕਰਨ ਦੀ ਹੋੜ ਨੇ ਸਮਾਏਦਾਰੀ ਨੂੰ ਐਨਾ ਅੰਨ੍ਹਾ ਬਣਾ ਦਿੱਤਾ ਹੈ ਕਿ ਉਹ ਮਨੁੱਖ ਦੀ ਜਾਨ ਲੈਣ ਵਿੱਚ ਵੀ ਕੋਈ ਸੰਕੋਚ ਨਹੀਂ ਕਰਦੇ।

ਦੂਜੇ ਪੜਾਅ ਵਿੱਚ ਮਰਹੂਮ ਨਾਵਲਕਾਰ ਕੇਸਰ ਸਿੰਘ ਨੂੰ ਸਮਰਪਤ ਬਹੁ-ਭਾਸ਼ਾਈ ਕਵੀ ਦਰਬਾਰ ਕਰਵਾਇਆ ਗਿਆ। ਜਸਵੀਰ ਦਿਉਲ ਨੇ ਜਿਥੇ ਗਿਆਨੀ ਜੀ ਦੇ ਜੀਵਨ ਦੀ ਘਾਲਣਾ ਬਾਰੇ ਚਾਨਣਾ ਪਾਇਆ ਉਥੇ ਹੀ ਉਨ੍ਹਾਂ ਵਲੋਂ ਲਿਖੀਆਂ ਕਿਤਾਬਾਂ ਅਤੇ ਖੋਜਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਕਵੀ ਦਰਬਾਰ ਮੌਕੇ ਸਟੇਜ ਸਕੱਤਰ ਦਲਬੀਰ ਸਾਂਗਿਆਣ ਨੇ ਗਿਆਨੀ ਕੇਸਰ ਸਿੰਘ ਦੇ ਪਰਿਵਾਰ ਵਿਚੋਂ ਉਨ੍ਹਾਂ ਦੀ ਧਰਮ ਪਤਨੀ, ਬੇਟੀ, ਜਵਾਈ ਅਤੇ ਆਰੀਆ ਹਾਲ ਦੇ ਮਾਲਕ ਉਨ੍ਹਾਂ ਦੇ ਸਪੁੱਤਰ ਦਾ ਇਸ ਸਮਾਗਮ ਵਿੱਚ ਆਉਣ ਅਤੇ ਆਰਥਕ ਸਹਾਇਤਾ ਕਰਨ ਲਈ ਵਿਸ਼ੇਸ਼ ਧੰਨਵਾਦ ਕੀਤਾ। ਉਪਰੰਤ ਕਵੀ ਦਰਬਾਰ ਦੀ ਸ਼ੁਰੂਆਤ ਜੋਗਿੰਦਰ ਰੰਧਾਵਾ ਨੇ ਜਸਵਿੰਦਰ ਦੀ ਗਜ਼ਲ ਗਾ ਕੇ ਕੀਤੀ। ਇਥੇ ਜ਼ਿਕਰਯੋਗ ਹੈ ਕਿ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਕਵੀ ਦਰਬਾਰ ਵਿੱਚ ਹਿੰਦੀ, ਉਰਦੂ ਅਤੇ ਪੰਜਾਬੀ ਦੇ ਕਵੀਆਂ ਨੇ ਕੈਲਗਰੀ, ਸਰੀ, ਐਡਮਿੰਟਨ ਤੋਂ ਕੇਸਰ ਸਿੰਘ ਨੀਰ, ਰਿਪੁਦਮਨ ਰੂਪ, ਇਕਬਾਲ ਖਾਨ, ਨਿਰਮਲ ਜਸਵਾਲ, ਸਤਪਾਲ ਕੌਰ, ਪਰਮਿੰਦਰ ਧਾਲੀਵਾਲ, ਲਾਡੀਸੂਸ, ਬਖ਼ਸ਼ ਸੰਘਾ, ਗੁਰਤੇਜ ਬਰਾੜ, ਰੰਜੀਵਨ ਸਿੰਘ, ਹਰੀਪਾਲ ਸਿੰਘ, ਗੁਰਬਚਨ ਬਰਾੜ, ਨਿਵਸਵਰਗਨੀ, ਗਸੀਰਹੱਕ, ਨੁਜਾਹਤ ਅਜ਼ਹਰ, ਤਲਤ ਜਾਹਿਰਾ, ਜਸਜੀਤ ਸਿੰਘ ਸਿੱਧੂ, ਫ਼ੈਜਲ ਹੱਕ, ਡਾ. ਪੀ. ਆਰ ਕਾਲੀਆ, ਵਸੁਧਾ ਤਿਵਾੜੀ ਨੇ ਭਾਗ ਲਿਆ।

ਇਸ ਸਮਾਗਮ ਵਿੱਚ ਕੈਲਗਰੀ ਤੋਂ ਪਹੁੰਚੇ ਸ਼ਹੀਦ ਭਗਤ ਸਿੰਘ ਲਾਇਬਰੇਰੀ ਵਲੋਂ ਮਾਸਟਰ ਭਜਨ ਸਿੰਘ ਵਲੋਂ ਕਿਤਾਬਾਂ ਦੀ ਪ੍ਰਦਰਸ਼ਨੀ ਲਗਾਈ ਗਈ। ਜਿਸ ਪ੍ਰਤੀ ਲੋਕਾਂ ਨੇ ਭਾਰੀ ਉਤਸ਼ਾਹ ਵਿਖਾਇਆ। ਪੁਸਤਕ ਪ੍ਰਦਰਸ਼ਨੀ ਦੀ ਖ਼ਾਸੀਅਤ ਇਹ ਵੀ ਸੀ ਕਿ ਐਡਮਿੰਟਨ ਵਿਚ ਪਹਿਲੀ ਵਾਰ ਕਿਸੇ ਵੀ ਸਮਾਗਮ ਵਿੱਚ ਪੁਸਤਕ ਪ੍ਰਦਰਸ਼ਨੀ ਲਗਾਈ ਗਈ ਸੀ। ਲੋਕਾਂ ਵਲੋਂ ਵੱਡੀ ਗਿਣਤੀ ਵਿੱਚ ਕਿਤਾਬਾਂ ਖਰੀਦੀਆਂ ਗਈਆਂ।



BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains

Jaswinder S Bains, PhD, OD
Appointments also available on Saturdays & Evenings
Services Available in Punjabi, Hindi, Urdu & English
DR. J.S. BAINS & ASSOCIATES-(OPTOMETRY)
- Complete Eye Exam
- Ocular Health Assessment
- Contact Lenses
403-274-4514
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
deerfootvision@yahoo.ca

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in
IMMIGRATION
Applications for Family Class and APPEALS, Skilled Workers, Investors, Refugee Claims
REAL ESTATE
Buying and Selling Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling Franchises, Shareholder Agreements and Incorporations
FORMATION OF PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

FOR ALL YOUR REAL ESTATE NEEDS
Contact Long time trusted name in the community
Gurbachan Singh Brar
REALTOR
* RESIDENTIAL
* BUSINESS
* LAND
* COMMERCIAL
* INDUSTRIAL
* INVESTMENT
403-470-2628
gsbrar@gsbrar.com
www.gsbrar.com
* Free no obligation evaluation
* Full time commitment
* Assistance to arrange best mortgage rates
urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942


# ਕੈਲਗਰੀ ਵਿਚ ਪੰਜਵਾਂ ਪੁਸਤਕ ਮੇਲਾ

## ਮਾ. ਭਜਨ ਗਿੱਲ ਵਲੋਂ ਤਿਉਹਾਰਾਂ ਮੌਕੇ ਕਿਤਾਬਾਂ ਦੇ ਆਦਾਨ ਪ੍ਰਦਾਨ ਦਾ ਹੋਕਾ



ਚੰਦ ਸਿੰਘ ਸਦਿਉੜਾ (ਕੈਲਗਰੀ ਰਿਪੋਰਟਰ) : ਪੁਸਤਕਾਂ ਬੀਤੇ ਸਮੇਂ ਦਾ ਅਕਸ, ਅਜੋਕੇ ਦੀ ਗਤੀਸ਼ੀਲਤਾ ਅਤੇ ਭਵਿੱਖ ਦਾ ਸਮਾਂ ਸੂਚਕ ਹੋਇਆ ਕਰਦੀਆਂ ਹਨ। ਜਿਉਂ-ਜਿਉਂ ਮਨੁੱਖ ਪੁਸਤਕਾਂ ਨਾਲ ਨੇੜਤਾ ਕਰਦਾ ਹੈ, ਤਿਉਂ-ਤਿਉਂ ਤੀਖਣ ਬੁੱਧੀ ਦਾ ਆਭਾਸ ਹੁੰਦਾ ਹੈ। ਪਰ ਅਜੋਕੀ ਤਕਨਾਲੋਜੀ ਦੇ ਵਾਧੇ ਨਾਲ ਮਨੁੱਖ ਦੀ ਇਸ ਅਣਮੁੱਲੇ ਖਜ਼ਾਨੇ ਤੋਂ ਦੂਰੀ ਵਧਦੀ ਜਾਪਦੀ ਹੈ, ਪਰ ਫਿਰ ਵੀ ਕੁਝ ਉਂਗਲਾਂ 'ਤੇ ਗਿਣਨ ਜੋਗੇ ਯੋਧੇ ਇਸ ਵਧ ਰਹੇ ਖੱਪੇ ਦੀ ਪੂਰਤੀ ਲਈ ਅਣਥੱਕ ਯਤਨਸ਼ੀਲ ਹਨ। ਉਨ੍ਹਾਂ ਵਿਚੋਂ ਇਕ ਹੈ ਕੈਲਗਰੀ ਵਸਦਾ ਮਾ. ਭਜਨ ਸਿੰਘ, ਜੋ ਮਨੁੱਖੀ ਅਧਿਕਾਰਾਂ ਦਾ ਹਾਮੀ, ਮੁਲਾਜ਼ਮ ਸੰਘਰਸ਼ਾਂ ਦਾ ਭਾਗੀਦਾਰ ਅਤੇ ਉਸਾਰੂ ਸਾਹਿਤ ਦਾ ਪ੍ਰਚਾਰਕ ਪਿਛਲੇ ਕਈ ਸਾਲ ਤੋਂ ਵੱਖ-ਵੱਖ ਮੁਹਾਜਾਂ ਤੋਂ ਕੈਲਗਰੀ ਪੰਜਾਬੀਆਂ ਨਾਲ ਘਿਓ ਖਿਚੜੀ ਰੂਪ ਹੈ।

ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਕੈਲਗਰੀ ਦੇ ਨਿਗਾਹਬਾਨ ਮਾ. ਭਜਨ ਗਿੱਲ, ਜੋ ਪੂਰੇ ਪਰਿਵਾਰ ਸਮੇਤ ਸਮਰਪਿਤ ਹੈ, ਇਨ੍ਹਾਂ ਉਸਾਰੂ ਗਤੀਵਿਧੀਆਂ ਨੂੰ, ਨੇ ਗਰੀਨ ਪਲਾਜੇ ਦੇ ਵਰਾਂਡੇ ਵਿਚ ਆਪਣੇ ਪੰਜਵੇਂ ਪੁਸਤਕ ਮੇਲੇ ਦੀ ਸ਼ੁਰੂਆਤ ਕੀਤੀ, ਜਿਸਦਾ ਵਿਧੀਬੱਧ ਉਦਘਾਟਨ ਕਰੀਬ 50 ਪਾਠਕਾਂ ਤੇ ਮੀਡੀਆ ਕਰਮੀਆਂ ਦੀ ਹਾਜ਼ਰੀ ਵਿਚ ਲੰਬੇ ਸਮੇਂ ਤੋਂ ਪੁਸਤਕਾਂ ਦੇ ਸੀਨੀਅਰ ਸੁਹਿਰਦ ਪਾਠਕ ਸ੍ਰੀ ਦਰਸ਼ਨ ਮੁੰਜਾਲ (ਗਗੜਾ) ਨੇ 19 ਅਕਤੂਬਰ 2017 ਦੀ ਸਵੇਰ ਆਪਣੇ ਕਰ ਕਮਲਾਂ ਨਾਲ ਰੀਬਨ ਕੱਟ ਕੇ ਤਾੜੀਆਂ ਦੀ ਗੜਗੜਾਹਟ ਅਤੇ ਕੈਮਰਿਆਂ ਦੀ ਕਲਿੱਕ ਕਲਿੱਕ ਨਾਲ ਕੀਤਾ। ਦੀਵਾਲੀ ਦੇ ਵਿਸ਼ੇਸ਼ ਦਿਨ ਇਕ ਰੋਜ਼ਾ ਪੁਸਤਕ ਪ੍ਰਦਰਸ਼ਨੀ ਬਾਰੇ ਸਾਂਝ ਪਾਉਂਦਿਆਂ ਮਾ. ਭਜਨ ਗਿੱਲ ਨੇ ਪੁਸਤਕਾਂ ਦੀ ਮਹੱਤਤਾ ਬਾਰੇ ਸਾਂਝ ਪਾਈ ਅਤੇ ਸਿੱਖ ਵਿਰਸਾ ਮੈਗਜ਼ੀਨ ਦੇ ਸੰਚਾਲਕ ਸ੍ਰੀ ਹਰਚਰਨ ਪਰਹਾਰ ਵਲੋਂ ਮਨਾਈ ਜਾ ਰਹੀ ਦੀਵਾਲੀ ਤੇ ਪੰਜਾਬੀ ਪਾਠਕਾਂ ਨੂੰ ਤਿਉਹਾਰਾਂ ਮੌਕੇ ਮਠਿਆਈ ਦੇ ਡੱਬਿਆਂ ਨਾਲ ਪੁਸਤਕ ਦੇ ਸੈਟ ਦਾ ਅਦਾਨ ਪ੍ਰਦਾਨ ਕਰਨ ਦੀ ਵਿਸ਼ੇਸ਼ ਅਪੀਲ ਕੀਤੀ ਤਾਂ ਕਿ ਲੋਕਾਂ ਵਿਚ ਪੁਸਤਕ ਕਲਚਰ ਪੈਦਾ ਹੋ ਸਕੇ। ਉਨ੍ਹਾਂ ਕਿਹਾ ਕਿ ਰੋਸ਼ਨ ਦਿਮਾਗਾਂ ਦੀ ਉਸਾਰੀ ਵਿਚ ਪੁਸਤਕਾਂ ਦੇ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਉਨ੍ਹਾਂ ਬੈਲ ਕੁਨੈਕਸ਼ਨਜ਼, ਲਵਲੀ ਸਵੀਟਸ ਅਤੇ ਢਿੱਲੋਂ ਫੈਸ਼ਨਜ਼ ਦਾ ਪ੍ਰਦਰਸ਼ਨੀ ਲਈ ਸਹਿਯੋਗ ਦਾ ਧੰਨਵਾਦ ਕੀਤਾ। ਸ੍ਰੀ ਭਜਨ ਗਿੱਲ ਨੇ ਪੰਜਾਬੀ ਮੀਡੀਆ ਤੋਂ ਸ੍ਰੀ ਹਰਚਰਨ ਪਰਹਾਰ, ਚੰਦ ਸਿੰਘ ਸਦਿਉੜਾ, ਰਿਸ਼ੀ ਨਾਗਰ ਅਤੇ ਸਮੁੱਚੇ ਮੀਡੀਆ ਦਾ ਯੋਗਾਦਨ ਲਈ ਵਿਸ਼ੇਸ਼ ਧੰਨਵਾਦ ਕੀਤਾ। ਇਸ ਪੁਸਤਕ ਮੇਲੇਵਿਚ ਪਧਾਰੇ ਬਹੁਤ ਸਾਰੇ ਪੰਜਾਬੀ ਭੈਣਾਂ ਅਤੇ ਵੀਰਾਂ ਨੇ ਪੁਸਤਕਾਂ ਦੀ ਖਰੀਦਦਾਰੀ ਦੇ ਨਾਲ ਪ੍ਰਬੰਧਕਾਂ ਵਲੋਂ ਚਾਹ ਪਾਣੀ ਤੇ ਦੀਵਾਲੀ ਸਪੈਸ਼ਲ ਲੱਡੂਆਂ ਦਾ ਵੀ ਆਨੰਦ ਮਾਣਿਆ। ਦੁਆ ਤੇ ਅਪੀਲ ਹੈ, ਇਸ ਕਲਮ ਵਲੋਂ, ਅਜਿਹੇ ਉਸਾਰੂ ਸੋਚ ਵਾਲੇ ਮਨੁੱਖਾਂ ਨਾਲ ਹੱਥ ਮਿਲਾਣ 'ਤੇ ਹਮ ਕਦਮ ਹੋਣ ਦੀ, ਤਾਂ ਕਿ ਮਨੁੱਖਤਾ ਦੀ ਬੇਹਤਰੀ ਵਲ ਚੰਗੇ ਕਦਮ ਪੁੱਟੇ ਜਾ ਸਕਣ।


CARE Inc.
Home Health Solutions
403-605-6300
ਪੰਜਾਬੀ ਮਾਰਕੀਟ ਗਰੋਸਰੀ ਸਟੋਰ ਦੇ ਸਾਹਮਣੇ
ਸੋਮਵਾਰ ਤੇ ਸ਼ਨੀਵਾਰ 10 ਵਜੇ ਤੋਂ 6 ਵਜੇ ਤੱਕ
ਐਤਵਾਰ ਬੰਦ
"ਮਾਤਾ ਪਿਤਾ ਦਾ ਰੱਖੋ ਖਿਆਲ
ਹੁਣ ਕੇਅਰ ਇੰਕ ਹੈ ਤੁਹਾਡੇ ਨਾਲ"
ਜ਼ਿਆਦਾ ਜਾਣਕਾਰੀ ਲਈ ਵੈਬਸਾਈਟ 'ਤੇ ਕਲਿੱਕ ਕਰੋ
www.careinc.ca
Head Office: #124-4774 Westwinds Drive N.E., Calgary Alberta, Canada
Fax: 403-536-4057 Email: info@careinc.ca Edmonton Store #108-5239 55 Ave. NW, 780-229-3233



Jagwant Gill
Sales Representive
- Home
- Investment
- Business
For Free Consultation
Rai Realty Ltd.
4656-Westwinds & Calgary AB T3J 2Z5
Contact : 403-875-2392
Jagwant Gill
Realtor



DPC
Dhillon Professional Corporation
Gurjinder Kaur Dhillon, CGA
Suite #2014851 Westwinds Dr. NE
Calgary, Alberta T3J4L4
www.gdpc.ca
Ph: 403-460-6855
Cell: 403-618-6458
e-mail: gdhillonCGA@gdpc.ca



urban Real Estate Services Ltd.
BALJINDER SANGHA
MLS Real Estate Associate
CERTIFIED CONDOMINIUM SPECIALIST
"All our buyers Get 2 year Purchase Guarantee"
"Buy or Sell Home with 1 year Home Warranty"
Urban Real Estate Services Ltd.
Cell :403-680-3212



1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰਦਾ ਮਾਸਿਕ ਮੈਗਜ਼ੀਨ...
ਸਿੱਖ ਵਿਰਸਾ
ਸਾਡਾ ਵਿਰਸਾ
Ph: 403-250-8898 Fax: 403-250-8825
24 ਘੰਟੇ ਆਨ ਲਾਇਨ
ਰੇਡੀਓ ਸਾਂਝ
www.radiosanjh.com
Website : www.sikhvirsa.com, Email : virsa@sikhvirsa.com

# ਪੰਜਾਬੀ ਭਾਸ਼ਾ ਨੂੰ ਨਵੀਂ ਪੀੜ੍ਹੀ ਦੇ ਸਾਹਿਤਕਾਰਾਂ ਦੀ ਵੀ ਜ਼ਰੂਰਤ ਹੈ : ਡਾ. ਮਨਜੀਤ ਸਿੰਘ ਬੱਲ

*(ਇਕ ਮੁਲਾਕਾਤ : ਪੰਜਾਬ ਦੇ ਮੈਡੀਕਲ ਸਿੱਖਿਆ ਦੇ ਪੈਥੋਲੌਜੀ ਵਿਭਾਗ ਦੇ ਪ੍ਰੋਫੈਸਰ ਅਤੇ ਮੁਖੀ **ਡਾ. ਮਨਜੀਤ ਸਿੰਘ ਬੱਲ** ਸ਼ਿਕਾਗੋ ਵਿਚ ਹੋਣ ਵਾਲੀ ਇੰਟਰਨੈਸ਼ਨਲ ਕਾਨਫਰੰਸ ਵਿਚ, ਗਦੂਦਾਂ ਦੇ ਕੈਂਸਰ ਸਬੰਧੀ ਲੈਕਚਰ ਦੇਣ ਲਈ ਤੇ ਕੈਂਸਰ ਜਾਗਰੂਕਤਾ ਫ਼ਿਲਮ ਦੇ ਸ਼ੋਅ ਵਾਸਤੇ 28 ਸਤੰਬਰ ਤੋਂ ਅਮਰੀਕਾ ਤੇ ਕੈਨੇਡਾ ਦੇ ਦੌਰੇ 'ਤੇ ਸਨ। ਕੈਨੇਡਾ ਟੋਰਾਂਟੋ ਵਿਖੇ 'ਸਰੋਕਾਰਾਂ ਦੀ ਆਵਾਜ਼' ਦੇ ਸਬ-ਐਡੀਟਰ **ਡਾ. ਹਰਦੀਪ ਸਿੰਘ** ਵਲੋਂ ਇਨ੍ਹਾਂ ਨਾਲ ਮੁਲਾਕਾਤ ਪਾਠਕਾਂ ਲਈ ਜਾਣਕਾਰੀ ਲਈ ਕੀਤੀ ਗਈ, ਅਖ਼ਬਾਰ ਦੇ ਮੈਨੇਜਿੰਗ ਡਾਇਰੈਕਟਰ **ਦਵਿੰਦਰ ਸਿੰਘ ਤੂਰ** ਵੀ ਉਨ੍ਹਾਂ ਨਾਲ ਹਾਜ਼ਰ ਸਨ)*

**ਡਾ. ਮਨਜੀਤ ਸਿੰਘ ਬੱਲ** ਪੰਜਾਬੀ ਸਾਹਿਤ ਵਿਚ ਕਿਸੇ ਜਾਣ ਪਹਿਚਾਣ ਦੇ ਮੁਥਾਜ ਨਹੀਂ। ਪੰਜਾਬੀ ਪੇਪਰ ਅਤੇ ਮੈਗਜ਼ੀਨਾਂ ਦੇ ਪਾਠਕਾਂ ਇਨ੍ਹਾਂ ਦੇ ਲੇਖ ਅਤੇ ਕਹਾਣੀਆਂ ਪੜ੍ਹਦੇ ਰਹਿੰਦੇ ਹਨ। ਡਾਕਟਰੀ ਕਿੱਤੇ ਵਾਲੇ ਬਹੁਗਿਣਤੀ ਇਨ੍ਹਾਂਨੂੰ ਮੈਡੀਕਲ ਕਾਲਜ ਦੇ ਅਧਿਆਪਕ ਪ੍ਰੋਫੈਸਰ ਤੌਰ 'ਤੇ ਵੀ ਜਾਣਦੇ ਹਨ। ਜਿਥੇ ਇਹ ਇਕ ਸ.ਫਲ ਮੈਡੀਕਲ ਪ੍ਰੋਫੈਸਰ ਹਨ, ਉਥੇ ਚੰਗੇ ਲਿਖਾਰੀ, ਕਹਾਣੀਕਾਰ, ਸੰਗੀਤ ਕਲਾਕਾਰ, ਫਿਲਮ ਮੇਕਰ ਵੀ ਹਨ। ਇਸ ਸਾਲ ਦੇ ਸਤੰਬਰ ਮਹੀਨੇ ਵਿਚ ਇਨ੍ਹਾਂ ਦੀ ਕੈਨੇਡਾ ਅਤੇ ਅਮਰੀਕਾ ਫੇਰੀ ਦੌਰਾਨ ਪਾਠਕਾਂ ਨਾਲ ਰੂਬਰੂ ਹੋਏ ਅਤੇ ਕੈਂਸਰ ਜਾਗਰੂਕਤਾ ਬਾਰੇ ਇਨ੍ਹਾਂ ਦੀ ਫ਼ਿਲਮ "ਡ਼ਾਂਜਰ-ਵਿਧ ਓਸਟੀਸਾਰਕੋਮਾ" ਦਾ ਵੀ ਪ੍ਰਦਰਸ਼ਨ ਹੋਇਆ। ਟੋਰਾਂਟੋ ਵਿਖੇ "ਕੈਨੇਡਿਅਨ ਪੰਜਾਬੀ ਸਾਹਿਤ ਸਭਾ" ਵਲੋਂ ਆਯੋਜਿਤ ਪ੍ਰੋਗਰਾਮ ਵਿਚ 'ਸਰੋਕਾਰਾਂ ਦੀ ਆਵਾਜ਼' ਦੀ ਟੀਮ ਵਲੋਂ ਇਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ।




**ਡਾ. ਹਰਦੀਪ : ਡਾ. ਮਨਜੀਤ ਸਿੰਘ ਬੱਲ ਜੀ ਅਸੀਂ ਪਾਠਕਾਂ ਵਲੋਂ ਕੈਨੇਡਾ ਵਿਖੇ ਤੁਹਾਡਾ ਸਵਾਗਤ ਕਰਦੇ ਹਾਂ। ਤੁਸੀਂ ਪਾਠਕਾਂ ਨੂੰ ਆਪਣੇ ਬਾਰੇ ਕੁਝ ਦੱਸਣਾ ਚਾਹੋਗੇ।**

**ਡਾ. ਮਨਜੀਤ ਸਿੰਘ ਬੱਲ** : ਕੈਨੇਡਾ ਵਸਦੇ ਪੰਜਾਬੀਆਂ ਦਾ ਮੈਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਇੰਨੇ ਪਿਆਰ ਨਾਲ ਨਿਵਾਜਿਆ। ਮੈਂ ਭਾਰਤੀ ਪੰਜਾਬ ਦੇ ਮਾਝੇ ਇਲਾਕੇ ਦੇ ਪਿੰਡ ਬੱਲ ਕਲਾਂ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਦਾ ਜੰਮਪਲ ਹਾਂ। ਸਮਾਜਿਕ ਹੇਠਲਾ ਮੱਧ ਵਰਗ ਦੇ ਮਿਸਤਰੀ ਸੰਤਾ ਸਿੰਘ ਤੇ ਮਾਂ ਬੀਬੀ ਪ੍ਰੀਤਮ ਕੌਰ ਦੇ ਮਿਹਨਤਕਸ਼ ਪਰਿਵਾਰ ਦਾ ਜਨਮਿਆ, ਮੁਢਲੀ ਸਿੱਖਿਆ ਤੋਂ ਮਿਡਲ ਤੱਕ, ਇਸੇ ਪਿੰਡ ਦੇ ਸਰਕਾਰੀ ਮਿਡਲ ਸਕੂਲ ਦਾ ਵਿਦਿਆਰਥੀ ਹਾਂ। 1966 ਦੀ ਇੰਡੋ-ਪਾਕਿਸਤਾਨ ਜੰਗ ਵੇਲੇ, ਮਿਡਲ ਦਾ ਇਮਤਿਹਾਨ ਪਾਸ ਕੀਤਾ ਸੀ।

ਮੈਂ 1966-1969 ਤੱਕ ਆਪਣੀ ਹਾਇਰ ਸੈਕੰਡਰੀ ਦੀ ਵਿਦਿਆ ਨਾਨ ਮੈਡੀਕਲ ਸਬਜੈਕਟਾਂ ਨਾਲ ਸਰਕਾਰੀ ਹਾਇਰ ਸੈਕੰਡਰੀ ਸਕੂਲ ਟਾਊਨ ਹਾਲ ਅੰਮ੍ਰਿਤਸਰ ਤੋਂ ਪਾਸ ਕੀਤੀ। ਚਾਹੇ ਹੁਣ ਮੇਰੇ ਉਸ ਸਕੂਲ ਦੀ ਇਮਾਰਤ ਢਾਹ ਕੇ ਇਸ ਜਗ੍ਹਾ 'ਤੇ ਅੱਜ ਕੱਲ੍ਹ ਗੋਲਡਨ ਟੈਂਪਲ ਦੀ ਬਹੁ-ਮੰਜ਼ਿਲੀ ਪਾਰਕਿੰਗ ਬਣ ਗਈ ਹੈ। ਬਾਅਦ ਵਿਚ ਡਾਕਟਰ ਬਣਨ ਦਾ ਇਰਾਦਾ ਬਣਿਆ ਅਤੇ 1970 'ਚ ਮੈਡੀਕਲ ਦਾ ਐਡੀਸ਼ਨ ਵਿਸ਼ਾ (ਬਾਇਓਲੋਜੀ) ਪਾਸ ਕਰਕੇ 1971 ਵਿਚ ਪ੍ਰੀ-ਮੈਡੀਕਲ ਕੀਤਾ। 1971 ਵਿਚ ਸਰਕਾਰੀ ਕਾਲਜ ਅੰਮ੍ਰਿਤਸਰ 'ਚ ਐਮ. ਬੀ. ਬੀ. ਐਸ. ਵਿਚ ਦਾਖਲਾ ਲਿਆ। ਉਦੋਂ 1971 ਵਾਲੀ ਜੰਗ ਲੱਗ ਗਈ ਤੇ ਪਹਿਲੀ ਵਾਰ ਖ਼ੂਨਦਾਨ ਕੀਤਾ।

**ਡਾ. ਹਰਦੀਪ : ਡਾ. ਮਨਜੀਤ ਸਿੰਘ ਬੱਲ ਜੀ ਤੁਸੀਂ ਸੰਗੀਤ ਪ੍ਰੇਮੀ ਅਤੇ ਸੰਗੀਤ ਕਲਾਕਾਰ ਵੀ ਹੋ। ਡਾਕਟਰੀ ਦੇ ਨਾਲ ਨਾਲ ਤੁਹਾਡਾ ਇਸ ਰੂਪ ਬਾਰੇ ਵੀ ਅਸੀਂ ਪਾਠਕਾਂ ਲਈ ਜਾਨਣਾ ਚਾਹਾਂਗੇ।**

**ਡਾ. ਬੱਲ** : ਅਸਲ ਵਿਚ ਇਹ ਗੁਣ ਮੈਨੂੰ ਵਿਰਾਸਤ ਵਿਚ ਹੀ ਮਿਲਿਆ। ਮੇਰੇ ਪਿਤਾ ਜੀ ਸੰਗੀਤ ਪ੍ਰੇਮੀ ਸਨ ਅਤੇ ਸ਼ਬਦ ਕੀਰਤਨ ਵੀ ਕਰ ਲੈਂਦੇ ਸਨ। ਬਚਪਨ ਤੋਂ ਹੀ ਮੈਨੂੰ ਆਪਣੇ ਘਰ ਵਿਚ ਇਹ ਸਾਜ਼ ਅਤੇ ਪਿਤਾ ਜੀ ਇਕ ਸੰਗੀਤ ਅਧਿਆਪਕ ਵਾਂਗ ਪ੍ਰਾਪਤ ਹੋ ਗਏ। ਮੈਡੀਕਲ ਕਾਲਜ ਦੀ ਪੜ੍ਹਾਈ ਦੌਰਾਨ ਦੀਆਂ ਸਟੇਜਾਂ 'ਤੇ ਸੰਗੀਤ ਤੇ ਸਾਹਿਤ ਦੇ ਪ੍ਰੋਗਰਾਮਾਂ ਵਿਚ ਭਾਗ ਲੈਂਦਾ ਰਿਹਾ। 1976 'ਚ, ਇੰਟਰਨਸ਼ਿਪ ਦੌਰਾਨ ਆਕਾਸ਼ ਬਾਣੀ ਜਲੰਧਰ ਤੋਂ ਪਹਿਲੀ ਵਾਰ "ਬੈਂਜੋ" ਸਾਜ ਵਜਾ ਕੇ ਨਵਾਂ ਤਰੰਗ ਪ੍ਰੋਗਰਾਮ ਵਿਚ ਭਾਗ ਲਿਆ; ਉਸ ਤੋਂ ਬਾਅਦ ਹਰ ਚਾਰ ਮਹੀਨੇ ਬਾਅਦ, ਆਕਾਸ਼ ਬਾਣੀ ਜਲੰਧਰ ਤੋਂ ਬੈਂਜੋ ਜਾਂ ਬੰਸਰੀ ਵਜਾਉਣ ਦੇ ਪ੍ਰੋਗਰਾਮ ਮਿਲਦੇ ਰਹੇ। ਡਾਕਟਰੀ ਦੀ ਪੜ੍ਹਾਈ ਤੋਂ ਬਾਅਦ, 1977 ਵਿਚ ਮੈਡੀਕਲ ਕਾਲਜ ਅੰਮ੍ਰਿਤਸਰ ਨਾਲ ਸਬੰਧਤ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ (ਵਿਕਟੋਰੀਆ ਜੁਬਲੀ ਹਸਪਤਾਲ) ਤੋਂ ਮੈਡੀਸਨ ਤੇ ਸਰਜਰੀ ਵਿਚ ਹਾਊਸ ਜਾਬ ਕੀਤੀ; ਡਿਊਟੀ ਦੌਰਾਨ ਹੀ ਤਿੰਨ ਵਾਰ, ਮਰੀਜ਼ਾਂ ਨੂੰ ਆਪਣਾ ਖ਼ੂਨਦਾਨ ਦਿੱਤਾ। ਪੰਜਾਬ ਪਬਲਿਕ ਸਰਵਿਸ ਕਮਿਸ਼ਨ ਪਟਿਆਲਾ ਦੁਆਰਾ ਸਿਲੈਕਸ਼ਨ ਤੋਂ ਬਾਅਦ, 1-11978 ਨੂੰ ਰੈਗੂਲਰ ਪੀ. ਸੀ. ਐਮ. ਸੀ. ਕਲਾਸ-1, ਮੈਡੀਕਲ ਅਫ਼ਸਰ ਵਜੋਂ ਸਿਵਲ ਹਸਪਤਾਲ ਜਲੰਧਰ ਵਿਖੇ ਡਿਊਟੀ ਜਾਇਨ ਕੀਤੀ। ਇਸ ਜ਼ਿਲ੍ਹੇ ਵਿਚ, ਬੰਡਾਲਾ ਤੇ ਕਰੀਹਾ ਵਿਚ ਵੀ ਕੰਮ ਕੀਤਾ ਤੇ ਨਾਲੋ-ਨਾਲ ਸ਼ੌਕੀਆ ਤੌਰ 'ਤੇ ਆਕਾਸ਼ਬਾਣੀ ਜਲੰਧਰ, ਆਉਣ-ਜਾਣਾ ਬਣਿਆ ਰਿਹਾ।

**ਡਾ. ਹਰਦੀਪ : ਡਾ. ਸਾਹਿਬ, ਤੁਹਾਡੀਆਂ ਕਹਾਣੀਆਂ ਅਤੇ ਫ਼ਿਲਮਾਂ ਵਿਚ ਪੰਜਾਬ ਦੀ ਵੰਡ ਦਾ ਦਰਦ ਵਿਖਾਈ ਦਿੰਦਾ ਹਾਂ। ਤੁਸੀਂ ਬਿਨਾਂ ਕਿਸੇ ਧਾਰਮਿਕ ਭੇਦ-ਭਾਵ ਦੇ ਸਾਂਝੀ ਪੰਜਾਬੀਅਤ ਦੀ ਗਲ ਕਰਦੇ ਹੋ। ਇਨ੍ਹਾਂ ਜਜ਼ਬਾਤਾਂ ਬਾਰੇ ਕੁਝ ਸ਼ਬਦ ਸਾਂਝੇ ਕਰੋਗੇ?**

**ਡਾ. ਬੱਲ** : ਮੱਧ 1979 'ਚ ਜ਼ਿਲ੍ਹਾ ਅੰਮ੍ਰਿਤਸਰ ਬਦਲੀ ਹੋਈ ਤਾਂ, ਸਰਹੱਦੀ ਖੇਤਰਾਂ ਦੇ ਛੀਨਾ ਬਿਧੀ ਚੰਦ (ਖਾਲੜਾ), ਸੁਰ ਸਿੰਘ, ਪੰਜਵੜ, ਗੰਡੀ ਵਿੰਡ, ਕਸੇਲ, ਝਬਾਲ ਅਤੇ ਭਿਖੀਵਿੰਡ ਦੇ ਕੋਲ, ਦਿਆਲਪੁਰਾ ਵਿਚ ਡਿਊਟੀਆਂ ਕੀਤੀਆਂ। ਉਨ੍ਹੀਂ ਦਿਨੀਂ ਹੀ ਪਾਕਿਸਤਾਨ ਦੇ ਪ੍ਰਧਾਨ ਮੰਤਰੀ, ਜ਼ੁਲਫਿਕਾਰ ਅਲੀ ਭੁੱਟੋ ਨੂੰ ਫਾਂਸੀ ਦਿੱਤੀ ਗਈ। ਉਸ ਦਿਨ, ਮੈਂ ਬਾਰਡਰ ਦੇ ਪਿੰਡ ਛੀਨਾ ਬਿਧੀ ਚੰਦ ਵਿਚ ਸਾਂ, ਪਾਕਿ ਨੇ ਬਾਰਡਰ 'ਤੇ ਕਾਫ਼ੀ ਫੌਜ ਲਗਾ ਦਿੱਤੀ ਸੀ। ਉਨ੍ਹੀਂ ਦਿਨੀਂ ਹੀ ਸਿੱਖ ਯਾਤਰੂਆਂ ਦੇ ਜਥੇ ਨਾਲ, ਮੈਂ ਪਹਿਲੀ ਵਾਰ ਲਾਹੌਰ ਗਿਆ ਸਾਂ, ਇਸ ਸ.ਫਰ ਦੇ ਤਜਰਬੇ ਅਤੇ ਜ਼ਜਬਾਤੀ ਸ.ਫਰ ਦਾ ਅਹਿਸਾਸ ਮੇਰੇ ਮਨ ਡੂੰਘੀ ਛਾਪ ਛੱਡ ਗਿਆ। ਸਾਡੇ ਤੋਂ ਵਿਛੜੇ ਪੰਜਾਬ ਦੀ ਧਰਤੀ ਅਤੇ ਉਧਰਲੇ ਪੰਜਾਬ ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਣ ਦਾ ਮੌਕਾ ਮਿਲਿਆ। ਨਫ਼ਰਤ ਦੀਆਂ ਸਿਆਸਤਾਂ ਦੁਆਰਾ ਖਿੱਚੀਆਂ ਗਈਆਂ ਲਕੀਰਾਂ ਵੀ ਉਧਰ ਵਸਦੇ ਸਾਡੇ ਮੁਸਲਮਾਨ ਭਰਾਵਾਂ ਦੇ ਦਿਲਾਂ ਵਿਚੋਂ ਸਾਡੇ ਲਈ ਪਿਆਰ ਨੂੰ ਨਹੀਂ ਘਟਾ ਸਕੀਆਂ। ਇਸੇ ਜਜ਼ਬਾਤਾਂ ਦੀ ਤਰਜਮਾਨੀ ਕਰਦੀ ਇਕ ਕਹਾਣੀ "ਡੱਬੀਆਂ ਵਾਲਾ ਖੇਸ" ਮੇਰੀ ਕਲਮ ਤੋਂ ਉਪਜੀ ਜੋ ਦੇਸ਼ ਵਿਦੇਸ਼ ਦੇ ਕਈ ਅਖ਼ਬਾਰਾਂ ਤੇ ਰਸਾਲਿਆਂ ਵਿਚ ਛਪ ਚੁੱਕੇ ਹਨ।

1983 ਵਿਚ ਜਦ ਮੇਰੀ ਪੋਸਟਿੰਗ ਦਿਆਲਪੁਰ ਸੀ, ਮੈਂ, ਪਾਕਿਸਤਾਨ 'ਚ ਕਸੂਰ ਜ਼ਿਲ੍ਹੇ ਦੇ ਰਾਏਵਿੰਡ ਵਿਚ ਰਹਿੰਦੀ ਸਕੀ ਭੂਆ ਨੂੰ ਮਿਲਾਉਣ ਲਈ, ਮਾਤਾ ਪਿਤਾ ਨੂੰ ਲੈ ਕੇ ਖੇਮਕਰਨ ਦੇ ਕੋਲ, ਸਰਹੱਦ 'ਤੇ ਬਣੀ ਮਜਾਰ ਸ਼ੇਖ ਬ੍ਰਹਮ 'ਤੇ ਲੈ ਗਿਆ ਸਾਂ। ਉਸੇਤੋਂ ਹੀ ਮੇਰੀ ਕਹਾਣੀ 'ਸ਼ੇਖ ਬ੍ਰਹਮ' ਦਾ ਜਨਮ ਹੋਇਆ ਸੀ। 'ਡੱਬੀਆਂ ਵਾਲਾ ਖੇਸ' ਦੇ ਨਾਲ ਨਾਲ 'ਸ਼ੇਖ ਬ੍ਰਹਮ' ਵੀ ਦੇਸ਼ ਵਿਦੇਸ਼ ਦੇ ਕਈ ਅਖ਼ਬਾਰਾਂ ਤੇ ਰਸਾਲਿਆਂ ਵਿਚ ਛਪ ਚੁੱਕੀ ਹੈ।

**ਡਾ. ਹਰਦੀਪ : ਡਾ. ਬੱਲ ਸਾਹਿਬ ਤੁਸੀਂ ਮੈਡੀਕਲ ਅਧਿਆਪਕ ਵਾਲੇ ਪਾਸੇ ਕਿਸ ਤਰ੍ਹਾਂ ਆਏ ਅਤੇ ਨਾਲ ਨਾਲ ਸਾਹਿਤਕ ਸਰਗਰਮੀਆਂ ਜਾਰੀ ਕਿਵੇਂ ਰੱਖ ਸਕੇ?**

**ਡਾ. ਬੱਲ** : ਜਨਵਰੀ 1984 ਵਿਚ, ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਦੇ ਪੈਥਾਲੋਜੀ ਵਿਭਾਗ ਵਿਚ ਜਾਇਨ ਕਰ ਲਿਆ ਤਾਂ ਓਪ੍ਰੇਸ਼ਨ ਬਲਿਊ ਸਟਾਰ ਦੀਆਂ ਤਿਆਰੀਆਂ ਚੱਲ ਰਹੀਆਂ ਸਨ, ਸੋ ਜੂਨ ਵਿਚ ਇਹ ਸਾਰਾ ਕੁਝ ਅੱਖੀਂ ਵੇਖਿਆ। 1986 ਵਿਚ ਐਮ. ਡੀ. (ਪੈਥਾਲੋਜੀ) ਪਾਸ ਕਰ ਲੈਣ ਤੋਂ ਬਾਅਦ ਫੈਕਲਟੀ ਵਜੋਂ ਸਿਲੈਕਸ਼ਨ ਹੋ ਜਾਣ ਤੇ ਬਾਕੀ ਸਰਵਿਸ ਮੈਡੀਕਲ ਕਾਲਜਾਂ ਵਿਚ ਹੀ ਰਹੀ। ਪੰਜਾਬੀ ਵਿਚ ਲਿਖਣ ਦਾ ਸ਼ੌਕ ਨਾਲੋ-ਨਾਲ ਚਲਦਾ ਰਿਹਾ। ਜੱਗ ਬਾਣੀ, ਅਜੀਤ, ਨਵਾਂ ਜ਼ਮਾਨਾ, ਦੇਸ਼ ਸੇਵਕ ਤੇ 'ਸੰਤ ਸਿਪਾਹੀ' ਰਸਾਲੇ 'ਚ ਨਿਰੰਤਰ ਛਪਣ ਕਰਕੇ ਦੇਸ਼ ਵਿਦੇਸ਼ ਦੇ ਪਾਠਕਾਂ ਵਿਚ ਕੁਝ ਪਛਾਣ ਬਣੀ।

**ਡਾ. ਹਰਦੀਪ : ਡਾ. ਬੱਲ ਸਾਹਿਬ ਤੁਸੀਂ ਮੈਡੀਕਲ ਕਾਲਜ ਅਧਿਆਪਨ ਨੌਕਰੀ ਵਿਚ ਵੀ ਕਾਫ਼ੀ ਮੁਸ਼ਕਿਲਾਂ ਝੱਲੀਆਂ ਪਰ ਫਿਰ ਵੀ ਤੁਹਾਡਾ ਸਾਹਿਤਕ ਸ.ਫਰ ਜਾਰੀ ਰਿਹਾ। ਕੀ ਤੁਸੀਂ ਆਪਣੀ ਸਾਹਿਤਕ ਸਰਗਰਮੀ ਦੇ ਸ.ਫਰ ਦੀ ਨਿਰੰਤਰਤਾ ਨੂੰ ਪਾਠਕਾਂ ਨਾਲ ਸਾਂਝਾ ਕਰੋਗੇ?**

**ਡਾ. ਮਨਜੀਤ ਬੱਲ** : ਮਈ 1997 ਵਿਚ ਪ੍ਰਮੋਸ਼ਨ ਤੇ ਬਦਲੀ ਕਾਰਨ, ਮੈਡੀਕਲ ਕਾਲਜ ਫਰੀਦਕੋਟ ਜਾਣਾ ਪਿਆ, ਅੰਮ੍ਰਿਤਸਰ ਨੂੰ ਛੱਡਣ ਕਾਰਨ ਹੋਈ ਬੇਚੈਨੀ ਕਰਕੇ, ਬਹੁਤ ਕੁਝ ਉਥਲ ਪੁਥਲ ਹੋ ਗਿਆ ਸੀ ਫਿਰ ਵੀ ਮੈਂ ਲਿਖਣਾ ਜਾਰੀ ਰੱਖਿਆ, ਇਸ ਸਮੇਂ ਤੱਕ ਮੇਰੇ ਕੋਲ ਛਪਣਯੋਗ, ਕਾਫ਼ੀ ਕੁਝ ਜਮ੍ਹਾਂ ਹੋ ਚੁੱਕਾ ਸੀ। ਫਰੀਦਕੋਟ ਰਹਿੰਦਿਆਂ, ਭਾਸ਼ਾ ਵਿਭਾਗ ਪੰਜਾਬ ਨਾਲ ਰਾਬਤਾ ਕਾਇਮ ਕੀਤਾ, ਖਰੜਾ ਵੀ ਭੇਜਿਆ ਪਰ ਸਰਕਾਰੀ ਸੁਸਤੀ ਕਰਕੇ ਕੋਈ ਗੱਲ ਨਾ ਬਣ ਸਕੀ।

ਅਗਲੀ ਤਰੱਕੀ 1998 ਵਿਚ ਹੋਈ ਪਰ ਵਾਪਸ, ਅੰਮ੍ਰਿਤਸਰ ਨਾ ਆਉਣ ਦਿੱਤਾ ਗਿਆ, ਅਗਸਤ ਵਿਚ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਦੇ ਪੈਥਾਲੋਜੀ ਵਿਭਾਗ ਵਿਚ ਮੁਖੀ ਵਜੋਂ ਜਾਇਨ ਕਰ ਲਿਆ। ਇਥੇ ਵੀ ਜਾਤੀ ਵਿਤਕਰੇ ਵਾਲਿਆਂ ਨੇ ਪੂਰੇ ਜ਼ੋਰ ਨਾਲ ਭੌਂਕਣਾ ਸ਼ੁਰੂ ਕਰ ਦਿੱਤਾ ਜਿਸ ਤੋਂ "ਕਾਰਵਾਂ ਚਲਦਾ ਰਹਿੰਦਾ ਹੈ ਤੇ..." ਲਿਖਤ ਦਾ ਜਨਮ ਹੋਇਆ ਜੋ ਪੰਜਾਬੀ ਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਦੇਸ਼ ਵਿਦੇਸ਼ 'ਚ ਛਪੀ। ਇਸ ਵਿਤਕਰੇ ਕਰਕੇ ਕਈਆਂ ਨਾਲ ਆਢਾ ਲੈਣਾ ਪਿਆ ਤੇ ਅਦਾਲਤੀ ਚੱਕਰਾਂ 'ਚ ਪੈਣਾ ਪਿਆ। ਆਖ਼ਰ ਵਿਰੋਧੀਆਂ ਨੂੰ ਮੂੰਹ ਦੀ ਖਾਣੀ ਪਈ ਤੇ ਮੈਨੂੰ ਭਜਾਉਂਦੇ ਭਜਾਉਂਦੇ, ਉਹ ਖ਼ੁਦ ਹੀ ਮੈਦਾਨ ਛੱਡ ਕੇ ਭੱਜ ਗਏ (ਰਿਟਾਇਰਮੈਂਟ ਲੈ ਗਏ)। ਹਨੇਰਾ ਖਤਮ ਹੋ ਰਿਹਾ ਸੀ ਤੇ ਸੂਰਜ ਚੜ੍ਹ ਰਿਹਾ ਸੀ। ਵਿਰੋਧੀਆਂ ਨੂੰ ਭਜਾ ਕੇ ਮੈਂ ਪੂਰੀ ਮਿਹਨਤ, ਲਗਨ ਤੇ ਊਰਜਾ ਨਾਲ ਕੰਮ ਸ਼ੁਰੂ ਕੀਤਾ। 2001 ਵਿਚ ਭਾਸ਼ਾ ਵਿਭਾਗ ਵਾਲਾ ਖਰੜਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਮੇਰੀ ਪਹਿਲੀ ਕਿਤਾਬ "ਸਿਹਤ ਸਮੱਸਿਆਵਾਂ ਤੇ ਚੇਤੰਨਤਾ" ਦੇ ਰੂਪ ਵਿਚ ਛਾਪਿਆ। ਸੇਵਾ ਮੁਕਤੀ ਹੋਣ ਤੱਕ, ਪਟਿਆਲੇ ਵਿਚ ਪ੍ਰੋਫੈਸਰ ਤੇ ਮੁਖੀ ਰਹਿੰਦਿਆਂ ਹੋਇਆਂ ਮੇਰੀਆਂ ਨਿਮਨ ਕਿਤਾਬਾਂ ਛਪੀਆਂ :






ਸਿਹਤ ਸਮੱਸਿਆਵਾਂ ਤੇ ਚੇਤੰਨਾ : ਪਟਿਆਲਾ ਵਿਖੇ ਡਾ. ਗੁਜਰਾਤ ਵੀ. ਸੀ. ਤੇ ਡਾ. ਰਵੀ ਪ੍ਰਿੰਸੀਪਲ, ਰੋਗਾਂ ਦੀ ਉਤਪਤੀ ਕਿਵੇਂ ਅਤੇ ਕਿਉਂ..? : ਪਟਿਆਲਾ 'ਚ ਸ੍ਰੀ ਵਿਜੈ ਟੰਡਨ, ਕੁਲਦੀਪ ਬੇਦੀ ਤੇ ਸਤੀਸ਼ ਵਰਮਾ, ਡੱਬੀਆਂ ਵਾਲਾ ਖੇਸ ਚੰਡੀਗੜ੍ਹ ਪ੍ਰੈਸ ਕਲੱਬ, ਸ੍ਰੀ ਸਿੱਧੂ ਦਮਦਮੀ, ਸ੍ਰੀ ਐਨ.ਐਸ. ਰਤਨ ਤੇ ਗੁਰਪ੍ਰੀਤ ਘੁੱਗੀ, ਪੈਨ ਫ੍ਰੈਂਡਸ਼ਿਪ (ਅੰਗਰੇਜ਼ੀ) : ਚੰਡੀਗੜ੍ਹ ਪ੍ਰੈਸ ਕਲੱਬ, ਜਸਪਾਲ ਭੱਟੀ, ਸ਼ੇਖ ਬ੍ਰਹਮ (ਹਿੰਦੀ) : ਪੰਜਾਬ ਭਵਨ ਦਿੱਲੀ ਵਿਖੇ, ਸ੍ਰੀ ਬਾਲ ਆਨੰਦ ਤੇ ਸ੍ਰੀ ਨਰਿੰਦਰ ਮੋਹਨ, ਸਫ਼ਰਨਾਮਾ ਪਾਂਡੀਚਰੀ : ਭਾਸ਼ਾ ਵਿਭਾਗ ਪੰਜਾਬ ਪਟਿਆਲਾ, ਪ੍ਰੋ. ਕਿਰਪਾਲ ਸਿੰਘ ਬਡੂੰਗਰ, ਏ ਵਿਜ਼ਿਟ ਟੂ ਕਸ਼ਮੀਰ (ਅੰਗਰੇਜ਼ੀ) : ਭਾਸ਼ਾ ਵਿਭਾਗ ਪੰਜਾਬ, ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸਿਹਤ ਦੀ ਸੰਭਾਲ ਕਿਵੇਂ ਕਰੀਏ..? : ਵੈਨਕੂਵਰ (ਕੈਨੇਡਾ) ਆਰਟਿਸਟ ਜਰਨੈਲ ਸਿੰਘ, ਕਾਰਵਾਂ ਚਲਦਾ ਰਹੇ : ਭਾਸ਼ਾ ਵਿਭਾਗ ਪੰਜਾਬ ਪਟਿਆਲਾ, ਪ੍ਰੋ. ਗੁਰਬਚਨ ਸਿੰਘ ਰਾਹੀ, ਆਪਕਾ ਸਵਾਸਥ (ਹਿੰਦੀ) : ਆਈ.ਜੀ.ਐਮ. ਸੀ. ਸ਼ਿਮਲਾ ਤੇ ਮੈਡੀਕਲ ਕਾਲਜ ਮੁਲਾਣਾ ਅੰਬਾਲਾ ਤਕਰੀਬਨ 17 ਸਾਲ, ਪ੍ਰੋਫੈਸਰ ਤੇ ਮੁਖੀ ਰਹਿੰਦਿਆਂ, ਉਕਤ ਕਿਤਾਬਾਂ ਦੇ ਨਾਲ ਨਾਲ, ਪੈਥਾਲੋਜੀ ਵਿਸ਼ੇ ਦੀਆਂ ਕਿਤਾਬਾਂ ਵਿਚ ਚੈਪਟਰ ਲਿਖੇ, ਇੰਟਰਨੈਸ਼ਨਲ ਤੇ ਨੈਸ਼ਨਲ ਕਾਨਫਰੰਸਾਂ ਆਯੋਜਿਤ ਕੀਤੀਆਂ। ਕਾਲਜ ਵਿਚ ਸਪੋਰਟਸ ਪ੍ਰੈਜ਼ੀਡੈਂਟ ਵਜੋਂ ਤੇ ਕਾਲਜ ਮੈਗਜ਼ੀਨ 'ਦ ਗੌਮਕੋ' ਦੇ ਚੇਅਰਮੈਨ ਵਜੋਂ ਡਿਊਟੀਆਂ ਨਿਭਾਈਆਂ, ਥੀਸਿਸ ਸਕਰੂਟਿਨੀ ਕਮੇਟੀ ਦੇ ਚੇਅਰਮੈਨ ਵਜੋਂ ਡਿਊਟੀਆਂ ਨਿਭਾਈਆਂ। ਅਮਰੀਕਾ, ਕੈਨੇਡਾ ਤੇ ਆਸਟ੍ਰੇਲੀਆ, ਸਿੰਘਾਪੁਰ, ਕਾਠਮੰਡੂ, ਢਾਕਾ, ਲਾਹੌਰ ਦੇ ਦੌਰੇ ਕੀਤੇ ਤੇ ਆਪਣੇ ਖੋਜ ਪੱਤਰ ਪੇਸ਼ ਕੀਤੇ। ਹੁਣ ਤੱਕ 114 ਖੋਜ ਪੱਤਰ, ਇੰਟਰਨੈਸ਼ਨਲ ਤੇ ਨੈਸ਼ਨਲ ਰਸਾਲਿਆਂ ਵਿਚ ਛਪੇ ਹਨ।

ਸ਼ਹੀਦ ਭਗਤ ਸਿੰਘ, ਸ਼ਿਵ ਬਟਾਲਵੀ ਤੇ ਮੁਹੰਮਦ ਰਫ਼ੀ, ਪੰਜਾਬ ਦੀ ਕੋਇਲ ਸੁਰਿੰਦਰ ਕੌਰ 'ਤੇ ਆਧਾਰਤ ਕਈ ਪ੍ਰੋਗਰਾਮ ਆਯੋਜਿਤ ਕੀਤੇ। ਬੰਸਰੀ 'ਤੇ ਇਕ ਮਿਊਜ਼ਕ ਸੀ.ਡੀ. ਰਿਕਾਰਡ ਕਰਵਾਈ। ਬੀਮਾਰੀਆਂ ਤੇ ਕੈਂਸਰ ਜਾਗਰੂਕਤਾ ਬਾਰੇ ਪੰਜਾਬ 'ਚ ਕਈ ਥਾਈਂ ਲੈਕਚਰ ਦਿੱਤੇ। ਕਈ ਤਰ੍ਹਾਂ ਦੀਆਂ ਸਾਹਿਤਕ, ਥੀਏਟਰ, ਕਵੀ ਮੰਚਾਂ ਆਦਿ ਨਾਲ ਜੁੜਿਆ। 2015 ਵਿਚ ਟੋਰਾਂਟੋ ਵਿਚ ਵਰਲਡ ਪੰਜਾਬੀ ਕਾਨਫਰੰਸ ਵਿਚ ਭਾਗ ਲਿਆ।

**ਡਾ. ਹਰਦੀਪ ਸਿੰਘ : ਡਾ. ਬੱਲ ਸਾਹਿਬ ਤੁਹਾਡਾ ਇਕ ਹੋਰ ਰੂਪ ਵੀ ਹੈ-ਉਹ ਹੈ ਫਿਲਮਕਾਰ ਦਾ। ਜਿਸ ਦੀ ਪ੍ਰਸ਼ੰਸਾ ਕੈਨੇਡਾ ਦੇ ਦਰਸ਼ਕਾਂ ਵਲੋਂ ਵੀ ਕੀਤੀ ਜਾ ਰਹੀ ਹੈ। ਆਪਣੇ ਇਸ ਫ਼ਿਲਮੀ ਸਫਰ ਬਾਰੇ ਤੁਸੀਂ ਕੁਝ ਚਾਨਣਾ ਪਾ ਸਕਦੇ ਹੋ?**

**ਡਾ. ਮਨਜੀਤ ਬੱਲ :** ਮੈਂ ਕੋਈ ਕਮਰਸ਼ੀਲ ਫਿਲਮਸਾਜ਼ ਤਾਂ ਨਹੀਂ ਹਾਂ ਪਰ ਇਹ ਮੇਰੀ ਸਾਹਿਤਕ ਸਰਗਰਮੀ ਦਾ ਹੀ ਇਕ ਹਿੱਸਾ ਹੈ। ਫਿਲਮ "ਮੁਸੱਰਤ ਸਰਹੱਦੋਂ ਪਾਰ" ਬਣਾਈ ਜੋ ਮੇਰੀ ਪਾਕਿਸਤਾਨ ਫੇਰੀ ਦੌਰਾਨ ਪਤਾ ਲੱਗੇ, ਇਕ ਲਾਹੌਰੀਏ ਮੁੰਡੇ ਤੇ ਆਗਰੇ ਦੀ ਕੁੜੀ ਦੇ ਅਸਫ਼ਲ ਲਵ ਸਟੋਰੀ 'ਤੇ ਆਧਾਰਿਤ ਹੈ। ਇਸ ਫ਼ਿਲਮ ਦੇ ਕਈ ਥਾਵਾਂ 'ਤੇ ਸਫ਼ਲ ਸ਼ੋਅ ਆਯੋਜਿਤ ਕੀਤੇ ਗਏ ਤੇ ਤਿੰਨ ਵਾਰ ਕੈਨੇਡਾ ਦੇ ਇਕ ਪੰਜਾਬੀ ਟੀ. ਵੀ. ਚੈਨਲ 'ਤੇ ਵਿਖਾਈ ਗਈ। 2016-17 'ਚ ਦੂਸਰੀ ਫ਼ਿਲਮ "ਝਾਂਜਰ ਵਿਚ ਓਸਟੀਓਸਾਰਕੋਮਾ' ਕੈਂਸਰ ਜਾਗਰੂਕਤਾ 'ਤੇ ਆਧਾਰਤ ਹੈ। ਬਰੇਲੀ, ਚੰਡੀਗੜ੍ਹ ਤੇ ਮੋਹਾਲੀ 'ਚ ਇਸ ਦੇ ਸ਼ੋਅ ਹੋਏ ਹਨ ਅਤੇ ਹੁਣ ਕੈਨੇਡਾ ਵਿਖੇ ਇਸ ਦਾ ਟੋਰਾਂਟੋ ਸ਼ੋਅ ਵਿਚ ਲੜੀ ਦਾ ਹਿੱਸਾ ਬਣ ਗਿਆ ਹੈ। ਇਹਦੀ ਸਟੋਰੀ, ਗੀਤ ਤੇ ਪਟਕਥਾ ਤੇ ਫੰਡਜ਼ ਵੀ ਮੇਰੇ ਪਰਿਵਾਰ ਦੀ ਜੇਬੋਂ ਹਨ।

**ਡਾ. ਹਰਦੀਪ ਸਿੰਘ : ਡਾ. ਮਨਜੀਤ ਬੱਲ ਜੀ, ਆਖਿਰ ਵਿਚ ਕੀ ਤੁਸੀਂ ਕੈਨੇਡਾ ਅਤੇ ਅਮਰੀਕਾ ਦੀ ਮੌਜੂਦਾ ਫੇਰੀ ਬਾਰੇ ਅਤੇ ਕੁਝ ਨਿੱਜੀ ਜ਼ਿੰਦਗੀ ਬਾਰੇ ਦੱਸਣਾ ਪਸੰਦ ਕਰੋਗੇ?**

**ਡਾ. ਮਨਜੀਤ ਬੱਲ :** 5-6 ਅਕਤੂਬਰ ਨੂੰ ਸ਼ਿਕਾਗੋ ਵਿਚ ਹੋਣ ਵਾਲੀ ਇੰਟਰਨੈਸ਼ਨਲ ਕਾਨਫਰੰਸ ਵਿਚ, ਗਦੂਦਾਂ ਦੇ ਕੈਂਸਰ ਸਬੰਧੀ ਲੈਕਚਰ ਦੇਣ ਲਈ ਤੇ ਕੈਂਸਰ ਜਾਗਰੂਕਤਾ ਫਿਲਮ ਦੇ ਸ਼ੋਅ ਵਾਸਤੇ 28 ਸਤੰਬਰ ਤੋਂ ਅਮਰੀਕਾ ਤੇ ਕੈਨੇਡਾ ਦੇ ਦੌਰੇ 'ਤੇ ਹਾਂ। ਕੈਨੇਡਾ ਟੋਰਾਂਟੋ ਤੋਂ ਬਾਅਦ ਅਮਰੀਕਾ ਵਿਚ ਮਿਸ਼ੀਗਨ ਅਤੇ ਸ਼ਿਕਾਗੋ, ਵਾਪਸ ਫਿਰ ਕੈਨੇਡਾ ਵਿਚ ਸਸਕੈਚਵਨ ਅਤੇ ਵੈਨਕੂਵਰ ਵਿਚ ਮੈਂ ਕੁਝ ਸਭਾਵਾਂ ਵਿਚ ਹਿੱਸਾ ਲਵਾਂਗਾ।

ਸੇਵਾ ਮੁਕਤੀ ਤੋਂ ਬਾਅਦ ਇਨ੍ਹੀਂ ਦਿਨੀਂ ਤੋਂ ਹਿਮਾਚਲ ਦੇ ਸੋਲਨ ਜ਼ਿਲ੍ਹੇ ਵਿਚ ਕੁਮਾਰਹੱਟੀ ਸਥਿਤ, ਐਮ. ਐਮ. ਮੈਡੀਕਲ ਕਾਲਜ ਤੇ ਹਸਪਤਾਲ ਵਿਚ ਪ੍ਰੋਫੈਸਰ ਵਜੋਂ ਕਾਰਜਸ਼ੀਲ ਹਾਂ। ਘਰ ਵਿਚ ਪਤਨੀ ਇੰਦਰਜੀਤ ਕੌਰ ਤੇ ਬੇਟਾ ਡਾ. ਮਹਿਤਾਬ ਸਿੰਘ ਬੱਲ ਹਨ। ਹੁਣ ਤੱਕ ਦੀਆਂ ਸਭ ਉਪਲਬਧੀਆਂ ਪਤਨੀ ਕਰਕੇ ਹੀ ਹਨ, ਉਹ ਹੋਮ-ਮੇਕਰ ਹੈ। ਬੇਟਾ ਡਾ. ਮਹਿਤਾਬ ਸਿੰਘ ਬੱਲ, ਜ਼ਿਲ੍ਹਾ ਮੋਹਾਲੀ ਵਿਚ, ਡਾਕਟਰੀ ਦੇ ਕਿਤੇ ਦੇ ਨਾਲ ਨਾਲ ਮੇਰੀ ਸਰਗਰਮੀ ਦਾ ਸਹਾਇਕ ਵੀ ਹੈ। ਫ਼ਿਲਮ ਝਾਂਜਰ ਵਿਚ ਵੀ ਉਸਨੇ ਇਕ ਕਲਾਕਾਰ ਦੇ ਤੌਰ 'ਤੇ ਪ੍ਰਮੁੱਖ ਭੂਮਿਕਾ ਨਿਭਾਈ ਹੈ। ਬੇਟੀ ਡਾ. ਸਿਮਰਨ, ਮੈਡੀਕਲ ਕਾਲਜ ਅੰਮ੍ਰਿਤਸਰ 'ਚ ਐਮ. ਡੀ. ਮੈਡੀਸਨ ਕਰ ਰਹੀ ਹੈ ਤੇ ਦਾਮਾਦ ਡਾ. ਉਪਿੰਦਰਬੀਰ ਸਿੰਘ, ਭਾਰਤੀ ਸਿਵਲ ਸੇਵਾਵਾਂ ਵਿਚ ਅਫ਼ਸਰ ਹੈ।

**ਡਾ. ਹਰਦੀਪ ਸਿੰਘ : ਡਾ. ਬੱਲ ਜੀ, 'ਸਰੋਕਾਰਾਂ ਦੀ ਆਵਾਜ਼' ਦੀ ਟੀਮ ਅਤੇ ਪਾਠਕਾਂ ਵਲੋਂ ਤੁਹਾਡਾ ਬਹੁਤ ਧੰਨਵਾਦ। ਕੀ ਤੁਸੀਂ ਸਾਡੇ ਪਾਠਕਾਂ ਨੂੰ ਕੁਝ ਸੁਨੇਹਾ ਦੇਣਾ ਚਾਹੋਗੇ?**

**ਡਾ. ਮਨਜੀਤ ਸਿੰਘ ਬੱਲ :** ਸਾਰੀ ਵਿਗਿਆਨ ਵਿਦਿਆ ਅੰਗਰੇਜ਼ੀ ਭਾਸ਼ਾ ਵਿਚ ਹੈ, ਸਾਡੇ ਡਾਕਟਰ ਇੰਜੀਨੀਅਰ ਇਸੇ ਭਾਸ਼ਾ ਵਿਚ ਗਿਆਨ ਪ੍ਰਾਪਤ ਕਰਦੇ ਹਨ। ਆਮ ਲੋਕਾਂ ਦੀ ਜੀਵਨ ਜਾਚ ਲਈ ਵਿਗਿਆਨਕ ਚੇਤਨਾ ਦੀ ਜ਼ਰੂਰਤ ਹੈ ਜੋ ਕਿ ਸਿਰਫ਼ ਮਾਂ ਬੋਲੀ ਪੰਜਾਬੀ ਭਾਸ਼ਾ ਰਾਹੀਂ ਸੰਭਵ ਹੈ। ਇਸ ਲਈ ਸਾਨੂੰ ਅਜਿਹੇ ਡਾਕਟਰ ਚਾਹੀਦੇ ਹਨ ਜਿਹੜੇ ਆਪਣੇ ਕਿਤੇ ਦੇ ਨਾਲ ਨਾਲ, ਮਾਂ ਬੋਲੀ ਪੰਜਾਬੀ ਭਾਸ਼ਾ ਨੂੰ ਵੀ ਪਿਆਰ ਕਰਦੇ ਹੋਣ, ਤਦੇ ਆਮ ਲੋਕਾਂ ਨੂੰ ਮੈਡੀਕਲ ਸੁਨੇਹਾ ਦਿੱਤਾ ਜਾ ਸਕਦਾ ਹੈ। ਪੰਜਾਬੀ ਸਾਹਿਤ ਨੂੰ ਹੋਰ ਅਮੀਰ ਕਰਨ ਲਈ ਨਵੀਂ ਪੀੜ੍ਹੀ ਦੇ ਸਾਹਿਤਕਾਰਾਂ ਦੀ ਜ਼ਰੂਰਤ ਹੈ। ਕੈਨੇਡਾ ਵਿਚ ਪੰਜਾਬੀ ਭਾਸ਼ਾ ਨੂੰ ਬਚਾਈ ਰੱਖਣ ਅਤੇ ਵਿਕਸਤ ਕਰਨ ਲਈ ਕੰਮ ਕਰ ਰਹੇ ਸਾਹਿਤਕਾਰਾਂ, ਅਖ਼ਬਾਰਾਂ ਅਤੇ ਮੀਡੀਏ ਦਾ ਹਾਂਪੱਖੀ ਯੋਗਦਾਨ ਪ੍ਰਸ਼ੰਸਾਯੋਗ ਹੈ।

# ਭਾਅ ਜੀ ਗੁਰਸ਼ਰਨ ਸਿੰਘ ਦਾ ਔਰਤਾਂ ਬਾਰੇ ਦ੍ਰਿਸ਼ਟੀਕੋਣ








**ਹਰਜੀਤ ਬੇਦੀ**

"ਬਰਾਬਰੀ ਮੇਰੇ ਲਈ ਨਾਹਰਾ ਨਹੀਂ ਹੈ, ਮੇਰਾ ਅਕੀਦਾ ਹੈ, ਮਨੁੱਖਤਾ ਦਾ ਸੁਪਨਾ ਹੈ" ਇਹ ਸ਼ਬਦ ਹਨ ਭਾਅ ਜੀ ਗੁਰਸ਼ਰਨ ਸਿੰਘ ਦੇ। ਇਹ ਗੱਲ ਉਹਨਾਂ ਨੇ ਸਿਰਫ ਕਹੀ ਹੀ ਨਹੀਂ ਸਗੋਂ ਆਪਣੇ ਹਰ ਇੱਕ ਨਾਟਕ ਅਤੇ ਹਰ ਲਿਖਤ ਵਿੱਚ ਇਸ ਗੱਲ ਨੂੰ ਉਭਾਰਿਆ ਵੀ। ਉਹ ਸੱਚਮੁੱਚ ਦੀ ਬਰਾਬਰੀ ਵਾਲਾ ਸੰਸਾਰ ਲੋਚਦੇ ਸਨ। ਇਹ ਉਹਨਾਂ ਦੇ ਜੀਵਣ ਦੇ ਹਰ ਪਹਿਲੂ ਵਿੱਚੋਂ ਉੱਭਰ ਕੇ ਸਾਹਮਣੇ ਆਉਂਦਾ ਹੈ। ਜਿੱਥੇ ਗੁਰਸ਼ਰਨ ਸਿੰਘ ਦੱਬੇ ਕੁਚਲੇ,ਗਰੀਬ ਲੋਕਾਂ, ਦਲਿਤਾਂ ਬਾਰੇ ਜਿੰਦਗੀ ਦੀਆਂ ਬਰਾਬਰ ਸਹੂਲਤਾਂ ਬਾਰੇ ਫਿਕਰਮੰਦ ਸੀ ਉੱਥੇ ਔਰਤਾਂ ਜੋ ਉਹਨਾਂ ਤੋਂ ਵੀ ਵੱਧ ਕੇਵਲ ਔਰਤਾਂ ਹੋਣ ਕਰ ਕੇ ਸੰਤਾਪ ਹੰਢਾਅ ਰਹੀਆਂ ਹਨ ਬਾਰੇ ਚਿੰਤਾ ਉੱਸ ਤੋਂ ਵੀ ਵਧੇਰੇ ਸੀ।

ਸੰਨ 1947 ਵੇਲੇ ਸਿਰਫ 18 ਕੁ ਵਰ੍ਹਿਆਂ ਦੇ ਗੁਰਸ਼ਰਨ ਸਿੰਘ ਨੇ ਉਸ ਸਮੇਂ ਦਾ ਉਜਾੜਾ ਅਤੇ ਦੁੱਖ ਜੋ ਖਾਸ ਤੌਰ ਤੇ ਔਰਤਾਂ ਨੂੰ ਹੰਢਾਉਣਾ ਪਿਆ ਆਪਣੇ ਅੱਖੀਂ ਦੇਖਿਆ। ਇਹ ਉਹਨਾਂ ਦੇ ਮਨ ਤੇ ਹਮੇਸ਼ਾਂ ਚਿੱਤਰਿਆ ਰਿਹਾ। ਉਹ ਜਦ ਵੀ ਮਜ਼ਹਬੀ ਜਨੂੰਨ ਵਿੱਚ ਅੰਨ੍ਹੇ ਹੋਏ ਲੋਕਾਂ ਦੀਆਂ ਗੱਲਾਂ ਕਰਦੇ ਤਾਂ ਊਧਮ ਸਿੰਘ ਨਾਗੋਕੇ ਅਤੇ ਈਸ਼ਰ ਸਿੰਘ ਮਝੈਲ ਸਿੰਘ ਦਾ ਨਾਂ ਲੈਂਦਿਆਂ ਉਹਨਾਂ ਦੀ ਆਵਾਜ਼ ਰੋਹ ਨਾਲ ਭਰ ਜਾਂਦੀ ਜਿੰਨ੍ਹਾ ਨੇ ਅੰਮ੍ਰਿਤਸਰ ਹਾਲ ਬਾਜਾਰ ਤੋਂ ਲੈ ਕੇ ਮੋਚੀ ਬਾਜਾਰ ਤੱਕ ਮੁਸਲਮਾਨ ਔਰਤਾਂ ਨੂੰ ਨੰਗਾ ਕਰ ਕੇ ਜਲੂਸ ਕੱਢਿਆ ਸੀ। ਉਹਨਾਂ ਦੇ ਮਨ ਵਿੱਚ ਹਮੇਸ਼ਾਂ ਇਹ ਗੱਲ ਰੜਕਦੀ ਰਹੀ ਕਿ ਉਨ੍ਹਾਂ ਤੇ ਉਨ੍ਹਾਂ ਵਰਗੇ ਆਗੂਆਂ ਨੂੰ ਇਸ ਕਰਤੂਤ ਦੀ ਸਜਾ ਕਿਉਂ ਨਹੀਂ ਮਿਲੀ। ਉਨ੍ਹਾ ਸਾਰੀ ਉਮਰ ਮਜ਼ਹਬੀ ਦਹਿਸ਼ਤ ਅਤੇ ਸਿਆਸਤ ਦੀ ਵਿਰੋਧਤਾ ਕੀਤੀ ਜਿਸ ਦੇ ਨਾਂ ਤੇ ਔਰਤਾਂ ਨੂੰ ਕਾਫਲਿਆਂ ਵਿੱਚੋਂ ਧੂਹਿਆ ਗਿਆ।

ਭਾਅ ਜੀ ਕਹਿੰਦੇ ਸਨ, " ਲੋਕ-ਸ਼ਕਤੀ ਨਾਲ ਹੀ ਸਮਾਜ ਨੂੰ ਬਦਲਿਆ ਜਾ ਸਕਦਾ ਹੈ ਅਤੇ ਇਹ ਲੋਕ ਸ਼ਕਤੀ ਉਦੋਂ ਬਣੇਗੀ ਜਦੋਂ ਮੇਰੀਆ ਭੈਣਾਂ ਐਨ ਮਰਦਾਂ ਦੇ ਬਰਾਬਰ ਮੋਢੇ ਨਾਲ ਮੋਢਾ ਲਾ ਕੇ ਖਲੋਣਗੀਆਂ"। ਇਹੀ ਕਾਰਣ ਸੀ ਕਿ ਉਹ ਹਰ ਖੇਤਰ ਵਿੱਚ ਔਰਤਾਂ ਦੀ ਸ਼ਮੂਲੀਅਤ ਚਾਹੁੰਦੇ ਸਨ। ਕਈ ਵਾਰ ਜਦ ਪਿੰਡਾਂ ਵਿੱਚ ਦਰਸ਼ਕਾਂ ਵਿੱਚ ਔਰਤਾਂ ਨਾ ਹੁੰਦੀਆਂ ਤਾਂ ਉਹ ਨਾਟਕ ਸ਼ੁਰੂ ਨਹੀਂ ਸੀ ਕਰਦੇ ਤੇ ਸਟੇਜ ਤੋਂ ਅਨਾਊਂਸ ਕਰਦੇ। " ਮੇਰੀਆਂ ਧੀਆਂ, ਭੈਣਾ ਘਰਾਂ ਚ ਲੁਕ ਕੇ ਨਾ ਬੈਠਣ, ਉਹ ਵੀ ਆ ਕੇ ਨਾਟਕ ਦੇਖਣ"। ਫਿਰ ਜਦ ਔਰਤਾਂ ਆ ਜਾਂਦੀਆਂ ਤਾਂ ਨਾਟਕ ਸ਼ੁਰੂ ਕਰਦੇ। ਔਰਤਾਂ ਨੂੰ ਖਾਸ ਕਰਕੇ ਪੇਂਡੂ ਔਰਤਾਂ ਨੂੰ ਮਰਦਾਂ ਦੇ ਬਰਾਬਰ ਬੈਠ ਕੇ ਨਾਟਕ ਦੇਖਣ ਦੀ ਜੁੱਅਰਤ ਪੈਦਾ ਕਰਨਾ ਕੋਈ ਮਾਮੂਲੀ ਗੱਲ ਨਹੀਂ ਸੀ। ਉਹਨਾਂ ਦੇ ਬਹੁਤ ਸਾਰੇ ਨਾਟਕਾਂ ਵਿੱਚ ਔਰਤਾਂ ਨਾਲ ਸਬੰਧਤ ਵਿਸ਼ਾ ਹੁੰਦਾ। ਉਹ ਚਾਹੁੰਦੇ ਸਨ ਕਿ ਔਰਤਾਂ ਜਿਹੜੀ ਦੂਹਰੀ ਮਾਰ ਸਹਿ ਰਹੀਆਂ ਹਨ ਆਪਣੇ ਹੱਕਾਂ ਬਾਰੇ ਚੇਤਨ ਹੋਣ ਤੇ ਆਪਣੇ ਹੱਕਾਂ ਅਤੇ ਸਮਾਜਕ ਸਰੋਕਾਰਾਂ ਲਈ ਲੜੇ ਜਾ ਰਹੇ ਸੰਘਰਸ਼ਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ।

ਭਾਅ ਜੀ ਗੁਰਸ਼ਰਨ ਸਿੰਘ ਔਰਤਾਂ ਦੀ ਬਰਾਬਰੀ ਦੇ ਸੰਘਰਸ਼ ਦੀ ਗੱਲ ਆਪਣੇ ਨਾਟਕਾਂ ਵਿੱਚ ਕਰਦੇ ਸਨ। ਇਹ ਸਵਾਲ, " ਬੱਚੇ ਨੂੰ ਜਨਮ ਮਾਂ ਦਿੰਦੀ ਹੈ, ਪਾਲਣ ਪੋਸ਼ਣ ਵੀ ਮਾਂ ਹੀ ਕਰਦੀ ਹੈ, ਫਿਰ ਸਕੂਲ ਦਾਖਲ ਹੋਣ ਸਮੇਂ ਇਕੱਲੇ ਬਾਪ ਦਾ ਨਾਂ ਕਿਉਂ ਲਿਖਿਆ ਜਾਂਦਾ ਹੈ?" ਉਸ ਨੇ ਆਪਣੇ ਨਾਟਕ ਰਾਹੀਂ ਹੀ ਲੋਕਾਂ ਸਾਹਮਣੇ ਅਤੇ ਅਧਿਕਾਰੀਆਂ ਸਾਹਮਣੇ ਖੜਾ ਕੀਤਾ ਸੀ। ਉਸ ਨੇ ਲਗਾਤਾਰ ਅਧਿਕਾਰੀਆਂ ਨੂੰ ਪੱਤਰ ਲਿਖ ਕੇ ਵੀ ਜੋਰਦਾਰ ਆਵਾਜ਼ ਉਠਾਈ। ਨਾਟਕ ਰਾਹੀਂ ਇਹੀ ਸਵਾਲ ਉਠਾਉਣ ਸਮੇਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਨੇ ਐਲਾਨ ਕੀਤਾ, " ਅੱਜ ਤੋਂ ਬਾਦ ਹਰ ਸਾਰਟੀਫਿਕੇਟ ਉੱਤੇ ਮਾਂ ਅਤੇ ਬਾਪ ਦੋਹਾਂ ਦਾ ਨਾਮ ਲਿਖਿਆ ਜਾਵੇਗਾ।" ਪੰਜਾਬ ਸਕੂਲ ਸਿਖਿੱਆ ਬੋਰਡ ਦੀ ਕੀਤੀ ਪਹਿਲਕਦਮੀ ਤੇ ਹੁਣ ਹਰੇਕ ਬੋਰਡ ਅਤੇ ਯੂਨੀਵਰਸਿਟੀ ਨੇ ਇਸ ਨੂੰ ਅਪਣਾ ਲਿਆ ਹੈ।

ਭਾਅ ਜੀ ਨੇ ਜਿੰਦਗੀ ਭਰ ਔਰਤਾਂ ਦੇ ਮਾਨ ਸਨਮਾਨ ਦਾ ਹੋਕਾ ਆਪਣੇ ਨਾਟਕਾਂ ਰਾਹੀਂ ਦਿੱਤਾ। ਉਹਨਾਂ ਨੂੰ ਇਹ ਗੱਲ ਬਹੁਤ ਹੀ ਚੁਭਦੀ ਸੀ ਕਿ ਜਦੋਂ ਦੋ ਮਰਦ ਆਪਸ ਵਿੱਚ ਲੜਦੇ ਹਨ ਤਾਂ ਉਹ ਇੱਕ ਦੂਜੇ ਨੂੰ ਮਾਵਾਂ ਭੈਣਾਂ ਦੀਆਂ ਗਾਲਾਂ ਕਿਉਂ ਕਢਦੇ ਹਨ। ਉਹ ਇਸ ਦੀ ਪੁਰਜੋਰ ਨਿਖੇਧੀ ਕਰਦੇ ਹੋਏ ਆਪਣੀ ਬੁਲੰਦ ਆਵਾਜ਼ ਵਿੱਚ ਕਹਿੰਦੇ, " ਮਾਵਾਂ ਭੈਣਾਂ ਨੂੰ ਗਾਲਾਂ ਮੱਤ ਕੱਢੋ"। ਉਹਨਾਂ ਮੁਤਾਬਕ ਗਾਲਾਂ ਕੱਢਣਾ ਸਾਡੇ ਸਭਿੱਆਚਾਰ ਦਾ ਅਤੀ ਸ਼ਰਮਨਾਕ ਅਤੇ ਨਿੰਦਨਯੋਗ ਪਹਿਲੂ ਹੈ। ਇਹ ਉਸ ਜਗੀਰੂ ਸੋਚ ਦਾ ਸਿੱਟਾ ਹੈ ਜਿਸ ਵਿੱਚ ਔਰਤ ਨੂੰ ਮਰਦ ਨਾਲੋਂ ਘਟੀਆ ਅਤੇ ਹੀਣਾ ਸਮਝਿਆ ਜਾਂਦਾ ਹੈ। ਉਹਨਾਂ ਹਮੇਸ਼ਾਂ ਔਰਤਾਂ ਦੀ ਬਰਾਬਰੀ ਅਤੇ ਮੁਕਤੀ ਲਈ ਚੱਲੇ ਘੋਲਾਂ ਦੀ ਹਮਾਇਤ ਕੀਤੀ। ਆਪਣੀ ਨਿਜੀ ਜਿੰਦਗੀ ਤੇ ਆਪਣੇ ਨਾਟ-ਸੰਸਾਰ ਵਿੱਚ ਔਰਤਾਂ ਨੂੰ ਨਾਲ ਲੈ ਕੇ ਚੱਲਣ ਦੀ ਕੋਸ਼ਿਸ਼ ਕੀਤੀ ਅਤੇ ਉਹਨਾਂ ਦਾ ਸਾਥ ਦਿੱਤਾ। ਉਹਨਾਂ ਨੂੰ ਇਹ ਗੱਲ ਵੀ ਰੜਕਦੀ ਸੀ ਕਿ ਜਥੇਬੰਦੀਆਂ ਵਿੱਚ ਔਰਤਾਂ ਨਾਲ ਬੇਇਨਸਾਫੀ ਹੁੰਦੀ ਹੈ। ਉਹਨਾਂ ਦੀ ਕਾਬਲੀਅਤ ਨੂੰ ਅਣਗੌਲਿਆ ਕੀਤਾ ਜਾਂਦਾ ਹੈ।

ਭਾਅ ਜੀ ਨੇ ਜਿਸ ਤਰ੍ਹਾਂ ਮਜ਼ਹਬੀ ਦਹਿਸ਼ਤਗਰਦੀ ਅਤੇ ਸਿਆਸਤ ਦਾ ਸੰਨ 47 ਮੌਕੇ ਵਿਰੋਧ ਕੀਤਾ ਉਸੇ ਤਰ੍ਹਾ ਨੌਵੇਂ ਦਹਾਕੇ ਵਿੱਚ ਚੱਲੀ ਜਨੂੰਨੀ ਹਨੇਰੀ ਦਾ ਵੀ ਡਟ ਕੇ ਵਿਰੋਧ ਅਤੇ ਮੁਕਾਬਲਾ ਕੀਤਾ। ਉਹਨਾਂ ਦਾ ਕਹਿਣਾ ਸੀ, " ਮੇਰੀਆਂ ਦੋ ਧੀਆਂ ਨੇ ਤੇ ਉਹ ਕਿਸੇ ਮਜ਼ਹਬ ਦੇ ਨਾਂ ਤੇ ਉਸਾਰੇ ਗਏ ਸਮਾਜ ਵਿੱਚ ਬੰਦਸ਼ਾਂ ਭਰੀਆਂ ਜਿੰਦਗੀਆਂ ਜੀਣ, ਇਹ ਮੈਨੂੰ ਮਨਜ਼ੂਰ ਨਹੀਂ"। ਉਹ ਇਹ ਗੱਲ ਕਹਿੰਦਿਆਂ ਕਈ ਵਾਰ ਬਹੁਤ ਭਾਵੁਕ ਹੋ ਜਾਂਦੇ। ਉਹ ਇਹ ਗੱਲ ਸਿਰਫ ਆਪਣੀਆਂ ਹੀ ਧੀਆਂ ਵਾਸਤੇ ਨਹੀਂ ਸੀ ਕਹਿੰਦੇ ਸਗੋਂ ਇਸ ਧਰਤੀ ਦੀਆਂ ਸਮੁੱਚੀਆਂ ਧੀਆਂ ਦਾ ਉਹਨਾਂ ਨੂੰ ਫਿਕਰ ਸੀ। ਇਹ ਭਾਵੁਕਤਾ ਕਿਸੇ ਸਾਧਾਰਨ ਮਨੁੱਖ ਦੀ ਭਾਵੁਕਤਾ ਨਹੀਂ ਸੀ ਜੋ ਬਿਨਾ ਸੋਚ ਦੇ ਭਾਵੁਕ ਹੋ ਜਾਵੇ। ਇੱਕ ਸੱਚਾ ਸੁੱਚਾ ਕਮਿਊਨਿਸ਼ਟ ਹੋਣ ਕਰ ਕੇ ਇਹ ਸੰਵੇਦਨਸ਼ੀਲਤਾ ਉਹਨਾਂ ਨੂੰ ਉਸ ਵਿਚਾਰਧਾਰਾ ਚੋਂ ਮਿਲੀ ਸੀ। ਉਹਨਾਂ ਦਾ ਇਹ ਵੀ ਕਹਿਣਾ ਸੀ, " ਮੈਨੂੰ ਮੂਲਵਾਦੀਆਂ ਤੋਂ ਇਸ ਕਰ ਕੇ ਨਫਰਤ ਹੈ ਕਿ ਜੇ ਉੱਪਰ ਆ ਗਏ ਤਾਂ ਉਹ ਮੇਰੀਆਂ ਬੇਟੀਆਂ ਤੋਂ ਜੀਣ ਦਾ ਹੱਕ ਖੋਹ ਲੈਣਗੇ। ਸਭ ਤੋਂ ਪਹਿਲਾਂ ਉਹਨਾਂ ਦੇ ਸਿਰ ਤੇ ਪੱਲਾ ਕਰਵਾ ਦੇਣਗੇ ਤੇ ਉਹਨਾਂ ਨੂੰ ਕਹਿਣਗੇ ਬਈ ਔਰਤਾਂ ਇਹ ਨਹੀਂ ਕਰ ਸਕਦੀਆਂ ਉਹ ਨਹੀਂ ਕਰ ਸਕਦੀਆਂ, ਕਿਉਂਕਿ ਸਾਰੇ ਧਾਰਮਿਕ ਕੱਟੜਵਾਦੀ ਜਿਹੜੇ ਐ, ਉਹ ਔਰਤ ਵਿਰੋਧੀ ਨੇ"।

ਗੁਰਸ਼ਰਨ ਸਿੰਘ ਨੂੰ ਮਨੁੱਖਤਾ ਨਾਲ ਅੰਤਾਂ ਦਾ ਪਿਆਰ ਸੀ । ਇਸੇ ਮਨੁੱਖਤਾ ਵਿੱਚੋਂ ਹੀ ਉਹ ਔਰਤਾਂ ਪ੍ਰਤੀ ਬਹੁਤ ਸੰਵੇਦਨਸ਼ੀਲ ਸਨ ਤੇ ਔਰਤਾਂ ਦੇ ਹੱਕਾਂ ਤੇ ਔਰਤਾਂ ਦੀ ਮੁਕਤੀ ਲਈ ਉਹਨਾਂ ਆਪਣੀ ਸੁਰਤ ਸੰਭਲਣ ਤੋਂ ਲੈ ਕੇ ਅੰਤ ਤੱਕ ਆਪਣੇ ਵਿਸ਼ੇਸ਼ ਢੰਗ ਨਾਲ ਜਦੋ ਜਹਿਦ ਕੀਤੀ।

647-924-9087

# ਅਰਦਾਸ ਇੱਕ ਧਰਵਾਸ

**ਗੁਰਮੇਲ ਸਿੰਘ ਬੌਡੇ**

ਭਾਰਤ ਇੱਕ ਬਹੁ-ਧਰਮਾਂ ਵਾਲਾ ਮੁਲਕ ਹੈ। ਉਸ ਅਨੁਸਾਰ ਅਰਦਾਸਾਂ ਤੇ ਪ੍ਰਾਥਨਾਵਾਂ ਵੀ ਹੁੰਦੀਆਂ ਹਨ। ਜਿਥੇ ਲੋਕ ਧਾਗੇ ਤਵੀਤਾਂ, ਨਗਾਂ, ਮੜੀਆਂ, ਮਸਾਣੀਆਂ ਮੀਰਾ ਆਦਿ ਤੇ ਜਾ ਕੇ ਨਿੱਜੀ ਕਸ਼ਟ ਨਿਵਾਰਨ ਲਈ ਸਿਜਦੇ ਕਰਦੇ ਹਨ। ਪਰ ਇਹ ਵਰਤਾਰਾ ਉਹਨਾਂ ਨੂੰ ਬੇਆਸ ਕਰਦਾ ਹੈ। ਗਰੀਬ ਅਮੀਰ ਹੋਣਾ ਚਾਹੁੰਦਾ ਹੈ। ਬੇ-ਰੁਜ਼ਗਾਰ ਰੁਜ਼ਗਾਰ ਯਾਫਤਾ ਹੋਣਾ ਚਾਹੁੰਦਾ ਹੈ। ਬੇ-ਔਲਾਦਾ ਔਲਾਦ ਵਾਲਾ ਹੋਣਾ ਚਾਹੁੰਦਾ ਹੈ। ਧੀਆਂ ਵਾਲਾ ਇੱਕ ਪੁੱਤ, ਇੱਕ ਵਾਰਸ ਚਾਹੁੰਦਾ ਹੈ। ਰੋਗੀ ਤੰਦਰੁਸਤ ਹੋਣਾ ਚਾਹੁੰਦਾ ਹੈ। ਪਰ ਅਜਿਹਾ ਹੁੰਦਾ ਨਹੀਂ। ਕਿਸੇ ਵੀ ਧਰਮ ਵਿੱਚ ਕਿਸੇ ਵੀ ਧਾਗੇ ਤਵੀਤ, ਨਗ ਤੇ ਮੜੀ ਮਸਾਣੀ ਤੇ ਡੇਰਿਆਂ 'ਚ ਅਜਿਹੀ ਸ਼ਕਤੀ ਨਹੀਂ ਕਿ ਉਹ ਸੂਰਜ ਨੂੰ ਚੌਰਸ ਕਰ ਸਕੇ ਜਾ ਸੂਰਜ ਗ੍ਰਹਿਣ ਨੂੰ ਰੋਕ ਸਕੇ। ਬਚਪਨ ਜਵਾਨੀ ਨੂੰ ਸਦੀਵੀ ਰੱਖ ਸਕੇ ਬੁੱਢਾ ਨਾ ਹੋਣ ਦੇਵੇ ਤੇ ਉਸਨੂੰ ਮੁਸ਼ਕਲ ਰਹਿਤ ਕਰ ਸਕੇ। ਕਿਸੇ ਅਲੌਕਿਕ ਕਰਾਮਾਤ ਜਾ ਦੈਵੀ ਸ਼ਕਤੀ ਦੀ ਆਸ ਵਿੱਚ ਲੋਕਾਂ ਦੀ ਭੀੜ ਭਰਮਾਂ ਵਿੱਚ ਭਟਕ ਰਹੀ ਹੈ। ਬੁੱਧ ਧਰਮ ਤੇ ਗੁਰੂ ਸਾਹਿਬਾਨ ਦੇ ਫਲਸਫੇ ਅਨੁਸਾਰ ਕੋਈ ਕਿਸ਼ਨੂੰ ਬਿਸ਼ਨੂੰ ਨਹੀਂ, ਸਗੋਂ ਮਾੜੇ ਸਮੇਂ ਦਾ ਜੁਲਮ ਦਾ ਨਾਸ਼ ਸਿਰਫ ਤੇ ਸਿਰਫ ਭਗੌਤੀ ਕਰ ਸਕਦੀ ਹੈ। ਕੋਈ ਅਰਦਾਸ ਮਨੁੱਖ ਨੂੰ ਇਮਾਨਦਾਰ ਜਾਤ-ਪਾਤ ਤੇ ਵਿਤਕਰੇ ਤੋਂ ਰਹਿਤ ਨਹੀ ਕਰਦੀ ਗਰੀਬੀ ਬੇਰੁਜ਼ਗਾਰੀ ਤੋਂ ਛੁਟਕਾਰਾ ਨਹੀਂ ਪੁਆਉਂਦੀ। ਕੋਈ ਵੀ ਅਰਦਾਸ ਕੈਂਸਰ, ਗੁਰਦੇ ਫੇਲ ਹੋਣਾ ਦਿਮਾਗੀ ਨਾੜੀ ਦੇ ਫਟਣ ਨੂੰ ਠੀਕ ਨਹੀਂ ਕਰ ਸਕਦੀ। ਇਹ ਦੁਖੀ ਮਾਨਸਿਕ ਅਵਸਥਾ, ਡਾਵਾਂ ਡੋਲਤਾ ਦਾ ਇੱਕ ਨੂੰਮਣਾ ਹੈ। ਤੰਦਰੁਸਤ ਸਮੇਂ ਸਰੀਰ ਦੇ ਅੰਗ ਬਿਨਾ ਕਿਸੇ ਅਰਦਾਸ ਤੋਂ ਹੀ ਚਲਦੇ ਹਨ। ਅਰਦਾਸ ਨਾਲ ਭੂਚਾਲ, ਗੜਿਆਂ ਨੂੰ ਸੁਨਾਮੀਆਂ ਨੂੰ ਰੋਕਿਆ ਨਹੀਂ ਜਾ ਸਕਦਾ। ਸੋਕੇ ਸਮੇਂ ਜੱਗ ਕਰਕੇ ਲੀਰਾਂ ਦੀਆਂ ਗੁੱਡੀਆਂ ਫੂਕ ਕੇ ਅਰਦਾਸਾਂ ਕਰਕੇ ਮੀਂਹ ਨਹੀ ਪੁਆਇਆ ਜਾ ਸਕਦਾ। ਮਨੁੱਖ ਚਾਹੁੰਦਾ ਹੈ ਕਿ ਕੁਦਰਤ ਉਸ ਅਨੁਸਾਰ ਚੱਲੇ। ਜਦੋਂ ਇਤਫਾਕਨ ਅਜਿਹਾ ਵਰਤਦਾ ਹੈ ਤਾਂ ਇਸਨੂੰ ਅਰਦਾਸ ਦੀ ਸ਼ਕਤੀ ਕਹਿ ਦਿੱਤਾ ਜਾਂਦਾ ਹੈ। ਅਮੀਰ ਬੰਦਾ ਲੱਖਾਂ ਰੁਪਏ ਖਰਚ ਕੇ ਡਾਕਟਰੀ ਇਲਾਜ ਜਾਂ ਉਪਰੇਸ਼ਨ ਕਰਵਾ ਲੈਂਦਾ ਹੈ ਤੇ ਗਰੀਬ ਗੁਰਬਾ ਅਰਦਾਸਾਂ ਜਾਂ ਸੁੱਖਣਾ ਤੱਕ ਸੀਮਤ ਰਹਿ ਜਾਂਦਾ ਹੈ। ਜਦ ਕਿ ਦੇਸ਼ ਦੇ 80% ਲੋਕਾਂ ਦੀ ਹਕੀਕਤ ਗਰੀਬੀ ਅਮੀਰੀ ਦਾ ਜਮਾਤੀ ਪਾੜਾ ਹੈ। ਦਿਨੋਂ ਦਿਨ ਲੋਕ ਗਰੀਬ ਹੋ ਰਹੇ ਹਨ। ਧਾਰਮਿਕ ਸਥਾਨਾਂ ਜਾਂ ਡੇਰਿਆਂ ਦੇ ਵਾਰੇ ਨਿਆਰੇ ਹੋ ਰਹੇ ਹਨ। ਮੰਦਰਾਂ ਡੇਰਿਆਂ ਦੇ ਕਲਮਾਂ ਤੇ ਸੋਨਾਂ ਚੜ੍ਹ ਰਿਹਾ ਹੈ। ਗਰੀਬ ਦੇ ਕੱਚੇ ਫਾਕੇ ਹਨ ਤੇ ਗਰੀਬ ਮਨੁੱਖ ਅਮੀਰ ਹੋਣ ਦੀ ਚਾਹਤ 'ਚ ਪੱਲੇ ਦੋ ਪੈਸੇ ਮੱਥਾ ਟੇਕ ਕੇ ਅਰਦਾਸਾਂ ਕਰਨ ਤੇ ਵੀ ਸੜਕਾਂ ਕਿਨਾਰੇ ਧੁੱਪਾਂ, ਮੀਹਾਂ ਸਰਦੀਆਂ 'ਚ ਜ਼ਿੰਦਗੀ ਜਿਊਣ ਲਈ ਮਜਬੂਰ ਹੈ। ਜਵਾਨ ਧੀਆਂ ਕੈਬਰੇ ਡਾਂਸ ਬਾਰਾਂ ਵਿੱਚ ਸੱਭਿਆਚਾਰ ਗਰੁੱਪਾਂ 'ਚ ਆਪਣਾ ਤਨ ਬੇਪਰਦ ਕਰਨ ਲਈ ਮਜਬੂਰ ਹਨ। ਜਿਸਮ ਵੇਚਣ ਲਈ ਮਜਬੂਰ ਹਨ। ਜੇ ਐਨੇ ਦੁੱਖ ਆਮ ਮਨੁੱਖ ਦੀਆਂ ਅੱਖਾਂ ਵਿੱਚ ਹੰਝੂ ਲਿਆ ਸਕਦੇ ਹਨ ਤਾਂ ਜਿਸ ਤੇ ਸਧਾਰਨ ਜਨ ਦੀਆਂ ਅੱਖਾਂ ਵਿੱਚ ਪਾਣੀ ਆ ਜਾਂਦਾ ਹੈ ਤਾਂ ਜਿਸ ਅੱਗੇ ਅਰਦਾਸ ਕੀਤੀ ਜਾਂਦੀ, ਉਹ ਐਨਾਂ ਪੱਥਰ ਦਿਲ ਤੇ ਅੰਨਾਂ ਬੋਲਾ ਤੇ ਗੂੰਗਾ ਕਿਉ ਹੈ? ਇਹ ਸਭ ਇਸ ਕਰਕੇ ਕਿ ਜਨ-ਸਧਾਰਨ ਵਿਗਿਆਨਕ ਸੋਚ ਤੋਂ ਵਿਰਵਾ ਹੈ। ਉਹ ਇਹਨਾਂ ਨਿੱਜੀ ਸਮੱਸਿਆਵਾਂ ਦੇ ਵਿਗਿਆਨਕ ਜਾਂ ਤਰਕ ਅਧਾਰਤ ਤੱਥਾਂ ਨੂੰ ਜਾਨਣ ਤੋਂ ਅਸਮਰੱਥ ਹੈ। ਤਰਕ ਤੇ ਵਿਗਿਆਨਕ ਤੋਂ ਸੱਚ ਬਿਨਾਂ ਜ਼ਿੰਦਗੀ ਦੇ ਇਹਨਾਂ ਦੁੱਖਾਂ ਨੂੰ ਸਮਝਣਾ ਮੁਸ਼ਕਲ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਬੰਦਾ ਬਹਾਦਰ ਤੱਕ ਦੇ ਸੰਘਰਸ਼ ਨੇ ਇਹ ਸਿੱਧ ਕੀਤਾ ਹੈ ਕਿ ਜ਼ਬਰ ਜੁਲਮ ਦਾ ਅਧਾਰ ਰਾਜਸੀ ਸਿਸਟਮ (ਢਾਂਚਾ) ਰਿਹਾ ਹੈ। ਜਿਨ੍ਹਾਂ ਖਿਲਾਫ ਉਹਨਾਂ ਨੇ ਭਗੌਤੀ ਦੀ ਵਰਤੋਂ ਕੀਤੀ। ਮੰਦਰਾਂ ਵਿੱਚ ਹੀਰੇ ਜਵਾਹਾਰਤ ਲੱਗੇ ਹੋਏ ਸਨ। ਜਿਨ੍ਹਾਂ ਨੂੰ ਨਾਦਰਸ਼ਾਹ, ਚੰਗੇਜ ਖਾਂ ਅਬਦਾਲੀ ਵਰਗੇ ਹਮਲਾਵਰਾਂ ਨੇ ਲੁੱਟਿਆ। ਕੀ ਉਹਨਾਂ ਸਥਾਨਾਂ ਦੇ ਦੇਵੀ, ਦੇਵਤਿਆਂ ਜਾਂ ਹੱਡ ਮਾਸ ਦੇ ਪੁਜਾਰੀ ਨੇ ਟਾਕਰਾ ਕੀਤਾ? ਟਾਕਰਾ ਕਰਕੇ ਆਪਣੀ ਖੁੱਸੀ ਹੋਈ ਹੈਸੀਅਤ, ਟੁੱਟੀ ਹੋਈ ਆਪਣੀ ਮੂਰਤੀ ਨੂੰ ਜੋੜਿਆ ਕਿਉਂਕਿ ਉਸ ਸਮੇਂ ਸਿਰਫ ਮੰਨਤਾ ਪ੍ਰਧਾਨ ਸੀ। ਭਗੌਤੀ ਵਾਲੀ ਸ਼ਕਤੀ ਨਿਤਾਣੀ ਸੀ। ਉਹ ਹਮਲਾਵਰ ਭਾਵੇ ਬਾਬਰ ਤੋਂ ਲੈ ਕੇ ਔਰੰਗਜੇਬ ਫਰੁਖਸ਼ੀਅਰ, ਮੀਰ ਮਨੂੰ ਯਹੀਆਂ ਖਾਂ ਵਰਗੇ ਡਾਹਢਿਆਂ ਦੀ ਰਾਜਸੀ ਸਿਸਟਮ ਢਾਂਚਾ ਸੀ। ਜਿਸਨੇ ਜ਼ਬਰ ਜੁਲਮ ਨਾਲ ਖੂਨ ਦੀਆਂ ਨਦੀਆਂ ਵਹਾਈਆਂ। ਛੋਟੇ ਵੱਡੇ ਘੱਲੂਘਾਰੇ ਹੋਏ, ਹੋਰ ਤਾਂ ਹੋਰ ਵੀਹਵੀਂ ਸਦੀ ਵਿੱਚ ਹੀਰੋਸ਼ੀਮਾ-ਨਾਗਾਸਾਕੀ, 1947 'ਚ ਦਸ ਲੱਖ ਲੋਕਾਂ ਦਾ ਕਤਲ, ਜੂਨ 1984 ਦਾ ਆਪਣੀ ਹੀ ਫੌਜ ਦਾ ਆਪਣੇ ਹੀ ਲੋਕਾਂ ਤੇ ਹਮਲਾ ਤੇ ਨਵੰਬਰ 1984 ਦਾ ਵਿਉਂਤਬੱਧ ਘੱਲੂਘਾਰਾ ਕੋਈ ਬਹੁਤਾ ਪੁਰਾਣਾ ਨਹੀਂ। ਸੱਜਰੇ ਜ਼ਖਮ ਵਾਂਗ ਅਜੇ ਵੀ ਤਾਜ਼ਾ ਹੈ। ਉਸ ਸਮੇਂ ਵੀ ਅਰਦਾਸਾਂ ਤਾਂ ਵਿਦੇਸ਼ਾਂ 'ਚ ਰਹਿ ਗਏ ਗੁਰੂ ਧਾਮਾਂ ਦੇ ਦਰਸ਼ਨ ਦੀਦਾਰੇ ਦੀਆਂ ਹੋ ਰਹੀਆਂ ਹਨ। ਪਰ ਅਜੋਕੇ ਅਬਦਾਲੀਆਂ ਹੱਥੋਂ ਸਾਡਾ ਆਪਣਾ ਹੀ ਦਰਸ਼ਨ ਦੀਦਾਰੇ ਵਾਲਾ ਧਾਰਮਿਕ ਸਥਾਨ (ਅਕਾਲ ਤਖਤ) ਮਲਬਾ ਬਣ ਚੁੱਕਾ ਸੀ। ਜੋ ਸਥਾਨ ਐਨਾ ਪਵਿੱਤਰ ਹੋਵੇ ਤੇ ਉੱਥੇ ਦਿਨ 'ਚ ਵਾਰ ਵਾਰ ਅਰਦਾਸਾਂ ਹੁੰਦੀਆਂ ਹਨ ਉਹ ਪ੍ਰਵਾਨ ਨਾ ਚੜ੍ਹ ਕੇ ਨਿਰਾਸ਼ ਕਰਨ ਤਾਂ ਖੁਦ ਹੀ ਸੋਚੋ ਕਿ ਕੀ 1947, ਕੀ 1984, ਰਾਜਸੀ ਢਾਂਚੇ ਦੀ ਬਦਨੀਤੀ ਦੀ ਦੇਣ ਨਹੀਂ ਸੀ। ਇਸਦਾ ਭਾਵ ਇਹ ਹੈ ਕਿ ਜਿਸ ਅੱਗੇ ਅਰਦਾਸ ਕੀਤੀ ਜਾ ਰਹੀ ਹੈ ਉਸ ਨਾਲੋਂ ਰਾਜਸੀ ਸਿਸਟਮ (ਢਾਂਚਾ) ਵੱਧ ਤਾਕਤਵਰ ਤੇ ਮਨਮਰਜ਼ੀ ਕਰਨ ਵਾਲਾ ਹੈ। ਸਾਡੀ ਅਰਦਾਸ ਤਾਂ ਫਿਰ ਭੁਗੇ ਜਾਂ ਕਰੂਏ ਜਾਂ ਭਾਈ ਦੂਜ ਦੇ ਵਰਤਾਂ ਵਰਗੀ ਹੈ ਜੋ ਇਹ ਕਰਨ ਤੇ ਵੀ ਪਤਨੀਆਂ ਪਤੀਆਂ ਤੋਂ ਬੱਚੇ ਮਾਪਿਆਂ ਤੋਂ ਭੈਣਾਂ-ਭਰਾਵਾਂ ਤੋਂ ਉਹਨਾਂ ਦੀ ਮਿਲਾਵਟ ਵਾਲੀ ਦਵਾਈ, ਪ੍ਰਦੂਸ਼ਣ, ਜ਼ਹਿਰਾਂ, ਮਾੜੀਆਂ ਸੜਕਾਂ ਤੇ ਹੁੰਦੇ ਹਾਦਸੇ ਕਰਜ਼ੇ ਕਾਰਨ ਹੁੰਦੀਆਂ ਖੁਦਕਸ਼ੀਆਂ ਰਾਹੀਂ ਇਹ ਰਿਸ਼ਤੇ ਰਾਖ ਦੀ ਢੇਰੀ ਬਣ ਜਾਂਦੇ ਹਨ। ਉਹਨਾਂ ਦੀ ਉਮਰ ਲਈ ਰੱਖੇ ਵਰਤ ਨਿਹਫਲ ਸਿੱਧ ਹੁੰਦੇ ਹਨ। ਇਸ ਦੀ ਐਨੀ ਹੀ ਲਿਖੀ ਸੀ ਕਹਿਕੇ ਮਨੁੱਖ ਢਾਰਸ ਬੰਨ੍ਹਦਾ ਹੈ। ਚੇਤਨਤਾ, ਵਿਗਿਆਨਕ ਵਿਚਾਰਧਾਰਾ ਜਾਂ ਗੁਰੂ ਦਾ ਫਲਸਫਾ ਸਾਨੂੰ ਇਸ ਭਰਮ 'ਚੋਂ ਕੱਢਦਾ ਹੈ ਪਰ ਅਸੀਂ ਓਨੇ ਹੀ ਇਸ ਭਰਮ ਜਾਲ ਦੇ ਚਿੱਕੜ ਵਿੱਚ ਧਸਦੇ ਜਾ ਰਹੇ ਹਾਂ। ਇਸ ਦੇਸ਼ ਦਾ ਪ੍ਰਧਾਨ ਮੰਤਰੀ ਖੁਦ ਅਲਫ ਨੰਗੇ ਸਾਬਾਂ ਅੱਗੇ ਉਹਨਾਂ ਦੇ ਮੂਤਰ ਅੰਗਾਂ ਨਾਲ ਮੱਥਾ ਛੁਹਾ ਰਿਹਾ ਹੋਵੇ ਤਾਂ ਉਸ ਦੇਸ਼ ਦਾ ਭਵਿੱਖ ਕੀ ਹੋਵੇਗਾ? ਖੁਦ ਅੰਦਾਜ਼ਾ ਲਗਾ ਲਵੋ। ਕੀ ਇਹ ਸਾਧ ਕੁਦਰਤੀ ਵਰਤਾਰੇ ਤੋਂ ਵੱਡੇ ਹਨ ਜਿਵੇਂ ਇਹਨਾਂ ਦੀ ਪੂਜਾ ਕੀਤੀ ਜਾਂਦੀ ਹੈ। ਇਹ ਭਗਵੇਂ ਕਰਨ ਦਾ ਪਸਾਰਾ ਹੈ। ਇਹ ਜੋਤਿਸ਼ ਨੂੰ ਵੀ ਸਕੂਲ ਕਾਲਜ ਦੇ ਸਿਲੇਬਸ ਦਾ ਹਿੱਸਾ ਬਣਾਕੇ ਸੋਚ ਨੂੰ ਹਜ਼ਾਰਾਂ ਸਾਲ ਪਿੱਛੇ ਧੱਕਣਾ ਚਾਹੁੰਦੇ ਹਨ। ਹੁਣ ਟੈਲੀਵੀਜਨ ਤੇ ਕੰਪਿਊਟਰ ਰਾਹੀਂ ਪੜ੍ਹੇ ਲਿਖੇ ਨੌਜੁਆਨ ਵੱਧ ਗਿਣਤੀ ਵਿੱਚ ਗ੍ਰਹਿ ਚਾਲਾ ਸ਼ਨੀ ਦੀ ਕਰੋਪੀ ਜਨਮ ਕੁੰਡਲੀਆਂ ਬਣਾ ਕੇ ਰੋਟੀ ਦਾ ਜੁਗਾੜ ਕਰਨਗੇ ਤੇ ਵਿਗਿਆਨਕ ਸਾਧਨਾਂ ਦੀ ਵਰਤੋਂ ਭਰਮ ਭੁਲੇਖੇ ਪੈਦਾ ਕਰਨ ਵਾਲੇ ਗੈਰ ਵਿਗਿਆਨਕ ਵਰਤਾਰੇ ਵਿੱਚ ਵਾਧਾ ਕਰੇਗੀ। ਉਂਜ ਵੀ ਪੇਂਡੂ ਸਕੂਲਾਂ ਦੇ ਵਿਦਿਆਰਥੀ ਮਾਪਿਆਂ ਦੀ ਅਰਦਾਸ ਬਿਨਾ ਸਕੂਲ ਗਏ ਬਿਨਾ ਘਰ ਬੈਠੇ (ਸਿਸਟਮ ਦੀ ਬੇਈਮਾਨੀ ਜਰਨਾ ਘਰੇ ਬੈਠੇ ਪਾਸ ਹੋ ਰਹੇ ਹਨ। ਪਰ ਨੌਵੀਂ, ਬਾਰਵੀਂ ਤੋਂ ਬਾਅਦ ਕੋਈ ਡੀ.ਸੀ., ਕਰਨਲ, ਡਾਕਟਰ, ਪਾਇਲਟ ਜਾਂ ਮਿਜ਼ਾਈਲਮੈਨ ਨਹੀਂ ਬਣਦਾ ਸਗੋਂ ਵਿਹਲੜ, ਅਵਾਰਾ, ਲੜਕੀਆਂ ਨੂੰ ਛੇੜਨ



ਵਾਲੇ, ਚਿੱਟੇ ਵਰਗੇ ਨਸ਼ੇ ਦੇ ਨਸ਼ੇੜੀ ਬਣ ਰਹੇ ਹਨ। ਪੁੱਤਰਾਂ ਦਾ ਮਾਪਿਆਂ ਪ੍ਰਤੀ ਗੈਰ ਸਲੀਕਾ ਰਵੀਆ ਦੇਖ ਕੇ ਇਸਨੂੰ ਕਿਸੇ ਦਾ ਕੀਤਾ ਕਰਾਇਆ ਸਮਝ ਕੇ ਧਾਗੇ ਤਵੀਤਾਂ ਬੇਨਤੀਆਂ, ਅਰਦਾਸਾ ਕਰਕੇ ਉਹਨਾਂ ਨੂੰ ਸਮੱਤ ਬਖਸ਼ਣ ਲਈ ਕਿਸੇ ਕ੍ਰਿਸਮੇ ਭਰੀ ਅਰਦਾਸ ਲਈ ਰਾਹ ਪਏ ਜਾਂਦੇ ਹਨ। ਗਰਦ ਦੇਸ਼ ਦੀ ਜਵਾਨੀ ਮੋਬਾਇਲਮੈਨ ਬਣ ਰਹੀ ਹੈ। ਕੋਈ ਵੀ ਦੇਸ਼ ਹੋਵੇ ਉਹ ਇੱਕ ਸ਼ੀਸੇ ਵਾਂਗ ਹੁੰਦਾ ਹੈ। ਕੋਈ ਸਮਾਂ ਸੀ ਜਦ ਭਾਰਤ ਸਪਤ ਸਿੰਧੂ ਮੈਸੋਪੋਟਾਮੀਆਂ ਪੰਚਨਦ ਅਖਵਾਉਂਦਾ ਸੀ। ਜਦ ਸਮੇਂ ਸਮੇਂ ਤੇ ਇਹ ਸ਼ੀਸ਼ਾ ਟੁੱਟਿਆ ਤਾਂ ਕੁਝ ਹਿੱਸਾ ਅਫਗਾਨਿਸਤਾਨ, ਪਾਕਿਸਤਾਨ, ਬੰਗਲਾ ਦੇਸ਼, ਬਰਮਾ, ਨੇਪਾਲ, ਭੂਟਾਨ ਤਿੜਕੇ ਸ਼ੀਸ਼ੇ ਵਾਂਗ ਹੋ ਗਏ। ਲਕੀਰਾਂ ਪੈ ਗਈਆਂ। ਟੁੱਟੇ ਸ਼ੀਸ਼ੀਆਂ ਵਾਂਗ ਹਰ ਟੁੱਕੜੇ 'ਚ ਇਕੋ ਹੀ ਅਕਸ ਵੱਖ ਵੱਖ ਰੂਪ 'ਚ ਦਿਸਦਾ ਹੈ। ਜੇ ਰੱਬ ਇੱਕ ਹੈ ਤਾਂ ਪਾਕਿਸਤਾਨ ਤੇ ਬੰਗਲਾ ਦੇਸ਼ ਵਾਲਿਆਂ ਦੇਸ਼ਾਂ 'ਚੋਂ ਅੱਲ੍ਹਾ ਕਿਸੇ 'ਚੋ ਭਗਵਾਨ, ਕਿਸੇ 'ਚੋਂ ਬੁੱਧ ਦਾ ਅਕਸ ਦਿਸਦਾ ਹੈ ਤੇ ਦਲਾਈਲਾਮਾ ਤੇ ਲਾਲ ਡੇਂਗਾ ਇਹਨਾਂ ਟੁਕੜਿਆਂ ਦੀਆਂ ਸ਼ਖਸ਼ੀਅਤਾਂ ਹਨ। ਦੂਸਰੇ ਪਾਸੇ ਇਤਿਹਾਸਕ ਸੱਚ ਹੈ ਕਿ ਪੂਰਬੀ ਤੇ ਪੱਛਮੀਂ ਜਰਮਨੀ ਵੱਖ ਵੱਖ ਰਾਜਨੀਤਿਕ ਰਾਜ ਪ੍ਰਬੰਧ ਵਾਲੇ ਮੁਲਕ ਸਨ ਜਿੰਨਾਂ ਦਰਮਿਆਨ ਬਰਲਿਨ ਦੀ ਕੰਧ ਸੀ। ਸਮਾਂ ਪਾ ਕੇ ਉਹਨਾਂ ਨੇ ਬਰਲਿਨ ਦੀ ਕੰਧ ਢਾਹ ਦਿੱਤੀ ਕਿਉਂਕਿ ਉਹ ਲੋਕ ਤੰਗ ਨਜ਼ਰੀਏ ਵਾਲੇ ਧਾਰਮਿਕ ਪੱਖੋਂ ਕੱਟੜ ਨਹੀਂ ਸੀ। ਕੀ ਉਹਨਾਂ ਨੇ ਪੂਰਬੀ ਜਾਂ ਪੱਛਮੀ ਜਰਮਨੀ ਦੇ ਇੱਕ ਹੋਣ ਦੀ ਚਰਚ, ਪ੍ਰਾਥਨਾ ਜਾਂ ਅਰਦਾਸ ਕੀਤੀ ਸੀ? ਅਸੀਂ ਅਰਦਾਸਾਂ ਵੀ ਕਰ ਰਹੇ ਹਾਂ ਤੇ ਆਪਣੇ ਸੂਬੇ ਵਰਗੀ ਬੋਲੀ ਤੇ ਪਹਿਰਾਵੇ ਵਾਲੇ ਲੋਕਾਂ ਨੂੰ ਦੁਸ਼ਮਣ ਸਮਝ ਕੇ ਕੰਡਿਆਲੀ ਤਾਰ ਲਗਾਕੇ ਗਸ਼ਤ ਕਰ ਰਹੇ ਹਾਂ ਜਦ ਕਿ ਸ਼ੈਨੇਗਨ ਵੀਜ਼ਾ ਲੈਣ ਵਾਲੇ ਟਰੇਨ ਰਾਹੀਂ ਕਈ ਮੁਲਕ ਦੇਖ ਸਕਦੇ ਹਨ ਤੇ ਅਸੀਂ ਅਰਦਾਸਾਂ ਰਾਹੀਂ ਧਾਰਮਿਕ ਸਥਾਨਾਂ ਦੇ ਦਰਸ਼ਨ ਦੀਦਾਰੇ ਕਰਨ ਦੀਆਂ ਅਰਦਾਸਾਂ ਕਰ ਰਹੇ ਹਾਂ। ਕੀ ਇਹ ਆਪਾਂ ਵਿਰੋਧੀ ਵਰਤਾਰਾ ਨਹੀਂ ਹੈ? ਦਰਅਸਲ ਅਰਦਾਸ ਇੱਕ ਧਰਵਾਸ ਹੈ। ਕਿਸੇ ਖਾਹਿਸ਼ ਦੇ ਪੂਰੀ ਹੋਣ ਦੀ ਆਸ ਵਿੱਚ ਉਸਦੇ ਪ੍ਰਾਪਤ ਹੋਣ ਦੀ ਇੱਛਾ ਮਗਰ ਊਠ ਦੇ ਬੁੱਲ ਡਿੱਗਣ ਵਾਂਗ ਤੁਰਦੇ ਜਾਣਾ। ਗਰੀਬੀ ਬੇਰੁਜਗਾਰੀ, ਭ੍ਰਿਸ਼ਟਾਚਾਰ ਦੇ ਖਾਤਮੇ ਲਈ ਵੱਖ ਵੱਖ ਪਾਰਟੀਆਂ ਦੇ ਨਾਹਰਿਆਂ ਮਗਰ ਲੱਗ ਕੇ ਲੋਕਤੰਤਰ ਦੇ ਮੱਕੜ ਜਾਲ 'ਚ ਫਸ ਕੇ ਉਹੀ ਜੂਨ ਹੰਢਾਉਂਦੇ ਜਾਣਾ ਜੋ ਸਿਸਟਮ ਚਾਹੁੰਦਾ ਹੈ ਜਾਂ ਧਾਰਮਿਕ ਅਰਦਾਸਾਂ ਜਾਂ ਸੁੱਖੀਆਂ ਸੁੱਖਣਾ ਤੇ ਦਿਨ ਕਟੀ ਕਰ ਜਾਣਾ। ਆਪਣੇ ਬਲ ਜਾਂ ਇੱਛਾ ਸ਼ਕਤੀ ਵੱਲ ਪਿੱਠ ਕਰਕੇ ਖੁਦ॥ ਆਪਣੇ ਹੱਥੀ ਆਪਣਾ ਆਪੇ ਹੀ ਕਾਜ ਸਵਾਰੀਐ॥ ਜਾਂ ਸੁਭ ਕਰਮਨ ਤੇ ਕਬਹੂੰ ਨਾ ਟਰੋ" ਨੂੰ ਵਿਸਾਰ ਕੇ ਹੱਥ ਤੇ ਹੱਥ ਰੱਖਕੇ ਬੈਠੇ ਰਹਿਣ ਲਈ ਅਰਦਾਸ ਤੇ ਆਸ ਇੱਕ ਭਰਮ ਹੋ ਨਿਬੜਦਾ ਹੈ। ਅਰਦਾਸਾਂ ਕਰਕੇ ਕੋਈ ਟਾਟਾ ਬਿਰਲਾ, ਅੰਬਾਨੀ ਨਹੀਂ ਬਣਿਆ ਤੇ ਮਾੜੀ ਰਾਸ਼ੀ ਜਾਂ ਮਾੜੇ ਗ੍ਰਹਿ ਚਾਲਾਂ ਕਾਰਨ ਕੋਈ ਰਾਜਾ ਜਾਂ ਰੰਕ ਨਹੀਂ ਬਣਿਆ ਕੀ ਸ਼ਾਸ਼ਤਰੀ ਤੇ ਅਬਦਲ ਕਲਾਮ ਨੇ ਕੀ ਅਰਦਾਸਾਂ ਕੀਤੀਆਂ ਸਨ ਕਿ ਉਹ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਬਣਨ?

ਸਿੱਖ ਧਰਮ ਵਿੱਚ ਅਰਦਾਸ ਦਾ ਬੜਾ ਮਹੱਤਵ ਹੈ। ਕਥਾ ਪ੍ਰਚਾਰਕ ਇਹ ਵੀ ਕਹਿੰਦੇ ਹਨ ਕਿ "ਬ੍ਰਿਥੀ ਨਾ ਜਾਇ ਜਨ ਕੀ ਅਰਦਾਸ॥ ਪਰ ਕੋਈ ਵੀ ਪ੍ਰਚਾਰਕ ਇਹ ਨਹੀ ਦਸਦਾ ਕਿ ਜਦੋਂ ਗੁਰਦੁਆਰੇ ਮਹੰਤਾਂ ਕੋਲੋ ਅਜਾਦ ਕਰਵਾਕੇ ਸ਼੍ਰੋਮਣੀ ਕਮੇਟੀ ਹੋਂਦ ਵਿੱਚ ਆਈ ਤਾਂ ਅਰਦਾਸ ਉਸ ਸਮੇਂ ਗੁਰੂ ਗ੍ਰੰਥ ਸਾਹਿਬ ਨਾਲ ਜੋੜੀ ਗਈ। ਜਿਵੇ 1984 ਕਤਲੇਆਮ ਤੋਂ ਬਾਅਦ ਸ਼ਹੀਦ ਹੋਏ ਲੋਕਾਂ ਪ੍ਰਤੀ ਇੱਕ ਸ਼ਬਦਾਵਲੀ ਜੋੜੀ ਗਈ। ਭਾਵ 1984 ਦੇ ਕਤਲੇਆਮ ਤੋਂ ਬਾਅਦ ਇਸ ਦੌਰ ਵਿੱਚ ਕਤਲ ਹੋਣ ਵਾਲੇ ਨਿਰਦੋਸ਼ਾਂ ਪ੍ਰਤੀ ਕੁਝ ਸ਼ਬਦ ਸ਼ਾਮਲ ਕੀਤੇ ਗਏ। ਅੱਜ ਇੱਕੀਵੀ ਸਦੀ ਵਿੱਚ ਟੈਲੀਵੀਜਨ ਦੇ ਅਨੇਕਾਂ ਚੈਨਲਾਂ ਤੋਂ ਤਖਤ ਸ੍ਰੀ ਹਰਮੰਦਰ ਸਾਹਿਬ, ਦਮਦਮਾ ਸਾਹਿਬ, ਬੰਗਲਾ ਸਾਹਿਬ, ਹੀਰੂ ਸਾਹਿਬ ਆਦਿ ਤੋਂ ਗੁਰਬਾਣੀ ਦਾ ਪਾਠ ਤੇ ਅਰਦਾਸ ਹੁੰਦੀ ਹੈ। ਪੰਜਾਬ ਦੇ ਹਜ਼ਾਰਾਂ ਪਿੰਡ ਹਨ। ਹਜ਼ਾਰਾਂ ਲੱਖਾਂ ਸਿੱਖਾਂ ਦੇ ਗੁਰਦੁਆਰੇ, ਮੰਦਰ ਭਾਰਤ, ਅਮਰੀਕਾ, ਕਨੇਡਾ, ਇੰਗਲੈਂਡ ਤੇ ਹੋਰ ਮੁਲਕਾਂ ਵਿੱਚ ਗੁਰਦੁਆਰੇ, ਮੰਦਰ ਹਨ। ਹਰ ਸਥਾਨ ਤੇ ਅਰਦਾਸ ਹੁੰਦੀ ਹੈ। ਤਰਕ ਨਲ ਸੋਚੀਏ ਤਾਂ ਕੀ ਪਾਕਿਸਤਾਨ ਵਾਲੇ, ਬੰਗਲਾ ਦੇਸ਼ ਵਾਲੇ, ਅਫਗਾਨਿਸਤਾਨ ਵਾਲੇ ਸਾਨੂੰ ਸਾਡੇ ਗੁਰਦੁਆਰੇ, ਮੰਦਰ ਵਾਪਸ ਦੇ ਦੇਣਗੇ? ਜੋ ਰਾਜਸੀ ਮੂਰਖਤਾ ਕਾਰਨ ਨਹਿਰੂ ਜਿਨਾਹ ਗਾਂਧੀ ਤੇ ਮਾਊਂਟਬੈਟਨ ਦੀਆਂ ਖਿੱਚੀਆਂ ਲਕੀਰਾਂ ਕਾਰਨ ਵੰਡੇ ਗਏ। ਕੀ ਇਹ ਰੱਬ ਦੀ ਕਰਨੀ ਸੀ ਜਾਂ ਰਾਜਸੀ ਸਿਸਟਮ ਬਣਾਉਣ ਵਾਲਿਆਂ ਦੀ ਗਲਤੀ ਸੀ? ਕੀ ਹਰ ਜਨ ਸਧਾਰਨ ਨਨਕਾਣਾ ਸਾਹਿਬ, ਕਰਤਾਰਪੁਰ ਸੇਖੂਪੁਰਾ ਜਾਂ ਹੋਰਨਾਂ ਸਥਾਨਾਂ ਤੇ ਜਾ ਸਕਦਾ ਹੈ ਜਾਂ ਉਧਰਲੇ ਮੌਲਵੀ ਜਾਮਾ ਮਸਜਿਦ ਆ ਸਕਦੇ ਹਨ? ਦੇਸ਼ ਜਾਂ ਇਹ ਧਾਰਮਿਕ ਸਥਾਨ ਕੋਈ ਰੋਟੀ ਨਹੀ ਹੈ। ਜਿਸਨੂੰ ਪੁੰਨ ਵਜੋਂ ਦਿੱਤਾ ਜਾਵੇ। ਇਸਲਾਮ ਧਰਮ ਵਿੱਚ, ਇਸਾਈ ਧਰਮ ਵਿੱਚ ਅਜਿਹੀ ਕੋਈ ਅਰਦਾਸ ਨਹੀਂ ਹੈ ਕਿ ਮੱਕਾ ਮਦੀਨਾ, ਜਾਮ ਮਸਜਿਦ ਜਾਂ ਇੰਗਲੈਂਡ ਕਨੇਡਾ, ਅਮਰੀਕਾ ਦੇ ਚਰਚ ਸਾਰਿਆਂ ਨੂੰ ਮਿਲ ਸਕਣ ਤੇ ਨਾਂ ਹੀ ਉਹ ਅਜਿਹੀ ਅਰਦਾਸ ਕਰਨ ਕਿਉਂਕਿ ਉਹ ਬੌਧਿਕ ਪੱਖੋਂ ਚੇਤੰਨ ਤੇ ਵਿਗਿਆਨਕ ਵਿਚਾਰਧਾਰਾ ਵਾਲੇ ਖੋਜਾਂ ਕਰਨ ਵਾਲੇ ਬਿਗ ਬੈਂਗ ਦੇ ਤਜਰਬੇ ਤੇ ਨੋਬਲ ਪ੍ਰਾਈਜ ਜਿੱਤਣ ਵਾਲੇ ਲੋਕ ਹਨ। ਉਹ ਸਾਡੇ ਧਰਮ ਦੇ ਅਨਪੜ੍ਹ ਤੇ ਤਰਕਹੀਣ, ਗੈਰ ਵਿਗਿਆਨਕ ਵਿਚਾਰਧਾਰਾ ਵਾਲੇ ਮੂਰਤੀ ਪੂਜਨ ਅਖੌਤੀ ਵਿਅਕਤੀ ਨਹੀਂ ਹਨ। ਜੋ ਸਾਨੂੰ ਸੌ ਦਮੜੇ ਦੀ ਅਰਦਾਸ ਤੋਂ ਲੈ ਹਜ਼ਾਰਾਂ ਰੁਪਏ ਲੈ ਕੇ ਅਖੰਡ ਪਾਠ ਜਾਂ ਹੁਕਮਨਾਮਾ ਵੇਚ ਕੇ ਅਰਦਾਸ ਦੇ ਉੱਤਮ ਹੋਣ ਦਾ ਭਰਮ ਪਾਲਦੇ ਹਨ। ਸਾਡੇ ਖਿੱਤੇ ਦਾ ਜਨ-ਸਧਾਰਨ ਅੱਜ ਵੀ ਹਕੀਕਤਾਂ ਤੋਂ ਅੱਖਾਂ ਬੰਦ ਕਰਕੇ ਲਿਵ ਲਾਉਣ ਭਰਮ ਵਿੱਚ ਅਰਦਾਸ ਦੇ ਪੂਰੀ ਹੋਣ ਦੀ ਆਸ 'ਚ ਖੜ੍ਹਾ ਹੈ। ਅਰਦਾਸਾਂ 'ਚ ਪ੍ਰਥਾਨਾਵਾਂ ਤੇ ਨਿੱਤਨੇਮ ਕਰਨ ਵਾਲੇ ਵੀ ਆਪਣੀ ਜ਼ਿੰਦਗੀ ਨੂੰ ਛੱਲ ਨਹੀ ਸਕੇ। ਚਾਹੇ ਉਹ ਤੰਦਰੁਸਤ ਜਾਂ ਰੋਗੀ ਸੀ। ਅਰਦਾਸ ਨਾ ਪੂਰੀ ਹੋਣ ਤੇ ਅਰਦਾਸ ਕਰਵਾਉਣ ਵਾਲੇ ਹੀ ਉਸਨੂੰ ਅਰਦਾਸ 'ਚ ਉਸ ਕੋਲੋਂ ਕੋਈ ਕਮੀ ਰਹਿ ਗਈ ਹੋਣੀ ਹੈ ਦਾ ਸ਼ੰਕਾ ਜ਼ਾਹਰ ਕਰਦੇ ਹਨ। ਸਮਾਂ ਪਾ ਕੇ ਇਹ ਅਰਦਾਸ ਉਸਨੂੰ ਬੇ-ਆਸ ਕਰਦੀ ਹੈ। ਜ਼ਰਾ ਤਰਕ ਨਾਲ ਸੋਚੋ ਕਿ ਕੀ ਕਰਤਾਰ ਸਿੰਘ ਸਰਾਭਾ ਗਦਰ ਕਰਨ ਲਈ ਅਰਦਾਸ ਕਰਕੇ ਤੁਰਿਆ ਸੀ? ਕੀ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਜੀ ਸਕਾਟੇ ਦੀ ਥਾਂ ਸਾਂਡਰਸ ਮਾਰਨ ਲਈ ਅਰਦਾਸ ਕਰਕੇ ਗਏ ਸਨ? ਕੀ ਉਹਨਾਂ ਨਗ ਧਾਗਾ ਤਵੀਤ ਪਹਿਨਿਆ ਸੀ। ਕੀ ਜਨਮ ਕੁੰਡਲੀ ਜਾਂ ਪੁੱਛ ਲਈ ਸੀ। ਉਹਨਾਂ ਅਸੈਂਬਲੀ 'ਚ ਬੰਬ ਸੁੱਟਣ ਸਮੇਂ ਕੀ ਸਫਲ ਹੋਣ ਲਈ ਅਜਿਹਾ ਭਰਮ ਪਾਲਿਆ ਸੀ? ਕੀ ਊਧਮ ਸਿੰਘ ਜੀ 21 ਸਾਲ ਬਾਅਦ ਜਲ੍ਹਿਆਂ ਵਾਲਾ ਬਾਗ ਦਾ ਬਦਲਾ ਲੈਣ ਲਈ ਕੋਈ ਧਾਗਾ ਤਵੀਤ ਜਾਂ ਰਾਸ਼ੀ ਦੇਖ ਕੇ ਗਏ ਸਨ। ਕੀ ਰਾਕੇਸ਼ ਸ਼ਰਮਾ ਜਾਂ ਕਲਪਨਾ ਚਾਵਲਾ ਪੁਲਾੜ 'ਚ ਅਰਦਾਸ ਕਰਕੇ ਗਏ ਸਨ? ਕੀ ਇਹਨਾਂ ਨੇ ਕੋਈ ਸੁੱਖਣਾ ਸੁੱਖੀ ਸੀ? ਰਾਸ਼ੀ ਫਲ ਦੇਖਿਆ ਸੀ? ਜਨਮ ਕੁੰਡਲੀ ਜਾਂ ਰਾਹੂ ਕੇਤੂ ਦੀ ਮਿਹਰ ਜਾਂ ਕਰੋਪੀ ਨੂੰ ਜਾਨਣ ਲਈ ਕਿਸੇ ਪੰਡਤ ਅੱਗੇ ਗਏ ਸਨ। ਮਦਨ ਲਾਲ ਢੀਂਗਰਾ ਨੇ ਕੀ ਕਰਜਨ ਵਾਇਲੀ ਨੂੰ ਗੋਲੀ ਮਾਰਨ ਤੋਂ ਪਹਿਲਾਂ ਅਜਿਹਾ ਵਰਤਾਰਾ ਕੀਤਾ ਸੀ। ਜੇ ਨਹੀਂ ਤਾਂ ਫਿਰ ਅਸੀਂ ਇੱਕੀਵੀ ਸਦੀ ਵਿੱਚ ਟੈਲੀਵੀਜਨਾਂ ਤੇ ਰਾਸ਼ੀ ਫਲ, ਜਨਮ ਕੁੰਡਲੀਆਂ ਤੇ ਵਾਰ ਵਾਰ ਹੁੰਦੀਆਂ ਅਰਦਾਸਾਂ ਕਰ ਕਰ ਕੇ ਕਿਹੜੀ ਪ੍ਰਾਪਤੀ ਲਈ ਯਤਨਸ਼ੀਲ ਹਾਂ। ਜੋ ਸੰਭਵ ਹੀ ਨਹੀ ਹਨ। ਉਸਨੂੰ ਪ੍ਰਾਪਤ ਕਰਨ ਦੇ ਚੱਕਰ ਵਿੱਚ ਪਏ ਹਾਂ। ਸਮਾਂ ਵਾਰ-ਵਾਰ ਇਸ ਬਾਰੇ ਮੰਥਨ ਦੀ ਮੰਗ ਕਰਦਾ ਹੈ ਕਿ ਅਸੀਂ ਭਰਮ ਜਾਲ ਚੋਂ ਨਿਕਲੀਏ। ਆਓ-ਬੇਆਸ ਹੋਣ ਦੀ ਥਾਂ ਆਸ ਭਰਪੂਰ ਸਮਾਜ ਤੇ ਜੀਵਨ ਸਿਰਜਣ ਲਈ ਇਸ ਭਰਮ ਵਿੱਚੋਂ ਨਿਕਲਕੇ ਗੁਰੂ ਨਾਨਕ ਦੇਵ ਜੀ ਵਾਂਗ ਦੂਜੇ ਪਾਸੇ ਮੂੰਹ ਕਰਕੇ ਕਰਤਾਰਪੁਰ ਦੇ ਖੇਤਾਂ ਨੂੰ ਪਾਣੀ ਦੇਣ ਵਾਲੇ ਤਰਕ ਵਾਂਗ ਸੂਰਜ ਗ੍ਰਹਿਣ ਵਾਲੇ ਦਿਨ, ਅੱਗ ਬਾਲਣ ਦੇ ਤਰਕ ਵਾਂਗ ਹਕੀਕਤਾਂ ਦੀ ਤਰਕ ਦੀ ਮਿਸ਼ਾਲ ਬਣੀਏ ਤੇ ਭਰਮ ਭੁਲੇਖਿਆਂ ਚੋਂ ਕੀਤੀਆਂ ਅਰਦਾਸਾਂ ਤੇ ਅਮਲ ਵਿੱਚ ਬੇਆਸ ਸਿੱਧ ਹੋਣ ਤੋਂ ਬਚਾਉਣ ਲਈ ਚੇਤਨਤਾ ਦੇ ਰਾਹ ਪਈਏ।

---

## ਮਿੰਨੀ ਕਹਾਣੀ - ਦੈਂਤ -

**- ਕੁਲਵਿੰਦਰ ਕੌਸ਼ਲ**

ਪਤਨੀ ਨੇ ਹਮੇਸ਼ਾ ਵਾਂਗ ਬੜੇ ਉਤਸ਼ਾਹ ਨਾਲ ਪਤੀ ਨੂੰ ਦਰਵਾਜ਼ਾ ਖੋਲ੍ਹਿਆ ਪਰ ਪਤੀ ਦਾ ਮੁਰਝਾਇਆ ਚਿਹਰਾ ਦੇਖ ਉਸਨੂੰ ਬੜੀ ਹੈਰਾਨੀ ਅਤੇ ਚਿੰਤਾ ਹੋਈ, ਪਹਿਲਾਂ ਤਾਂ ਕਦੇ ਅਜਿਹਾ ਨਹੀਂ ਸੀ ਹੋਇਆ ਉਹ ਦੁਕਾਨ ਦੀਆਂ ਪਰੇਸ਼ਾਨੀਆਂ ਦੁਕਾਨ ਤੇ ਹੀ ਛੱਡ ਆਉਂਦੇ ਸੀ, ਆਪਣਾ ਵਹੀਖਾਤੇ ਵਾਲਾ ਝੋਲਾ ਵੀ ਜਦੋਂ ਪਤੀ ਨੇ ਨਿਸ਼ਚਿਤ ਸਥਾਨ ਉੱਤੇ ਰੱਖਣ ਦੀ ਜਗ੍ਹਾ ਕੋਲ ਪਏ ਮੰਜੇ ਉੱਪਰ ਹੀ ਸੁੱਟ ਦਿੱਤਾ ਤਾਂ ਪਤਨੀ ਤੋਂ ਪੁੱਛੇ ਬਿਨਾਂ ਨਾ ਰਿਹਾ ਗਿਆ

"ਕੀ ਹੋਇਆ? ਦੁਕਾਨ 'ਤੇ ਕੋਈ ਗੱਲ ਹੋ ਗਈ।"

"ਨਹੀ, ਕੁਝ ਨਹੀਂ ਹੋਇਆ, ਬਸ ਮਨ ਠੀਕ ਨਹੀਂ।"

"ਕੋਈ ਗੱਲ ਤਾਂ ਹੈ ਤੁਸੀਂ ਕਦੇ ਏਵੇਂ ਤਾਂ ਨਹੀਂ ਮਸੋਸੇ ਜਿਹੇ ਮਨ ਨਾਲ ਘਰ ਵੜਦੇ ; ਸੱਚੋ ਸੱਚ ਦੱਸੋ।"

"ਤੈਨੂੰ ਪਤਾ ਹੀ ਹੈ ; ਖੇਤੀ 'ਚੋਂ ਕੁਝ ਬਚਦਾ ਨਹੀਂ ਸੀ ਜੋ ਪਿੰਡ ਥੋੜ੍ਹੀ ਜਿਹੀ ਜਮੀਨ ਸੀ, ਵੇਚ ਕੇ ਆਹ ਸ਼ਹਿਰ ਛੋਟੀ ਜਿਹੀ ਦੁਕਾਨ ਕੀਤੀ ਸੀ ਪਰ ਹੁਣ ਇਹ ਵੀ...।"

"ਖੁੱਲ ਕੇ ਦੱਸੋ ਹੋਇਆ ਕੀ? ਬੁਝਾਰਤਾਂ ਕਿਉਂ ਪਾਉਂਦੇ ਹੋ?"

"ਆਪਣੀ ਦੁਕਾਨ ਕੋਲ ਬਹੁਤ ਵੱਡਾ ਸ਼ਾਪਿੰਗ ਮਾਲ ਖੁੱਲ ਰਿਹਾ ; ਹੁਣ ਦੁਕਾਨਾਂ ਨੂੰ ਖਾਹ ਜਾਣਾ ਉਸਨੇ।"

"ਐ ਕਿਵੇਂ ਖਾਹ ਜਾਊ, ਤੁਸੀਂ ਕਿੰਨੇ ਸਾਲਾਂ ਤੋਂ ਟਿਕੇ ਬੈਠੇ ਹੋ ਉੱਥੇ । ਦਿਲ ਛੋਟਾ ਨਾ ਕਰੋ ; ਕਿਧਰੇ ਨ੍ਹੀ ਜਾਂਦਾ ਤੁਹਾਡਾ ਗਾਹਕ।"

"ਮੈਂ ਵੀ ਇਹੋ ਸੋਚਦਾ ਹਾਂ ਪਰ ਜਦੋਂ ਬਸ ਸਟੈਂਡ ਵਾਲੇ ਸ਼ਾਪਿੰਗ ਮਾਲ ਦੇ ਆਲੇ ਦੁਆਲੇ ਵਾਲੇ ਦੁਕਾਨਦਾਰਾਂ ਦਾ ਹਾਲ ਵੇਖਦਾ ਹਾਂ ਘਬਰਾਹਟ ਹੋ ਜਾਂਦੀ ਹੈ।"

"ਕੋਈ ਗੱਲ ਨਹੀਂ, ਭੁੱਖੇ ਨਹੀਂ ਮਰਦੇ । ਮਿਹਨਤ ਹੀ ਕਰਨੀ ਹੈ ਦਿਹਾੜੀ ਦੱਪਾ ਕਰ ਲਵਾਂਗੇ।" ਘਰਵਾਲੀ ਨੇ ਹੌਂਸਲਾ ਦਿੰਦੇ ਹੋਏ ਕਿਹਾ।

"ਚਿੰਤਾ ਤਾਂ ਇਹੋ ਹੈ, ਦਿਹਾੜੀ ਦੱਪਾ ਵੀ ਨਹੀਂ ਮਿਲਣਾ; ਵੱਡੀਆ-ਵੱਡੀਆਂ ਮਸ਼ੀਨਾਂ ਕਈ-ਕਈ ਬੰਦਿਆਂ ਦਾ ਕੰਮ ਇੱਕ ਮਿੰਟ 'ਚ ਕਰ ਦਿੰਦੀਆਂ ਨੇ।" ਕਹਿੰਦੇ ਹੋਏ ਉਸਨੇ ਧਾਹ ਮਾਰੀ।

# ਸ਼ਹੀਦੇ-ਆਜ਼ਮ ਸ. ਭਗਤ ਸਿੰਘ ਦੇ ਜਨਮ ਦਿਵਸ ਨੂੰ ਸਮਰਪਿਤ ਨਾਟਕਾਂ ਦਾ ਸਮਾਗਮ ਕਰਵਾਇਆ





ਇਲਾਕੇ ਸਿੱਧਵਾਂ ਬੇਟ ਦੇ ਪਿੰਡਾਂ ਭੂੰਦੜੀ, ਗੋਰਾਹੂਰ, ਲੀਹਾਂ, ਭਰੋਵਾਲ, ਕੋਟਉਮਰਾ, ਭੁਮਾਲ ਅਦਿ ਦੇ ਸੂਝਵਾਨ ਨੌਜਵਾਨਾਂ ਵੱਲੋਂ ਮਿਲਕੇ ਅੱਜ ਦੇ ਸਮਾਜ ਵਿੱਚ ਫੈਲੀ ਅਫਰਾ-ਦਫਰੀ ਅਤੇ ਦਿਸਾਹੀਣ ਹੋਈ ਜਵਾਨੀ ਨੂੰ ਸ਼ਹੀਦ ਭਗਤ ਸਿਘ ਦੇ ਵਿਚਾਰਾਂ ਨਾਲ ਲੈਸ ਕਰਨ ਲਈ "ਸਹੀਦ ਭਗਤ ਸਿੰਘ ਨੌਜਵਾਨ ਵਿਚਾਰ ਮੰਚ" ਇਲਾਕਾ ਭੂੰਦੜੀ-ਸਿੱਧਵਾਂ ਬੇਟ ਦਾ ਗਠਨ ਕਰਕੇ ਇਲਾਕੇ ਦੇ ਵੱਖ-ਵੱਖ ਪਿੰਡਾਂ ਵਿੱਚ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਜਿਵੇਂ ਨੌਜਵਾਨਾਂ ਲਈ ਵਿਚਾਰ ਗੋਸ਼ਟੀਆਂ, ਲੋਕਾਂ ਨੂੰ ਸੇਧ ਦੇਣ ਵਾਲੀਆਂ ਚੰਗੀਆਂ ਫਿਲਮਾਂ ਦਿਖਾਉਣਾ ਅਤੇ ਲੋਕਾਂ ਦੀ ਖਾਤਰ ਜਾਨਾਂ ਵਾਰ ਦੇਣ ਵਾਲੇ ਸਹੀਦਾਂ ਦੀ ਯਾਦ ਨੂੰ ਸਮਰਪਿਤ ਪ੍ਰੋਗਰਾਮ ਕਰਵਾਉਣ ਦੇ ਨਾਲ-ਨਾਲ ਇਸ ਵਾਰ ਸ਼ਹੀਦੇ ਆਜਮ ਸ. ਭਗਤ ਸਿੰਘ ਦੇ ਜਨਮ ਦਿਵਸ ਨੂੰ ਸਮਰਪਿਤ ਪਿੰਡ ਗੋਰਾਹੂਰ ਵਿਖੇ ਸਹੀਦ ਭਗਤ ਸਿੰਘ ਨੌਜਵਾਨ ਵਿਚਾਰ ਮੰਚ ਅਤੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਗੋਰਾਹੂਰ ਦੇ ਸਹਿਯੋਗ ਨਾਲ 2 ਅਕਤੂਬਰ ਦਿਨ ਸੋਮਵਾਰ ਨੂੰ ਨਾਟਕਾਂ ਦਾ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਵੱਲੋਂ ਕੋਰਿਉਗ੍ਰਾਫੀ 'ਸਹੀਦ ਭਗਤ ਸਿੰਘ ਦੀ ਘੋੜੀ' ਅਤੇ ਸਾਥੀ ਹਰਕੇਸ ਚੌਧਰੀ ਦੀ ਨਿਰਦੇਸਨਾ ਹੇਠ ਸੁਰਿੰਦਰ ਸ਼ਰਮਾ ਦਾ ਨਸਿਆਂ ਖਿਲਾਫ ਲਿਖਿਆ ਨਾਟਕ "ਇਹਨਾਂ ਜਖਮਾਂ ਦਾ ਕੀ ਕਰੀਏ" ਪੇਸ਼ ਕੀਤਾ ਗਿਆ, ਜਿਸ ਨੂੰ ਵੇਖ ਕੇ ਦਰਸਕ ਭਾਵੁਕ ਹੋਏ ਅਤੇ ਹਰ ਅੱਖ ਨਮ ਸੀ। ਇਸ ਤੋਂ ਬਿਨਾਂ ਪਿੰਡ ਦੇ ਨੌਜਵਾਨਾਂ, ਛੋਟੇ-ਛੋਟੇ ਬੱਚਿਆਂ ਅਤੇ ਬੱਚੀਆਂ ਵੱਲੋਂ ਕੋਰਿਉਗ੍ਰਾਫੀਆਂ ਬਚਪਨ, ਧੀਆਂ ਅਤੇ ਅੱਜ ਦੇ ਲੀਡਰਾਂ ਦੁਆਰਾ ਲੋਕਾਂ ਨੂੰ ਦਿੱਤੇ ਜਾਂਦੇ ਲਾਰਿਆਂ ਨੂੰ ਬਿਆਨ ਕਰਦੀ ਕੋਰਿਉਗ੍ਰਾਫੀ "ਵੋਟਾਂ ਵਾਲਿਆਂ ਦੀ ਜੁਗਨੀ" ਪੇਸ਼ ਕੀਤੀ ਗਈ ਜਿਸ ਨੂੰ ਵੱਡੀ ਗਿਣਤੀ ਵਿੱਚ ਲੋਕਾਂ ਨੇ ਸਲਾਹਿਆ। ਇਸ ਤੋਂ ਬਿਨਾਂ ਨੌਜਵਾਨਾਂ ਵੱਲੋਂ ਅੱਜ ਦੀ ਲੱਚਰ ਗਾਇਕੀ ਦਾ ਪਰਦਾਫਾਸ ਕਰਦੇ ਗੀਤ ਪੇਸ਼ ਕੀਤੇ ਗਏ ਜਿਨ੍ਹਾਂ ਨਾਲ ਲੋਕਾਂ ਤੇ ਡੂੰਘਾ ਪ੍ਰਭਾਵ ਪਿਆ। ਇਸ ਸਮਾਗਮ ਵਿੱਚ ਪਿੰਡ ਵਾਸੀਆਂ ਦੇ ਨਾਲ-ਨਾਲ ਇਲਾਕੇ ਦੇ ਪਿੰਡਾਂ ਵਿੱਚੋਂ ਵੀ ਲੋਕਾਂ ਨੇ ਸ਼ਮੂਲੀਅਤ ਕੀਤੀ। ਸਮਾਗਮ ਵਿੱਚ ਇਨਕਲਾਬੀ ਕੇਂਦਰ ਪੰਜਾਬ ਦੇ ਜ. ਸਕੱਤਰ ਕੰਵਲਜੀਤ ਖੰਨਾ ਜੀ ਨੇ ਅਜੋਕੇ ਸਮੇਂ ਵਿੱਚ ਭਗਤ ਸਿੰਘ ਦੇ ਵਿਚਾਰਾਂ ਦੀ ਸਾਰਥਿਕਤਾ ਨੂੰ ਨੌਜਵਾਨਾਂ ਅਤੇ ਲੋਕਾਂ ਤੱਕ ਪਹੁੰਚਾਉਣ ਅਤੇ ਸਮੇਂ ਦੇ ਹਾਕਮਾਂ ਵੱਲੋਂ ਸ਼ਹੀਦ ਦੇ ਵਿਚਾਰਾਂ ਨਾਲ ਕੀਤੇ ਜਾਂਦੇ ਧਿਰੋਹ ਦਾ ਵੀ ਪਰਦਾਫਾਸ਼ ਕੀਤਾ। ਇਸ ਤੋਂ ਬਿਨਾਂ ਨੌਜਵਾਨ ਭਾਰਤ ਸਭਾ ਦੀ ਆਗੂ ਬਲਜੀਤ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਗਤ ਸਿੰਘ ਦੇ ਸੁਫਨਿਆਂ ਦਾ ਸਮਾਜ ਅਜੇ ਨਹੀ ਸਿਰਜਿਆ ਗਿਆ। ਅੰਤ ਵਿੱਚ ਮੰਚ ਅਤੇ ਕਲੱਬ ਦੇ ਮੈਂਬਰਾਂ ਵੱਲੋਂ ਮਹਿਮਾਨਾਂ, ਬੱਚਿਆਂ ਅਤੇ ਕਲਾਕਾਰਾਂ ਦਾ ਸਨਮਾਨ ਕੀਤਾ ਗਿਆ ਅਤੇ ਡਾ. ਸੁਖਦੇਵ ਸਿੰਘ ਭੂੰਦੜੀ ਨੇ ਭਗਤ ਸਿੰਘ ਦਾ ਨਾਅਰਿਆਂ ਇਨਕਲਾਬ ਜਿੰਦਾਬਾਦ ਸਾਕਾਰ ਕਰਨ ਦਾ ਸੱਦਾ ਦਿੱਤਾ ਅਤੇ ਪਿੰਡ ਅਤੇ ਇਲਾਕਾ ਨਿਵਾਸੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸ਼ਹੀਦ ਭਗਤ ਸਿੰਘ ਨੌਜਵਾਨ ਵਿਚਾਰ ਮੰਚ ਦੇ ਕਨਵੀਨਰ ਹਰਮਨ ਲੀਹਾਂ, ਮੈਂਬਰ ਰਘਵੀਰ ਗੋਰਾਹੂਰ, ਗਗਨਦੀਪ, ਮਨਜੋਤ, ਵਿਕਰਮ, ਰਣਵੀਰ, ਮਨਜੀਤ, ਜਗਦੀਪ, ਆਕਾਸ਼ ਭੁਮਾਲ, ਜਗਦੀਸ ਭੂੰਦੜੀ, ਗੁਰਜੰਟ ਕੋਟਉਮਰਾ ਅਤੇ ਸ਼ਹੀਦ ਭਗਤ ਸਿੰਘ ਸਪੋਰਟਸ ਐਂਡ ਵੈਲਫੇਅਰ ਕਲੱਬ ਦੇ ਪ੍ਰਧਾਨ ਰਣਦੀਪ ਸਿੰਘ, ਜਸਪਾਲ ਸਿੰਘ, ਜਗਜੀਵਨ, ਗੁਰਿੰਦਰ, ਜਗਰੂਪ, ਹਰਕ੍ਰਿਸਨ, ਸੁਖਜੀਵਨ ਅਦਿ ਹੋਰ ਨੌਜਵਾਨ ਅਤੇ ਇਲਾਕੇ ਦੀਆਂ ਇਨਸਾਫ ਪਸੰਦ ਜੱਥੇਬੰਦੀਆਂ ਬੀ.ਕੇ.ਯੂ (ਏਕਤਾ) ਦੇ ਬਲਾਕ ਪ੍ਰਧਾਨ ਹਰਦੀਪ ਸਿੰਘ ਗਾਲਿਬ, ਪੇਂਡੂ ਮਜ਼ਦੂਰ ਯੂਨੀਅਨ (ਮਸ਼ਾਲ) ਦੇ ਆਗੂ ਡਾ. ਸੁਖਦੇਵ ਸਿੰਘ, ਸੁਖਵਿੰਦਰ ਸਿੰਘ ਹੰਬੜਾਂ ਛਿੰਦਰਪਾਲ, ਜਸਵੀਰ, ਚਿਮਨ ਭੂੰਦੜੀ, ਕਰਮ ਸਿੰਘ, ਪਲਵਿੰਦਰ ਸਿੰਘ ਭੁਮਾਲ, ਸੁਰਿੰਦਰ ਸਿੰਘ ਹੰਬੜਾਂ ਆਦਿ ਸ਼ਾਮਲ ਸਨ।

# ਲੋਕ ਚੇਤਨਾ ਮੰਚ ਵੱਲੋਂ ਅਕਤੂਬਰ ਇਨਕਲਾਬ ਦੀ ਸ਼ਤਾਬਦੀ 'ਤੇ ਵਿਚਾਰ ਚਰਚਾ

## ਮਾਰਕਸਵਾਦ ਅੱਜ ਵੀ ਲੋਕਾਂ ਲਈ ਚਾਨਣ ਮੁਨਾਰਾ : ਪ੍ਰੋ. ਚਮਨ ਲਾਲ



ਲੋਕ ਚੇਤਨਾ ਮੰਚ, ਲਹਿਰਾਗਾਗਾ ਵੱਲੋਂ ਸਥਾਨਕ ਗਊ ਧਰਮਸ਼ਾਲਾ ਵਿੱਚ ਰੂਸ ਦੇ 1917 'ਚ ਕਾਮਰੇਡ ਲੈਨਿਨ ਦੀ ਅਗਵਾਈ 'ਚ ਹੋਏ ਮਹਾਨ ਇਨਕਲਾਬ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ ਵਿਚਾਰ ਚਰਚਾ ਕੀਤੀ ਗਈ। ਵਿਚਾਰ ਚਰਚਾ ਦੌਰਾਨ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਦਿੱਲੀ ਦੇ ਸਾਬਕਾ ਪ੍ਰੋ. ਚਮਨ ਲਾਲ ਨੇ "1917 ਦੇ ਇਨਕਲਾਬ ਦੀ ਮਹੱਤਤਾ ਅਤੇ ਭਾਰਤੀ ਮੁਕਤੀ ਸੰਗਰਾਮ 'ਤੇ ਪ੍ਰਭਾਵ" ਵਿਸ਼ੇ 'ਤੇ ਸੰਬੋਧਨ ਕੀਤਾ। ਵਿਚਾਰ ਚਰਚਾ ਦੀ ਸ਼ੁਰੂਆਤ ਕਰਦਿਆਂ ਮੰਚ ਦੇ ਪ੍ਰਧਾਨ ਗਿਆਨ ਚੰਦ ਸ਼ਰਮਾ ਨੇ ਆਏ ਮੁੱਖ ਬੁਲਾਰੇ ਅਤੇ ਸਰੋਤਿਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਰੂਸੀ ਇਨਕਲਾਬ ਦੇ ਸ਼ਤਾਬਦੀ ਵਰ੍ਹੇ ਮੌਕੇ ਦੁਨੀਆਂ ਭਰ 'ਚ ਸਮਾਰੋਹ ਹੋ ਰਹੇ ਹਨ, ਅਜਿਹੇ ਮੌਕੇ ਮੰਚ ਨੇ ਇਲਾਕੇ ਦੀਆਂ ਇਨਕਲਾਬੀ, ਜਮਹੂਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਇਸ ਸਮਾਰੋਹ ਦਾ ਆਯੋਜਨ ਕਰਨਾ ਜਰੂਰੀ ਸਮਝਿਆ ਹੈ, ਉਹਨਾਂ ਕਿਹਾ ਕਿ ਰੂਸੀ ਇਨਕਲਾਬ ਇਤਿਹਾਸ ਦੀ ਉਹ ਮਹਾਨ ਘਟਨਾ ਹੈ, ਜਿਸਨੇ ਦੁਨੀਆਂ ਸਾਹਮਣੇ ਬਰਾਬਰੀ ਵਾਲੇ ਸਮਾਜ ਦਾ ਮਾਡਲ ਪੇਸ਼ ਕੀਤਾ ਸੀ। ਮੁੱਖ ਬੁਲਾਰੇ ਪ੍ਰੋ. ਚਮਨ ਲਾਲ ਨੇ ਸੰਬੋਧਨ ਕਰਦਿਆਂ ਰੂਸੀ ਇਨਕਲਾਬ ਦੀਆਂ ਵੱਖ ਵੱਖ ਘਟਨਾਵਾਂ ਦਾ ਜ਼ਿਕਰ ਕਰਦਿਆਂ ਕਾਰਲ ਮਾਰਕਸ, ਏਂਗਲਜ, ਲੈਨਿਨ, ਸਟਾਲਿਨ, ਮਾਓ ਦੀ ਦੁਨੀਆਂ ਨੂੰ ਵਿਚਾਰਧਾਰਕ ਦੇਣ ਤੋਂ ਜਾਣੂ ਕਰਵਾਇਆ। ਉਹਨਾਂ ਕਿਹਾ ਕਿ ਉਹਨਾਂ ਕਿਹਾ ਕਿ ਮਾਰਕਸਵਾਦ ਅੱਜ ਵੀ ਬਰਾਬਰੀ ਵਾਲਾ ਸਮਾਜ ਸਿਰਜਣ ਲਈ ਕਿਰਤੀ ਲੋਕਾਂ ਨੂੰ ਸੇਧ ਦੇਣ ਵਾਲਾ ਇੱਕੋ ਇੱਕ ਫਲਸਫਾ ਹੈ। ਰੂਸੀ ਇਨਕਲਾਬ ਨੇ ਵੱਖ ਵੱਖ ਦੇਸ਼ਾਂ ਦੀਆਂ ਕੌਮੀ ਲਹਿਰਾਂ ਨੂੰ ਪ੍ਰਭਾਵਿਤ ਕੀਤਾ ਸੀ। ਉਹਨਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਰੂਸ ਦੇ ਇਨਕਲਾਬ ਤੋਂ ਬੇਹੱਦ ਪ੍ਰਭਾਵਿਤ ਸੀ। ਅਜੋਕੀਆਂ ਹਾਲਤਾਂ 'ਚ ਮਾਰਕਸਵਾਦ ਹੀ ਕਿਰਤੀਆਂ ਨੂੰ ਸਹੀ ਅਗਵਾਈ ਦੇ ਸਕਦਾ ਹੈ। ਵਿਚਾਰ ਚਰਚਾ ਦੌਰਾਨ ਉਹਨਾਂ ਨੇ ਸੰਦੀਪ ਸਿੰਘ, ਕੁਲਵਿੰਦਰ, ਬੂਟਾ ਖਾਨ ਦੇ ਸਵਾਲਾਂ ਦਾ ਵਿਸਥਾਰਿਤ ਜਵਾਬ ਦਿੱਤਾ। ਮੰਚ ਵੱਲੋਂ ਪ੍ਰੋ. ਚਮਨ ਲਾਲ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਰੋਹ ਦੌਰਾਨ ਜਗਦੀਸ਼ ਪਾਪੜਾ, ਗੁਰਤੇਜ ਕਾਲਬੰਜਾਰਾ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਇਸ ਦੌਰਾਨ ਮੰਚ ਦੇ ਮੈਂਬਰ ਜੀਵਨ ਰਾਮ ਚੋਟੀਆਂ, ਸ਼ਮਿੰਦਰ ਸਿੰਘ, ਲਾਭ ਛਾਜਲਾ, ਪਿਆਰਾ ਲਾਲ, ਬੱਬੀ, ਜਮਹੂਰੀ ਅਧਿਕਾਰ ਸਭਾ ਦੇ ਜਿਲ੍ਹਾ ਪ੍ਰਧਾਨ ਨਾਮਦੇਵ ਭੁਟਾਲ, ਕਿਸਾਨ ਆਗੂ ਜਨਕ ਭੁਟਾਲ, ਅਮਰੀਕ ਗੰਢੂਆਂ, ਬਲਵੀਰ ਜਲੂਰ, ਨੌਜਵਾਨ ਆਗੂ ਰਣਦੀਪ ਸੰਗਤਪੁਰਾ ਹਾਜ਼ਰ ਸਨ। ਮੰਚ ਸੰਚਾਲਨ ਹਰਭਗਵਾਨ ਗੁਰਨੇ ਨੇ ਕੀਤਾ।

# ਪ੍ਰਤੀਬੱਧ ਕਾਮਰੇਡ

ਦੋਸਤੋ...ਮਾਲਵੇ ਵਿਚ ਕੋਈ ਕਿਸਾਨ ਜਾਂ ਮਜ਼ਦੂਰ ਜਥੇਬੰਦੀ ਦਾ ਪ੍ਰੋਗਰਾਮ ਜਾਂ ਰੈਲੀ, ਧਰਨਾ, ਮੁਜ਼ਾਹਰਾ ਹੋਵੇ...ਕੋਈ ਸਾਹਿਤਕ ਸਮਾਗਮ...ਮੁਲਾਜ਼ਮਾਂ ਦਾ ਇਕੱਠ...ਗਦਰੀ ਮੇਲਾ...ਬਹੁਤੀ ਵਾਰੀ ਤੁਸੀਂ ਇਕ ਆਦਮੀ ਜਿਸਦੀ ਇਕ ਬਾਂਹ ਕੱਟੀ ਹੋਈ ਹੈ ਥੱਲੇ ਜ਼ਮੀਨ ਤੇ ਹੀ ਪੱਲੀ ਵਿਛਾ ਕੇ ਪੁਸਤਕਾਂ ਪੋਸਟਰਾਂ ਦੀ ਪ੍ਰਦਰਸ਼ਨੀ ਲਾਈ ਬੈਠਾ ਜ਼ਰੂਰ ਵੇਖਿਆ ਹੋਵੇਗਾ...ਬਸ ਇਹੀ ਹੈ ਮਹਿਲ ਕਲਾਂ ਵਾਲਾ ਕਾਮਰੇਡ...ਪ੍ਰੀਤਮ ਸਿੰਘ ਦਰਦੀ [93567-29532] ...ਪਿਛਲੇ ਚਾਲੀ ਸਾਲਾਂ ਤੋਂ ਲੋਕਾਂ ਨੂੰ ਪੁਸਤਕਾਂ ਨਾਲ ਜੋੜਨ ਲਈ ਯਤਨਸ਼ੀਲ ...ਓਸਨੇ ਸ਼ੋਲੋਖੋਵ ਦਾ 'ਤੇ ਡਾਨ ਵਹਿੰਦਾ ਰਿਹਾ' ਆਪਣੇ ਹਥੀਂ ਗਿਆਰਾਂ ਰੁਪਏ ਦਾ ਵੇਚਿਆ ਵਾ ਹੈ ਜਿਸਦੀ ਹੁਣ ਕੀਮਤ ਪੰਦਰਾਂ ਸੋ ਰੁਪਏ ਹੈ...ਤੇ ਐਮ. ਆਈ. ਕਾਲੀਨਿਨ ਦੀ 'ਕਮਿਊਨਿਸਟ ਵਿਦਿਆ ਅਤੇ ਨੌਜਵਾਨ' ਡੇਢ ਰੁਪਏ ਦੀ, ਜੋ ਹੁਣ ਪੰਜ ਸੋ ਦੀ ਮਿਲਦੀ ਆ...ਆਪਣੇ ਬਾਪੂ ਕਾਮਰੇਡ ਮੱਲ ਸਿੰਘ ਜੋ ਪ੍ਰੀਤਲੜੀ ਦੇ ਪਾਠਕ ਸਨ , ਤੋਂ ਪ੍ਰੀਤਮ ਦਰਦੀ ਨੂੰ ਸਾਹਿਤਕ ਗੁੜਤੀ ਮਿਲੀ...1973 ਵਿਚ ਮਹਿਲ ਕਲਾਂ ਵਿਖੇ 'ਲੈਨਿਨ ਕਿਤਾਬ ਘਰ' ਸਥਾਪਤ ਕਰਕੇ ਇਲਾਕੇ ਦੇ ਲੋਕਾਂ ਨੂੰ ਪੁਸਤਕ ਸਭਿਆਚਾਰ ਨਾਲ ਜੋੜ ਕੇ ਚੇਤਨਾ ਦਾ ਛਿਟਾ ਦੇਣਾ ਸ਼ੁਰੂ ਕਰ ਦਿੱਤਾ...ਅਤੇ ਅੱਜ 66 ਸਾਲ ਦੀ ਉਮਰ ਵਿਚ ਵੀ ਉਸਦਾ ਇਹ ਸਫਰ ਓਸੇ ਚਿਣਗ ਨਾਲ ਜਾਰੀ ਹੈ...ਹਰੇਕ ਥਾਂ ਪੁਸਤਕਾਂ ਲੈ ਕੇ ਪਹੁੰਚ ਜਾਣਾ ਹੈ ਭਾਵੇਂ ਓਥੋਂ ਕਿਰਾਇਆ ਮੁੜਨ ਦੀ ਸੰਭਾਵਨਾ ਵੀ ਨਾ ਹੋਵੇ...ਬਸ ਓਸਦੇ ਇਸੇ ਜਨੂੰਨ ਨੇ ਮਾਲਵੇ ਹੀ ਨਹੀਂ ਸਗੋਂ ਸਮੁੱਚੇ ਪੰਜਾਬ ਵਿਚ ਸੈਂਕੜੇ ਪਾਠਕ ਪੈਦਾ ਕੀਤੇ ਨੇ...ਆਰਥਿਕ ਪੱਖੋਂ ਭਾਵੇਂ ਇਸ ਕਾਰਜ ਨੇ ਓਸ ਨੂੰ ਕੋਈ ਵੱਡਾ ਠੁਮਣਾ ਨਹੀਂ ਦਿੱਤਾ ਅਤੇ ਇਸ ਪਾਸੇ ਉਸਦਾ ਸੰਘਰਸ਼ ਜਾਰੀ ਹੈ ਪਰ ਸਮਾਜਿਕ ਤਬਦੀਲੀ ਦੀ ਭਾਵਨਾ ਨਾਲ ਭਰਪੂਰ ਸਫਰ ਨੇ ਜਿਹਨੀ ਤਸੱਲੀ ਜ਼ਰੂਰ ਦਿੱਤੀ ਹੈ ...ਪ੍ਰਗਤੀਸ਼ੀਲ ਸਾਹਿਤ ਦਾ ਤਾਂ ਜਿਵੇਂ ਓਹ ਕੋਸ਼ ਹੈ...ਕਿਹੜੀ ਪੁਸਤਕ ਕਦੋਂ ਛਪੀ, ਕਿੰਨਾ ਮੁਲ ਸੀ, ਸਭ ਜ਼ੁਬਾਨੀ ਯਾਦ ...ਇਕ ਕਾਪੀ ਵੀ ਘਰੇ ਜ਼ਰੂਰ ਸਾਂਭ ਕੇ ਰੱਖੀ ਹੋਵੇਗੀ...ਪਾਠਕ ਦੀ ਪਹਿਲੀ ਗੱਲ ਤੋਂ ਹੀ



ਓਸਦਾ ਸਾਹਿਤਕ ਜ਼ਾਇਕਾ ਬੁਝ ਲੈਣ ਵਾਲਾ...ਮੌਜੂਦਾ ਦੌਰ ਵਿਚ ਧੜਾਧੜ ਛਪ ਰਹੀਆਂ ਗੈਰ ਮਿਆਰੀ ਪੁਸਤਕਾਂ, ਮਹਿੰਗੇ ਮੁੱਲ ਅਤੇ ਲੇਖਕਾਂ ਵੱਲੋਂ 'ਮੁਫਤ' ਪੁਸਤਕਾਂ ਵੰਡਣ ਦੇ ਰੁਝਾਨ ਤੋਂ ਡਾਹਢਾ ਨਿਰਾਸ਼ ਹੈ ...ਓਸ ਅਨੁਸਾਰ ਪਾਠਕਾਂ ਦੇ ਸਾਹਿਤ ਪੜ੍ਹਨ ਦੀ ਰੁਚੀ ਵਧ ਰਹੀ ਹੈ ਪਰ ਮਿਆਰੀ ਪੁਸਤਕਾਂ ਸਾਲ 'ਚ ਦੋ-ਚਾਰ ਹੀ ਛਪਦੀਆਂ ਹਨ...ਓਹ ਵੀ ਪਾਠਕਾਂ ਤਕ ਪਹੁੰਚ ਨਹੀਂ ਰਹੀਆਂ...ਓਸ ਅਨੁਸਾਰ ਹਰੇਕ ਨੌਜਵਾਨ ਦੇ ਹਥ ਵਿਚ ਪੁਸਤਕ ਹੋਵੇਗੀ ਤਾਂ ਹੀ ਸਾਡਾ ਭਵਿੱਖ ਸੁਨਹਿਰਾ ਹੋ ਸਕਦਾ ਹੈ...ਇਹ ਕਾਰਜ ਵੱਡਾ ਜ਼ਰੂਰ ਪਰ ਅਸੰਭਵ ਨਹੀਂ ਜੇਕਰ ਸਾਂਝੇ ਸਾਰਥਿਕ ਯਤਨ ਕੀਤੇ ਜਾਣ...ਕਿਤੇ ਗਾਹੇ-ਬਗਾਹੇ ਤੁਹਾਨੂੰ ਕਾਮਰੇਡ ਪ੍ਰੀਤਮ ਸਿਓਂ ਪੁਸਤਕਾਂ ਦੇ ਸੰਗ ਮਿਲੇ ਤਾਂ ਮਿਲਿਓ ਜ਼ਰੂਰ...ਇਤਿਹਾਸ ਇਹਨਾਂ ਯੋਧਿਆਂ ਬਾਰੇ ਸਦਾ ਚੁਪ ਹੀ ਰਹੇਗਾ।

-ਖੁਸ਼ਵੰਤ ਬਰਗਾੜੀ

## ਪੱਥਰ ਹੋਣ ਦਾ ਸਫ਼ਰ

ਅੱਜ ਕੱਲ੍ਹ ਉਹ
ਬੜਾ ਚੁੱਪ-ਚਾਪ ਰਹਿੰਦਾ ਹੈ!

ਦਰਿਆ ਵਾਂਗ ਖ਼ਾਮੋਸ਼
ਸ਼ਾਂਤ ਜੇਹਾ ਵਹਿੰਦਾ ਹੈ,
ਜੀਹਦੀ ਬਲਦਾਂ ਨੂੰ
ਮਾਰੀ ਟੁਚਕਰ ਨਾਲ
ਬੱਦਲ਼ ਤੱਕ ਰੁਕ ਜਾਂਦੇ ਸੀ
ਪਰ ਹੁਣ; ਜਿੱਥੇ ਵੀ ਬਹਿੰਦਾ
ਗੁੰਮ-ਸੁੰਮ ਹੀ ਬਹਿੰਦਾ ਹੈ
ਅੱਜ ਕੱਲ੍ਹ ਉਹ
ਬੜਾ ਚੁੱਪ-ਚਾਪ ਰਹਿੰਦਾ ਹੈ!

ਤਿੱਤਰਾਂ ਬਟੇਰਿਆਂ ਦੇ ਨਾਲ
ਬੜੀ ਹੀ ਗੂੜ੍ਹੀ ਸਾਂਝ ਸੀ
ਛੋਲੇ, ਮੱਕੀਆਂ, ਬਾਜਰੇ,
ਨਰਮੇ-ਕਪਾਹਾਂ ਲਈ
ਬੜੀ ਹੀ ਡਾਢੀ ਤਾਂਘ ਸੀ;
ਕਦੇ ਸੋਕਿਆਂ ਨੇ ਡੋਬਿਆ
ਕਦੇ ਪਾਣੀਆਂ ਨੇ ਸਾੜਿਆ
ਹੁਣ ਤਾਂ . . .
ਬੁਝਿਆ-ਬੁਝਿਆ ਹੀ ਰਹਿੰਦਾ ਹੈ
ਅੱਜ ਕੱਲ੍ਹ ਉਹ
ਬੜਾ ਚੁੱਪ-ਚਾਪ ਰਹਿੰਦਾ ਹੈ!

ਸੋਚਦਾ ਹੈ...
ਪਤਾ ਨਹੀਂ ਕਮਾਦਾਂ ਵਿੱਚ
ਜ਼ਹਿਰਾਂ ਕਿੱਥੋਂ ਆ ਗਈਆਂ?
ਪੰਜ ਪਾਣੀਆਂ ਦੇ ਦੇਸ਼ ਦੀਆਂ
ਨਹਿਰਾਂ ਕੀਹਨੇ ਖਾ ਲਈਆਂ??
ਪਤਾ ਨਹੀਂ
ਹਵਾਵਾਂ ਵਿੱਚੋਂ
ਮਹਿਕਾਂ ਕਿੱਥੇ ਮੋਈਆਂ ਨੇ???
"ਅੰਨਦਾਤਾ ਭੁੱਖਾ ਸੌਂਦਾ"
ਅਣਹੋਣੀਆਂ ਕਿੰਦਾਂ ਹੋਈਆਂ ਨੇ????
ਬੱਸ; ਸੋਚਦਿਆ-ਸੋਚਦਿਆਂ
ਇੱਕ ਲੰਮਾ ਸਾਹ ਲੈਂਦਾ ਹੈ
ਪੱਥਰ ਜੇਹਾ ਬਣ ਬਹਿੰਦਾ ਹੈ!!
ਅੱਜ ਕੱਲ੍ਹ ਉਹ
ਬੜਾ ਚੁੱਪ-ਚਾਪ ਰਹਿੰਦਾ ਹੈ!!

- ਗਗਨਦੀਪ ਸਿੰਘ ਸੰਧੂ

## ਜਾਗਦੇ ਰਹੋ

ਚੋਰਾਂ ਦੀ ਆਹਟ ਸੁਣ
ਅੱਧੀ ਰਾਤੀਂ ਚੌਕੀਦਾਰ
ਦਿੰਦਾ ਹੈ ਹੋਕਾ
"ਜਾਗਦੇ ਰਹੋ ਬਈ ਜਾਗਦੇ ਰਹੋ"
ਅਸੀਂ ਘੇਸਲ ਵੱਟ ਕੇ
ਰਜਾਈ 'ਚ ਲਿਪਟ
ਨਿੱਘ ਦਾ ਲੁਤਫ਼ ਲੈਣ ਲਈ
ਹੋਰ ਗੂੜ੍ਹੀ ਨੀਂਦੇ ਸੌਂਦੇ ਹਾਂ।
ਅਸੀਂ ਸਮਝਦੇ ਹਾਂ
ਸਾਡੇ ਹੱਕਾਂ ਦੀ ਰਾਖੀ ਕਰਨਾ
ਸਾਡਾ ਨਹੀਂ
ਇਹ ਤਾਂ ਉਨ੍ਹਾਂ ਦਾ ਕੰਮ ਹੈ
ਜੋ ਜਾਗਦੇ ਹਨ।
ਅਸੀਂ ਅਵੇਸਲੇ ਹੀ
ਉਸ ਦਿਨ ਦੀ ਉਡੀਕ 'ਚ ਹਾਂ
ਜਦੋਂ ਤੱਕ ਚੋਰ ਸਭ ਕੁਝ
ਲੁਟ ਪੁੱਟ ਨਹੀਂ ਲੈ ਜਾਂਦੇ
ਤੇ ਦੇ ਨਹੀਂ ਜਾਂਦੇ
ਗੁਲਾਮੀ ਦੀਆਂ ਬੇੜੀਆਂ

- ਪਰਮਿੰਦਰ ਕੌਰ ਸਵੈਚ

## ਗ਼ਜ਼ਲ

ਦਿਨ-ਬ-ਦਿਨ ਇਉਂ ਹਰ ਹਕੀਕਤ, ਘਟਦੀ ਘਟਦੀ ਘਟ ਰਹੀ ਹੈ।
ਜ਼ਿੰਦਗੀ ਜਿਉਂ ਹੌਲੀ ਹੌਲੀ, ਸੁਪਨੇ ਦੇ ਵਿਚ ਵਟ ਰਹੀ ਹੈ।

ਆਪਣੇ ਮਾਲਕ ਦੀ ਹਥੇਲੀ ਤੱਕ ਹੀ ਹੈ ਜਦ ਹਰ ਉਡਾਰੀ,
ਪਿੰਜਰੇ ਦੀ ਬਚਤ 'ਚੋਂ ਹੁਣ ਬੋਨਸ ਬੁਰਕੀ ਬਟ ਰਹੀ ਹੈ।

ਤਿਉਂ ਤਿਉਂ ਅੰਬਰ ਛੋ ਰਹੇ ਨੇ ਪੁਰਸਕਾਰਾਂ ਨਾਲ ਲੇਖਕ,
ਲੇਖਣੀ ਜਿਉਂ ਜਿਉਂ ਉਨ੍ਹਾਂ ਦੀ ਧਰਤੀ ਨਾਲੋਂ ਕੱਟ ਰਹੀ ਹੈ।

ਵਾਲ ਸਟਰੀਟੀ ਖਿਡਾਰਨ ਸ਼ਾਹੀ ਘਰ ਦੀ ਰੁਤਬੇਦਾਰਨ,
ਇਕ ਫਫੇਕੁਟਣੀ ਦਮੂੰਹੀ ਕਾਮਰੇਡੀ ਰਟ ਰਹੀ ਹੈ।

ਅਜਨਬੀ ਜਿਹੀ ਲੋਅ 'ਚ ਰੌਸ਼ਨ ਹੋ ਰਹੀ ਹੈ ਅਸਲੀ ਦੁਨੀਆ,
ਅਪਣੇਪਨ ਤੇ ਦੋਸਤੀ ਦੀ ਧੁੰਦ ਜਿਉਂ ਜਿਉਂ ਛਟ ਰਹੀ ਹੈ।

- ਓਂਕਾਰਪ੍ਰੀਤ

## ਗ਼ਜ਼ਲ

ਮਨ 'ਤੇ ਸੋਕੇ ਨੇ ਰੀਝਾਂ ਤਿਰਹਾਈਆਂ ਨੇ।
ਕੁੜੀਆਂ ਰਲ ਕੇ ਗੁੱਡੀਆਂ ਫੂਕਣ ਆਈਆਂ ਨੇ।

ਇਕ ਕੰਗਲੀ ਨੇ ਬਾਹਵਾਂ 'ਤੇ ਚੋਰੀ ਚੋਰੀ,
ਵੱਡੀਆਂ ਵੱਡੀਆਂ ਅਸ਼ਰਫ਼ੀਆਂ ਖੁਣਵਾਈਆਂ ਨੇ।

ਕਰਜ਼ਾਈ ਬਾਬੁਲ ਦੀ ਧੀ ਨੇ ਚਾਦਰ 'ਤੇ,
ਸੋਨੇ ਰੰਗੀਆਂ ਮੋਰਨੀਆਂ ਕਢਵਾਈਆਂ ਨੇ।

ਅੱਜ ਵੀ ਲਿੰਬ ਕੇ ਆਈਆਂ ਵਿਹੜੇ ਲੰਬੜਾਂ ਦੇ,
ਕਲ ਜਿਨ੍ਹਾਂ ਦੀਆਂ ਆਪਣੀਆਂ ਕੁੜਮਾਈਆਂ ਨੇ।

ਸਿੱਟੇ ਚੁਗਣ ਗਈ ਨਾ ਪਰਤੀ ਧੀ ਹਾਲੇ,
ਮਾਂ ਦੀਆਂ ਅੱਖਾਂ ਪਥਰਾਈਆਂ ਪਥਰਾਈਆਂ ਨੇ।

ਦਰੀਆਂ ਬੁਣ ਬੁਣ ਦਾਜ ਜਮ੍ਹਾ ਕਰਦੇ ਕਰਦੇ,
ਅੱਲੜ੍ਹ ਉਮਰਾਂ ਪਕਿਆਈਆਂ ਪਕਿਆਈਆਂ ਨੇ।

-ਕਵਿੰਦਰ ਚਾਂਦ

## ਫਾਸ਼ੀਵਾਦ

ਉਨ੍ਹਾਂ ਨੇ
ਮਰਜ਼ੀ ਨਾਲ ਲਿਖਣ ਵਾਲੇ ਨੂੰ ਗੋਲ਼ੀ ਮਾਰ ਦਿੱਤੀ
ਉਨ੍ਹਾਂ ਨੇ
ਮਰਜ਼ੀ ਨਾਲ ਬੋਲਣ ਵਾਲੇ ਨੂੰ ਗੋਲੀ ਮਾਰ ਦਿੱਤੀ
ਉਨ੍ਹਾਂ ਨੇ
ਮਰਜ਼ੀ ਨਾਲ ਸੁਣਨ ਵਾਲੇ ਨੂੰ ਗੋਲੀ ਮਾਰ ਦਿੱਤੀ
ਉਨ੍ਹਾਂ ਨੇ
ਮਰਜ਼ੀ ਨਾਲ ਪਹਿਨਣ ਵਾਲੇ ਨੂੰ ਗੋਲ਼ੀ ਮਾਰ ਦਿੱਤੀ
ਕੀ ਮੈਂ ਜਿਊਂਦਾ ਹਾਂ?

ਉਨ੍ਹਾਂ ਨੇ ਸਾਹਿਤ ਨੂੰ ਗੋਲ਼ੀ ਮਾਰ ਦਿੱਤੀ
ਉਨ੍ਹਾਂ ਨੇ ਧਰਮ ਨੂੰ ਗੋਲੀ ਮਾਰ ਦਿੱਤੀ
ਉਨ੍ਹਾਂ ਨੇ ਇਤਿਹਾਸ ਨੂੰ ਗੋਲੀ ਮਾਰ ਦਿੱਤੀ
ਕੀ ਮੈਂ ਜਿਊਂਦਾ ਹਾਂ?

ਉਨ੍ਹਾਂ ਨੇ ਵਕਤ ਨੂੰ ਗੋਲ਼ੀ ਮਾਰ ਦਿੱਤੀ
ਪਰ ਵਕਤ ਜਿਉਂਦਾ ਹੈ
ਕੀ ਮੈਂ ਜਿਊਂਦਾ ਹਾਂ?

ਉਨ੍ਹਾਂ ਨੇ ਹਵਾ ਨੂੰ ਗੋਲ਼ੀ ਮਾਰ ਦਿੱਤੀ
ਪਰ ਹਵਾ ਜਿਊਂਦੀ ਹੈ
ਕੀ ਮੈਂ ਜਿਊਂਦਾ ਹਾਂ?

-ਸੁਰਿੰਦਰ ਧੰਜਲ

## ਗੋਪੀਆ ਸੰਭਾਲ ਘੁੱਕਰਾ

ਸਿੱਟਿਆਂ ਨੂੰ ਬੂਰ ਆ ਗਿਆ, ਪੁੱਤਾਂ ਵਾਂਗ ਸੀ ਬਾਜਰੇ ਪਾਲ਼ੇ,
ਗੋਪੀਆਂ ਸੰਭਾਲ ਘੁੱਕਰਾ, ਠੂੰਗ ਜਾਣ ਨਾ ਵਲੈਤੀ ਚੁੰਝਾਂ ਵਾਲੇ।

ਸੌਣੀਆਂ 'ਚੋਂ ਖਾਧੇ ਬਾਜਰੇ, ਰਹਿੰਦੀ ਹਾੜ੍ਹੀ ਦੀ ਫਸਲ ਵੀ ਖਾਧੀ,
ਵਿਹਲੜਾਂ ਦੇ ਵੱਗ ਕਰ ਗਏ, ਸਾਡੇ ਹਰਿਆਂ ਖੇਤਰਾਂ ਦੀ ਬਰਬਾਦੀ।
ਚਿੱਪ ਦੇਣੇ ਲੱਠ ਬਣਕੇ ਜਿਹੜੇ ਡੰਗਦੇ ਹੱਕਾਂ ਨੂੰ ਸੱਪ ਕਾਲੇ...

ਲਹੂ-ਪੀਣੀ ਜੋਕ ਚੰਬੜੀ, ਜੀਹਨੇ ਖ਼ੂਨ ਹੈ ਕਿਰਤ ਦਾ ਪੀਤਾ,
ਨਿੱਤ ਨਵੇਂ ਟੈਕਸਾਂ ਨੇ ਸਾਡੇ ਭਖਦੇ ਚੁੱਲ੍ਹੇ ਨੂੰ ਠੰਢਾ ਕੀਤਾ।
ਖਾਦ ਖਾ ਗਏ ਰਲ ਮਿਲ ਕੇ, ਦਿੰਦੇ ਭੇਤ ਨਾ ਮਹਿਕਮੇ ਵਾਲੇ...

ਬਾਪੂ, ਚਾਚਾ, ਤਾਇਆ ਆਖ ਕੇ, ਸਾਥੋਂ ਡੱਬਿਆਂ 'ਚ ਵੋਟਾਂ ਨੇ ਪਵਾਉਂਦੇ,
ਜਦੋਂ ਸਾਂਭ ਲੈਂਦੇ ਗੱਦੀਆਂ, ਫਿਰ ਪੁੱਤ ਵੀ ਕਹਿਣ ਨਾ ਆਉਂਦੇ।
ਪੰਜਾਂ ਸਾਲਾਂ ਬਾਅਦ ਮੁੜਦੇ ਚਿੱਟੇ ਬਗਲੇ ਦਿਲਾਂ ਦੇ ਕਾਲੇ...

ਮੰਡੀ 'ਚੋਂ ਦਲਾਲ ਚੰਦਰੇ, ਲੈ ਗਏ ਮੁੜ੍ਹਕਾ ਢਿਡਾਂ 'ਚ ਬੰਦ ਕਰਕੇ,
ਘੋਰੇ, ਘੋਰੇ,ਘੋਰੇ ਰਾਖਿਓ ਸੁੱਕ ਜਾਣ ਨਾ ਖੇਤਾਂ ਨੂੰ ਵੱਗ ਚਰ ਕੇ।
ਤੋਤਿਆਂ ਨੂੰ ਛਿੜੀ ਕੰਬਣੀ, ਜਾਗ ਪਏ ਨੇ 'ਝਨੀਰ' ਰਖਵਾਲੇ,
ਗੋਪੀਆਂ ਸੰਭਾਲ ਘੁੱਕਰਾ, ਠੂੰਗ ਜਾਣ ਨਾ ਵਲੈਤੀ ਚੁੰਝ ਵਾਲੇ।

-ਜਗਰੂਪ ਝਨੀਰ

## ਗ਼ਜ਼ਲ

ਜੇਕਰ ਹੋਵੇ ਮੱਚਿਆਂ ਪੌਣਾਂ ਵਿਚ ਕੁਹਰਾਮ।
ਹਰਫ਼ਾਂ ਨੂੰ ਨਹੀਂ ਸ਼ੋਭਦਾ ਸਫ਼ਿਆਂ 'ਤੇ ਆਰਾਮ।

ਆਪ ਮੁਹਾਰੇ ਵਹਿਣ ਦੇ ਪਲ ਦੋ ਪਲ ਜਜ਼ਬਾਤ,
ਸਤਰਾਂ ਨਾਲੋਂ ਮੇਟ ਦੇ ਕੌਮੇ 'ਤੇ ਵਿਸ਼ਰਾਮ।

ਅੰਤਿਮ ਛੋਹਾਂ ਨਾਲ ਜਦ ਹੱਸਣੀ ਸੀ ਤਸਵੀਰ,
ਕੈਨਵਸ ਉੱਤੇ ਡੁੱਲ੍ਹ ਗਏ ਮੈਥੋਂ ਰੰਗ ਤਮਾਮ।

ਪਾਰਾ ਬਣ ਕੇ ਵਹਿ ਗਈ ਕਾਇਟਾ ਵਿਚ ਸਵੇਰ,
ਖ਼ੰਜਰ ਬਣ ਕੇ ਲਹਿ ਗਈ ਸੀਨੇ ਅੰਦਰ ਸ਼ਾਮ।

ਉੱਚੇ ਗੁੰਬਦ ਦੇਖ ਕੇ ਅਸ਼ ਅਸ਼ ਕਰਦੇ ਲੋਕ,
ਨੀਹਾਂ ਹੇਠਾਂ ਸਹਿਕਦੇ ਪੱਥਰ ਨੇ ਗੁੰਮਨਾਮ।

ਕਿੱਥੇ ਲੈ ਕੇ ਜਾਣਗੇ ਇਹ ਦੋਵੇਂ ਅਹਿਸਾਸ,
ਅੱਖਾਂ ਵਿਚਲੀਆਂ ਬੇਬਸੀ ਖ਼ਾਬਾਂ ਵਿਚਲੀ ਲਾਮ।

ਆਪਣੇ ਤਾਂ ਵਿਚਕਾਰ ਸੀ ਤਪਦਾ ਰੇਗਿਸਤਾਨ,
ਕਿੰਜ ਭਲਾ ਮੈਂ ਭੇਜਦਾ ਬੱਦਲਾਂ ਹੱਥ ਪੈਗਾਮ।

ਦਿਲ ਵਿਚ ਨਹੀਂ ਉਮੰਗ ਤਾਂ ਕੀ ਚੜ੍ਹਨਾ ਸੀ ਰੰਗ,
ਤਲੀਆਂ ਐਵੇਂ ਲਾਉਂਦੀਆਂ ਮਹਿੰਦੀ ਸਿਰ ਇਲਜ਼ਾਮ।

ਬੁੱਝ ਭਲਾ ਮੈਂ ਕੌਣ ਹਾਂ ਕੀ ਮੇਰੀ ਪਹਿਚਾਣ,
ਇਹ ਜੋ ਮੇਰਾ ਨਾਮ ਹੈ ਇਹ ਨਹੀਂ ਮੇਰਾ ਨਾਮ।

- ਜਸਵਿੰਦਰ

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈਗ 204-488-6960

## ਪੰਜ ਕਕਾਰਾਂ

ਪੰਜ ਕਕਾਰਾਂ ਵਾਲੇ ਜਾਂਦੇ,
ਦਾਹੜੀਆਂ ਨੂੰ ਹੱਥ ਪਾਈ ਵੇ ਲਾਲੋ।
ਇਹ ਕੇਹੀ ਰੁੱਤ ਆਈ ਵੇ ਲਾਲੋ,
ਇਹ ਕੇਹੀ ਰੁੱਤ ਆਈ।

ਕਿਰਤ ਕਿਤਾਬ ਕਨੂੰਨ ਨੂੰ ਖਾ ਗਏ।
ਭਗਵੇਂ ਭੇਸ ਵਟਾਕੇ ਆ ਗਏ।
ਗਊ ਦੇ ਰਾਖੇ ਹਾਕਮ ਇੱਥੇ,
ਦਲਿਤ ਨੂੰ ਜਾਣ ਜਲਾਈ ਵੇ ਲਾਲੋ ।

ਬਾਬੇ ਰਾਮ ਰਹੀਮ ਨੇ ਬਣ ਗਏ।
ਸਾਡੇ ਸੁਪਨੇ ਹੱਥੋਂ ਛਣ ਗਏ।
ਖੇਤਾਂ ਦੇ ਪੁੱਤ ਤੀਲੀਆਂ ਲੈ ਕੇ ,
ਖੇਤਾਂ ਨੂੰ ਅੱਗ ਲਾਈ ਵੇ ਲਾਲੋ ।

ਮੁਜਰਿਮ ਹੱਥ ਮੁਜਾਇਲ ਵੇ ਭਾਈ ।
ਤੂੰ ਗੱਤਕੇ ਦੀ ਲਏਂ ਸਿਖਲਾਈ।
ਦੁਨੀਆਂ ਉੱਤੇ ਚੌਧਰ ਖਾਤਰ,
ਕਰਦਾ ਪਿਆ ਚੜ੍ਹਾਈ ਵੇ ਲਾਲੋ ।

ਹੱਦਾਂ ਤੇ ਸਰਹੱਦਾਂ ਬਣੀਆਂ।
ਹਾਕਮਾਂ ਹੱਥ ਸੰਗੀਨਾਂ ਤਣੀਆਂ।
ਇਸ ਧਰਤ ਦੀ ਪੀੜ ਹੈ ਸਾਂਝੀ,
ਜੋੜੀਏ ਹੱਥ ਲੋਕਾਈ ਵੇ ਲਾਲੋ ।

ਇਹ ਕੇਹੀ ਰੁੱਤ ਆਈ ।
ਕਿਰਤੀ ਕਾਮੇ ਭੁੱਖੇ ਸੌਂਦੇ
ਵੇਹਲੜ ਖਾਣ ਮਲਾਈ ਵੇ ਲਾਲੋ ।

- ਜਗਸੀਰ ਜੀਦਾ

## ਸੌਵੇਂ ਵਰ੍ਹੇ ਦਾ ਗੀਤ

(ਅਕਤੂਬਰ-1917 ਤੋਂ ਅਕਤੂਬਰ 2017)

ਸੌ ਵਰ੍ਹਿਆਂ ਦੀ ਉਮਰ 'ਚ
ਤੂੰ ਅਣਭੋਲ ਜਿਹਾ ਬਾਲ ਹੈਂ ਸੋਵੀਅਤ...

ਭਰ ਜਵਾਨੀ 'ਚ
ਤੇਰੇ ਪਰਛਾਵੇਂ ਅੰਬਰਾਂ ਤੱਕ ਪੈਣਗੇ
ਸੌ ਸਦੀਆਂ ਦੀ ਉਮਰ ਤੱਕ
ਉਸ ਅਦਿੱਖ ਵਾਦੀ ਵਿੱਚ
ਤੇਰਾ ਵਾਸ ਹੋਵੇਗਾ
ਜਿਸ ਦਾ ਮੈਨੂੰ ਸੁਪਨਾ ਆਉਂਦਾ ਹੈ

ਜੇ ਮੈਂ ਆ ਵੀ ਜਾਵਾਂ
ਸਮੇਂ 'ਚ ਸੁਰੰਗ ਖੋਦ ਕੇ
ਤੇਰੀ ਵਾਦੀ 'ਚ
ਮੈਨੂੰ ਹਰਗਿਜ਼ ਹਰਗਿਜ਼ ਅੰਦਰ ਨਾ ਵੜਨ ਦੇਵੀਂ

ਮੈਂ ਇੱਕੀਵੀਂ ਸਦੀ ਦੇ ਵਿਕਾਰਾਂ ਨਾਲ਼
ਲਥ ਪਥ ਹਾਂ ਅਜੇ
ਧੌਂਸ ਅਤੇ ਬੇਇਨਸਾਫੀ ਦੇ ਸਮਾਨਾਂਤਰ
ਸੁਰੱਖਿਅਤ ਖੋਲ ਹੈ ਮੇਰੇ ਕੋਲ ਇਕ
ਮੇਰੇ ਵਿਸ਼ਵਾਸ਼ਾਂ 'ਚ
ਵਿਰਸੇ ਦੇ ਦਰਿੰਦੇ ਦੁਬਕੇ ਹੋਏ ਨੇ ਬਹੁਤ ਗਹਿਰੇ

ਤੂੰ ਮੈਨੂੰ ਵਾਪਸ ਭੇਜ ਦੇਵੀਂ
ਉਸੇ ਸੁਰੰਗ ਰਾਹੀਂ
ਮੇਰੇ ਆਪਣੇ ਸਮੇਂ 'ਚ
ਲੜਨ ਲਈ
ਕਮਿਊਨਿਜ਼ਮ ਦੀ ਵਾਦੀ ਤੱਕ ਜਾਂਦੀ
ਕਿਸੇ ਪਹਾੜੀ ਪਗਡੰਡੀ 'ਤੇ ਚੜ੍ਹਨ ਲਈ

ਨਹੀਂ ਤਾਂ ਸਭ
ਅਸਤ ਵਿਅਸਤ ਹੋ ਜਾਵੇਗਾ
ਤੇਰੇ ਨਾਮ ਦਾ ਸੁਪਨਾ
ਮੌਤ ਦੀਆਂ ਕੜਵੱਲਾਂ ਖਾਵੇਗਾ
ਸੌ ਵਰ੍ਹੇ
ਸੌ ਸਦੀਆਂ ਤੱਕ ਪਿੱਛੇ ਮੁੜ ਜਾਵੇਗਾ।

- ਰਾਜਵਿੰਦਰ ਮੀਰ

# ਸਿਆਹੀ ਸੁੱਟਣ ਵਾਲੇ ਬੁਲਾਰੇ ਬਣ ਰਹੇ ਹਨ ਅਤੇ ਉਸਤੋਂ ਲਿਖਣ ਵਾਲੇ ਪ੍ਰੋਪੇਗੰਡਾ ਕਰ ਰਹੇ ਹਨ : ਰਵੀਸ਼ ਕੁਮਾਰ

*(ਸੀਨੀਅਰ ਸੰਪਾਦਕ ਰਵੀਸ਼ ਕੁਮਾਰ ਨੂੰ ਪਹਿਲਾ ਕੁਲਦੀਪ ਨਇਰ ਪੱਤਰਕਾਰਤਾ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਹੈ? ਸਨਮਾਨ ਸਮਾਰੋਹ ਵਿੱਚ ਉਨ੍ਹਾਂ ਨੇ ਇਹ ਭਾਸ਼ਣ ਦਿੱਤਾ?)*



ਐਂਕਰ ਪਾਰਟੀ ਬੁਲਾਰਿਆਂ ਵਿੱਚ ਢਲਣ ਅਤੇ ਬਦਲਨ ਲਈ ਸ਼ਰਾਪਿਤ ਹਨ? ਉਹ ਪੱਤਰਕਾਰ ਨਹੀਂ ਹਨ, ਸਰਕਾਰ ਦੇ ਸੇਲਸਮੈਨ ਹਨ? ਜਦੋਂ ਵੀ ਜਨਾਦੇਸ਼ ਆਉਂਦਾ ਹੈ ਪੱਤਰਕਾਰਾਂ ਨੂੰ ਕਿਉਂ ਲੱਗਦਾ ਹੈ ਕਿ ਉਨ੍ਹਾਂ ਦੇ ਖਿਲਾਫ ਆਇਆ ਹੈ? ਕੀ ਉਹ ਵੀ ਚੋਣ ਲੜ ਰਹੇ ਸਨ? ਕੀ ਜਨਾਦੇਸ਼ 'ਤੋਂ ਪੱਤਰਕਾਰਤਾ ਨੂੰ ਪ੍ਰਭਾਵਿਤ ਹੋਣ ਦੀ ਜ਼ਰੂਰਤ ਹੈ?

ਉਮਰ ਹੋ ਗਈ ਹੈ ਤਾਂ ਸੋਚਿਆ ਕੁੱਝ ਲਿਖਕੇ ਲਿਆਉਂਦੇ ਹਾਂ? ਨਹੀਂ ਤਾਂ ਮੂਡ ਅਤੇ ਮੌਕਾ ਕੁੱਝ ਅਜਿਹਾ ਹੀ ਸੀ ਕਿ ਬਿਨਾਂ ਵੇਖੇ ਬੋਲਿਆ ਜਾਵੇ? ਖਾਸਕਰ ਇੱਕ ਅਜਿਹੇ ਵਕਤ ਵਿੱਚ ਜਦੋਂ ਰਾਜਨੀਤੀ ਤਮਾਮ ਮਰਿਆਦਾਵਾਂ ਨੂੰ ਤਬਾਹ ਕਰ ਰਹੀ ਹੈ, ਬੇਇੱਜ਼ਤੀ ਦੇ ਨਵੇਂ - ਨਵੇਂ ਮੁਹਾਵਰੇ ਘੜ ਰਹੀ ਹੈ?

ਇੱਕ ਅਜਿਹੇ ਵਕਤ ਵਿੱਚ ਜਦੋਂ ਸਾਡੀ ਸਹਿਣਸ਼ੀਲਤਾ ਕੁਚਲੀ ਜਾ ਰਹੀ ਹੈ ਠੀਕ ਉਸੇ ਵਕਤ ਵਿੱਚ ਖ਼ੁਦ ਨੂੰ ਸਨਮਾਨਿਤ ਹੁੰਦੇ ਵੇਖਣਾ ਦੀਵਾਰ ਉੱਤੇ ਟੰਗੀ ਉਸ ਘੜੀ ਦੀ ਤਰਫ਼ ਵੇਖਣਾ ਹੈ ਜੋ ਟਿਕ - ਟਿਕ ਕਰਦੀ ਹੈ? ਟਿਕ - ਟਿਕ ਕਰਨ ਵਾਲੀਆਂ ਘੜੀਆਂ ਖ਼ਤਮ ਹੋ ਗਈਆਂ ਹਨ?

ਇਸ ਲਈ ਅਸੀਂ ਆਹਟ ਨਾਲ ਵਕਤ ਨੂੰ ਪਛਾਣਨਾ ਬੰਦ ਕਰ ਦਿੱਤਾ ਹੈ, ਇਸ ਲਈ ਸਾਨੂੰ ਪਤਾ ਨਹੀਂ ਚੱਲਦਾ ਕਿ ਸਾਡੇ ਨੇੜੇ ਕਦੋਂ ਕਿਹੜਾ ਖ਼ਤਰਨਾਕ ਵਕਤ ਆ ਕੇ ਬੈਠ ਗਿਆ ਹੈ? ਅਸੀਂ ਬੇਪਰਵਾਹ ਹੋ ਗਏ ਹਾਂ?

ਸਾਡੀ ਸੰਵੇਦਨਸ਼ੀਲਤਾ ਖ਼ਤਮ ਹੁੰਦੀ ਜਾ ਰਹੀ ਹੈ ਕਿ ਉਹ ਸੂਈ ਚੁਭਾਉਂਦੇ ਜਾ ਰਹੇ ਹਨ ਅਤੇ ਅਸੀਂ ਉਸ ਦਰਦ ਨੂੰ ਬਰਦਾਸ਼ਤ ਕਰਦੇ ਜਾ ਰਹੇ ਹਾਂ? ਅਸੀਂ ਸਭ ਹਨੇਰੀਆਂ ਦੇ ਖਪਤਕਾਰ ਬਣ ਗਏ ਹਾਂ, ਉਪਭੋਗ ਕਰਨ ਲੱਗੇ ਹਾਂ?

ਜਿਵੇਂ ਹੀ ਸ਼ਹਿਰ ਵਿੱਚ ਤੂਫਾਨ ਦੀ ਖ਼ਬਰ ਆਉਂਦੀ ਹੈ? ਮੀਂਹ ਨਾਲ ਗੁੜਗਾਉਂ ਜਾਂ ਦਿੱਲੀ ਡੁੱਬਣ ਲੱਗਦੀ ਹੈ ਜਾਂ ਚੇਨੱਈ ਡੁੱਬਣ ਲੱਗਦੀ ਹੈ, ਅਸੀਂ ਮੌਸਮ ਸਮਾਚਾਰ ਦੇਖਣ ਲੱਗਦੇ ਹਾਂ? ਮੌਸਮ ਸਮਾਚਾਰ ਪੇਸ਼ ਕਰਨ ਵਾਲੀ ਆਪਣੀ ਸ਼ਾਂਤ ਅਤੇ ਸਹਿਜ ਅਵਾਜ਼ ਨਾਲ ਸਾਨੂੰ ਸਭ ਨੂੰ ਹੌਲੀ-ਹੌਲੀ ਹਨੇਰੀਆਂ ਅਤੇ ਤੂਫਾਨ ਦੇ ਉਪਭੋਗਤਾ ਵਿੱਚ ਬਦਲ ਰਹੀ ਹੁੰਦੀ ਹੈ ਅਤੇ ਅਸੀਂ ਹਨ੍ਹੇਰੀ ਦੇ ਗੁਜਰ ਜਾਣ ਦਾ ਬਸ ਇੰਤਜਾਰ ਕਰ ਰਹੇ ਹੁੰਦੇ ਹਾਂ?

ਅਗਲੀ ਸਵੇਰੇ ਪਤਾ ਚੱਲਦਾ ਹੈ ਕਿ ਸੜਕ ਉੱਤੇ ਆਏ ਹੜ੍ਹ ਵਿੱਚ ਇੱਕ ਕਾਰ ਫਸੀ ਸੀ ਅਤੇ ਉਸ ਵਿੱਚ ਬੈਠੇ ਤਿੰਨ ਲੋਕ ਪਾਣੀ ਭਰ ਜਾਣ ਦੁਨੀਆ ਤੋਂ ਦਮ ਤੋੜ ਗਏ?

ਮਰਨਾ ਸਿਰਫ ਸ਼ਮਸ਼ਾਨ ਜਾਂ ਕਬਰਿਸਤਾਨ ਵਿੱਚ ਦਫ਼ਨ ਕਰ ਦੇਣਾ ਜਾਂ ਸਾੜ ਦੇਣਾ ਨਹੀਂ ਹੈ? ਮਰਨਾ ਉਹ ਡਰ ਵੀ ਹੈ ਜੋ ਤੁਹਾਨੂੰ ਬੋਲਣ ਤੋਂ, ਤੁਹਾਨੂੰ ਲਿਖਣ ਤੋਂ, ਤੁਹਾਨੂੰ ਕਹਿਣ ਤੋਂ ਅਤੇ ਸੁਣਨ ਤੋਂ ਡਰਾਉਂਦਾ ਹੈ? ਅਸੀਂ ਮਰ ਗਏ ਹਾਂ? ਅਸੀਂ ਉਸੇ ਤਰ੍ਹਾਂ ਦੇ ਉਪਭੋਗਤਾ ਵਿੱਚ ਬਦਲਦੇ ਜਾ ਰਹੇ ਹਾਂ ਜੋ ਮੌਸਮ ਸਮਾਚਾਰ ਪੇਸ਼ ਕਰਣ ਵਾਲੀ ਐਂਕਰ ਚਾਹੁੰਦੇ ਹਨ? ਸਾਨੂੰ ਸਾਰਿਆਂ ਨੂੰ ਇਮਤਿਹਾਨ ਦੇ ਇੱਕ ਅਜਿਹੇ ਕਮਰੇ ਵਿੱਚ ਬਿਠਾ ਦਿੱਤਾ ਗਿਆ ਹੈ, ਜਿੱਥੇ ਸਮੇਂ-ਸਮੇਂ ਉੱਤੇ ਫਲਾਇੰਗ ਸਕੁਐਡ ਜਾਂ ਉਡਨ ਦਸਤਿਆਂ ਦੀ ਟੋਲੀ ਹੱਲਾ ਬੋਲਦੀ ਰਹਿੰਦੀ ਹੈ?

ਉਹ ਕਦੇ ਤੁਹਾਡੀ ਜੇਬ ਦੀ ਤਲਾਸ਼ੀ ਲੈਂਦੀ ਹੈ, ਕਦੇ ਤੁਹਾਡੇ ਪੰਨੇ ਪਲਟਕੇ ਵੇਖਦੀ ਹੈ? ਤੁਸੀਂ ਜਾਣਦੇ ਹੋ ਕਿ ਤੁਸੀਂ ਚੋਰੀ ਨਹੀਂ ਕਰਦੇ ਹੋ ਪਰ ਹਰ ਥੋੜ੍ਹੇ - ਥੋੜ੍ਹੇ ਸਮੇਂ ਦੇ ਬਾਅਦ ਉਡਨ ਦਸਤਿਆਂ ਦੀ ਟੋਲੀ ਆ ਕੇ ਉਸ ਦਹਸ਼ਤ ਨੂੰ ਫਿਰ ਤੋਂ ਫੈਲਾ ਜਾਂਦੀ ਹੈ?

ਤੁਹਾਨੂੰ ਲੱਗਦਾ ਹੈ ਕਿ ਅਗਲੇ ਪਲ ਤੁਹਾਨੂੰ ਚੋਰ ਘੋਸ਼ਿਤ ਕਰ ਦਿੱਤਾ ਜਾਵੇਗਾ? ਤੁਹਾਨੂੰ ਲੱਗਦਾ ਹੈ ਕਿ ਅਜਿਹਾ ਨਹੀਂ ਹੋ ਰਿਹਾ ਹੈ ਤਾਂ ਆਸ-ਪਾਸ ਨਜ਼ਰ ਚੁੱਕ ਕੇ ਵੇਖੋ ਕਿ ਕਿੰਨੇ ਲੋਕਾਂ ਨੂੰ ਮੁਕਦਮਿਆਂ ਵਿੱਚ ਫ਼ਸਾਇਆ ਜਾ ਰਿਹਾ ਹੈ?

ਇਹ ਉਹੀ ਫਲਾਇੰਗ ਸਕੁਐਡ ਹਨ ਜੋ ਆਉਂਦੇ ਹਨ ਤੁਹਾਡੀ ਜੇਬ ਦੀ ਤਲਾਸ਼ੀ ਲੈਂਦੇ ਹੈ ਅਤੇ ਉਹ ਕਦੇ ਚੋਰ ਨੂੰ ਨਹੀਂ ਫੜਦੇ ਪਰ ਤੁਹਾਨੂੰ ਚੋਰ ਬਣਾਏ ਜਾਣ ਦਾ ਡਰ ਤੁਹਾਡੇ ਅੰਦਰ ਬਿਠਾ ਦਿੰਦੇ ਹਨ?

ਤਾਂ ਮੁੱਕਦਮੇ, ਦਰੋਗਾ, ਇਨਕਮ ਟੈਕਸ ਅਫ਼ਸਰ... ਇਹ ਸਭ ਅੱਜ ਕੱਲ ਬਹੁਤ ਸਰਗਰਮ ਹੋ ਗਏ ਹਨ? ਇਹਨਾਂ ਦੀ ਭੂਮਿਕਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਸਰਗਰਮ ਹੈ ਅਤੇ ਨਿਊਜ ਐਂਕਰ ਸਾਡੇ ਸਮੇਂ ਦਾ ਸਭ ਤੋਂ ਵੱਡਾ ਥਾਣੇਦਾਰ ਹੈ?

ਉਹ ਹਰ ਸ਼ਾਮ ਨੂੰ ਇੱਕ ਲਾਕਅੱਪ ਵਿੱਚ ਬਦਲ ਦਿੰਦਾ ਹੈ ਅਤੇ ਉਸ ਜੇਲ੍ਹ ਵਿੱਚ ਬੰਦ ਕਰਕੇ ਉਹ ਜਿੱਥੇ ਵਿਰੋਧੀ ਪੱਖ, ਵਿਰੋਧ ਦੀ ਅਵਾਜ ਜਾਂ ਵਿਕਲਪਿਕ ਅਵਾਜ਼ ਚੁੱਕਣ ਵਾਲੀਆਂ ਦੀ ਉਹ ਧੁਲਾਈ ਕਰਦਾ ਹੈ? ਹੁਣੇ ਤੱਕ ਤੁਸੀਂ ਫਸਟ ਡਿਗਰੀ, ਥਰਡ ਡਿਗਰੀ, ਫੇਕ ਡਿਗਰੀ ਵਿੱਚ ਫਸੇ ਹੋਏ ਸੀ ਉਹ ਆਰਾਮ ਨਾਲ ਹਰ ਸ਼ਾਮ ਥਰਡ ਡਿਗਰੀ ਅਪਲਾਈ ਕਰਦਾ ਹੈ?

ਉਹ ਐਂਕਰ ਤੁਹਾਡੇ ਸਮੇਂ ਦਾ ਸਭ ਤੋਂ ਵੱਡਾ ਗੁੰਡਾ ਹੈ ਅਤੇ ਮੈਨੂੰ ਬਹੁਤ ਖੁਸ਼ੀ ਹੈ ਕਿ ਉਸੀ ਸਮੇਂ ਵਿੱਚ ਜਦੋਂ ਮੀਡਿਆ ਚੈਨਲਾਂ ਦੇ ਐਂਕਰ ਗੁੰਡੇ ਹੋ ਗਏ ਹਨ। ਉਹ ਨਵੇਂ ਤਰ੍ਹਾਂ ਦੇ ਬਾਹੂਬਲੀ ਹਨ ਤਾਂ ਇਸ ਸਮਾਜ ਵਿੱਚ ਕੁੱਝ ਅਜਿਹੇ ਵੀ ਲੋਕ ਹਨ ਜੋ ਐਂਕਰ ਨੂੰ ਸਨਮਾਨਿਤ ਕਰਨ ਦਾ ਜੋਖ਼ਮ ਵੀ ਉਠਾ ਰਹੇ ਹਨ?

ਆਉਣ ਵਾਲਾ ਸਮਾਜ ਅਤੇ ਇਤਹਾਸ ਜਦੋਂ ਇਹ ਹਨ੍ਹੇਰੀ ਅਤੇ ਤੂਫਾਨ ਗੁਜਰ ਜਾਵੇਗਾ ਅਤੇ ਐਂਕਰ ਨੂੰ ਗੁੰਡੇ ਅਤੇ ਉਨ੍ਹਾਂ ਦੀ ਗੁੰਡਾਪਣ ਦੀ ਭਾਸ਼ਾ ਅਤੇ ਭਾਸ਼ਾ ਦੇ ਗੁੰਡਾਪਣ ਉੱਤੇ ਲਿਖ ਰਿਹਾ ਹੋਵੇਗਾ ਤਾਂ ਤੁਸੀਂ ਲੋਕ ਇਸ ਸ਼ਾਮ ਲਈ ਯਾਦ ਕੀਤੇ ਜਾਵੋਗੇ ਕਿ ਤੁਸੀਂ ਲੋਕ ਇੱਕ ਐਂਕਰ ਦਾ ਸਨਮਾਨ ਕਰ ਰਹੇ ਹੋ?

ਇਹ ਸ਼ਾਮ ਇੰਨੀ ਵੀ ਬੇਕਾਰ ਨਹੀਂ ਜਾਵੇਗੀ? ਹਾਂ, ਤੁਸੀਂ ਜਨਾਦੇਸ਼ ਨਹੀਂ ਬਦਲ ਸਕਦੇ ਹੋ, ਪਰ ਵਕਤ ਦਾ ਆਦੇਸ਼ ਜੇਕਰ ਉਹ ਵੀ ਹੈ ਤਾਂ ਇਹ ਵੀ ਹੈ? ਧੰਨਵਾਦ ਗਾਂਧੀ ਸ਼ਾਂਤੀ ਪ੍ਰਤੀਸ਼ਠਾਨ ਦਾ, ਇਸ ਪੁਰਸਕਾਰ ਵਿੱਚ ਸੰਪਾਦਕਾਂ ਨੂੰ ਮੁੜ੍ਹਕਾ ਹੈ, ਆਪਣੇ ਪੇਸ਼ੇ ਦੀ ਵਜ੍ਹਾ ਨਾਲ ਕੁੱਝ ਵੀ ਮਿਲ ਜਾਵੇ ਤਾਂ ਸਮਝੋ ਦੁਆ ਕਬੂਲ ਹੋਈ?

ਅਸੀਂ ਸਾਰੇ ਕੁਲਦੀਪ ਨਇਅਰ ਸਾਹਿਬ ਦੀ ਇੱਜ਼ਤ ਕਰਦੇ ਰਹੇ ਹਾਂ? ਕਰੋੜਾਂ ਲੋਕਾਂ ਨੇ ਤੁਹਾਨੂੰ ਪੜ੍ਹਿਆ ਹੈ ਸਰ ! ਤੁਸੀਂ ਉਸ ਸੀਮਾ ਉੱਤੇ ਜਾ ਕੇ ਮੋਮਬੱਤੀਆਂ ਬਾਲੀਆਂ ਹਨ ਜਿਸਦੇ ਨਾਮ ਉੱਤੇ ਅੱਜ ਕੱਲ ਰੋਜ ਨਫ਼ਰਤ ਫੈਲਾਈ ਜਾ ਰਹੀ ਹੈ?


ਇਸ ਮੁਲਕ ਵਿੱਚ ਉਸ ਮੁਲਕ ਦਾ ਨਾਮ ਇਸ ਮੁਲਕ ਦੇ ਲੋਕਾਂ ਨੂੰ ਬਦਨਾਮ ਕਰਨ ਲਈ ਲਿਆ ਜਾ ਰਿਹਾ ਹੈ? ਸ਼ਾਇਦ ਵਕਤ ਰਹਿੰਦੇ ਗੁਜਰੇ ਜਮਾਨੇ ਨੇ ਤੁਹਾਡੀਆਂ ਮੋਮਬੱਤੀਆਂ ਦੀ ਅਹਮਿਅਤ ਨਹੀਂ ਸਮਝੀ ਹੋਵੇਗੀ? ਉਸਦੀ ਰੋਸ਼ਨੀ ਨੂੰ ਅਸੀਂ ਸਾਰਿਆਂ ਨੇ ਮਿਲਕੇ ਰੋਕਿਆ ਹੁੰਦਾ ਤਾਂ ਉਹ ਰੋਸ਼ਨੀ ਕੁਝ ਲੋਕਾਂ ਦੇ ਜਨੂੰਨ ਦਾ ਨਹੀਂ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਦੀ ਸਮਝ ਦਾ ਉਜਾਲਾ ਬਣਦੀ?

ਅਸੀਂ ਤਦ ਵੀ ਇਹੀ ਗਲਤੀ ਕੀਤੀ ਅਤੇ ਹੁਣ ਵੀ ਇਹੀ ਗਲਤੀ ਕਰ ਰਹੇ ਹਾਂ? ਮੁਹੱਬਤ ਦੀ ਗੱਲ ਕਿੰਨੇ ਕੁ ਲੋਕ ਕਰਦੇ ਹਨ? ਮੈਨੂੰ ਤਾਂ ਸ਼ੱਕ ਹੈ ਕਿ ਇਸ ਜਮਾਨੇ ਵਿੱਚ ਲੋਕ ਮੁਹੱਬਤ ਵੀ ਕਰਦੇ ਹਨ ! ਇਹ ਸੋਚਕੇ ਡਰ ਜਾਂਦਾ ਹਾਂ ਕਿ ਰੋਮੀਓ ਵਿਰੋਧੀ ਦਸਤੇ ਦੇ ਲੋਕਾਂ ਨੂੰ ਕਿਸੇ ਨਾਲ ਪਿਆਰ ਹੋ ਗਿਆ ਤਾਂ ਕੀ ਹੋਵੇਗਾ? ਪਿਆਰ ਦੀ ਤੜਫ਼ ਵਿੱਚ ਉਹ ਕਿਸੇ ਪੁਰਾਣੇ ਕੁੜਤੇ ਦੀ ਤਰ੍ਹਾਂ ਚਰ-ਚਰ ਕਰਕੇ ਫਟ ਜਾਣਗੇ? ਦੁਆ ਕਰਾਂਗਾ ਕਿ ਰੋਮੀਓ ਵਿਰੋਧੀ ਦਸਤੇ ਨੂੰ ਕਦੇ ਕਿਸੇ ਨਾਲ ਪਿਆਰ ਨਾ ਹੋਵੇ? ਅਰਦਾਸ ਕਰਾਂਗਾ ਕਿ ਉਨ੍ਹਾਂ ਨੂੰ ਘੱਟੋ-ਘੱਟ ਕਿਸ਼ੋਰ ਕੁਮਾਰ ਦੇ ਗਾਣੇ ਸੁਣਨ ਦੀ ਸਹਾਂਸ਼ਕਤੀ ਮਿਲੇ?

ਸ਼ੇਕਸਪੀਅਰ ਦੀ ਕਹਾਣੀ ਦੇ ਨਾਇਕ ਦੇ ਖਿਲਾਫ਼ ਇਹ ਜਨਾਦੇਸ਼ ਆਇਆ ਹੈ ਤੁਹਾਡੀ ਯੂ.ਪੀ. ਵਿੱਚ? ਅਸੀਂ ਰੋਮੀਓ ਦੀ ਆਤਮਾ ਦੀ ਸ਼ਾਂਤੀ ਲਈ ਵੀ ਅਰਦਾਸ ਕਰਦੇ ਹਾਂ? ਤੁਸੀਂ ਸਾਰਿਆਂ ਨੇ ਜੇਕਰ ਜ਼ਿੰਦਗੀ ਵਿੱਚ ਕਦੇ ਕਿਸੇ ਨੂੰ ਮੁਹੱਬਤ ਕੀਤੀ ਹੈ ਤਾਂ ਆਪਣੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰਨਾ?

ਉਮੀਦ ਕਰਦਾ ਹਾਂ ਕਿ ਅਮਰੀਕਾ ਦੀਆਂ ਕਿਸੇ ਚੋਣਾਂ ਵਿੱਚ ਪ੍ਰੇਮਚੰਦ ਦੇ ਨਾਇਕਾਂ ਦੇ ਖਿਲਾਫ਼ ਵੀ ਕਦੇ ਕੋਈ ਜਨਾਦੇਸ਼ ਆਵੇਗਾ? ਕੀ ਪਤਾ ਆ ਵੀ ਗਿਆ ਹੋਵੇ? ਹੋਰੀ ਵਿਰੋਧੀ, ਧਨੀਆ ਵਿਰੋਧੀ ਦਲ ਨਜ਼ਰ ਆਉਣਗੇ?

# ਤਰਕਸ਼ੀਲ ਸੁਸਾਇਟੀ ਵੱਲੋਂ ਪਦਾਰਥਵਾਦ ਬਨਾਮ ਵਿਚਾਰਵਾਦ ਵਿਸ਼ੇ 'ਤੇ ਸੈਮੀਨਾਰ ਕਰਵਾਇਆ



ਲੁਧਿਆਣਾ : ਤਰਕਸ਼ੀਲ ਸੁਸਾਇਟੀ ਪੰਜਾਬ (ਲੁਧਿਆਣਾ ਇਕਾਈ) ਵੱਲੋਂ ਅੱਜ ਜੋ ਸੈਮੀਨਾਰ "ਪਦਾਰਥਵਾਦ ਬਨਾਮ ਵਿਚਾਰਵਾਦ" ਵਿਸ਼ੇ 'ਤੇ ਕਰਵਾਇਆ ਗਿਆ, ਨੂੰ ਸੰਬੋਧਨ ਕਰਨ ਲਈ ਸ੍ਰ. ਹਰਚਰਨ ਸਿੰਘ ਚਾਹਲ ਵਿਸ਼ੇਸ਼ ਬੁਲਾਰੇ ਦੇ ਤੌਰ 'ਤੇ ਬਰਨਾਲੇ ਤੋਂ ਪਹੁੰਚੇ। ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿਖੇ ਹੋਏ ਇਸ ਸੈਮੀਨਾਰ ਵਿੱਚ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਸ੍ਰੀ ਚਾਹਲ ਨੇ ਕਿਹਾ ਕਿ "ਪਦਾਰਥਵਾਦ ਬਨਾਮ ਵਿਚਾਰਵਾਦ" ਬ੍ਰਹਿਮੰਡ ਦੀ ਉਤਪਤੀ, ਜੀਵ ਵਿਕਾਸ ਅਤੇ ਸਮਾਜਿਕ ਵਿਕਾਸ ਨੂੰ ਜਾਨਣ ਅਤੇ ਸਮਝਣ ਲਈ ਦੋ ਟਕਰਾਵੇਂ ਸੰਸਾਰ ਦ੍ਰਿਸ਼ਟੀਕੋਣ ਹਨ। ਪਦਾਰਥਵਾਦ ਅਨੁਸਾਰ ਬ੍ਰਹਿਮੰਡ ਦੀ ਉਤਪਤੀ ਅਤੇ ਜੀਵ ਵਿਕਾਸ ਪਦਾਰਥ ਦੇ ਅੰਦਰੂਨੀ ਗੁਣ 'ਦੋ ਵਿਰੋਧੀ ਪੱਖਾਂ ਦੀ ਏਕਤਾ ਅਤੇ ਸੰਘਰਸ਼' ਦੇ ਨਿਯਮ ਅਨੁਸਾਰ ਹੋਇਆ ਹੈ। ਜਦੋਂ ਕਿ ਵਿਚਾਰਵਾਦ ਅਨੁਸਾਰ ਇਹ ਸਭ ਕੁੱਝ ਕਿਸੇ ਅਦਿੱਖ ਸ਼ਕਤੀ ਨੇ ਅੱਖ ਦੇ ਫੋਰ 'ਚ ਕਰ ਦਿੱਤਾ ਹੈ। ਵਿਚਾਰਵਾਦ ਅਨੁਸਾਰ ਚੇਤਨਾ ਪਹਿਲਾਂ ਆਈ ਤੇ ਫਿਰ ਪਦਾਰਥ ਆਇਆ। ਪਰ ਪਦਾਰਥਵਾਦ ਅਨੁਸਾਰ ਚੇਤਨਾ ਪਦਾਰਥ ਦੀ ਹੀ ਉਪਜ ਹੈ, ਪਦਾਰਥ ਦੀ ਹੋਂਦ ਤੋਂ ਬਿਨਾ ਚੇਤਨਾ ਨਹੀਂ ਹੋ ਸਕਦੀ। ਉਹਨਾ ਅੱਗੇ ਕਿਹਾ ਕਿ ਪਦਾਰਥਵਾਦੀ ਨਿਯਮ ਵਿਗਿਆਨ ਦੀ ਕਸਵੱਟੀ ਤੇ ਖਰੇ ਸਾਬਤ ਹੋਏ ਹਨ ਅਤੇ ਇਹ ਨਿਯਮ ਵਿਗਿਆਨ ਦੇ ਵਿਕਾਸ ਨਾਲ ਲਗਾਤਾਰ ਵਿਕਸਤ ਹੋ ਰਹੇ ਹਨ। ਸੋ ਪਦਾਰਥਵਾਦੀ ਨਜਰੀਆ ਅਪਣਾਕੇ ਹੀ ਇਸ ਸੰਸਾਰ ਦੇ ਹਰ ਪੱਖ ਨੂੰ ਸਮਝਿਆ ਜਾ ਸਕਦਾ ਹੈ। ਵਿਚਾਰਵਾਦੀ ਨਜ਼ਰੀਆ ਹਾਕਮ ਜਮਾਤਾਂ ਦਾ ਫ਼ਲਸਫ਼ਾ ਹੈ ਅਤੇ ਇਸੇ ਕਰਕੇ ਲੋਕਾਂ ਦਾ ਧਿਆਨ ਉਹਨਾ ਦੀਆਂ ਬੁਨਿਆਦੀ ਸਮੱਸਿਆਵਾਂ ਤੋਂ ਭਟਕਾਉਣ ਲਈ ਵਿਚਾਰਵਾਦੀ ਫਲਸਫੇ ਤਹਿਤ ਹੀ ਬਾਬਿਆਂ, ਤਾਂਤਰਿਕਾਂ ਅਤੇ ਦੇਵੀ ਦੇਵਤਿਆਂ ਦੇ ਚੱਕਰ 'ਚ ਉਲਝਾਕੇ ਰੱਖਿਆ ਹੋਇਆ ਹੈ। ਉਹਨਾਂ ਕਿਹਾ ਕਿ ਧਰਮ ਦਾ ਫ਼ਲਸਫ਼ਾ ਧਰਮਾਂ ਤੋਂ ਵੀ ਖ਼ਤਰਨਾਕ ਹੈ। ਸੁਸਾਇਟੀ ਦੇ ਜੱਥੇਬੰਦਕ ਮੁਖੀ ਜਸਵੰਤ ਜੀਰਖ ਨੇ ਸਟੇਜ ਸੰਚਾਲਨ ਕਰਦਿਆਂ ਦੱਸਿਆ ਕਿ ਅਗਲਾ ਸੈਮੀਨਾਰ 'ਇਤਿਹਾਸਕ ਪਦਾਰਥਵਾਦ' ਵਿਸ਼ੇ 'ਤੇ 12 ਨਵੰਬਰ (ਐਤਵਾਰ) ਨੂੰ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿਖੇ ਠੀਕ 11 ਵਜੇ ਸ਼ੁਰੂ ਹੋਵੇਗਾ ਜਿਸ ਦੇ ਮੁੱਖ ਬੁਲਾਰੇ ਸ੍ਰੀ ਅੰਮ੍ਰਿਤਪਾਲ ਪੀ. ਏ. ਯੂ. ਹੋਣਗੇ। ਅੱਜ ਦੇ ਸੈਮੀਨਾਰ ਦੌਰਾਨ ਸਵਾਲਾਂ ਜਵਾਬਾਂ ਦੇ ਸੈਸ਼ਨ ਵਿੱਚ ਡਾ. ਦਰਸ਼ਨ ਖੇੜੀ, ਗੁਰਮੇਲ ਸਿੰਘ ਕਨੇਡਾ, ਡਾ. ਮੋਹਣ ਸਿੰਘ, ਜਸਵੰਤ ਜੀਰਖ, ਅੰਮ੍ਰਿਤਪਾਲ, ਅਮਰਿੰਦਰ ਸਿੰਘ, ਡਾ. ਸੁਖਪਾਲ ਸਿੰਘ ਨੇ ਹਿੱਸਾ ਲਿਆ ਅਤੇ ਇਸ ਮੌਕੇ ਮਾ. ਜਰਨੈਲ ਸਿੰਘ, ਬਲਵਿੰਦਰ ਸਿੰਘ, ਰਾਕੇਸ ਆਜ਼ਾਦ, ਧਰਮ ਪਾਲ ਸਿੰਘ, ਐਡਵੋਕੇਟ ਹਰਪ੍ਰੀਤ ਜੀਰਖ, ਪ੍ਰਿੰਸੀਪਲ ਹਰਭਜਨ ਸਿੰਘ, ਆਤਮਾ ਸਿੰਘ, ਡਾ. ਸੰਦੀਪ, ਡਾ. ਸੰਘਾ ਪੀ. ਏ. ਯੂ., ਪਰਮਿੰਦਰ ਸਿੰਘ, ਮਾ. ਹਰਜਿੰਦਰ ਸਿੰਘ, ਸੁਖਦੇਵ ਸਿੰਘ ਧਾਲੀਵਾਲ, ਪ੍ਰਗਟ ਸਿੰਘ, ਦਲਜੀਤ ਸਿੰਘ, ਹਰੀ ਸਿੰਘ ਸਾਹਨੀ, ਪ੍ਰਿੰਸੀਪਲ ਅਜਮੇਰ ਦਾਖਾ, ਮਾ. ਟੇਕ ਚੰਦ ਕਾਲੀਆ, ਅਰੁਣ ਕੁਮਾਰ ਸਮੇਤ ਬਹੁਤ ਸਾਰੇ ਹੋਰ ਸਮਾਜਿਕ ਚਿੰਤਕ ਹਾਜ਼ਰ ਸਨ।

# ਰਾਕੇਸ਼ ਕੁਮਾਰ ਦੀ ਲਿਖੀ ਕਿਤਾਬ 'ਸ਼ਹੀਦ ਭਗਤ ਸਿੰਘ ਤੇ ਉਸ ਦੇ ਕ੍ਰਾਂਤੀਕਾਰੀ ਸਾਥੀਆਂ ਦਾ ਫ਼ਿਰੋਜ਼ਪੁਰ ਸ਼ਹਿਰ ਵਿਖੇ ਗੁਪਤ ਟਿਕਾਣਾ' ਲੋਕ ਅਰਪਣ



ਫ਼ਿਰੋਜ਼ਪੁਰ, ਰੇਲਵੇ ਵਿਭਾਗ ਵਿਚ ਸੀਨੀਅਰ ਸੈਕਸ਼ਨ ਇੰਜੀਨੀਅਰ ਦੇ ਅਹੁਦੇ 'ਤੇ ਤਾਇਨਾਤ ਲੇਖਕ ਰਾਕੇਸ਼ ਕੁਮਾਰ ਵਲੋਂ ਲਿਖੀ 'ਸ਼ਹੀਦ ਭਗਤ ਸਿੰਘ ਤੇ ਉਸ ਦੇ ਕ੍ਰਾਂਤੀਕਾਰੀ ਸਾਥੀਆਂ ਦਾ ਫ਼ਿਰੋਜ਼ਪੁਰ ਸ਼ਹਿਰ ਵਿਖੇ ਗੁਪਤ ਟਿਕਾਣਾ' ਬਾਰੇ ਕਿਤਾਬ ਦਾ ਲੋਕ ਅਰਪਣ ਅੱਜ ਫ਼ਿਰੋਜ਼ਪੁਰ ਵਿਖੇ ਪਹੁੰਚੇ ਪੰਜਾਬ ਸਟੂਡੈਂਟ ਯੂਨੀਅਨ ਦੇ ਸੂਬਾ ਪ੍ਰਧਾਨ ਰਜਿੰਦਰ ਸਿੰਘ ਵਲੋਂ ਕੀਤਾ ਗਿਆ। ਇਸ ਮੌਕੇ ਰਾਕੇਸ਼ ਕੁਮਾਰ ਨੂੰ ਸ਼ੁੱਭ ਕਾਮਨਾਵਾਂ ਦੇਣ ਲਈ ਸ਼ਹਿਰ ਦੀਆਂ ਹੋਰ ਪ੍ਰਸਿੱਧ ਹਸਤੀਆਂ ਤੋਂ ਇਲਾਵਾ ਨਾਮੀ ਬੁੱਧੀਜੀਵੀ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਇਸ ਟਿਕਾਣੇ ਦੀ ਇਤਿਹਾਸਕ ਮਹੱਤਤਾ ਬਾਰੇ ਆਪਣੀ ਕਿਤਾਬ ਵਿਚ ਰਾਕੇਸ਼ ਕੁਮਾਰ ਨੇ ਦੱਸਿਆ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਨਵੇਂ ਢਾਂਚੇ ਅਤੇ ਨਵੇਂ ਰਾਜ ਪ੍ਰਬੰਧ ਦੀ ਸਥਾਪਨਾ ਲਈ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਕ੍ਰਾਂਤੀਕਾਰੀ ਪਾਰਟੀ ਬਣਾਈ ਤੇ ਉਸ ਦੀਆਂ ਸਰਗਰਮੀਆਂ ਗੁਪਤ ਰੂਪ 'ਚ ਦੇਸ਼ ਦੇ ਵੱਖ-ਵੱਖ ਹਿੱਸਿਆ ਵਿਚ ਕੀਤੀਆਂ। ਫ਼ਿਰੋਜ਼ਪੁਰ ਸ਼ਹਿਰ 'ਚ ਵੀ ਪਾਰਟੀ ਦਾ ਇਕ ਗੁਪਤ ਟਿਕਾਣਾ ਬਣਾਇਆ।ਇਹ ਟਿਕਾਣਾ ਤੂੜੀ ਬਾਜ਼ਾਰ ਮੁਹੱਲਾ ਸ਼ਾਹ ਗੰਜ ਵਿਚ 10 ਅਗਸਤ 1928 ਤੋਂ 9 ਫਰਵਰੀ 1929 ਤੱਕ ਰਿਹਾ। ਇੱਥੇ ਕ੍ਰਾਂਤੀਕਾਰੀ ਭਗਤ ਸਿੰਘ, ਸੁਖਦੇਵ, ਚੰਦਰ ਸ਼ੇਖਰ ਆਜ਼ਾਦ, ਸ਼ਿਵ ਵਰਮਾ, ਵਿਜੈ ਕੁਮਾਰ ਸਿਨਹਾ, ਮਹਾਂਵੀਰ ਸਿੰਘ ਆਦਿ ਕ੍ਰਾਂਤੀਕਾਰੀਆਂ ਦਾ ਆਉਣਾ ਜਾਣਾ ਸੀ। ਕ੍ਰਾਂਤੀਕਾਰੀ ਡਾ. ਗਯਾ ਪ੍ਰਸ਼ਾਦ ਨੇ ਡਾ. ਬੀ. ਐੱਸ. ਨਿਗਮ ਦੇ ਫ਼ਰਜ਼ੀ ਨਾਂਅ 'ਤੇ ਇਹ ਮਕਾਨ ਲੇਖ ਰਾਜ ਤੋਂ ਕਿਰਾਏ 'ਤੇ ਲਿਆ ਸੀ। ਪਾਰਟੀ ਦੀਆਂ ਗਤੀਵਿਧੀਆਂ ਨੂੰ ਧਿਆਨ 'ਚ ਰੱਖਦਿਆਂ ਪਾਰਟੀ ਦੇ ਫ਼ੈਸਲੇ ਮੁਤਾਬਿਕ ਭਗਤ ਸਿੰਘ ਦੇ ਵਾਲ ਤੇ ਦਾੜ੍ਹੀ ਵੀ ਇੱਥੇ ਹੀ ਕੱਟੇ ਗਏ ਸਨ। ਜਦੋਂ ਬ੍ਰਿਟਿਸ਼ ਸਰਕਾਰ ਨੂੰ ਇਸ ਗੁਪਤ ਟਿਕਾਣੇ ਬਾਰੇ ਪਤਾ ਚੱਲਿਆ ਤਾਂ ਉਸ ਨੇ ਇਸ ਟਿਕਾਣੇ ਦੀ ਪੁਸ਼ਟੀ ਅਤੇ ਕ੍ਰਾਂਤੀਕਾਰੀ ਦੀ ਪਹਿਚਾਣ ਲਈ 21 ਗਵਾਹ ਭੁਗਤਾਏ ਸਨ, ਜਿਨ੍ਹਾਂ 'ਚੋਂ 19 ਗਵਾਹ ਫ਼ਿਰੋਜ਼ਪੁਰ ਦੇ ਸਨ। ਪੰਜਾਬ ਸਟੂਡੈਂਟ ਯੂਨੀਅਨ ਦੇ ਸੂਬਾ ਪ੍ਰਧਾਨ ਰਾਜਿੰਦਰ ਸਿੰਘ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਇਹ ਬਰਤਾਨਵੀ ਸਾਮਰਾਜ ਤੋਂ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਦੀ ਨਿਸ਼ਾਨੀ ਹੈ। ਦੱਸਣਯੋਗ ਹੈ ਕਿ ਰਾਕੇਸ਼ ਕੁਮਾਰ ਦੀਆਂ ਇਸ ਤੋਂ ਪਹਿਲਾਂ 8 ਕਿਤਾਬਾਂ, ਜਿਸ ਵਿਚ ਸ਼ਹੀਦ ਊਧਮ ਸਿੰਘ ਬਾਰੇ ਤਿੰਨ ਕਿਤਾਬਾਂ, ਦੋ ਕਿਤਾਬਾਂ ਗ਼ਦਰ ਲਹਿਰ ਬਾਰੇ, ਇਕ ਕਿਤਾਬ ਗੁਪਤ ਟਿਕਾਣੇ ਬਾਰੇ ਤੇ ਦੋ ਕਿਤਾਬਾਂ ਰੇਲਵੇ ਭੂਮੀ ਪ੍ਰਬੰਧਨ ਬਾਰੇ ਪਹਿਲਾਂ ਹੀ ਬਾਜ਼ਾਰ ਵਿਚ ਹਨ ? ਇਸ ਮੌਕੇ ਪ੍ਰਿੰਸੀਪਲ ਪ੍ਰੀਤਇੰਦਰ ਸਿੰਘ, ਪ੍ਰੋ. ਜਗਵਿੰਦਰ ਜੋਧਾ, ਪ੍ਰਿੰਸੀਪਲ ਰਾਕੇਸ਼ ਅਰੋੜਾ, ਹਰਮੀਤ ਵਿਦਿਆਰਥੀ, ਪ੍ਰੋ. ਜਸਪਾਲ ਘਈ, ਜੇ. ਕੇ. ਮਿੱਤਲ, ਪ੍ਰੋ. ਕੁਲਦੀਪ ਸਿੰਘ, ਗਗਨ ਸੰਗਰਾਮੀ, ਕਰਮਜੀਤ ਕੋਟਕਪੂਰਾ, ਪ੍ਰਦੀਪ ਉੱਧਾ ਹਾਜ਼ਰ ਸਨ।

# ਅਧਾਰ ਉੱਤੇ ਸਰਕਾਰੀ ਧੱਕੇਸ਼ਾਹੀ ਦੀ ਵਜਾ ਕੀ ਹੈ?

**ਮੁਕੇਸ਼ ਅਸੀਮ**

ਮੋਦੀ ਸਰਕਾਰ ਦੁਆਰਾ ਅਧਾਰ ਦੇ ਘੇਰੇ ਨੂੰ ਵਿਆਪਕ ਬਣਾਉਣ ਦਾ ਕਾਰਜ ਲਗਾਤਾਰ ਜਾਰੀ ਹੈ। 2009 ਵਿੱਚ ਜਦੋਂ ਯੂਪੀਏ ਸਰਕਾਰ ਦੁਆਰਾ ਅਧਾਰ ਕਾਰਡ ਬਣਾਉਣ ਦੀ ਯੋਜਨਾ ਸ਼ੁਰੂ ਕੀਤੀ ਗਈ ਸੀ, ਤਾਂ ਕਿਹਾ ਗਿਆ ਸੀ ਕਿ ਇਸ ਵਿੱਚ ਰਜਿਸਟਰੇਸ਼ਨ ਕਰਵਾਉਣੀ ਸਵੈਇੱਛਕ ਹੋਵੇਗੀ। ਇਸਦੀ ਵਰਤੋਂ ਸ਼ੱਕ ਦੀ ਹਾਲਤ ਵਿੱਚ ਕਿਸੇ ਵਿਅਕਤੀ ਦੀ ਸਹੀ ਪਹਿਚਾਣ ਪੱਕਿਆਂ ਕਰਨ ਲਈ ਹੋਵੇਗੀ। ਉਸ ਸਮੇਂ ਇਸਦਾ ਮਕਸਦ ਦੱਸਿਆ ਗਿਆ ਸੀ, ਲਾਭਕਾਰੀ ਸਕੀਮਾਂ ਨੂੰ ਜਰੂਰਤਮੰਦ ਗਰੀਬਾਂ ਤੱਕ ਪਹੁੰਚਾਉਣਾ, ਫਰਜ਼ੀ ਲਾਭ ਲੈਣ ਵਾਲਿਆਂ ਨੂੰ ਵੱਖ ਕਰਨਾ, ਭ੍ਰਿਸ਼ਟਾਚਾਰ ਨੂੰ ਘੱਟ ਕਰਨਾ, ਸਰਕਾਰੀ ਯੋਜਨਾਵਾਂ ਨੂੰ ਪਾਰਦਰਸ਼ੀ ਅਤੇ ਕੁਸ਼ਲ ਬਣਾਉਣਾ, ਆਦਿ। ਲੋਕਾਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਸਰਕਾਰੀ ਯੋਜਨਾਵਾਂ ਦਾ ਲਾਭ ਚੁੱਕਣ ਲਈ ਸਾਨੂੰ ਆਪਣੇ ਹੱਕਾਂ ਅਤੇ ਨਿੱਜਤਾ ਨਾਲ਼ ਕੁੱਝ ਸਮਝੌਤਾ ਤਾਂ ਕਰਨਾ ਹੀ ਪਵੇਗਾ ਅਤੇ ਹਰ ਵਿਅਕਤੀ ਦੀ ਪਹਿਚਾਣ ਅਤੇ ਹਰ ਜਾਣਕਾਰੀ ਸਰਕਾਰ ਕੋਲ ਹੋਣ ਨਾਲ਼ ਉਹ ਗਰੀਬਾਂ ਦੇ ਫਾਇਦੇ ਲਈ ਨਾ ਸਿਰਫ ਸਹੀ ਨੀਤੀਆਂ ਬਣਾ ਸਕੇਗੀ, ਸਗੋਂ ਉਨਾਂ ਦਾ ਫਾਇਦਾ ਵੀ ਸਹੀ ਆਦਮੀਆਂ ਤੱਕ ਪਹੁੰਚਾ ਸਕੇਗੀ, ਜਿਸਦੇ ਨਾਲ਼ ਗ਼ਰੀਬੀ ਦੂਰ ਕਰਨ ਵਿੱਚ ਸਫਲਤਾ ਮਿਲ਼ੇਗੀ। ਪਰ ਇੰਨਾਂ ਸਾਲਾਂ ਵਿੱਚ ਇਸਦੇ ਲਾਗੂ ਹੋਣ ਦਾ ਤਜ਼ਰਬਾ ਕੀ ਦੱਸ ਰਿਹਾ ਹੈ?

ਭਾਵੇਂ ਕਿ ਕਹਿਣ ਲਈ ਇਹ ਹੁਣ ਵੀ ਸਵੈਇੱਛਾ ਹੈ, ਪਰ ਨਾਂ ਸਿਰਫ ਸਰਕਾਰੀ ਯੋਜਨਾਵਾਂ ਦਾ ਲਾਭ ਪ੍ਰਾਪਤ ਕਰਨ ਸਗੋਂ ਰੋਜ਼ਾਨਾ ਜੀਵਨ ਦੇ ਜਰੂਰੀ ਕੰਮ-ਕਾਜ ਲਈ ਵੀ ਇਸਨੂੰ ਜ਼ਰੂਰੀ ਬਣਾਇਆ ਜਾ ਰਿਹਾ ਹੈ। ਭਾਵੇਂ ਸਕੂਲੀ ਪੜਾਈ ਹੋਵੇ, ਬੈਂਕ ਖਾਤਾ ਹੋਵੇ, ਰਾਸ਼ਣ ਜਾਂ ਮੋਬਾਇਲ ਲੈਣਾ ਹੋਵੇ, ਹਸਪਤਾਲ ਵਿੱਚ ਇਲਾਜ ਤੋਂ ਲੈ ਕੇ ਸਕੂਲ ਵਿੱਚ ਬੱਚਿਆਂ ਨੂੰ ਮਿਲਣ ਵਾਲਾ ਦੁਪਹਿਰ ਦਾ ਭੋਜਨ, ਤਨਖਾਹ 'ਚੋਂ ਪੀਐੱਫ- ਪੈਨਸ਼ਨ ਹਾਸਲ ਕਰਨਾ, ਕੋਈ ਵੀ ਕੰਮ ਕਰਨਾ ਹੋਵੇ ਮੌਜੂਦਾ ਸਰਕਾਰ ਇੱਕ-ਇੱਕ ਕਰਕੇ ਹਰ ਇੱਕ ਕਾਰਜ ਲਈ ਅਧਾਰ ਦਾ ਹੋਣਾ ਲਾਜ਼ਮੀ ਕਰ ਰਹੀ ਹੈ, ਤਾਂਕਿ ਅਧਾਰ ਬਣਵਾਏ ਬਗੈਰ ਕਿਸੇ ਵਿਅਕਤੀ ਦਾ ਰੋਜ਼ਾਨਾ ਦਾ ਆਮ ਜੀਵਨ ਹੀ ਅਸੰਭਵ ਅਤੇ ਉਸਦੀ ਹਾਲਤ ਸਮਾਜ 'ਚੋਂ ਛੇਕੇ ਵਰਗੀ ਹੋ ਜਾਵੇ। ਇਸ ਸਭ ਤੋਂ ਇਹ ਤਾਂ ਸਪੱਸ਼ਟ ਹੀ ਹੈ ਕਿ ਅਧਾਰ ਦਾ ਅਸਲੀ ਮਕਸਦ ਲੋਕਾਂ ਤੱਕ ਪਾਰਦਰਸ਼ੀ ਅਤੇ ਕੁਸ਼ਲਤਾ ਨਾਲ਼ ਨਾਗਰਿਕ ਸਹੂਲਤਾਂ ਪਹੁੰਚਾਉਣਾ ਨਹੀਂ ਹੈ। ਤਾਂ ਫਿਰ ਮਕਸਦ ਕੀ ਹੈ?

**ਗਰੀਬਾਂ ਦਾ ਰਾਸ਼ਣ- ਪੈਨਸ਼ਨ ਬੰਦ ਕਰਕੇ ਸਰਕਾਰੀ ਬਚਤ**

ਸਰਕਾਰ ਦਾ ਕਹਿਣਾ ਹੈ ਕਿ ਅਧਾਰ ਰਾਹੀਂ ਆਦਮੀਆਂ ਦੀ ਸਹੀ ਪਹਿਚਾਣ ਨਾਲ਼ ਸਰਕਾਰੀ ਯੋਜਨਾਵਾਂ ਵਿੱਚ ਹੋਣ ਵਾਲ਼ੀ ਚੋਰੀ ਅਤੇ ਭ੍ਰਿਸ਼ਟਾਚਾਰ ਨੂੰ ਘੱਟ ਕੀਤਾ ਗਿਆ ਹੈ, ਜਿਸਦੇ ਨਾਲ਼ ਇਹਨਾਂ ਦੇ ਖ਼ਰਚ ਵਿੱਚ ਵੱਡੀ ਬਚਤ ਹੋਈ ਹੈ, ਜਿਸਨੂੰ ਵਿਕਾਸ ਕਾਰਜ ਵਿੱਚ ਲਗਾਇਆ ਜਾਵੇਗਾ। ਇਸ ਬਚਤ ਦੀ ਕੋਈ ਵਿਸਥਾਰੀ ਜਾਣਕਾਰੀ ਅੱਜ ਤੱਕ ਕਿਤੇ ਉਪਲੱਬਧ ਨਹੀਂ ਹੈ, ਪਰ ਅਧਾਰ ਅਥਾਰਿਟੀ ਦੇ ਮੁਖੀ ਏ.ਬੀ. ਪਾਂਡੇ ਨੇ 12 ਜੁਲਾਈ ਨੂੰ ਇੰਡਿਅਨ ਐਕਸਪ੍ਰੈੱਸ ਵਿੱਚ ਸੰਸਾਰ ਬੈਂਕ ਦੇ ਇੱਕ ਅਧਿਐਨ ਦੇ ਹਵਾਲੇ ਨਾਲ਼ ਅਧਾਰ ਦੁਆਰਾ ਫਰਜ਼ੀ-ਨਕਲੀ ਸਹੂਲਤ ਹਾਸਲ ਕਰਨ ਵਾਲਿਆਂ ਨੂੰ ਖ਼ਤਮ ਕਰਕੇ 56 ਹਜ਼ਾਰ ਕਰੋੜ ਰੁਪਏ ਦੀ ਬਚਤ ਦਾ ਦਾਅਵਾ ਕੀਤਾ ਹੈ। ਉਂਝ ਇਸ ਰਿਪੋਰਟ ਦੇ ਮੂਲ ਨੂੰ ਪੜਨ 'ਤੇ ਪਤਾ ਲੱਗਦਾ ਹੈ ਕਿ ਜਿਹਨਾਂ ਯੋਜਨਾਵਾਂ ਵਿੱਚ ਇਹ ਬਚਤ ਦੱਸੀ ਗਈ ਹੈ, ਉਹਨਾਂ ਉੱਤੇ ਕੁੱਲ ਖ਼ਰਚ ਹੀ ਇੰਨਾ ਹੈ! ਪਰ ਬਚਤ ਦੀ ਰਕਮ ਜਿੰਨੀ ਵੀ ਹੋਵੇ ਉਸਤੋਂ ਜ਼ਿਆਦਾ ਜਰੂਰੀ ਇਹ ਵਿਸ਼ਲੇਸ਼ਣ ਹੈ ਕਿ ਇਹ ਬਚਤ ਕਿਸ ਤਰ੍ਹਾਂ ਅਤੇ ਕਿੱਥੋਂ ਹੋ ਰਹੀ ਹੈ।

ਇਸ ਬਚਤ ਦੇ ਸ੍ਰੋਤ ਦੀ ਇੱਕ ਉਦਾਹਰਣ 11 ਜੁਲਾਈ ਦੇ ਦਾ ਹਿੰਦੂ ਵਿੱਚ ਪ੍ਰਕਾਸ਼ਿਤ ਰਿਪੋਰਟ ਤੋਂ ਮਿਲ਼ਦੀ ਹੈ। ਇਸ ਅਨੁਸਾਰ ਕਰਨਾਟਕ ਦੇ ਪ੍ਰੋਵੀਡੈਂਟ ਫੰਡ ਵਿਭਾਗ ਵਲੋਂ ਪੈਨਸ਼ਨ ਲੈਣ ਵਾਲ਼ੇ 5 ਲੱਖ ਵਿੱਚੋਂ 30% ਮਤਲਬ ਡੇਢ ਲੱਖ ਨੂੰ 2 ਮਹੀਨੇ ਤੋਂ ਉਹਨਾਂ ਦੀ ਪੈਨਸ਼ਨ ਨਹੀਂ ਮਿਲ਼ੀ ਕਿਉਂਕਿ ਉਸਨੂੰ ਅਧਾਰ ਨਾਲ਼ ਜੋੜ ਦਿੱਤਾ ਗਿਆ ਹੈ। ਹੁਣ ਪੈਨਸ਼ਨਰਾਂ ਵਲੋਂ ਸਾਲ ਵਿੱਚ ਇੱਕ ਵਾਰ ਦਿੱਤਾ ਜਾਣ ਵਾਲ਼ਾ ਜਿਉਂਦੇ ਹੋਣ ਦਾ ਸਰਟੀਫਿਕੇਟ ਦੇਣ ਨਾਲ਼ ਕੰਮ ਨਹੀਂ ਚੱਲੇਗਾ, ਸਗੋਂ ਉਹਨਾਂ ਨੂੰ ਖੁਦ ਬੈਂਕ, ਆਦਿ ਵਿੱਚ ਜਾਕੇ ਹੱਥ ਦੀ ਛਾਪ ਨੂੰ ਮਸ਼ੀਨ ਦੁਆਰਾ ਤਸਦੀਕ ਕਰਵਾਕੇ ਖੁਦ ਦੇ ਜਿਉਂਦੇ ਹੋਣ ਦਾ ਸਬੂਤ ਦੇਣਾ ਪਵੇਗਾ। ਪਰ ਪੈਨਸ਼ਨਰਾ ਦੀ ਇੱਕ ਵੱਡੀ ਗਿਣਤੀ ਬਹੁਤ ਬਜ਼ੁਰਗ ਅਤੇ ਰੋਗ ਨਾਲ਼ ਕਮਜ਼ੋਰ ਹੁੰਦੀ ਹੈ ਉਹਨਾਂ ਲਈ ਪਹਿਲਾਂ ਅਧਾਰ ਬਣਵਾਉਣਾ ਅਤੇ ਫਿਰ ਬੈਂਕ ਜਾਕੇ ਆਪਣੇ ਜਿਉਂਦੇ ਹੋਣ ਦੀ ਤਸਦੀਕ ਕਰਾਉਣਾ ਬਹੁਤ ਮੁਸ਼ਕਲ ਹੋਵੇਗਾ। ਇਸ ਬੁਢਾਪੇ ਵਿੱਚ ਕੁੱਝ ਦੇ ਹੱਥ ਤਾਂ ਇਸ ਜੈਵਿਕ ਸੂਚਨਾ ਇਕੱਠੀ ਅਤੇ ਤਸਦੀਕ ਕਰਨ ਵਿੱਚ ਵੀ ਅਸਮਰੱਥ ਹੋਣਗੇ। ਨਤੀਜ਼ਾ ਇਹ ਕਿ ਉਹ ਪੂਰੀ ਜ਼ਿੰਦਗੀ ਦੀ ਮਿਹਨਤ ਤੋਂ ਬਾਅਦ ਮਿਲ਼ੀ ਆਪਣੀ ਹੀ ਕਮਾਈ ਦੀ ਬਚਤ ਤੋਂ ਹਾਸਲ ਪੈਨਸ਼ਨ ਦੇ ਸਹਾਰੇ ਤੋਂ ਵੀ ਸਭ ਤੋਂ ਜ਼ਿਆਦਾ ਜਰੂਰਤ ਦੇ ਸਮੇਂ ਵਾਂਝੇ ਕਰ ਦਿੱਤੇ ਜਾਣਗੇ। ਪਰ ਮੌਜੂਦਾ ਸੱਤਾਧਾਰੀ ਇਸਨੂੰ ਬੇਇਨਸਾਫ਼ੀ ਅਤੇ ਲੁੱਟ ਨਾ ਕਹਿਕੇ ਬਚਤ ਦੱਸ ਰਹੇ ਹਨ। ਇਹ ਸਿਰਫ ਇੱਕ ਸੂਬੇ ਦੀ ਹਾਲਤ ਹੈ, ਪੂਰੇ ਦੇਸ਼ ਵਿੱਚ ਅਜਿਹੀ ਗਿਣਤੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਇਹ ਹਾਲਤ ਤਾਂ ਸਰਕਾਰੀ ਨੌਕਰੀ ਵਿੱਚ ਰਹਿ ਚੁੱਕੇ ਮੁਕਾਬਲਤਨ ਰੂਪ 'ਚ ਸਿੱਖਿਅਤ ਅਤੇ ਕਾਬਿਲ ਆਦਮੀਆਂ ਦੀ ਹੈ। ਪਿੰਡਾਂ ਵਿੱਚ ਬੁਢਾਪਾ ਪੈਨਸ਼ਨ ਪਾਉਣ ਵਾਲ਼ੇ ਗਰੀਬ, ਅਸਿੱਖਿਅਤ, ਕਮਜ਼ੋਰ ਆਦਮੀਆਂ ਦੀ ਹਾਲਤ ਕੀ ਹੋਵੇਗੀ ਜਿਹਨਾਂ ਲਈ ਸ਼ਹਿਰ ਵਿੱਚ ਬੈਂਕ 'ਚ ਜਾਣਾ ਵੀ ਮੁਸ਼ਕਲ ਹੈ। ਸਿਰਫ ਰਾਜਸਥਾਨ ਵਿੱਚ ਹੀ ਜਦੋਂ ਸਮਾਜਕ ਸੁਰੱਖਿਆ ਪੈਨਸ਼ਨ ਨੂੰ ਅਧਾਰ ਨਾਲ਼ ਜੋੜਿਆ ਗਿਆ ਤਾਂ ਜਿਹਨਾਂ ਕੋਲ ਅਧਾਰ ਨਹੀਂ ਸੀ, ਜਾਂ ਜਿਹਨਾਂ ਦੀ ਜਾਣਕਾਰੀ ਵਿੱਚ ਗਲ਼ਤੀਆਂ ਸਨ, ਅਜਿਹੇ 10 ਲੱਖ ਤੋਂ ਜ਼ਿਆਦਾ ਲੋਕਾਂ ਨੂੰ ਮੋਇਆ ਜਾਂ ਜ਼ਾਅਲੀ ਕਹਿਕੇ ਉਹਨਾਂ ਦੀ ਪੈਨਸ਼ਨ ਬੰਦ ਕਰ ਦਿੱਤੀ ਗਈ। ਪਰ ਜਦੋਂ ਸ਼ਿਕਾਇਤਾਂ ਤੋਂ ਬਾਅਦ ਕੁੱਝ ਸਮਾਜਕ ਜਥੇਬੰਦੀਆਂ ਨੇ ਜਾਂਚ ਕੀਤੀ ਤਾਂ ਪਾਇਆ ਗਿਆ ਕਿ ਇਹਨਾਂ ਵਿੱਚੋਂ ਬਹੁਗਿਣਤੀ ਮਰੇ ਨਹੀਂ ਸਗੋਂ ਜਿਉਂਦੇ ਸਨ। ਪਰ ਇਹ ਸਭ ਲੋਕ ਬਹੁਤ ਗਰੀਬ, ਬਜ਼ੁਰਗ, ਕਮਜ਼ੋਰ, ਵਿਧਵਾ ਔਰਤਾਂ, ਆਦਿ ਸਨ, ਜਿਹਨਾਂ ਨੂੰ ਪ੍ਰਬੰਧਕੀ ਤੰਤਰ ਨੇ ਇੱਕ ਝਟਕੇ ਵਿੱਚ 500 ਰੁਪਏ ਮਹੀਨਾ ਪੈਨਸ਼ਨ ਤੋਂ ਵਾਂਝੇ ਕਰ ਦਿੱਤਾ। ਨਵਭਾਰਤ ਟਾਈਮਸ ਦੀ ਇੱਕ ਰਿਪੋਰਟ ਅਨੁਸਾਰ ਬਿਹਾਰ ਵਿੱਚ ਇੱਕ ਪਿੰਡ ਦਾ ਨਾਮ ਪਾਨਾਪੁਰ ਕਰਾਇਤ ਹੈ, ਪਰ ਉਸ ਪਿੰਡ ਵਿੱਚ ਅਧਾਰ ਬਣਾਉਣ ਵਾਲਿਆਂ ਨੇ ਸਭ ਅਧਾਰ ਦੇ ਪਤਿਆਂ ਵਿੱਚ ਉਸਦਾ ਨਾਮ ਪਾਨਾਪੁਰ ਕਰੈਤ ਕਰ ਦਿੱਤਾ। ਹੁਣ ਬੁਢਾਪਾ ਪੈਨਸ਼ਨ ਵਾਲ਼ੇ ਵਿਭਾਗ ਨੇ ਪਤਾ ਮੇਲ਼ ਨਾ ਖਾਣ ਕਾਰਨ ਇਸ ਪਿੰਡ ਦੇ ਸਭ ਵਾਸੀਆਂ ਦੀ ਪੈਨਸ਼ਨ ਰੋਕ ਦਿੱਤੀ ਹੈ।

10 ਜੁਲਾਈ ਦੇ ਕੈਚ ਨਿਊਜ਼ ਵਿੱਚ ਝਾਰਖੰਡ ਦੀ ਜਨਤਕ ਰਾਸ਼ਣ ਪ੍ਰਣਾਲੀ ਉੱਤੇ ਅਧਾਰ ਦੇ ਪ੍ਰਭਾਵ ਬਾਰੇ ਕੀਤੇ ਗਏ ਇੱਕ



ਸਰਵੇਖਣ ਦੀ ਵਿਸਥਾਰਿਤ ਰਿਪੋਰਟ ਅਨੁਸਾਰ ਇਸਨੇ ਰਾਸ਼ਣ ਵੰਡ ਵਿੱਚ ਪਹਿਲਾਂ ਤੋਂ ਮੌਜੂਦ ਸਮੱਸਿਆਵਾਂ ਨਾਲ਼ ਨਵੀਆਂ ਸਮੱਸਿਆਵਾਂ ਨੂੰ ਜੋੜਕੇ ਇੱਕ ਵੱਡੀ ਗਿਣਤੀ ਵਿੱਚ ਗਰੀਬ ਲੋਕਾਂ ਨੂੰ ਸਸਤੇ ਜਨਤਕ ਰਾਸ਼ਣ ਦੀ ਸਹੂਲਤ ਤੋਂ ਵਾਂਝੇ ਕਰ ਦਿੱਤਾ ਹੈ। ਰਜਿਸਟਰ ਵਿੱਚ ਐਂਟਰੀ ਦੇ ਬਾਵਜੂਦ ਰਾਸ਼ਣ ਨਾ ਦੇਣ ਜਾਂ ਘੱਟ ਮਾਤਰਾ ਵਿੱਚ ਦੇਣ ਦੀ ਸਮੱਸਿਆ ਤਾਂ ਅਧਾਰ ਨਾਲ਼ ਹੱਲ ਹੋਣ ਦਾ ਸਵਾਲ ਹੀ ਨਹੀਂ ਸੀ, ਕਰੀਬ 15% ਹੋਰ ਲੋਕ ਹੱਥ ਦੀ ਛਾਪ ਦੀ ਜੈਵਿਕ ਸੂਚਨਾ ਦੀ ਤਸਦੀਕ ਨਾਂ ਹੋਣ ਨਾਲ਼ ਹਰ ਮਹੀਨੇ ਰਾਸ਼ਣ ਤੋਂ ਵਾਂਝੇ ਹੋ ਰਹੇ ਹਨ, ਕਿਉਂਕਿ ਸਖ਼ਤ ਮਿਹਨਤ ਨਾਲ਼ ਘਸੇ ਹੱਥਾਂ ਦੀ ਤਸਦੀਕ ਕਰਨ ਵਿੱਚ ਮਸ਼ੀਨਾਂ ਅਸਮਰਥ ਹਨ। ਜਿਨਾਂ ਲੋਕਾਂ ਨੂੰ ਰਾਸ਼ਣ ਮਿਲ਼ ਵੀ ਰਿਹਾ ਹੈ, ਉਹਨਾਂ ਨੂੰ ਵੀ ਨੈੱਟਵਰਕ ਜਾਂ ਬਿਜਲੀ ਨਾ ਹੋਣ, ਮਸ਼ੀਨ ਦੀ ਖਰਾਬੀ ਜਾਂ ਸਰਵਰ ਡਾਊਨ ਹੋਣ ਕਾਰਨ ਅਕਸਰ ਇੱਕ ਤੋਂ ਜ਼ਿਆਦਾ ਵਾਰ ਚੱਕਰ ਲਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਮਤਲਬ ਇੱਕ ਪਾਸੇ ਮਜ਼ਦੂਰੀ ਤੋਂ ਹੱਥ ਧੋਣਾ ਦੂਸਰਾ ਆਉਣ-ਜਾਣ ਦਾ ਵਾਧੂ ਖ਼ਰਚ ਕਰਨ ਦੀ ਮਜ਼ਬੂਰੀ। ਇਸ ਤੋਂ ਇਲਾਵਾ ਉਹ ਲੋਕ ਹਨ ਜੋ ਕਿਸੇ ਕਾਰਨ ਅਧਾਰ ਨਹੀਂ ਬਣਵਾ ਸਕੇ ਹਨ। ਇਹਨਾਂ ਨੂੰ ਤਾਂ ਹੁਣ ਪ੍ਰਬੰਧਕੀ ਵਿਵਸਥਾ ਦੁਆਰਾ ਜਿਉਂਦੇ ਨਾਗਰਿਕ ਹੋਣ ਦੀ ਮਾਨਤਾ ਹੀ ਨਹੀਂ ਦਿੱਤੀ ਜਾ ਰਹੀ ਹੈ।

ਖੁਦ ਸਰਕਾਰੀ ਅੰਕੜਿਆਂ ਅਨੁਸਾਰ ਹੁਣ ਤੱਕ 115 ਕਰੋੜ ਅਧਾਰ ਬਣਾਏ ਗਏ ਹਨ। ਸੁਭਾਵਿਕ ਤੌਰ 'ਤੇ ਹੀ ਇਹਨਾਂ 'ਚੋਂ ਕੁੱਝ ਆਦਮੀਆਂ ਦੀ ਮੌਤ ਹੋ ਚੁੱਕੀ ਹੈ ਅਤੇ 86 ਲੱਖ ਅਧਾਰ ਰੱਦ ਵੀ ਕੀਤੇ ਗਏ ਹਨ। ਭਾਰਤ ਦੀ ਜਨਸੰਖਿਆ 130 ਕਰੋੜ ਤੋਂ ਜ਼ਿਆਦਾ ਹੈ। ਮਤਲਬ ਲਗਭਗ 20 ਕਰੋੜ ਨਗਰਿਕਾਂ ਕੋਲ ਅਧਾਰ ਨਹੀਂ ਹੈ। ਇਹ ਅਧਾਰ ਤੋਂ ਬਿਨਾਂ ਲੋਕ ਕੌਣ ਹਨ? ਅਧਾਰ ਦੀ ਸ਼ੁਰੂਆਤ ਸਮੇਂ ਕਿਹਾ ਗਿਆ ਸੀ ਕਿ ਜਿਹਨਾਂ ਕੋਲ਼ ਕੋਈ ਪਹਿਚਾਣ ਪੱਤਰ ਨਹੀਂ ਹਨ, ਉਹ ਕਲਿਆਣਕਾਰੀ ਯੋਜਨਾਵਾਂ ਦੇ ਲਾਭ ਤੋਂ ਵਾਂਝੇ ਰਹਿ ਜਾਂਦੇ ਹਨ ਅਤੇ ਅਧਾਰ ਦੁਆਰਾ ਉਹਨਾਂ ਨੂੰ ਪਹਿਚਾਣ ਪੱਤਰ ਦੇਣ ਨਾਲ਼ ਉਹ ਵੀ ਇਹਨਾਂ ਯੋਜਨਾਵਾਂ ਦਾ ਲਾਭ ਲੈ ਸਕਣਗੇ। ਪਰ ਅਧਾਰ ਬਣਾਉਂਦੇ ਸਮੇਂ ਪਹਿਲਾਂ ਤੋਂ ਕੋਈ ਪਹਿਚਾਣ ਪੱਤਰ ਹੋਣਾ ਹੀ ਇੱਕ ਲੋੜ ਹੈ ਤਾਂ ਇਹਨਾਂ ਲੋਕਾਂ ਦਾ ਅਧਾਰ ਵੀ ਨਹੀਂ ਬਣਦਾ। ਭਾਵੇਂ ਕਿ ਪਹਿਚਾਣਕਰਤਾ ਦੁਆਰਾ ਵੀ ਅਧਾਰ ਦੇਣ ਦੀ ਧਾਰਾ ਹੈ, ਪਰ ਉਸ ਤਰਾਂ ਸਿਰਫ 2 ਲੱਖ ਯਾਨੀ ਨਾਮਾਤਰ ਅਧਾਰ ਹੀ ਅੱਜ ਤੱਕ ਜਾਰੀ ਹੋਏ ਹਨ। ਇਸ ਤਰਾਂ ਜੋ ਸਭ ਤੋਂ ਗਰੀਬ ਅਤੇ ਕਮਜ਼ੋਰ ਲੋਕ ਹਨ ਅਤੇ ਸਰਕਾਰੀ ਯੋਜਨਾਵਾਂ ਦੇ ਲਾਭ ਤੋਂ ਪਹਿਲਾਂ ਹੀ ਵਾਂਝੇ ਹਨ, ਉਹਨਾਂ ਨੂੰ ਹੁਣ ਇਸ ਤੋਂ ਪੂਰੀ ਤਰਾਂ ਬਾਹਰ ਕਰ ਦਿੱਤਾ ਗਿਆ ਹੈ। ਹੁਣ ਤਾਂ ਰਾਸ਼ਣ ਕਾਰਡ ਹੋਵੇ ਜਾਂ ਪੈਨਸ਼ਨ ਹਰ ਜਗਾ ਇਹਨਾਂ ਲੋਕਾਂ ਨੂੰ ਫਰਜ਼ੀ ਜਾਂ ਮਰੇ ਹੋਏ ਐਲਾਨ ਕੇ ਇਹਨਾਂ ਨੂੰ ਇਹਨਾਂ ਯੋਜਨਾਵਾਂ ਤੋਂ ਲਾਭ ਹਾਸਲ ਕਰਨ ਵਾਲਿਆਂ ਦੀ ਸੂਚੀ ਵਿੱਚੋਂ ਹੀ ਕੱਟਿਆ ਜਾ ਰਿਹਾ ਹੈ। ਇਸ ਤਰਾਂ ਅਧਾਰ ਦੇਸ਼ ਦੇ ਗਰੀਬ ਲੋਕਾਂ ਨੂੰ ਜੋ ਥੋੜੀਆਂ-ਬਹੁਤ ਸਰਕਾਰੀ ਕਲਿਆਣਕਾਰੀ ਯੋਜਨਾਵਾਂ ਹਨ ਵੀ, ਉਹਨਾਂ ਦੇ ਵੀ ਲਾਭ ਤੋਂ ਵਾਂਝੇ ਕਰਨ ਦਾ ਇੱਕ ਵੱਡਾ ਸੰਦ ਬਣ ਗਿਆ ਹੈ।

ਜਿੱਥੇ ਤੱਕ ਅਧਾਰ ਦੁਆਰਾ ਵੱਖਰੀਆਂ ਲਾਭਕਾਰੀ ਯੋਜਨਾਵਾਂ ਦੀ ਜਗਾ ਸਿੱਧਾ ਨਕਦ ਦੇਣ ਦਾ ਸਵਾਲ ਹੈ, ਉਸ ਵਿੱਚ ਅਧਾਰ ਕੀ ਕਰ ਸਕਦਾ ਹੈ, ਵਿਅਕਤੀ ਦੀ ਠੀਕ ਪਹਿਚਾਣ ਦੀ ਗੱਲ ਨੂੰ ਜੇਕਰ ਮੰਨ ਵੀ ਲਿਆ ਜਾਵੇ ਤਾਂ। ਕਿਸ ਵਿਅਕਤੀ ਨੂੰ ਫਾਇਦਾ ਦਿੱਤਾ ਜਾਵੇ ਇਹ ਤੈਅ ਕਰਨ ਦਾ ਕੰਮ ਤਾਂ ਉਸੇ ਸਿਆਸੀ- ਪ੍ਰਬੰਧਕੀ ਤੰਤਰ ਦਾ ਹੈ ਜਿਸਦਾ ਹੁਣ ਹੈ। ਫਿਰ ਇਹ ਨਕਦ ਵੰਡ ਲਈ ਬੈਂਕ ਦਾ ਏਜੰਟ ਹੋਰ ਇੱਕ ਵਿਚੋਲਾ ਬਣ ਜਾਂਦਾ ਹੈ ਜੋ ਅਧਾਰ ਦੀ ਤਸਦੀਕ ਰਾਹੀਂ ਨਕਦ ਦਿੰਦਾ ਹੈ। ਇਸ ਵਿੱਚ ਕੁੱਝ ਸਵੈਕਰ ਨਹੀਂ ਹੈ ਅਤੇ ਲੁੱਟ ਦਾ ਤੰਤਰ ਨਾ ਸਿਰਫ ਜਿਵੇਂ ਦਾ ਤਿਵੇਂ ਹੈ, ਸਗੋਂ ਅਧਾਰ ਜਰੀਏ ਲਾਭ ਧਾਰਕ ਨੂੰ ਪ੍ਰੇਸ਼ਾਨ ਕਰ ਲਾਭ ਤੋਂ ਵਾਂਝਾ ਕਰਨ ਦੇ ਬਹਾਨੇ ਉਹਨਾਂ ਕੋਲ ਹੋਰ ਵਧ ਜਾਂਦੇ ਹਨ। ਝਾਰਖੰਡ, ਦਿੱਲੀ, ਛੱਤੀਸਗੜ੍ਹ, ਗੁਜਰਾਤ ਸਭ ਸੂਬਿਆਂ ਵਿੱਚ ਜਿੱਥੇ ਵੀ ਇਸਨੂੰ ਜਰੂਰੀ ਬਣਾਇਆ ਗਿਆ ਹੈ, ਉੱਥੇ ਨਾ ਸਿਰਫ ਇਸ ਨਾਲ਼ ਕਾਰਜਕੁਸ਼ਲਤਾ ਘਟੀ ਹੈ, ਸਗੋਂ ਇਹ ਜਨਤਕ ਸੇਵਾਵਾਂ ਤੋਂ ਗਰੀਬ ਅਤੇ ਬੇਸਹਾਰਾ ਲੋਕਾਂ- ਆਦਿਵਾਸੀਆਂ, ਦਲਿਤਾਂ, ਬਜ਼ੁਰਗਾਂ, ਔਰਤਾਂ-ਵਿਧਵਾਵਾਂ, ਅਪੰਗਾਂ ਨੂੰ ਵਾਂਝੇ ਕਰਨ ਦਾ ਜਰੀਆ ਬਣ ਗਿਆ ਹੈ ਅਤੇ ਇਹਨਾਂ ਸੇਵਾਵਾਂ ਵਿੱਚ ਭ੍ਰਿਸ਼ਟਾਚਾਰ ਅਤੇ ਚੋਰੀ ਨੂੰ ਵਧਾ ਰਿਹਾ ਹੈ।

ਉਂਝ ਤਾਂ ਭ੍ਰਿਸ਼ਟਾਚਾਰ ਅਤੇ ਚੋਰੀ ਨੂੰ ਰੋਕਣ ਦੇ ਨਾਮ ਉੱਤੇ ਲਿਆਂਦੇ ਗਏ ਅਧਾਰ ਦਾ ਆਪਣਾ ਪੂਰਾ ਢਾਂਚਾ ਹੀ ਭ੍ਰਿਸ਼ਟਾਚਾਰ ਉੱਤੇ ਟਿਕਿਆ ਹੈ। 12 ਜੁਲਾਈ ਦੇ ਹਿੰਦੁਸਤਾਨ ਟਾਈਮਸ ਦੀ ਰਿਪੋਰਟ ਅਨੁਸਾਰ ਹੁਣ ਤੱਕ ਅਧਾਰ ਬਣਾਉਣ ਵਾਲ਼ੀਆਂ ਸਾਢੇ 6 ਲੱਖ ਏਜੰਸੀਆਂ ਵਿੱਚੋਂ 34 ਹਜ਼ਾਰ ਤੋਂ ਜ਼ਿਆਦਾ ਨੂੰ ਭ੍ਰਿਸ਼ਟ ਅਤੇ ਧੋਖਾਧੜੀ ਦੀਆਂ ਕਾਰਵਾਈਆਂ ਵਿੱਚ ਲਿਪਤ ਪਾਇਆ ਗਿਆ ਹੈ। ਇਸ ਵਿੱਚ ਫਰਜ਼ੀ ਦਸਤਾਵੇਜ ਉੱਤੇ ਅਧਾਰ ਬਣਾਉਣਾ, ਪੈਸੇ ਲੈਕੇ ਪਤਾ ਬਦਲਣਾ, ਆਦਿ ਸ਼ਾਮਿਲ ਹਨ। ਅਧਾਰ ਬਣਵਾਉਣ ਲਈ ਦਿੱਤੇ ਗਏ ਦਸਤਾਵੇਜ ਇਹਨਾਂ ਕੋਲ ਹੀ ਛੱਡ ਦਿੱਤੇ ਗਏ ਹਨ, ਜਿਹਨਾਂ ਦੀ ਦੁਰਵਰਤੋਂ ਕਰਨ ਵਿੱਚ ਇਹਨਾਂ ਉੱਤੇ ਕੋਈ ਰੋਕਥਾਮ ਨਹੀਂ ਹੈ। ਇਸਤੋਂ ਵੀ ਵਧਕੇ ਜੋ ਹੱਥ ਅਤੇ ਅੱਖਾਂ ਦੀ ਜੈਵਿਕ ਜਾਣਕਾਰੀ ਅਧਾਰ ਬਣਵਾਉਣ ਲਈ ਇਹਨਾਂ ਨੇ ਇਕੱਠੀ ਕੀਤੀ ਸੀ, ਨਕਲ ਵੀ ਇਹਨਾਂ ਕੋਲ ਹੀ ਛੱਡ ਦਿੱਤੀ ਗਈ ਹੈ, ਜਿਸਦਾ ਇਸਤੇਮਾਲ ਇਹ ਦੂਸਰਿਆਂ ਦੇ ਨਾਮ ਉੱਤੇ ਕਰ ਸਕਦੇ ਹਨ। ਇਸੇ ਤਰ੍ਹਾਂ ਜਦੋਂ ਰਿਲਾਇੰਸ ਜਿਓ ਜਾਂ ਕਿਸੇ ਬੈਂਕ ਨੂੰ ਅਧਾਰ ਤਸਦੀਕ ਲਈ ਹੱਥ ਸਕੈਨ ਕਰਾਇਆ ਜਾਂਦਾ ਹੈ ਤਾਂ ਉਨਾਂ ਕੋਲ ਵੀ ਇਹ ਰਹਿ ਜਾਂਦਾ ਹੈ ਅਤੇ ਉਹ ਇਸਨੂੰ ਫੇਰ ਵਰਤ ਸਕਦੇ ਹਨ। ਅਜਿਹੇ ਮਾਮਲੇ ਪਹਿਲਾਂ ਹੀ ਸਾਹਮਣੇ ਆ ਚੁੱਕੇ ਹਨ। ਉਪਰੋਕਤ ਰਿਪੋਰਟ ਵਿੱਚ ਹੀ ਲਾਤੇਹਾਰ, ਝਾਰਖੰਡ ਦੇ ਮਾਮਲੇ ਦਾ ਜ਼ਿਕਰ ਹੈ ਕਿ ਜਦੋਂ ਇੱਕ ਬਜ਼ੁਰਗ ਪਤੀ-ਪਤਨੀ ਬੈਂਕਿੰਗ ਏਜੰਟ ਕੋਲ ਆਪਣੀ ਪੈਨਸ਼ਨ ਦਾ ਪੈਸਾ ਕੱਢਣ ਗਏ ਤਾਂ ਪਤਾ ਲੱਗਾ ਕਿ ਉਹ ਤਾਂ ਪਹਿਲਾਂ ਹੀ ਕੱਢਿਆ ਜਾ ਚੁੱਕਿਆ ਹੈ। ਖੁਦ ਅਧਾਰ ਅਥਾਰਿਟੀ ਅਨੁਸਾਰ ਸਿਰਫ ਛੋਟੀਆਂ ਨਿੱਜੀ ਏਜੰਸੀਆਂ ਹੀ ਨਹੀਂ ਐਕਸਿਸ ਬੈਂਕ, ਦੇਨਾ ਬੈਂਕ, ਬੈਂਕ ਆਫ ਇੰਡੀਆ ਅਤੇ ਐੱਨ. ਐੱਸ. ਡੀ. ਐੱਲ. ਵਰਗੇ ਵੱਡੇ ਬੈਂਕ ਅਤੇ ਸੰਸਥਾਵਾਂ ਇਹਨਾਂ ਭ੍ਰਿਸ਼ਟ ਕਾਰਵਾਈਆਂ ਵਿੱਚ ਲਿਪਤ ਪਾਈਆਂ ਗਈਆਂ ਹਨ। ਇਸ ਨਾਲ਼ ਅਧਾਰ ਦੁਆਰਾ ਭ੍ਰਿਸ਼ਟਾਚਾਰ ਅਤੇ ਚੋਰੀ ਨੂੰ ਖ਼ਤਮ ਕਰਨ ਦੇ ਮਕਸਦ ਦੀ ਗੱਲ ਪੂਰੀ ਤਰਾਂ ਗਲਤ ਸਿੱਧ ਹੁੰਦੀ ਹੈ।

ਇਸ ਤਰ੍ਹਾਂ ਭ੍ਰਿਸ਼ਟਾਚਾਰ ਵਿੱਚ ਕਮੀ ਨਹੀਂ ਸਗੋਂ ਸਭ ਤੋਂ ਗਰੀਬ ਲੋਕਾਂ ਨੂੰ ਇਹਨਾਂ ਯੋਜਨਾਵਾਂ ਦੇ ਲਾਭ ਤੋਂ ਵਾਂਝੇ ਕਰਨਾ ਹੀ ਅਧਾਰ ਤੋਂ ਹੋਣ ਵਾਲ਼ੀ ਬਚਤ ਦਾ ਮੁੱਖ ਅਧਾਰ ਹੈ ਅਤੇ ਸਰਕਾਰ ਦੱਸ ਰਹੀ ਹੈ ਕਿ ਇਹੀ ਗਰੀਬ ਲੋਕ ਹੀ ਚੋਰੀ ਕਰ ਰਹੇ ਸਨ, ਜਿਨਾਂ ਨੂੰ ਹੁਣ ਇਸਤੋਂ ਰੋਕ ਦਿੱਤਾ ਗਿਆ ਹੈ। ਇਹ ਅਜਿਹਾ ਹਾਕਮ ਪ੍ਰਬੰਧ ਹੀ ਕਰ ਸਕਦਾ ਹੈ ਜੋ ਸਾਰਿਆ ਲਈ ਸਿਹਤ ਸਹੂਲਤਾਂ ਉਪਲੱਬਧ ਨਾ ਹੋਣ ਨੂੰ ਸਮੱਸਿਆ ਨਹੀਂ ਮੰਨਦਾ, ਸਗੋਂ ਉਸਦੀ ਨਜ਼ਰ ਵਿੱਚ ਜੋ ਲੋਕ ਬਗੈਰ ਪਹਿਚਾਣ ਦਾ ਸਬੂਤ ਦਿੱਤੇ ਇਲਾਜ ਕਰਵਾਉਣਾ ਚਾਹੁੰਦੇ ਹਨ, ਉਹ ਮਰੀਜ ਸਮੱਸਿਆ ਹਨ। ਅਜਿਹੀ ਹਕੂਮਤ ਲਈ ਪੂਰੀ ਮਾਤਰਾ ਵਿੱਚ ਭੋਜਨ ਦੀ ਅਣ-ਉਪਲੱਬਧਤਾ ਅਤੇ ਬੱਚਿਆਂ ਵਿੱਚ ਵਧਦਾ ਕੁਪੋਸ਼ਣ ਸਮੱਸਿਆ ਨਹੀਂ ਹੈ, ਸਗੋਂ ਬਗੈਰ ਪਹਿਚਾਣ ਦਾ ਸਬੂਤ ਦਿੱਤੇ ਸਕੂਲ ਵਿੱਚ ਮਿਡ ਡੇ ਮੀਲ ਲੈਣ ਆ ਗਏ ਬੱਚੇ ਸਮੱਸਿਆ ਹਨ। ਇਹ ਸਿਰਫ ਅਜਿਹੀ ਹਕੂਮਤ ਕਰ ਸਕਦੀ ਹੈ ਜੋ ਗਰੀਬ, ਕਿਰਤੀ ਲੋਕਾਂ ਦੀ ਗਰੀਬੀ ਦਾ ਕਾਰਨ ਮੌਜੂਦਾ ਢਾਂਚੇ ਨਾਲ਼ ਜੁੜੀ ਲੁੱਟ ਨੂੰ ਨਹੀਂ ਮੰਨਦੀ, ਸਗੋਂ ਉਸਦੀ ਨਜ਼ਰ ਵਿੱਚ ਇਹ ਸਭ ਲੋਕ ਆਲਸੀ, ਕੰਮਚੋਰ, ਭ੍ਰਿਸ਼ਟ ਹਨ ਜੋ ਮਿਹਨਤੀ, ਭਾਗਾਂ ਵਾਲ਼ੇ ਸਰਮਾਏਦਾਰਾਂ ਦੇ ਉੱਦਮ ਨਾਲ਼ ਕਮਾਏ ਪੈਸੇ ਨੂੰ ਮਿਡ ਡੇ ਮੀਲ, ਰਾਸ਼ਣ ਅਤੇ ਇਲਾਜ ਆਦਿ ਜਰੀਏ ਲੁੱਟ ਲੈਣਾ ਚਾਹੁੰਦੇ ਹਨ। ਇਸ ਲਈ ਇਹ ਹਕੂਮਤ ਅਜਿਹੀ ਤਾਕਤ ਚਾਹੁੰਦੀ ਹੈ ਕਿ ਉਹ ਜਦੋਂ ਚਾਹੇ ਕਿਸੇ ਨੂੰ ਅਪਰਾਧੀ ਜਾਂ ਸ਼ੱਕੀ ਮੰਨੇ, ਉਸਦੀ ਪਹਿਚਾਣ ਕਰਕੇ ਉਸਨੂੰ ਇਹ ਸਹੂਲਤਾਂ ਲੈਣ ਬਹਾਨੇ ਇਸ ਅਖੌਤੀ ਲੁੱਟ ਤੋਂ ਰੋਕ ਸਕੇ।

**ਨਿਗਰਾਨੀ ਤੰਤਰ**

ਨਾਲ਼ ਹੀ ਬੈਂਕ ਖਾਤਿਆਂ ਤੋਂ ਲੈ ਕੇ ਮੋਬਾਇਲ ਫੋਨ ਤੱਕ ਅਧਾਰ ਨੂੰ ਲਾਜ਼ਮੀ ਕਰਨਾ ਦੱਸਦਾ ਹੈ ਕਿ ਇਹ ਇੱਕ ਅਜਿਹਾ ਨਿਗਰਾਨੀ ਪ੍ਰਬੰਧ ਵੀ ਹੈ ਜੋ ਦੇਸ਼ ਦੇ ਹਰ ਨਾਗਰਿਕ ਦੀ ਹਰ ਸਮੇਂ ਉਸਦੀ ਇੱਛਾ ਤੋਂ ਬਿਨਾਂ ਹੀ ਪਹਿਚਾਣ ਕਰ ਸਕੇ, ਉਸਦੀ ਹਰ ਕਾਰਵਾਈ ਉੱਤੇ ਨਜ਼ਰ ਰੱਖ ਸਕੇ ਅਤੇ ਜਿੱਥੇ, ਜਦੋਂ ਚਾਹੇ ਉਸਨੂੰ ਕਿਸੇ ਕਾਰਵਾਈ ਤੋਂ ਰੋਕ ਸਕੇ, ਉਸਤੋਂ ਗੁੱਸੇ ਹੋ ਜਾਵੇ ਤਾਂ ਉਸਦਾ ਰਾਸ਼ਣ, ਤਨਖ਼ਾਹ, ਪੈਨਸ਼ਨ, ਸਕੂਲ ਵਿੱਚ ਬੱਚੇ ਦੇ ਦਾਖਲੇ, ਹਸਪਤਾਲ ਵਿੱਚ ਇਲਾਜ, ਮੋਬਾਇਲ ਉੱਤੇ ਗੱਲ ਕਰਨ, ਇੰਟਰਨੈੱਟ ਜਰੀਏ ਕੁੱਝ ਕਰਨ- ਪੜਨ, ਲਾਇਬ੍ਰੇਰੀ 'ਚੋਂ ਕੋਈ ਕਿਤਾਬ ਲੈਣ, ਕਿਤੇ ਜਾਣ ਲਈ ਟ੍ਰੇਨ/ਬਸ ਦਾ ਟਿਕਟ ਲੈਣ ਯਾਨੀ ਕਿਸੇ ਵੀ ਸਹੂਲਤ ਤੋਂ ਵਾਂਝਾ ਕਰ ਸਕੇ। ਅਧਾਰ ਅਸਲ ਵਿੱਚ ਸਭ ਤੋਂ ਜ਼ਿਆਦਾ ਵਾਂਝੇ ਜਰੂਰਤਮੰਦਾਂ ਨੂੰ ਲਾਭਕਾਰੀ ਯੋਜਨਾਵਾਂ ਦੇ ਫਾਇਦਿਆਂ ਤੋਂ ਵਾਂਝੇ ਕਰਨ ਅਤੇ ਸਰਕਾਰੀ ਤੰਤਰ ਦੇ ਕਰੀਬੀਆਂ ਨੂੰ ਫਾਇਦਾ ਪਹੁੰਚਾਣ ਦਾ ਸੰਦ ਤਾਂ ਹੈ ਹੀ, ਨਾਲ਼ ਹੀ ਇਹ ਨਾਗਰਿਕਾਂ ਉੱਤੇ ਨਿਗਹਬਾਨੀ ਅਤੇ ਜਾਸੂਸੀ ਕਰਨ ਦਾ ਤੰਤਰ ਹੈ ਜੋ ਨਾ ਸਿਰਫ ਸਾਡੀ ਨਿੱਜਤਾ ਖੋਹਦਾ ਹੈ ਸਗੋਂ ਸਾਡੇ ਜਮਹੂਰੀ ਹੱਕਾਂ ਨੂੰ ਕੁਚਲਣ, ਗਲ਼ਾ ਘੁੱਟਣ ਦਾ ਫੰਦਾ ਤਿਆਰ ਕਰ ਰਿਹਾ ਹੈ। ਨਾ ਸਿਰਫ ਸਾਰੀਆਂ ਸਰਕਾਰੀ ਕਲਿਆਣਕਾਰੀ ਯੋਜਨਾਵਾਂ, ਜਿਹਨਾਂ ਵਿੱਚ ਪਹਿਲਾਂ ਤੋਂ ਹੀ ਬਹੁਤ ਸਾਰੀਆਂ ਕਮੀਆਂ ਸਨ, ਹੁਣ ਪੂਰੀ ਤਰਾਂ ਬਰਬਾਦ ਕੀਤੇ ਜਾ ਰਹੇ ਹਨ ਸਗੋਂ ਸਾਡੇ ਰੋਜ਼ਾਨਾ ਜੀਵਨ ਦੇ ਹਰ ਖੇਤਰ ਉੱਤੇ ਸਰਕਾਰੀ ਤੰਤਰ ਦਾ ਸ਼ਕੰਜਾ

ਕੱਸਣ ਅਤੇ ਜਮਹੂਰੀ ਅਜ਼ਾਦੀ ਅਤੇ ਪ੍ਰਗਟਾਵੇ ਦਾ ਗਲਾ ਘੁੱਟਣ ਦੀ ਵੀ ਤਿਆਰੀ ਕੀਤੀ ਜਾ ਰਹੀ ਹੈ।

**ਅਦਾਲਤ ਦੀ ਭੂਮਿਕਾ**


ਇੱਥੇ ਅਸੀ ਸਰਵਉੱਚ ਅਦਾਲਤ ਦੀ ਭੂਮਿਕਾ ਉੱਤੇ ਵੀ ਗ਼ੌਰ ਕਰਦੇ ਹਾਂ ਜਿਸਨੂੰ ਜਮਹੂਰੀਅਤ, ਸੰਵਿਧਾਨ ਅਤੇ ਨਾਗਰਿਕ ਹੱਕਾਂ ਦੀ ਰੱਖਿਅਕ ਦੱਸਿਆ ਜਾਂਦਾ ਹੈ ਅਤੇ ਜਿਸ ਨਾਲ਼ ਬਹੁਤ ਸਾਰੇ ਜਮਹੂਰੀ-ਲਿਬਰਲ ਲੋਕ ਜਮਹੂਰੀ ਹੱਕਾਂ ਦੀ ਰੱਖਿਆ ਦੀ ਉਮੀਦ ਰੱਖਦੇ ਹਨ। ਇਹ ਸੱਚ ਹੈ ਕਿ ਸਰਵਉੱਚ ਅਦਾਲਤ ਨੇ ਕਈ ਵਾਰ ਸਰਕਾਰ ਨੂੰ ਕਿਹਾ ਹੈ ਕਿ ਉਹ ਅਧਾਰ ਸੂਚਨਾ ਦੀ ਬਣਦੀ ਸੁਰੱਖਿਆ ਦਾ ਕਨੂੰਨ ਬਣਾਏ ਬਗੈਰ ਇਸਨੂੰ ਅੱਗੇ ਨਾ ਵਧਾਏ ਅਤੇ ਇਸਨੂੰ ਕਿਸੇ ਵੀ ਜਨਤਕ ਸੇਵਾ ਲਈ ਜ਼ਰੂਰੀ ਨਾ ਕਰੇ। ਪਰ ਸਰਕਾਰ ਜਦੋਂ ਅਜਿਹਾ ਕਰਦੀ ਹੈ ਤਾਂ ਉਸਨੂੰ ਰੋਕਣਾ ਤਾਂ ਛੱਡੋ, ਸਰਵਉੱਚ ਅਦਾਲਤ ਉਸਦੀ ਸੁਣਵਾਈ ਲਈ ਵੀ ਤਿਆਰ ਨਹੀਂ ਹੁੰਦੀ, ਹਾਲੇ ਤੱਕ ਅਜਿਹੀ ਸੁਣਵਾਈ ਨਹੀਂ ਹੋਈ ਹੈ। ਉੱਲਟਾ ਖੁਦ ਇਸ ਅਦਾਲਤ ਨੇ ਹੀ ਮੋਬਾਇਲ ਸਿਮ ਕਾਰਡ ਲਈ ਅਧਾਰ ਤਸਦੀਕ ਨੂੰ ਜਰੂਰੀ ਕਰਨ ਦਾ ਹੁਕਮ ਵੀ ਦੇ ਦਿੱਤੇ ਹੈ। ਅਧਾਰ ਦੀ ਲਾਜ਼ਮੀਅਤ ਨੂੰ ਚਣੌਤੀ ਦੇਣ ਲਈ ਕਈ ਲੋਕ ਸਰਵਉੱਚ ਅਦਾਲਤ ਜਾ ਚੁੱਕੇ ਹਨ। ਕਾਫ਼ੀ ਸੁਣਵਾਈ ਤੋਂ ਬਾਅਦ 11 ਅਗਸਤ 2015 ਨੂੰ ਇਸਦੇ ਇੱਕ ਬੈਂਚ ਨੇ ਫੈਸਲਾ ਦਿੱਤਾ ਕਿ ਇਹ ਇੱਕ ਮਹੱਤਵਪੂਰਨ ਵਿਸ਼ਾ ਹੈ ਅਤੇ ਇਸਦੀ ਸੁਣਵਾਈ ਅਤੇ ਫੈਸਲਾ ਇੱਕ ਨੌ ਮੈਂਬਰੀ ਸੰਵਿਧਾਨ ਬੈਂਚ ਨੂੰ ਕਰਨਾ ਚਾਹੀਦਾ ਹੈ, ਇਸਦੀ ਸਿਫਾਰਿਸ਼ ਵੀ ਮੁੱਖ ਜੱਜ ਵਲੋਂ ਕਰ ਦਿੱਤੀ ਅਤੇ ਤੱਦ ਤੱਕ ਲਈ ਸਰਕਾਰ ਨੂੰ ਇਸਨੂੰ ਲਾਜ਼ਮੀ ਨਾ ਬਣਾਉਣ ਲਈ ਕਿਹਾ। ਪਰ ਅਪੀਲ ਕਰਤਾਵਾਂ ਦੁਆਰਾ ਕਈ ਵਾਰ ਯਾਦ ਕਰਵਾਏ ਜਾਣ ਦੇ ਬਾਵਜੂਦ ਵੀ ਇਹ ਸੰਵਿਧਾਨ ਬੈਂਚ ਨਾ ਬਣਾਈ ਗਈ। ਇਸ ਵਿੱਚ ਸਰਕਾਰ ਇੱਕ ਤੋਂ ਬਾਅਦ ਇੱਕ ਬਹੁਤ ਸਾਰੇ ਕੰਮਾਂ ਲਈ ਅਧਾਰ ਨੂੰ ਲਾਜ਼ਮੀ ਕਰ ਵੀ ਚੁੱਕੀ ਹੈ।

ਸੁਪ੍ਰੀਮ ਕੋਰਟ ਦੇ ਹੀ ਪਹਿਲੇ ਨਿਰਦੇਸ਼ ਅਨੁਸਾਰ ਸਰਕਾਰ ਦੇ ਇਸ ਕਦਮ ਉੱਤੇ ਰੋਕ ਲਗਾਉਣ ਲਈ ਕਈ ਅਪੀਲ ਕਰਤਾ ਵੱਖ-ਵੱਖ ਬੈਂਚਾ ਕੋਲ ਜਾ ਚੁੱਕੇ ਹਨ, ਪਰ ਉਹ ਇਸ ਉੱਤੇ ਫੈਸਲਾ ਦੇਣ ਦੀ ਬਜਾਏ ਸੰਵਿਧਾਨ ਬੈਂਚ ਲਈ ਇਸਨੂੰ ਛੱਡ ਰਹੇ ਹਨ। ਲੰਬੀ ਉਡੀਕ ਦੇ 23 ਮਹੀਨਿਆਂ ਤੋਂ ਬਾਅਦ ਹੁਣ ਮੁੱਖ ਜੱਜ ਨੇ ਸੰਵਿਧਾਨ ਬੈਂਚ ਦੁਆਰਾ 18-19 ਜੁਲਾਈ ਨੂੰ ਇਸਦੀ ਸੁਣਵਾਈ ਦੀ ਤਰੀਖ਼ ਦਿੱਤੀ ਹੈ। ਪਰ ਇਸ ਦੌਰਾਨ ਸੁਣਵਾਈ ਦੀ ਉਡੀਕ ਵਿੱਚ ਸਰਕਾਰ ਪਹਿਲਾਂ ਹੀ ਆਧਾਰ ਨੂੰ ਬਹੁਤ ਸਾਰੇ ਕੰਮਾਂ ਲਈ ਪ੍ਰਭਾਵੀ ਰੂਪ 'ਚ ਲਾਜ਼ਮੀ ਬਣਾ ਬਹੁਤ ਸਾਰੇ ਨਾਗਰਿਕਾਂ ਨੂੰ ਅਧਾਰ ਬਣਵਾਉਣ ਲਈ ਮਜ਼ਬੂਰ ਕਰ ਚੁੱਕੀ ਹੈ। ਯਾਨੀ ਹੁਣ ਅਦਾਲਤ ਦੇ ਫੈਸਲੇ ਦਾ ਕੋਈ ਬਹੁਤਾ ਮਤਲਬ ਰਹਿ ਨਹੀਂ ਗਿਆ ਹੈ। ਨੋਟਬੰਦੀ ਸਮੇਂ ਵੀ ਅਸੀ ਇਹੀ ਹਾਲਤ ਵੇਖ ਚੁੱਕੇ ਹਾਂ। ਉਸ ਮਾਮਲੇ 'ਚ ਸਮੇਂ ਸਿਰ ਸੁਣਵਾਈ ਕਰਨ ਦੀ ਬਜਾਏ ਸੁਪ੍ਰੀਮ ਕੋਰਟ ਨੇ ਇਸ ਮਹੀਨੇ ਕੁੱਝ ਦਿਨ ਪਹਿਲਾਂ ਸਰਕਾਰ ਨੂੰ ਨੋਟਿਸ ਦੇਕੇ ਪੁੱਛਿਆ ਹੈ ਕਿ ਜਨਤਾ ਨੂੰ ਪੁਰਾਣੇ ਨੋਟ ਬਦਲਣ ਦਾ ਪੂਰਾ ਮੌਕਾ ਕਿਉਂ ਨਹੀਂ ਦਿੱਤਾ ਗਿਆ! ਯਾਨੀ ਚਿੜੀ ਦੇ ਖੇਤ ਚੁਗ ਲੈਣ ਤੋਂ ਬਾਅਦ ਰਖਵਾਲੀ ਦਾ ਪ੍ਰਬੰਧ ਕਰਨ ਦੀ ਗੱਲ ਕੀਤੀ ਜਾ ਰਹੀ ਹੈ ਜੋ ਪੂਰੀ ਤਰਾਂ ਬੇਮਤਲਬ ਹੈ। ਇਸ ਤਰਾਂ ਅਸੀ ਦੇਖਦੇ ਹਾਂ ਕਿ ਮੌਜੂਦਾ ਸਰਮਾਏਦਾਰਾ ਢਾਂਚੇ ਵਿੱਚ ਸੰਸਦ ਅਤੇ ਅਦਾਲਤ ਵਰਗੇ ਅੰਗ ਸੱਤਾਧਾਰੀ ਜਮਾਤ ਦੇ ਹਮਲੇ ਤੋਂ ਲੋਕਾਂ ਦੇ ਹੱਕਾਂ ਦੀ ਰਾਖੀ ਵਿੱਚ ਕੋਈ ਪ੍ਰਭਾਵੀ ਭੂਮਿਕਾ ਨਿਭਾਉਣ ਦੇ ਸੰਦ ਨਹੀਂ ਹਨ।

**ਲਲਕਾਰ 'ਚੋਂ ਧੰਨਵਾਦ ਸਹਿਤ**

# ਥਾਮਸ ਅਲਵਾ ਐਡੀਸਨ : ਵੱਡਾ ਕਾਢੀ, ਵਡੇਰਾ ਉਦਮੀ







ਬਿਜਲੀ ਦਾ ਲੈਂਪ ਦਰਅਸਲ ਪਹਿਲਾਂ ਖੋਜਿਆ ਜਾ ਚੁੱਕਿਆ ਸੀ ਪਰ ਇਸ ਨੂੰ ਆਮ ਵਰਤੋਂ ਵਿੱਚ ਲਿਆਉਣ ਯੋਗ ਐਡੀਸਨ ਨੇ ਬਣਾਇਆ।

ਉਨ੍ਹਾਂ ਨੂੰ ਆਪਣੀ ਇੱਕ ਕਾਢ, ਫੋਨੋਗ੍ਰਾਫ ਉੱਤੇ ਬਹੁਤ ਨਾਜ਼ ਸੀ। ਉਨ੍ਹਾਂ ਦਾ ਖਿਆਲ ਸੀ ਕਿ ਫੋਨੋਗ੍ਰਾਫ ਦੀ ਮਦਦ ਨਾਲ ਮੌਤ ਦੇ ਕੰਡੇ ਉੱਤੇ ਪਏ ਬੰਦੇ ਦੀਆਂ ਆਖ਼ਰੀ ਗੱਲਾਂ ਰਿਕਾਰਡ ਕੀਤੀਆਂ ਜਾ ਸਕਦੀਆਂ ਹਨ।

**ਬਚਪਨ ਤੋਂ ਅਰਧ-ਬੋਲ਼ੇ ਸੀ ਐਡੀਸਨ**

ਉਹ ਖੁਦ ਬਚਪਨ ਤੋਂ ਅਰਧ-ਬੋਲ਼ੇ ਸਨ। ਕਹਾਣੀ ਹੈ ਕਿ ਟ੍ਰਾਮਗੱਡੀ ਦੇ ਖੂੰਜੇ ਵਿੱਚ ਪ੍ਰਯੋਗ ਵਾਸਤੇ ਅੱਗ ਬਾਲਦੇ ਫੜੇ ਜਾਣ ਉੱਤੇ ਕੰਡਕਟਰ ਨੇ ਕੰਨ ਉੱਤੇ ਜ਼ੋਰ ਦੀ ਚਪੇੜ ਮਾਰੀ, ਜਿਸ ਕਰ ਕੇ ਉਹਦੇ ਕੰਨ ਖ਼ਰਾਬ ਹੋ ਗਏ।

ਪਹਿਲਾ ਫੋਨੋਗ੍ਰਾਫ ਸੁਨਣ ਵਾਸਤੇ ਉਨ੍ਹਾਂ ਨੇ ਫੋਨੋਗ੍ਰਾਫ ਉੱਤੇ ਦੰਦੀ ਵੱਢੀ ਤਾਂ ਕਿ ਦੰਦ ਰਾਹੀਂ ਆਵਾਜ਼ ਸਿੱਧੇ ਕੰਨ ਦੇ ਅੰਦਰੂਨੀ ਹਿੱਸੇ ਵਿੱਚ ਪਹੁੰਚ ਸਕੇ।

**ਐਡੀਸਨ ਦੀ ਵਿਗਿਆਨ ਬਾਰੇ ਨਵੀਂ ਸੋਚ**

ਐਡੀਸਨ ਦੇ ਕੰਮ-ਧੰਦਿਆਂ ਦੇ ਤਰੀਕਿਆਂ ਨਾਲ ਤਕਨਾਲੋਜੀ ਦੀ ਨਵੀਂ ਸਮਝ ਬਣੀ। ਬਲਬ ਵਿੱਚ ਧਾਤੂ ਦੇ ਸੂਤ ਤੋਂ ਲੰਘਦੀ ਬਿਜਲੀ ਦੀ ਵਜ੍ਹਾ ਨਾਲ ਖਿੰਡਰਦੀ ਰੋਸ਼ਨੀ ਤਾਂ ਉਨ੍ਹਾਂ ਨੇ ਲੱਭ ਲਈ ਪਰ ਉਸ ਨੂੰ ਦੁਨੀਆ ਵਿੱਚ ਕਿਵੇਂ ਫੈਲਾਇਆ ਜਾਵੇ?

ਉਨ੍ਹਾਂ ਨੇ ਇਹ ਸਮਝ ਬਣਾਈ ਕਿ ਤਕਨਾਲੋਜੀ ਸਿਰਫ਼ ਕੋਈ ਮਸ਼ੀਨ, ਨਵੇਂ ਸੰਦਾਂ ਜਾਂ ਤਕਨੀਕਾਂ ਦੀ ਖੋਜ ਹੀ ਨਹੀਂ ਹੁੰਦੀ ਬਲਕਿ ਇਸ ਨੂੰ ਸਾਰਥਕ ਬਣਾਉਣ ਵਾਸਤੇ ਪੂਰਾ ਨਿਜ਼ਾਮ ਚਾਹੀਦਾ ਹੈ।

ਲੋਕਾਂ ਤੱਕ ਪਹੁੰਚਾਉਣਾ, ਉਨ੍ਹਾਂ ਤੋ ਸਹੀ ਕੀਮਤ ਵਸੂਲਣਾ, ਇਸ ਲਈ ਦਫ਼ਤਰ ਦਾ ਹੋਣਾ, ਲੋਕਾਂ ਨੂੰ ਕੰਮ ਉੱਤੇ ਲਾਉਣਾ, ਇਹ ਸਭ ਕੁਝ ਜ਼ਰੂਰੀ ਹੈ।

**ਐਡੀਸਨ ਦੇ ਨਾਂਅ 1093 ਪੇਟੈਂਟ**

ਜੇ ਬਲਬ ਅਤੇ ਧਾਤੂ ਦੇ ਸੂਤ ਨੂੰ ਹਵਾ ਵਿੱਚ ਸੜ ਜਾਣ ਤੋਂ ਬਚਾਉਣ ਲਈ ਬਲਬ ਵਿੱਚ ਘੱਟ ਦਬਾਅ ਪੈਦਾ ਕਰਨ ਵਰਗੀਆਂ ਬਾਕੀ ਤਕਨੀਕੀ ਗੱਲਾਂ ਹਾਰਡਵੇਅਰ ਹਨ ਤਾਂ ਉਸ ਨੂੰ ਧੰਧੇ ਰਾਹੀਂ ਵੱਡੇ ਪੈਮਾਨੇ ਉੱਤੇ ਵਿਕਸਿਤ ਕਰਨਾ ਤਕਨਾਲੋਜੀ ਦਾ ਸਾਫਟਵੇਅਰ ਹੈ। ਵੱਡੇ ਪੈਮਾਨੇ ਉੱਤੇ ਬਿਜਲੀ ਦੀ ਰੋਸ਼ਨੀ ਦੀ ਵਰਤੋਂ ਲਈ ਐਡੀਸਨ ਨੂੰ ਇਹ ਪੂਰਾ ਨਿਜ਼ਾਮ ਬਣਾਉਣਾ ਪਿਆ।

ਉਹ ਹਰ ਕਾਢ ਦੀ 'ਇਨਵੈਨਸਨ ਫੈਕਟਰੀ' ਚਲਾਉਂਦੇ ਸਨ। ਉਨ੍ਹਾਂ ਦਾ ਇਹ ਮਾਡਲ ਬਾਅਦ 'ਚ ਸਟੈਂਡਰਡ ਮਾਡਲ ਬਣ ਗਿਆ। ਫੋਨੋਗ੍ਰਾਫ ਦਾ ਦੌਰ ਗੁਜ਼ਰ ਗਿਆ ਪਰ ਜਿਸ ਨੇ ਵੀ ਸੰਗੀਤ ਦੇ ਪੁਰਾਣੇ ਰਿਕਾਰਡ ਸੁਣੇ ਹਨ, ਉਹ ਅੱਜ ਵੀ ਡਿਜੀਟਲ ਸੰਗੀਤ ਦੀਆਂ ਤਮਾਮ ਉਚਾਈਆਂ ਦੇ ਬਾਵਜੂਦ ਓਸੇ ਘੁੰਮਦੇ ਰਿਕਾਰਡ ਵਿੱਚ ਪਿੰਨ ਰਾਹੀਂ ਆਉਂਦੀ ਆਵਾਜ਼ ਦੇ ਦੀਵਾਨੇ ਹਨ।

ਐਡੀਸਨ ਦੇ ਨਾਂ 1093 ਕਾਢਾਂ ਦੇ ਪੇਟੈਂਟ ਹਨ, ਜੋ ਕਿਸੇ ਵੀ ਇੱਕ ਬੰਦੇ ਦੇ ਨਾਂ ਉੱਤੇ ਪੇਟੈਂਟਾਂ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਸੰਖਿਆ ਹੈ। ਐਡੀਸਨ ਦਾ ਹੁਨਰਮੰਦ ਬਣਨ ਦਾ ਫਾਰਮੂਲਾ ਅੱਜ ਇਲੈਕਟ੍ਰੋਨਿਕ ਵੋਟਿੰਗ ਮਸ਼ੀਨ ਬਾਰੇ ਬਹਿਸ ਹੁੰਦੀ ਹੈ, ਇਸ ਦਾ ਪਹਿਲਾ ਰੂਪ ਉਨ੍ਹਾਂ ਦੀ ਪਹਿਲੇ ਪੇਟੈਂਟ ਵਾਲੀ ਟੈਲੀਗ੍ਰਾਫਿਕ ਵੋਟਿੰਗ ਮਸ਼ੀਨ ਸੀ, ਉਸ ਨੂੰ ਵੀ ਬਹਿਸ ਤੋਂ ਬਾਅਦ ਲੋਕਾਂ ਨੇ ਨਾਮਨਜ਼ੂਰ ਕਰ ਦਿੱਤਾ ਸੀ। ਉਨ੍ਹਾਂ ਦੀਆਂ ਕਈ ਕਾਢਾਂ ਬੇਕਾਰ ਸਾਬਿਤ ਹੋਈਆਂ ਪਰ ਬਚਪਨ ਦੀ ਗ਼ਰੀਬੀ ਵਿੱਚੋਂ ਬਾਹਰ ਆ ਕੇ ਵੱਡਾ ਕਾਢੀ ਬਣਨ ਤੱਕ ਦੀ ਰੁਮਾਨੀ ਜ਼ਿੰਦਗੀ ਨੇ ਉਨ੍ਹਾਂ ਬਾਰੇ ਦੰਤ-ਕਥਾਵਾਂ ਪ੍ਰਚਲਿਤ ਕਰ ਦਿੱਤੀਆਂ।

ਟੈਲੀਗ੍ਰਾਫ ਨਾਲ ਉਨ੍ਹਾਂ ਦਾ ਡੂੰਘਾ ਲਗਾਅ ਸੀ। ਆਪਣੀ ਹੋਣ ਵਾਲੀ ਵਹੁਟੀ ਨੂੰ ਵਿਆਹ ਦੀ ਤਜਵੀਜ਼ ਟੈਲੀਗ੍ਰਾਫ ਰਾਹੀਂ ਭੇਜੀ ਅਤੇ ਪਹਿਲੇ ਦੋ ਬੱਚਿਆਂ ਦੇ ਨਾਂ 'ਡਾਟ' ਅਤੇ 'ਡੈਸ਼' ਰੱਖੇ (ਮੋਰਸ ਕੋਡ ਦੇ ਅੱਖਰ)।

ਕਿਸੇ ਨੇ ਉਨ੍ਹਾਂ ਨੂੰ ਪੁੱਛਿਆ ਕਿ ਉਨ੍ਹਾਂ ਦੀ ਕਾਮਯਾਬੀ ਦਾ ਰਾਜ਼ ਕੀ ਹੈ? ਤਾਂ ਉਨ੍ਹਾਂ ਆਖਿਆ ਕਿ ਬੰਦਾ ਮਿਹਨਤ, ਲਗਨ ਅਤੇ ਆਮ ਸਮਝ ਨਾਲ ਹੀ ਹੁਨਰਮੰਦ ਬਣਦਾ ਹੈ।

**ਐਡੀਸਨ ਜੇ ਅਜੋਕੇ ਵਕਤ ਜਨਮੇ ਹੁੰਦੇ?**

ਜਿਵੇਂ ਹੋਣਹਾਰ ਬੱਚਿਆਂ ਨਾਲ ਅਕਸਰ ਵਾਪਰਦਾ ਹੈ, ਐਡੀਸਨ ਨੂੰ ਵੀ ਬਚਪਨ ਵਿੱਚ ਅਧਿਆਪਕਾਂ ਨੇ ਮੰਦਬੁੱਧੀ ਮੰਨ ਲਿਆ ਸੀ।

ਪਰ ਇਹ ਰੋਚਕ ਸਵਾਲ ਹੈ ਕਿ ਜੇ ਐਡੀਸਨ ਆਪਣੇ ਸਮੇਂ ਦੇ ਜਾਂ ਅੱਜ ਦੇ ਭਾਰਤ ਵਿੱਚ ਪੈਦਾ ਹੁੰਦਾ ਤਾਂ ਕੀ ਉਹ ਉਨ੍ਹਾਂ ਕਾਢਾਂ ਨੂੰ ਕੱਢ ਸਕਦਾ, ਜਿਨ੍ਹਾਂ ਕਰਕੇ ਉਹ ਜਾਣਿਆ ਜਾਂਦਾ ਹੈ?

ਕੀ ਕਿਸੇ ਖੋਜੀ ਨੂੰ ਠੀਕ ਸਮਾਜਿਕ-ਸਿਆਸੀ ਹਾਲਾਤ ਜ਼ਰੂਰੀ ਹੁੰਦੇ ਹਨ? ਜ਼ਾਹਰ ਹੈ ਕਿ ਉਨ੍ਹਾਂ ਦੀ ਆਮ ਸਮਝ ਹੋਰਾਂ ਨਾਲੋਂ ਵੱਖਰੀ ਸੀ ਜਾਂ ਉਸ ਜ਼ਮਾਨੇ ਦਾ ਅਮਰੀਕੀ ਸਮਾਜ ਉਨ੍ਹਾਂ ਵਾਸਤੇ ਤਿਆਰ ਸੀ।

(ਬੀਬੀਸੀ ਪੰਜਾਬੀ ਦੇ ਫੇਸਬੁੱਕ ਪੰਨੇ ਉੱਤੇ ਜਾਣ ਲਈ ਇੱਥੇ ਕਲਿੱਕ ਕਰੋ ਇਸੇ ਤਰ੍ਹਾਂ ਲਿੰਕ ਉੱਤੇ ਕਲਿੱਕ ਕਰਕੇ ਇੰਸਟਾਗਰਾਮ ਪੰਨਾ ਦੇਖੋ।)

ਉਨ੍ਹਾਂ ਦੀਆਂ ਕਾਢਾਂ ਨਾਲ ਜਿਹੜੇ ਵੱਡੇ ਬਦਲਾਅ ਆਏ, ਸਮਾਜ ਨੇ ਖੁੱਲ੍ਹੇ ਦਿਲ ਨਾਲ ਉਨ੍ਹਾਂ ਨੂੰ ਸਵੀਕਾਰ ਕੀਤਾ।

# ਅਵਾਰਾ ਕੁੱਤਿਆਂ ਦਾ ਆਤੰਕ

ਗੋਬਿੰਦਰ ਸਿੰਘ ਢੀਂਡਸਾ
092560-66000



ਆਮ ਵੇਖਣ ਵਿੱਚ ਆਉਂਦਾ ਹੈ ਕਿ ਜ਼ਿਆਦਾਤਰ ਘਰਾਂ ਵਿੱਚ ਕੁੱਤਾ ਪਾਲਿਆ ਜਾਂਦਾ ਹੈ ਕਿਉਂਕਿ ਪਾਲਤੂ ਜਾਨਵਰਾਂ ਵਿੱਚ ਕੁੱਤੇ ਨੂੰ ਵਫ਼ਦਾਰੀ ਅਤੇ ਸਵਾਮੀ ਭਗਤੀ ਦੇ ਲਈ ਜਾਣਿਆ ਜਾਂਦਾ ਹੈ। ਕੁੱਤਿਆਂ ਦੀ ਵਫ਼ਾਦਰੀ ਦੀਆਂ ਅਨੇਕਾਂ ਹੀ ਕਹਾਣੀਆਂ ਅਤੇ ਘਟਨਾਵਾਂ ਮਿਲਦੀਆਂ ਹਨ। ਕੁੱਤੇ ਦੀ ਸਵਾਮੀ ਭਗਤੀ ਦੀ ਉਦਾਹਰਣ ਦੇ ਤੌਰ ਤੇ ਪੁਰਾਤਣ ਕਹਾਣੀਆਂ ਜਾਂ ਦੰਤ ਕਥਾਵਾਂ ਵਿੱਚ ਕਿਹਾ ਜਾਂਦਾ ਹੈ ਕਿ ਮਹਾਰਾਜ ਯੁਧਿਸ਼ਟਰ ਨੂੰ ਸਵਰਗ ਤੱਕ ਲਿਜਾਣ ਵਾਲਾ ਕੁੱਤਾ ਹੀ ਸੀ।ਕੁੱਤਿਆਂ ਦੀਆਂ ਕਈ ਨਸਲਾਂ ਹਨ। ਕੁਝ ਨਸਲ ਦੇ ਕੁੱਤਿਆਂ ਦੀ ਪੁਲਿਸ ਵੱਲੋਂ ਵੀ ਤਫਤੀਸ਼ ਲਈ ਵਰਤੋਂ ਕੀਤੀ ਜਾਂਦੀ ਰਹੀ ਹੈਅਤੇ ਕੁਝ ਨਸਲ ਦੇ ਕੁੱਤਿਆਂ ਦੀ ਵਰਤੋਂ ਸ਼ਿਕਾਰੀਆਂ ਦੁਆਰਾ ਸ਼ਿਕਾਰ ਕਰਨ ਲਈ ਵੀ ਕੀਤੀ ਜਾਂਦੀ ਰਹੀ ਹੈ। ਅੱਜ ਕਲ੍ਹ ਦੇ ਦੌਰ ਵਿੱਚ ਕੁੱਤੇ ਪਾਲਣ ਨੂੰ ਆਰਥਿਕਤਾ ਨਾਲ ਵੀ ਜੋੜ ਕੇ ਵੇਖਿਆ ਜਾਂਦਾ ਹੈ ਕਿਉਂਕਿ ਵਧੀਆਂ ਨਸਲ ਦੇ ਕੁੱਤੇ ਪਾਲਣ ਅਤੇ ਵੇਚਣ ਦਾ ਬਹੁਤ ਲੋਕਾਂ ਨੇ ਕਾਰੋਬਾਰ ਵੀ ਕੀਤਾ ਹੋਇਆ ਹੈ ਜੋ ਕਿ ਉਹਨਾਂ ਦੀ ਆਮਦਨੀ ਦਾ ਸਾਧਨ ਹੈ। ਇੱਥੇ ਇਹ ਕਹਿਣਾ ਕੋਈ ਅੱਤ ਕੱਥਨੀ ਨਹੀਂ ਕਿ ਕਿਸੇ ਦੁਆਰੇ ਪਾਲੇ ਜਾਂ ਰੱਖ ਗਏ ਕੁੱਤੇ ਆਮ ਲੋਕਾਂ ਲਈ ਓਨੀ ਸਮੱਸਿਆ ਉਤਪੰਨ ਨਹੀਂ ਕਰਦੇ ਜਿੰਨੀ ਅਵਾਰਾ ਕੁੱਤੇ ਬਸ਼ਰਤੇ ਉਹਨਾਂ ਦੇ ਮਾਲਕ ਵੱਲੋਂ ਉਹਨਾਂ ਦੀ ਪੂਰੀ ਜ਼ਿੰਮੇਵਾਰੀ ਨਾਲ ਨਜ਼ਰ ਸਾਨੀ ਕੀਤੀ ਜਾਵੇ।ਕਿਉਂਕਿ ਕਈ ਵਾਰ ਕੁੱਤੇ ਦੇ ਮਾਲਕਾਂ ਦੀ ਅਣਗਹਿਲੀ ਸਕਦਾ ਕਈ ਲੋਕਾਂ ਤੇ ਕੁੱਤਿਆਂ ਨੇ ਜਾਨਲੇਵਾ ਹਮਲੇ ਕੀਤੇ ਹਨ।

ਸ਼ਹਿਰਾਂ ਪਿੰਡਾਂ ਵਿੱਚ ਅਵਾਰਾ ਕੁੱਤਿਆਂ ਨੇ ਬਹੁਤ ਸਮੱਸਿਆਵਾਂ ਨੂੰ ਜਨਮ ਦਿੱਤਾ ਹੈ। ਅਵਾਰਾ ਕੁੱਤੇ ਘਰੇਲੂ ਕੁੱਤਿਆਂ ਤੋਂ ਕਿਤੇ ਜ਼ਿਆਦਾ ਖਤਰਨਾਕ ਸਿੱਧ ਹੋ ਰਹੇ ਹਨ ਕਿਉਂਕਿ ਉਹਨਾਂ ਤੇ ਕਿਸੇ ਦੀ ਲਗਾਮ ਨਹੀਂ ਹੁੰਦੀ। ਅਖਬਾਰਾਂ ਵਿੱਚ ਅਜਿਹੀਆਂ ਅਨੇਕਾਂ ਹੀ ਖਬਰਾਂ ਪੜ੍ਹਨ ਨੂੰ ਮਿਲਦੀਆਂ ਹਨ ਜਿਹਨਾਂ ਤੋਂ ਅਵਾਰਾ ਕੁੱਤਿਆਂ ਦੇ ਆਤੰਕ ਦੀ ਪੁਸ਼ਟੀ ਹੁੰਦੀ ਹੈ। ਅਵਾਰਾ ਕੁੱਤਿਆਂ ਦੇ ਹਮਲਿਆਂ ਦਾ ਸ਼ਿਕਾਰ ਬਹੁਤ ਲੋਕ ਹੋ ਰਹੇ ਹਨ। ਵੱਸੋਂ ਖੇਤਰ ਤੋਂ ਬਾਹਰ ਬਣੀਆਂ ਮ੍ਰਿਤ ਪਸ਼ੂਆਂ ਲਈ ਕੰਲਗਾਬਾੜੀਆਂ ਦੇ ਲਾਗੇ ਦੇ ਕੁੱਤਿਆਂ ਨੂੰ

ਮਾਸ ਖੁੱਲ੍ਹਾ ਖਾਣ ਨੂੰ ਮਿਲਦਾ ਹੈ ਅਤੇ ਲਹੂ ਮੂੰਹ ਲੱਗੇ ਇਹ ਕੁੱਤੇ ਰਾਹਗੀਰਾਂ ਦੇ ਨਾਲ ਨਾਲ ਆਲੇ ਦੁਆਲੇ ਦੇ ਲੋਕਾਂ, ਬੱਚਿਆਂ ਅਤੇ ਘਰੇਲੂ ਪਸ਼ੂਆਂ ਆਦਿ ਦੇ ਵੀ ਬੇਕਿਰਕੀ ਨਾਲ ਹਮਲਾ ਕਰਦੇ ਹਨ, ਜਿਹਨਾਂ ਵਿੱਚ ਕਈ ਲੋਕ ਅਤੇ ਪਸ਼ੂ ਜਾਨੋਂ ਹੱਥ ਧੋ ਬੈਠਦੇ ਹਨ ਜਾਂ ਬੁਰੀ ਤਰ੍ਹਾਂ ਜਖਮੀ ਹੋ ਜਾਂਦੇ ਹਨ। ਬੇਸ਼ੱਕ ਕੁੱਤਾ ਮਾਸਾਹਾਰੀ ਜਾਨਵਰ ਹੈ ਪਰੰਤੂ ਕਈ ਵਾਰੀ ਅਵਾਰਾ ਕੁੱਤਿਆਂ ਦੇ ਝੁੰਡ ਕਿਸਾਨਾਂ ਦੀਆਂ ਫ਼ਸਲਾਂ ਨੂੰ ਵੀ ਨੁਕਸਾਨਦੇ ਹਨ, ਇਸ ਨੂੰ ਵੀ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਅਵਾਰਾ ਕੁੱਤਿਆਂ ਦੇ ਡਰ ਕਾਰਨ ਮਾਪੇ ਬੱਚਿਆਂ ਨੂੰ ਕੱਲਿਆ ਬਾਹਰ ਪਾਰਕਾਂ, ਸਟੇਡੀਅਮਾਂ ਆਦਿ ਚ ਖੇਡਣ ਭੇਜਣ ਤੋਂ ਵੀ ਝਿਜਕਦੇ ਰਹਿੰਦੇ ਹਨ ਕਿ ਕਿਧਰੇ ਬੱਚਿਆਂ ਤੇ ਅਵਾਰਾ ਕੁੱਤੇ ਹਮਲਾ ਨਾ ਕਰ ਦੇਣ।

ਕੁੱਤਿਆਂ ਦੀ ਆਬਾਦੀ ਬੇਹਤਾਸ਼ਾ ਦਿਨ ਬ ਦਿਨ ਵੱਧ ਰਹੀ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ।ਅਵਾਰਾ ਕੁੱਤੇ ਜਾਂ ਕੁੱਤਿਆਂ ਦੇ ਝੁੰਡ ਕਈ ਵਾਰ ਸੜਕ ਦੁਰਘਟਨਾਵਾਂ ਦੇ ਕਾਰਨ ਵੀ ਬਣਦੇ ਹਨ। ਪਿੰਡਾਂ ਸ਼ਹਿਰਾਂ ਦੀਆਂ ਗਲੀਆਂ ਮੋੜਾਂ ਦੇ ਕੁੱਤਿਆਂ ਦੇ ਝੁੰਡ ਆਮ ਵੇਖਣ ਨੂੰ ਮਿਲ ਰਹੇ ਹਨ, ਜੋ ਕਿ ਰਾਹਗੀਰਾਂ ਦੇ ਨਾਲ ਨਾਲ ਕਈ ਵਾਰ ਸੰਬੰਧਤ ਗਲੀ ਆਦਿ ਦੇ ਲੋਕਾਂ ਲਈ ਵੀ ਸਮੱਸਿਆ ਦਾ ਕਾਰਨ ਬਣਦੇ ਹਨ। ਕਈ ਵਾਰ ਕੋਈ ਹਲਕਾਅ ਵਾਲਾ ਕੁੱਤਾ ਕਈ ਲੋਕਾਂ ਦੇ ਹਮਲਾ ਕਰ ਦਿੰਦਾ ਹੈ ਅਤੇ ਸਮੇਂ ਰਹਿੰਦੇ ਸੰਬੰਧਤ ਵਿਅਕਤੀ ਨੂੰ ਇੰਜੈਕਸ਼ਨ ਲਗਵਾਉਣੇ ਪੈਂਦੇ ਹਨ ਕਿਉਂਕਿ ਅਜਿਹਾ ਨਾ ਕਰਨ ਤੇ ਵਿਅਕਤੀ ਹਲਕਾਅ ਸਕਦਾ ਹੈ।

ਪਿੰਡਾਂ ਸ਼ਹਿਰਾਂ ਆਦਿ ਵਿੱਚ ਕੁੱਤਿਆਂ ਦੀ ਆਬਾਦੀ ਨੂੰ ਕੰਟਰੋਲ ਕਰਨ ਲਈ ਸੰਬੰਧਤ ਪ੍ਰਸ਼ਾਸਨਿਕ ਇਕਾਈਆਂ ਵੱਲੋਂ ਕਦਮ ਪੁੱਟੇ ਜਾਂਦੇ ਰਹੇ ਹਨ ਜਿਵੇਂ ਕਿ ਨਸਬੰਦੀ ਆਦਿ।ਇਹਨਾਂ ਦੀ ਵੱਧ ਰਹੀ ਬੇਹਾਤਾਸ਼ਾ ਆਬਾਦੀ ਅਤੇ ਅਵਾਰਾ ਕੁੱਤਿਆਂ ਨਾਲ ਜੁੜੀਆਂ ਮੰਦਭਾਗੀਆਂ ਦੁਰਘਟਨਾਵਾਂ ਤੋਂ ਇਹ ਸਪੱਸ਼ਟ ਹੈ ਕਿ ਸਾਡੀਆਂ ਪ੍ਰਸ਼ਾਸਨਿਕ ਇਕਾਈਆਂ ਵੱਲੋਂ ਅਵਾਰਾ ਕੁੱਤਿਆਂ ਦੀ ਸਮੱਸਿਆ ਨੂੰ ਕਾਬੂ ਕਰਨ ਲਈ ਅਜੇ ਨਿਰੰਤਰਤਾ ਨਾਲ ਹੋਰ ਯੋਗ ਉਪਰਾਲੇ ਕਰਨ ਦੀ ਲੋੜ ਹੈ ਤਾਂ ਜੋ ਬੱਚੇ ਸੁਰੱਖਿਅਤ ਬਾਹਰ ਖੇਡ ਸਕਣ ਅਤੇ ਰਾਹਗੀਰ ਸੁਰੱਖਿਅਤ ਵਿਚਰ ਸਕਣ।

## ਹਰੇਕ ਲੇਖਕ ਨੂੰ ਬੋਲਣ ਦਾ ਬੁਨਿਆਦੀ ਹੱਕ: ਸੁਪਰੀਮ ਕੋਰਟ

ਨਵੀਂ ਦਿੱਲੀ : ਦਲਿਤ ਲੇਖਕ ਅਤੇ ਬੁੱਧੀਜੀਵੀ ਕਾਂਚਾ ਇਲੱਈਆ ਵੱਲੋਂ ਲਿਖੀ ਗਈ ਵਿਵਾਦਤ ਕਿਤਾਬ ਸਮਾਜਿਕਾ ਸਮਗਲਰਲੂ ਕੋਮਾਟੋਲੂ (ਵੈਸ਼ਯਾ ਸਮਾਜਿਕ ਸਮਗਲਰ ਹਨ) 'ਤੇ ਸੁਪਰੀਮ ਕੋਰਟ ਨੇ ਪਾਬੰਦੀ ਲਾਉਣ ਤੋਂ ਇਨਕਾਰ ਕਰਦਿਆਂ ਕਿਹਾ ਹੈ ਕਿ ਹਰੇਕ ਲੇਖਕ ਨੂੰ ਆਪਣੇ ਵਿਚਾਰ ਆਜ਼ਾਦਾਨਾ ਢੰਗ ਨਾਲ ਰੱਖਣ ਦਾ ਬੁਨਿਆਦੀ ਹੱਕ ਹਾਸਲ ਹੈ। ਚੀਫ਼ ਜਸਟਿਸ ਦੀਪਕ ਮਿਸ਼ਰਾ ਤੇ ਜਸਟਿਸ ਏ. ਐਮ. ਖਾਨਵਿਲਕਰ ਅਤੇ ਜਸਟਿਸ ਡੀ ਵਾਈ ਚੰਦਰਚੂੜ 'ਤੇ ਆਧਾਰਿਤ ਬੈਂਚ ਨੇ ਵਕੀਲ ਕੇ ਵੀ ਵੀਰਾਂਜੇਨਉਲੂ ਵੱਲੋਂ ਕਿਤਾਬ 'ਤੇ ਪਾਬੰਦੀ ਲਾਉਣ ਦੀ ਮੰਗ ਵਾਲੀ ਜਨਹਿੱਤ ਪਟੀਸ਼ਨ ਨੂੰ ਖ਼ਾਰਜ ਕਰ ਦਿੱਤਾ। ਵਕੀਲ ਨੇ ਦਾਅਵਾ ਕੀਤਾ ਸੀ ਕਿ ਲੇਖਕ ਨੇ ਖਾਸ ਜਾਤਾਂ ਖ਼ਿਲਾਫ਼ ਆਪਣੀ ਕਿਤਾਬ 'ਚ ਆਧਾਰਹੀਣ ਦੋਸ਼ ਲਾਏ ਹਨ ਅਤੇ ਸਮਾਜ ਨੂੰ ਜਾਤ ਦੇ ਆਧਾਰ 'ਤੇ ਵੰਡਣ ਦੀ ਕੋਸ਼ਿਸ਼ ਕੀਤੀ ਹੈ।

## ਸੰਸਾਰ ਮਜ਼ਦੂਰ ਜਮਾਤ ਦਾ ਸ਼ਾਨਮਈ ਇਤਿਹਾਸਕ ਪ੍ਰਾਪਤੀ

# ਮਹਾਨ ਸਮਾਜਵਾਦੀ ਰੂਸੀ ਇਨਕਲਾਬ 1917 ਤੋਂ 100 ਸਾਲ ਦਾ ਸਫ਼ਰ






ਅੱਜ ਤੋਂ 100 ਸਾਲ ਪਹਿਲਾਂ ਰੂਸ ਦੀ ਧਰਤੀ ਉੱਤੇ ਇੱਕ ਅਜਿਹਾ ਮਹਾਨ ਇਨਕਲਾਬ ਹੋਇਆ ਸੀ ਜਿਸ ਵਿੱਚ ਮਜ਼ਦੂਰ ਜਮਾਤ ਨੇ ਕਿਸਾਨਾਂ ਅਤੇ ਹੋਰ ਦੱਬੇ ਕੁਚਲੇ ਲੋਕਾਂ ਨੂੰ ਨਾਲ ਲੈਕੇ ਲੁਟੇਰੀਆਂ ਜਮਾਤਾਂ ਦੇ ਰਾਜ ਨੂੰ ਉਲਟਾ ਦਿੱਤਾ ਸੀ ਅਤੇ ਸੁੱਚੀ ਕਿਰਤ ਕਰਨ ਵਾਲੇ ਕਾਮਿਆਂ ਦਾ ਰਾਜ ਕਾਇਮ ਕੀਤਾ ਸੀ। ਇਹ ਇਨਕਲਾਬ ਰੂਸ ਦੀ ਕਰਾਂਤੀਕਾਰੀ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਮਜ਼ਦੂਰਾਂ, ਕਿਸਾਨਾਂ, ਫੌਜੀਆਂ ਅਤੇ ਦੱਬੀਆਂ ਕੁਚਲੀਆਂ ਕੌਮੀਅਤਾਂ ਦੀ ਇੱਕਮੁੱਠ ਹਥਿਆਰਬੰਦ ਬਗਾਵਤ ਦੇ ਜੋਸਦਕਾ ਨੇਪਰੇ ਚਾੜ੍ਹਿਆ ਗਿਆ ਸੀ। ਇਸ ਨੇ ਸਾਮਰਾਜੀਆਂ ਦੇ ਉਨਾਂ ਧੁਤੂਆਂ ਦੇ ਕੂੜ ਪਰਚਾਰ ਨੂੰ ਮਿੱਟੀ 'ਚ ਮਿਲਾ ਦਿੱਤਾ ਸੀ ਕਿਹੜੇ ਕਹਿੰਦੇ ਸਨ ਕਿ ਮਜ਼ਦੂਰ ਜਮਾਤ ਰਾਜ ਨਹੀ ਕਰ ਸਕੀ। ਰੂਸ ਦੇ ਮਹਾਨ ਅਕਤੂਬਰ ਇਨਕਲਾਬ ਨੇ ਮਜ਼ਦੂਰਾਂ ਅਤੇ ਗਰੀਬ ਕਿਸ਼ਾਨਾਂ ਦਾ ਰਾਜ ਨਾ ਸਿਰਫ ਕਾਇਮ ਕਰਕੇ ਵਿਖਾਇਆ ਬਲਕਿ ਇਾਂਸ ਨੂੰ ਜਮਹੂਰੀ ਢੰਗ ਨਾਲ ਚਲਾ ਕੇ ਵੀ ਦਿਖਾਇਆ। ਇਸ ਨੇ ਸਮਾਜ ਦੇ ਸਾਰੇ ਖੇਤਰਾਂ ਵਿਚ ਅਜਿਹੀਆਂ ਮੱਲਾਂ ਮਾਰੀਆਂ ਜਿਹੜੀਆਂ ਸਰਮਾਾਂਏਦਾਰੀ ਦੇ ਕਈ ਸਦੀਆਂ ਦੇ ਰਾਜ ਵਿਚ ਵੀ ਸੰਭਵ ਨਹੀ ਹੋਈਆਂ।

ਰੂਸੀ ਮਜਦੂਰ ਜਮਾਤ ਦੀ ਅਗਵਾਈ 'ਚ ਅਕਤੂਬਰ ਇਕਨਲਾਬ ਉਸ ਸਮੇ ਹੋਇਆ ਜਦੋਂ ਸਾਮਰਾਜੀ ਲੁਟੇਰਿਆਂ ਨੇ ਦੱਬੇ ਕੁਚਲੇ ਦੇਸ਼ਾਂ ਨੂੰ ਗੁਲਾਮ ਬਨਾਉਣ ਲਈ ਪੂਰੀ ਦੁਨੀਆਂ ਨੂੰ ਪਹਿਲੀ ਸੰਸਾਰ ਜੰਗ ਦੀ ਭੱਠੀ 'ਚ ਝੋਕਿਆ ਹੋਇਆ ਸੀ। ਇਹ ਜੰਗ ਪਛੜੇ ਦੇਸ਼ਾਂ ਦੇ ਕੁਦਰਤੀ ਸੋਮਿਆਂ ਕਿਰਤ ਮੁਕਤੀ ਅਤੇ ਉਨਾਂ ਦੀਆਂ ਮੰਡੀਆਂ ਉਪਰ ਕਬਜੇ ਕਰਨ ਅਤੇ ਉਨਾਂ ਨੂੰ ਆਪਣੇ ਅਧੀਨ ਲਿਆਉਣ ਲਈ ਲੜੀ ਗਈ ਸੀ। ਉਸ ਸਮੇ ਰੂਸ਼ ਅੰਦਰ ਜਾਰਸ਼ਾਹੀ ਹਕੂਮਤ ਵੱਡੇ ਜਗੀਰਦਾਰਾਂ ਅਤੇ ਸਰਮਾਏਦਾਰਾਂ ਦੀ ਨੁਮਾਇੰਦਗੀ ਕਰਦੀ ਸਾਮਰਾਜੀ ਹਕੂਮਤ ਸੀ ਜੋ ਲੁਟ ਦੇ ਮਾਲ ਚੋਂ ਹਿੱਸਾ ਵੰਡਾਉਣ ਲਈ ਸਾਮਰਾਜੀ ਜੰਗ ਵਿਚ ਸ਼ਾਮਲ ਸੀ ਅਤੇ ਰੂਸੀ ਲੋਕਾਂ ਨੂੰ ਭੁੱਖੇ ਮਰਨ ਅਤੇ ਤੋਪਾਂ ਦਾ ਖਾਜ਼ਾ ਬਨਣ ਲਈ ਮਜ਼ਬੂਰ ਕਰ ਰਹੀ ਸੀ। ਲੋਕਾਂ ਨੂੰ ਜ਼ਿੰਦਾ ਰਹਿਣ ਲਈ ਰੋਟੀ, ਜ਼ਮੀਨ ਅਤੇ ਅਮਨ ਦੀ ਜਰੂਰਤ ਸੀ ਪਰ ਰੂਸੀ ਜ਼ਾਰਸ਼ਾਹੀ ਹਕੂਮਤ ਲੋਕਾਂ ਦੀਆਂ ਇੰਨਾਂ ਫੋਰੀ ਅਤੇ ਬੁਨਿਆਦੀ ਲੋੜਾਂ ਤੋਂ ਬੇਮੁੱਖ ਹੋਕੇ ਲੋਕਾਂ ਦਾ ਜੰਗ ਅੰਦਰ ਘਾਣ ਕਰਨ 'ਤੇ ਤੁਲੀ ਹੋਈ ਸੀ। ਇਨ੍ਹਾਂ ਹਾਲਤਾਂ ਵਿੱਚ ਰੂਸੀ ਕਮਿਊਨਿਸਟ ਪਾਰਟੀ ਦੀ ਅਗਵਾਈ 'ਚ ਮਜਦੂਰ, ਕਿਸਾਨ ਅਤੇ ਹੋਰ ਦੱਬੇ ਕੁਚਲੇ ਲੋਕਾਂ ਨੇ ਪਹਿਲਾਂ ਜ਼ਾਰਸ਼ਾਹੀ ਅਤੇ ਫਿਰ ਸਰਮਾਏਦਾਰੀ ਜਮਾਤ ਦੀਆਂ ਹਕੂਮਤਾਂ ਦਾ ਭੋਗ ਪਾਕੇ ਰਾਜ ਸੱਤਾ ਆਪਣੇ ਹੱਥ ਵਿੱਚ ਲੈ ਲਈ।

ਇਨਕਲਾਬ ਰਾਹੀ ਕਇਮ ਹੋਈ ਮਜਦੂਰਾਂ ਅਤੇ ਗਰੀਬ ਕਿਸਾਨਾਂ ਦੀ ਸਮਾਜਵਾਦੀ ਸੱਤਾ ਨੇ ਬਣਦਿਆਂ ਸਾਰ ਸਾਮਰਾਜੀ ਜੰਗ 'ਚੋਂ ਬਾਹਰ ਆਉਣ ਦਾ ਐਲਾਨ ਕਰਕੇ ਲੋਕਾਂ ਨੂੰ ਅਮਨ, ਜਾਮੀਰਦਾਰਾਂ ਦੀਆਂ ਜਮੀਨਾਂ ਜ਼ਬਤ ਕਰਕੇ ਗਰੀਬ ਕਿਸਾਨਾਂ 'ਚ ਵੰਡਣ, ਫੈਕਟਰੀਆਂ ਅਤੇ ਵਪਾਰ ਨੂੰ ਸਰਕਾਰੀ ਕੰਟਰੋਲ ਹੇਠ ਕਰਕੇ ਮਜਦੂਰਾਂ ਨੂੰ ਰੁਜਗਾਰ ਦੇਣ ਦੇ ਤਰੁੰਤ ਐਲਾਨ ਕੀਤੇ ਗਏ। ਸਾਰਾ ਆਰਥਿਕ ਅਤੇ ਸਿਆਸੀ ਪ੍ਰਬੰਧ ਮਜਦੂਰਾਂ, ਕਿਸਾਨਾਂ ਅਤੇ ਫੋਜੀਆਂ ਦੀਆਂ ਚਣੀਆਂ ਹੋਈਆਂ ਸੰਸਥਾਵਾਂ ਜਿਨ੍ਹਾਂ ਨੂੰ ਸੋਵੀਅਤਾਂ ਕਿਹਾ ਜਾਂਦਾ ਸੀ, ਦੇ ਹਵਾਲੇ ਕਰ ਦਿੱਤਾ ਗਿਆ। ਵੱਡ ਰੂਸੀ ਕੌਮ ਵੱਲੋ ਦਬਾਈਆਂ ਵੱਖ-ਵੱਖ ਕੋਮੀਅਤਾਂ ਨੂੰ ਆਤਮ ਨਿਰਣੇ ਦਾ ਅਧਿਕਾਰ ਦੇ ਕੇ ਉਨ੍ਹਾਂ ਨੂੰ ਰੂਸ ਨਾਲ ਰਹਿਣ ਜਾਂ ਨਾਂ ਰਹਿਣ ਦੀ ਅਜ਼ਾਦੀ ਦਿੱਤੀ ਗਈ। ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਦੇ ਕੇ ਲਿੰਗ ਅਧਾਰਤ ਵਿਤਕਰੇਬਾਜ਼ੀ ਨੂੰ ਖਤਮ ਕਰ ਦਿੱਤਾ ਗਿਆ। ਰੂਸੀ ਇਨਕਲਾਬ ਅੰਦਰ ਔਰਤਾਂ ਦੀ ਪਹਿਲਾਂ ਹੀ ਬਹੁਤ ਵੱਡੇ ਪੱਧਰ ਤੇ ਸਮੂਲੀਅਤ ਸੀ। ਸਮਾਜਵਾਦੀ ਰਾਜ ਕਾਇਮ ਹੋਣ ਬਾਅਦ ਔਰਤਾਂ ਨੂੰ ਰਸੋਈ ਦੇ ਕੰਮਾਂ ਤੋ ਸੁਰਖਰੂ ਕਰਕੇ ਪੈਦਾਵਾਰੀ ਅਮਲ ਨਾਲ ਜੋੜਿਆ ਗਿਆ ਅਤੇ ਉਨ੍ਹਾਂ ਨੂੰ ਸਿਆਸੀ ਅਤੇ ਸਭਿਆਚਾਰਕ ਸਰਗਰਮੀਆਂ ਵਿੱਚ ਹਿੱਸਾ ਲੈਣ ਦੇ ਪੂਰੇ ਮੌਕੇ ਮੁਹੱਈਆ ਕੀਤੇ ਗਏ। ਵੇਸ਼ਵਾਗਮਨੀ ਨੂੰ ਮੁਕੰਮਲ ਤੌਰ ਤੇ ਖਤਮ ਕਰਕੇ ਔਰਤਾਂ ਨੂੰ ਜਿਲਤ ਭਰੀ ਜ਼ਿੰਦਗੀ 'ਚੋਂ ਬਾਹਰ ਕੱਢਕੇ ਸਨਮਾਨਜਨਕ ਜਿੰਦਗੀ ਜਿਉਣ ਦੇ ਦਰ ਖੋਲ੍ਹ ਦਿੱਤੇ ਗਏ। ਹਰ ਇੱਕ ਨੂੰ ਵਿੱਦਿਆ ਅਤੇ ਸਿਹਤ ਸਹੂਲਤਾਂ ਦੀ ਗਰੰਟੀ ਕਰਕੇ ਅਨਪੜ੍ਹਤਾ ਅਤੇ ਬਿਮਾਰੀਆਂ ਨੂੰ ਖਤਮ ਕਰਨ ਵਾਸਤੇ ਸਮਾਜਵਾਦੀ ਹਕੂਮਤ ਨੇ ਵਿਸ਼ੇਸ਼ ਯਤਨ ਜੁਟਾਏ ਜਿਨ੍ਹਾਂ ਸਦਕਾ ਲੋਕਾਂ ਦਾ ਬੋਧਿਕ ਪੱਧਰ ਉੱਚਾ ਹੋਇਆ ਅਤੇ ਉਹ ਤੰਦਰੁਸਤ ਜੀਵਨ ਵਸਰ ਕਰਨ ਲੱਗੇ।

ਮਨੁੱਖ ਜਾਤੀ ਦੇ ਇਤਿਹਾਸ ਅੰਦਰ ਦੱਬੇ ਕੁਚਲੇ ਲੋਕਾਂ ਨੇ ਲੁਟੇਰੀਆਂ ਅਤੇ ਜਾਬਰ ਜਮਾਤਾਂ ਦੇ ਖਿਲਾਫ ਅਣਗਿਣਤ ਬਗਾਵਤਾਂ ਕੀਤੀਆਂ ਜਿੰਨ੍ਹਾਂ ਦੇ ਸਿੱਟੇ ਵੱਜੋ ਰਾਜ ਪ੍ਰਬੰਧਾਂ ਅੰਦਰ ਵੱਡੀਆਂ ਤਬਦੀਲੀਆਂ ਆਈਆਂ ਪਰ ਇਨ੍ਹਾਂ ਤਬਦੀਲੀਆਂ ਦੇ ਸਿੱਟੇ ਵਜੋ ਲੋਕਾਂ ਦੀ ਕਿਸਮਤ ਚ ਕੋਈ ਬੁਨਿਆਦੀ ਫਰਕ ਨਾਂ ਪਿਆ ਕਿਉਕਿ ਇੱਕ ਲੁਟੇਰੇ ਅਤੇ ਧੱਕੜ ਰਾਜ ਪ੍ਰਬੰਧ ਦੀ ਥਾਂ ਕੋਈ ਦੂਸਰਾ ਲੁਟੇਰਾਂ ਅਤੇ ਜਾਲਮ ਰਾਜ ਪ੍ਰਬੰਧ ਕਾਇਮ ਹੁੰਦਾ ਰਿਹਾ। ਇਹ ਰੂਸ ਦਾ ਮਹਾਨ ਅਕਤੂਬਰ ਇਨਕਲਾਬ ਹੀ ਸੀ ਜਿਸਨੇ ਹਰ ਕਿਸਮ ਦੀ ਲੁੱਟ ਅਤੇ ਜਬਰ ਦਾ ਮੁਕੰਮਲ ਖਾਤਮਾਂ ਕਰਨ ਲਈ ਰਾਹ ਪੱਧਰਾਂ ਕਰ ਦਿੱਤਾ। ਇਸ ਮਹਾਨ ਇਨਕਲਾਬ ਨੇ ਦੁਨੀਆਂ ਭਰ ਦੇ ਮਜਦੂਰਾਂ ਅਤੇ ਦੱਬੀਆਂ ਕੁਚਲੀਆਂ ਕੌਮਾਂ ਨੂੰ ਇੱਕ ਨਵਾਂ ਅਤੇ ਦਰੁਸਤ ਭਵਿੱਖ ਨਕਸ਼ਾ ਮੁਹੱਈਆ ਕੀਤਾ। ਇਸ ਤੋ ਪ੍ਰਭਾਵਿਤ ਹੋ ਕੇ ਸਾਮਰਾਜੀ ਪ੍ਰਬੰਧ ਦੇ ਖਿਲਾਫ ਚੱਲ ਰਹੀਆਂ ਮੁਕਤੀ ਲਹਿਰਾਂ ਨੇ ਇੱਕ ਨਵੀ ਦਿਸ਼ਾ ਅਖਤਿਆਰ ਕੀਤੀ ਅਤੇ ਉਹ ਸਮਾਜਵਾਦੀ ਪ੍ਰਬੰਧ ਦੇ ਅੰਗ ਸੰਗ ਹੋ ਕੇ ਤੁਰਨ ਲੱਗੀਆਂ। ਇਸਦੇ ਸਿੱਟੇ ਵੱਜੋ ਅੰਗਰੇਜ਼ਾਂ ਦੇ ਖਿਲਾਫ ਭਾਰਤ ਅੰਦਰ ਚੱਲ ਰਹੀ ਅਜ਼ਾਦੀ ਦੀ ਲੜਾਈ ਅੰਦਰ ਅਤੇ ਚੀਨ, ਵੀਅਤਨਾਮ, ਕੋਰੀਆ ਅਤੇ ਹੋਰ ਦੇਸ਼ਾਂ ਅੰਦਰ ਮਾਰਕਸਵਾਦੀ ਲੈਨਿਨਵਦੀ ਵਿਚਾਰਧਾਰਾ ਦਾ ਪਸਾਰਾ ਹੋਇਆ ਅਤੇ ਉਨ੍ਹਾਂ ਦੇ ਵਿਸ਼ਾਲ ਹਿੱਸੇ ਸੋਵੀਅਤ ਰੂਸ ਅੰਦਰ ਕਾਇਮ ਹੋਏ ਸਮਾਜਵਾਦੀ ਰਾਜ ਨੂੰ ਆਪਣਾ ਆਦਰਸ਼ ਮੰਨਣ ਲੱਗੇ। ਇਸ ਤਰ੍ਹਾਂ ਸਾਬਕਾ ਬਸਤੀਵਾਦੀ ਅਤੇ ਅਰਧ ਬਸਤੀਵਾਦੀ ਦੇਸ਼ਾਂ ਅੰਦਰ ਦੀਆਂ ਠੋਸ ਹਾਲਤਾਂ ਅਨੁਸਾਰ ਇਨਕਲਾਬੀ ਲਹਿਰ ਅੱਗੇ ਵਧੀ ਅਤੇ ਚੀਨ ਅੰਦਰ ਇੱਕ ਲੰਬੀ ਲੜਾਈ ਦੇ ਰਸਤੇ ਰਾਹੀ ਨਵ ਜਮਹੂਰੀ ਇਨਕਲਾਬ ਨੇਪਰੇ ਚਾੜ੍ਹਿਆ ਗਿਆ ਜਿਸਨੇ ਲੋਕਾਂ ਦੇ ਗਲੋ ਸਮਾਜਵਾਦੀ ਅਤੇ ਜਗੀਰਦਾਰੀ ਦਾ ਜੂਲਾ ਲਾਹ ਮਾਰਿਆ।

ਸਮਾਜਵਾਦੀ ਰੂਸ ਦਾ ਸਿਤਾਰਾ ਉਦੋ ਹੋਰ ਬੁਲੰਦੀਆਂ ਛੂਹ ਗਿਆ ਜਦੋ ਦੂਸਰੀ ਸੰਸਾਰ ਜੰਗ ਸਮੇ ਸਾਮਰਾਜਵਾਦੀਆਂ ਦੀ ਸਾਜ਼ਿਸ਼ਾਂ ਖਾਸ ਕਰ ਜਰਮਨ ਦੇ ਤਾਨਾਸ਼ਾਹ ਹਿਟਲਰ ਦੇ ਰੂਸ ਉਪਰ ਹਮਲੇ ਨੂੰ ਪਛਾੜ ਕੇ ਸੋਵੀਅਤ ਯੂਨੀਅਨ ਜੇਤੂ ਹੋ ਕੇ ਨਿਕਲਿਆ ਇਸ ਸਮੇ ਸਮੁੱਚਾ ਸਾਮਰਾਜੀ ਪ੍ਰਬੰਧ ਭਿਆਨਕ ਆਰਥਿਕ ਮੰਦਵਾੜੇ ਦਾ ਸ਼ਿਕਾਰ ਸੀ। ਜੋ ਕਿ ਸਮਾਜਵਾਦੀ ਰੂਸ ਅੰਦਰੂਨੀ ਅਤੇ ਬਾਹਰੀ ਦੁਸ਼ਮਣਾਂ ਵੱਲੋ ਪੈਦਾ ਕੀਤੀਆਂ ਬੇਹੱਦ ਮੁਸੀਬਤਾਂ ਦੇ ਬਾਵਜੂਦ ਆਰਥਿਕ ਤਰੱਕੀ ਉੱਤੇ ਛਾਲਾਂ ਮਾਰ ਅੱਗੇ ਵਧ ਰਿਹਾ ਸੀ। ਹਿਟਲਰ ਦੇ ਨਾਜੀਬਦ ਦੀ ਕਬਰ ਪੁੱਟ ਦੇਣ ਬਾਅਦ ਸਮਾਜਵਾਦੀ ਪ੍ਰਬੰਧ ਲੋਕਾਂ ਅੰਦਰ ਬੇਹੱਦ ਹਰਮਨ ਪਿਆਰਾ ਹੋਇਆ। ਜਿਸ ਕਰਕੇ ਪੂਰਬੀ ਯੂਰਪ ਦੇ ਬਹੁਤ ਸਾਰੇ ਦੇਸ਼ਾਂ ਅੰਦਰ ਲੋਕ ਜਮਹੂਰੀਅਤਾਂ ਕਾਇਮ ਹੋਈਆਂ। ਇਸ ਤਰ੍ਹਾਂ ਬਾਅਦ 'ਚ ਚੀਨ ਅੰਦਰ ਨਵ ਜਮਹੂਰੀ ਇਨਕਲਾਬ ਦੇ ਜੇਤੂ ਹੋਣ ਅਤੇ ਹੋਰ ਥਾਵਾਂ ਤੇ ਕੋਮੀ ਮੁਕਤੀ ਲਹਿਰਾਂ ਦੀ ਚੜ੍ਹਤ ਕਾਰਨ ਦੁਨੀਆਂ ਦੇ ਇਕ ਤਿਹਾਈ ਹਿੱਸੇ ਅੰਦਰ ਮਜਦੂਰ ਜਮਾਤ ਦਾ ਜੇਤੂ ਲਾਲ ਝੰਡਾ ਝੂਲਣ ਲੱਗਿਆ।

ਰੂਸੀ ਇਨਕਲਾਬ ਨੇ ਸਾਮਰਾਜੀ ਪ੍ਰਬੰਧ ਅੰਦਰ ਮਘੋਰਾ ਕਰਕੇ ਇੱਕ ਨਵਾਂ ਅਤੇ ਸਿਫਤੀ ਤੌਰ 'ਤੇ ਵੱਖਰਾ ਲੋਕ ਪੱਖੀ ਰਾਜ ਪ੍ਰਬੰਧ ਦੁਨੀਆਂ ਸਾਹਮਣੇ ਪੇਸ਼ ਕੀਤਾ। ਸਾਮਰਾਜੀਆਂ ਦੀ ਘੇਰਾਬੰਦੀ, ਪੁਰਾਣੀਆਂ ਹਾਕਮ ਜਮਾਤਾਂ ਅਤੇ ਨਵੇਂ ਪੈਦਾ ਹੋਏ ਸਰਮਾਏਦਾਰੀ ਦੇ ਪੈਰੋਕਾਰਾਂ ਦੀਆਂ ਸਾਜਿਸ਼ਾਂ ਦੇ ਬਾਵਜੂਦ ਇਹ 37 ਸਾਲ ਕਾਇਮ ਰਿਹਾ ਅਤੇ ਇਸਨੇ ਆਰਥਿਕਤਾ ਤੋ ਇਲਾਵਾ ਸਾਹਿਤ, ਕਲਾ, ਵਿਗਿਆਨ, ਸਭਿਆਚਾਰ ਦੇ ਹੋਰ ਖੇਤਰਾਂ ਅੰਦਰ ਚਮਤਕਾਰੀ ਪ੍ਰਾਪਤੀਆਂ ਨਾਲ ਸਾਮਰਾਜੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ। ਸਮਾਜਵਾਦੀ ਰੂਸ ਨੂੰ ਢਾਹ ਢੇਰੀ ਕਰਨ ਤੇ ਤੁਲੀਆਂ ਤਾਕਤਾਂ ਅੰਤ ਨੂੰ ਆਪਣੇ ਮਨਸੂਬਿਆਂ ਵਿੱਚ ਕਾਮਯਾਬ ਹੋ ਗਈਆਂ। ਮਜਦੂਰ ਜਮਾਤ ਦੇ ਮਹਾਨ ਉਸਤਾਦ ਕਮ ਸਟਾਲਿਨ ਦੀ ਮੌਤ ਤੋ ਬਾਅਦ ਕਮਿਊਨਿਸਟ ਪਾਰਟੀ ਅਤੇ ਸੋਵੀਅਤ ਰਾਜ ਸੱਤਾ ਉਤੇ ਪੂੰਜੀਪਤ ਮਾਰਮੀਆਂ ਨੇ ਕਬਜ਼ਾ ਕਰ ਲਿਆ ਅਤੇ ਸਮਾਵਾਦੀ ਰੂਸ ਦਾ ਰੰਗ ਬਦਲਕੇ ਇਸਨੂੰ ਸਾਮਰਾਜੀ ਰੂਸ ਵਿੱਚ ਬਦਲ ਦਿੱਤਾ। ਇਸ ਘਟਨਾ ਵਿਕਾਸ ਨੇ ਸ਼ਪੱਸ਼ਟ ਕਰ ਦਿੱਤਾ ਕਿ ਕਿਸੇ ਦੇਸ਼ ਵਿੱਚ ਇੱਕ ਵਾਰ ਇਨਕਲਾਬ ਹੋ ਜਾਣ ਬਾਅਦ ਵੀ ਇਹ ਗਰੰਟੀ ਨਹੀ ਬਣਦੀ ਕਿ ਇਸਨੂੰ ਪੁੱਠਾਂ ਗੇੜ ਨਹੀ ਆਵੇਗਾ। ਇਸ ਲਈ ਇਸ ਬਾਰੇ ਇਨਕਲਾਬੀ ਸ਼ਕਤੀਆਂ ਅਤੇ ਕਿਰਤੀ ਲੋਕਾਂ ਨੂੰ ਹਮੇਸ਼ਾ ਚੌਕਸ ਰਹਿਣਾ ਪਵੇਗਾ ਅਤੇ ਜਿਸ ਤਰ੍ਹਾਂ ਬਾਅਦ 'ਚ ਕਮਾਓ ਨੇ ਚੀਨ ਦੇ ਇਨਕਲਾਬੀ ਅਭਿਆਸ ਅਤੇ ਸੋਵੀਅਤ ਰੂਸ ਅੰਦਰ ਸਮਾਜਵਾਦ ਨੂੰ ਲੱਗੀ ਢਾਹ ਤੋ ਇਹ ਸਿੱਟਾ ਕੱਢਿਆ ਕਿ ਮਜਦੂਰ ਜਮਾਤ ਨੂੰ ਨਿਰੰਤਰ ਇਨਕਲਾਬ ਕਰਨ ਦੇ ਰਸਤੇ ਨੂੰ ਬੁਲੰਦ ਕਰਨਾ ਪਵੇਗਾ। ਅਜਿਹਾ ਕਰੇ ਬਿਨ੍ਹਾਂ ਸਮਾਜਵਾਦ ਨੂੰ ਪੱਕੇ ਪੈਰੀ ਨਹੀ ਕੀਤਾ ਜਾਂ ਸਕਦਾ।

**ਅਜੋਕੀਆਂ ਹਾਲਤਾਂ 'ਚ ਅਕਤੂਬਰ ਇਨਕਲਾਬ ਦਾ ਮਹੱਤਵ** : ਦੁਨੀਆਂ ਅੰਦਰ ਚੱਲ ਰਿਹਾ ਸਾਮਰਾਜੀ ਪ੍ਰਬੰਧ ਲੋਕਾਂ ਦੀਆਂ ਦੁੱਖਾਂ-ਮੁਸੀਬਤਾਂ ਦੀ ਜੜ੍ਹ ਹੈ। ਅਮਰੀਕੀ ਸਾਮਰਾਜਵਾਦ ਦੀ ਅਮਵਰੀ 'ਚ ਚੱਲ ਰਿਹਾ ਇਹ ਪ੍ਰਬੰਧ ਸੰਕਟ ਦੀ ਘੁੰਮਣ ਘੇਰੀ ਵਿੱਚ ਫਸਿਆ ਹੋਇਆ ਹੈ। ਸਾਮਰਾਜੀ ਗਲ੍ਹਾਂ ਅੰਦਰ ਲੋਕਾਂ ਦੀ ਬੇਚੈਨੀ ਤਿੱਖੇ ਸੰਘਰਸ਼ਾਂ ਦਾ ਰੂਪ ਧਾਰ ਰਹੀ ਹੈ। ਸਾਮਰਾਜੀ ਦੇਸ਼ ਆਪਣੇ ਸੰਕਟਾਂ ਦਾ ਬੋਝ ਤੀਸਰੀ ਦੁਨੀਆਂ ਦੇ ਗਰੀਬ ਅਤੇ ਪਛੜ੍ਹੇ ਦੇਸ਼ਾਂ ਉੱਪਰ ਸੁੱਟਣ ਲਈ ਯਤਨਸ਼ੀਲ ਹਨ। ਉਹ ਆਪਣੇ ਵਿੱਤੀ ਸਰਮਾਏ ਦੇ ਜ਼ੋਰ ਇਹਨਾਂ ਦੇਸ਼ਾਂ ਵਿੱਚੋ ਭਾਰੀ ਮੁਨਾਫੇ ਹੜੱਪਣ, ਆਪਣੇ ਦਲਾਲਾਂ ਰਾਹੀ ਇੰਨਾਂ ਦੇ ਅਣਮੋਲ ਕੁਦਰਤੀ ਸਰੋਤਾਂ ਉਤੇ ਕਬਜ਼ੇ ਕਰਨ, ਇਸ ਮਕਸਦ ਲਈ ਧਾਲਵੀ ਹਮਲੇ ਕਰਨ ਅਤੇ ਮਨਮਰਜ਼ ਦੀਆਂ ਕਦਪੁਤਲੀ ਹਕੂਮਤਾਂ ਕਾਇਮ ਕਰਨ ਦੇ ਰਾਹ ਪਏ ਹੋਏ ਹਨ ਸਾਮਰਾਜੀ ਸਰਗਣੇ ਅਮਰੀਕੀ ਸਾਮਰਾਜਵਾਦ ਦੇ ਦਹਿਸ਼ਤਗਰਦੀ ਵਿਰੁੱਧ ਜੰਗ ਦੇ ਨਾਂ ਹੇਠ ਦੁਨੀਆਂ ਅੰਦਰ ਖਾਸ ਕਰ ਅਰਬ ਮੁਲਕਾਂ ਅੰਦਰ ਦਹਿਸ਼ਤ ਮਚਾ ਰੱਖੀ ਹੈ। ਇਸਨੇ ਇਸਰਾਈਲ ਨੂੰ ਥਾਪਣਾ ਦੇ ਕੇ ਫਲਸਤੀਨੀ ਲੋਕਾਂ ਦਾ ਉਜਾੜਾ ਕੀਤਾ ਹੈ ਅਤੇ ਅਰਬਾਂ ਦੇ ਤੇਲ ਭੰਡਾਰਾਂ ਉਪਰ ਕਬਜ਼ਾ ਕਰਨ ਲਈ ਇਸਨੇ ਇਰਾਕ, ਲਿਬੀਆ ਅਤੇ ਸੀਰੀਆਂ ਵਰਗੇ ਮੁਲਕਾਂ ਅੰਦਰ ਲੋਕਾਂ ਦੇ ਖੂਨ ਨਾਲ ਹੋਲੀ ਖੇਡੀ ਹੈ। ਲੁੱਟ ਦਾ ਮਾਲ ਵੰਡਣ ਲਈ ਹੁਣ ਸਾਮਰਾਜੀਆਂ ਦਾ ਆਪਸੀ ਭੇਦ ਵੀ ਤਿੱਖਾ ਹੋ ਰਿਹਾ ਹੈ। ਰੂਸ-ਅਮਰੀਕਾ ਦੀ ਆਪਸੀ ਸ਼ਰੀਕੇਬਾਜ਼ੀ ਸਦਕਾ ਸੀਰੀਆ ਦੇ ਲੋਕਾਂ ਦੇ ਜਾਨ-ਮਾਲ ਦਾ ਵੱਡੀ ਪੱਧਰ ਤੇ ਨੁਕਸਾਨ ਹੋਇਆ ਹੈ ਅਤੇ ਉਹ ਆਪਣੇ ਘਰ ਬਾਰ ਛੱਡਕੇ ਦੂਸਰੇ ਦੇਸ਼ਾਂ ਵੱਲ ਹਿਜਰਤ ਕਰਨ ਲਈ ਮਜਬੂਰ ਹੋਏ ਹਨ। ਸਾਮਰਾਜੀਆਂ ਦੀ ਇਸ ਖੂਨੀ ਖੇਡ ਵਿਰੁੱਧ ਦੀਆਂ ਭਰ ਦੇ ਲੋਕ ਸੰਘਰਸ਼ਾਂ ਦੇ ਅਖਾੜੇ ਮੱਲ ਰਹੇ ਹਨ।

ਭਾਰਤ ਅੰਦਰ ਬਣੀਆਂ ਵੱਖ-ਵੱਖ ਹਕੂਮਤਾਂ ਜਿਨ੍ਹਾਂ ਵਿੱਚ ਕੇਦਾਂਰ ਅਤੇ ਸੂਬਿਆਂ ਦੀਆਂ ਹਕੂਮਤਾਂ ਸ਼ਾਮਿਲ ਹਨ ਦੀਆਂ ਨੀਤੀਆਂ ਸਦਕਾ ਸਾਮਰਾਜੀ, ਵੱਡੇ ਸਰਮਾਏਦਾਰ, ਵੱਡੇ ਭੋਇ ਸਰਦਾਰ ਅਤੇ ਭਰਿਸ਼ਟਾਚਾਰ ਆਦਿਕ ਬਿਮਾਰੀਆਂ ਨਾਲ ਭੰਨੀ ਪਈ ਹੈ। ਦੇਸ਼ ਦੀ ਲੱਗਭਗ 80 ਪ੍ਰਤੀਸ਼ਤ ਜਨਤਾ 20 ਰੁਪੈ ਰੋਜ਼ਾਨਾ 'ਤੇ ਗੁਜ਼ਾਰਾ ਕਰਨ ਲਈ ਮਜਬੂਰ ਹੈ। ਬਾਕੀ ਸਰਕਾਰਾਂ ਦੀ ਤਰ੍ਹਾਂ ਹੁਣ ਮੋਦੀ ਸਰਕਾਰ ਵੀ ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਨੂੰ ਲਾਗੂ ਕਰਕੇ ਪਬਲਿਕ ਖੇਤਰ ਦੇ ਅਦਾਰਿਆਂ ਦਾ ਭੋਗ ਪਾਉਣ, ਵਿੱਦਿਆ, ਸਿਹਤ ਅਤੇ ਹੋਰ ਸੇਵਾਵਾਂ ਦਾ ਨਿੱਜੀਕਰਨ ਅਤੇ ਗਰੀਬਾਂ ਨੂੰ ਦਿੱਤੀਆਂ ਜਾਂ ਰਹੀਆਂ ਸਬਸਿਡੀ ਨੂੰ ਛਾਂਗਣ ਲੱਗੀ ਹੋਈ ਹੈ। ਨੋਟਬੰਦੀ ਅਤੇ ਜੀ.ਐਸ.ਟੀ ਲਾਗੂ ਕਰਕੇ ਵੱਡੇ ਪੂੰਜੀਪਤੀਆਂ ਨੂੰ ਤਾਂ ਰਾਹਤ ਪਹੁੰਚਾਈ ਗਈ ਪਰ ਛੋਟੇ ਵਪਾਰੀਆਂ ਅਤੇ ਆਮ ਲੋਕਾਂ ਦਾ ਨੱਕੇ 'ਚ ਦਮ ਕਰ ਦਿੱਤਾ ਗਿਆ ਹੈ ਉਸ ਵੱਲੋ ਦੇਸ਼ ਦੇ ਜਲ, ਜੰਗਲ ਅਤੇ ਜਮੀਨ ਨੂੰ ਦੇਸ਼ੀ-ਵਿਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਕੋਡੀਆਂ ਦੇ ਭਾਅ ਲੁਟਾਇਆ ਜਾਂ ਰਿਹਾ ਹੈ। ਇਸਦਾ ਵਿਰੋਧ ਕਰਨ ਵਾਲੇ ਲੋਕਾਂ ਨੂੰ ਲਾਠੀ ਗੋਲੀ ਅਤੇ ਯੂ.ਏ.ਪੀ.ਏ ਵਰਗੇ ਕਾਨੂੰਨਾਂ ਨਾਲ ਦਬਾਇਆ ਜਾਂ ਰਿਹਾ ਹੈ। ਦੇਸ਼ ਅੰਦਰ ਆਦਿਵਾਸੀ ਲੋਕਾਂ ਦੇ ਹੱਕਾਂ ਨੂੰ ਦਰੜਨ ਲਈ ਉਪਰੇਸ਼ਨ ਗਰੀਨ ਰਾਹੀ ਫੌਜੀ ਅਤੇ ਅਰਧ ਫੌਜੀ ਦਲਾ ਨਾਲ ਚੜ੍ਹਾਈ ਕੀਤੀ ਗਈ ਹੈ। ਇਸੇ ਤਰ੍ਹਾਂ ਵੱਖ-ਵੱਖ ਕੋਮੀਅਤਾਂ ਵਿਸ਼ੇਸ਼ਕਰ ਕਸ਼ਮੀਰੀ ਲੋਕਾਂ ਦੀਆਂ ਕੋਮੀ ਰੀਝਾਂ ਨੂੰ ਫੋਜੀ ਬੂਟਾਂ ਹੇਠ ਨੱਪਣ ਦੀ ਨੀਤੀ ਰਾਹੀ ਲੋਕਾਂ ਦਾ ਵੱਡੀ ਪੱਧਰ 'ਤੇ ਕਤਲੇਆਮ ਕੀਤਾ ਜਾਂ ਰਿਹਾ ਹੈ।

ਮੋਦੀ ਸਰਕਾਰ ਨੇ ਆਰ.ਐਸ.ਐਸ ਦੇ ਫਿਰਕੂ ਫਾਸ਼ੀ ਏਜੰਡੇ ਨੂੰ ਯੋਜਨਾਬੰਧ ਢੰਗ ਨਾਲ ਅੱਗੇ ਵਧਾਉਣਾ ਆਪਣਾ ਇੱਕ ਤਰਜੀਹੀ ਕਾਰਜ ਬਣਾਇਆ ਹੋਇਆ ਹੈ। ਘਰ ਵਾਪਸੀ, ਲਵ ਜ਼ਹਾਦ, ਗਊ ਹੱਤਿਆ ਅਤੇ ਗਊ ਮਾਸ ਖਾਣ ਤੋ ਰੋਕਣ ਆਦਿਕ ਮੁਹਿੰਮਾਂ ਰਾਹੀ ਘੱਟ ਗਿਣਤੀ ਧਾਰਮਿਕ ਫਿਰਕਿਆਂ ਵਿਸ਼ੇਸ ਕਰ ਮੁਸਲਮਾਨਾਂ ਉਪਰ ਦਹਿਸ਼ਤ ਪਾਉਣ ਦੀਆਂ ਕਾਰਵਾਇਆ ਰੁਕਣ ਦਾ ਨਾਂ ਨਹੀ ਲੈ ਰਹੀਆਂ। ਇਸ ਵਿੱਚ ਦਲਿਤਾਂ ਨੂੰ ਵੀ ਨਿਸ਼ਾਨਾ ਬਣਾ ਕੇ ਉਨ੍ਹਾਂ ਨੂੰ ਸਦਾ ਹੀਣੇ ਰੱਖਣ, ਕੁਟਮਾਰਕੇ ਉਨ੍ਹਾਂ ਦਬਕਾਉਣ ਅਤੇ ਅਖੌਤੀ ਉੱਚੀਆਂ ਜਾਤੀਆਂ ਦੀ ਅਧੀਨਗੀ ਕਬੂਲਣ ਵਰਗੇ ਯਤਨ ਕੀਤੇ ਗਏ ਹਨ। ਇਸਾਈਆਂ ਅਤੇ ਮੁਸਲਮਾਨਾਂ ਨੂੰ ਫਿਰਕੂ ਦੰਗਿਆਂ ਦਾ ਸ਼ਿਕਾਰ ਬਣਾਉਣ ਦੇ ਸੰਘੀ ਮਨਸੂਬਿਆਂ ਦੀ ਪੂਰਤੀ ਲਈ ਕੀਤੀਆਂ ਜਾਂ ਰਹੀਆਂ ਕਾਰਵਾਈਆਂ ਨੰ ਹੱਲਾਸ਼ੇਰੀ ਦਿੱਤੀ ਜਾਂ ਰਹੀ

ਹੈ। ਮੋਦੀ ਸਰਕਾਰ ਅਤੇ ਸੰਘੀ ਲਾਣੇ ਦੀਆਂ ਕਾਲੀਆਂ ਕਰਤੂਤਾਂ ਖਿਲਾਫ ਜੋ ਵੀ ਅਵਾਜ਼ ਉਠਾਉਂਦਾ ਹੈ ਉਸਨੂੰ ਧਮਕਾਉਣ ਅਤੇ ਗੋਲੀਆਂ ਨਾਲ ਖਾਮੋਸ਼ ਕਰਨ ਦੇ ਫਾਸ਼ੀ ਹਥਕੰਡੇ ਵਰਤੇ ਜਾਂ ਰਹੇ ਹਨ। ਮਹਾਰਾਸ਼ਟਰ ਦੇ ਤਰਕਸ਼ੀਲ ਆਗੂ ਦਬੋਲਕਰ, ਪਨਸਾਰੇ, ਕਰਨਾਟਕ ਦੇ ਪ੍ਰੋ: ਕੁਲਵਰਗੀ ਅਤੇ ਪੱਤਰਕਾਰ ਗੌਰੀ ਲੰਕੇਸ਼ ਦੇ ਕਤਲ ਦੇ ਕਤਲ ਦਰਸਾਉਂਦੇ ਹਨ ਕਿ ਫਿਰਕੂ ਫਾਸ਼ੀ ਸਕਤੀਆਂ ਦੇਸ਼ ਅੰਦਰ ਨੰਗੀ ਚਿੱਟੀ ਤਾਨਾਸ਼ਾਹੀ ਲੱਦਣ ਦੇ ਰਾਹ ਪਈਆਂ ਹੋਈਆਂ ਹਨ। ਪਿਛਲੇ ਸਮੇ ਵਿੱਚ ਇਨ੍ਹਾਂ ਨੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ, ਦਿੱਲ ਯੂਨੀਵਰਸਿਟੀ ਬਨਾਰਸ, ਹੈਦਰਾਬਾਦ ਅਤੇ ਪੰਜਾਬ ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਨੂੰ ਦਬਾਉਣ ਲਈ ਜੋ ਦਹਿਸ਼ਤ ਮਚਾਈ ਹੈ। ਉਹ ਇਨ੍ਹਾਂ ਦੇ ਫਾਸੀਵਾਦ ਵੱਲ ਵੱਧਦੇ ਕਦਮਾਂ ਦਾ ਸਬੂਤ ਹੈ। ਦੇਸੀ-ਵਿਦੇਸ਼ੀ ਲੁੱਟ, ਹਕੂਮਤੀ ਜਬਰ ਅਤੇ ਫਿਰਕੂਫਾਸ਼ੀ ਤਾਕਤਾਂ ਦੇ ਹੱਲੇ ਦਾ ਟਾਕਰਾ ਕਰਨ ਵਾਲੀਆਂ ਜਮਹੂਰੀ ਤਾਕਤਾਂ, ਕਮਿਊਨਿਸਟ ਇਨਕਲਾਬੀ ਅਤੇ ਮਾਓਵਾਦੀ ਮੋਦੀ ਸਰਕਾਰ ਦਾ ਚੁਣਵਾਂ ਨਿਸ਼ਾਨਾ ਬਣੇ ਹੋਏ ਹਨ। ਪ੍ਰੋ: ਸਾਈਬਾਬਾ ਵਰਗੇ ਅਪਾਹਜ ਵਿਅਕਤੀ ਨੂੰ ਜੇਲ੍ਹ ਅੰਦਰ ਸੁੱਟਣਾ ਹਾਕਮ ਜਮਾਤਾਂ ਦੀ ਨੀਅਤ ਅਤੇ ਕੀਤੀ ਨੂੰ ਸ਼ਪੱਸ਼ਟ ਕਰਨ ਲਈ ਕਾਫੀ ਹੈ। ਆਪਣੇ ਜਾਬਰ ਕਦਮਾਂ ਅਤੇ ਫਿਰਕੂ ਕਾਰਵਾਈਆਂ ’ਤੇ ਨਿਸੰਗ ਅੱਗੇ ਵਧਣ ਲਈ ਸੰਘੀ ਤਾਕਤਾਂ ਵੱਲੋ ਰੂੜੀਵਾਦ ਅਤੇ ਪਿਛਾਖੜੀ ਕਦਰਾਂ ਕੀਮਤਾਂ ਦਾ ਖੁੱਲ੍ਹ ਕੇ ਪਰਚਾਰ ਕੀਤਾ ਜਾਂ ਰਿਹਾ ਹੈ। ਇਸ ਮਕਸਦ ਲਈ ਵਿਗਿਆਨ, ਸਾਹਿਤ, ਕਲਾਂ, ਵਿਦਿਆ ਅਤੇ ਇਤਿਹਾਸ ਦੇ ਅਦਾਰਿਆਂ ਅੰਦਰ ਆਪਣੀ ਘੁਸਪੈਠ ਕਰਨ ਅਤੇ ਆਪਣੀ ਫਿਰਕੂਫਾਸੀ ਸੋਚ ਨਾਲ ਬੇਮੇਲ ਲਿਖਤਾਂ ਅਤੇ ਹੋਰ ਕਲਾਂ ਕਿਰਤਾਂ ਨੂੰ ਪਾਸੇ ਹਟਾਉਣ ਦਾ ਰੱਥ ਫੜ੍ਹਿਆ ਹੋਇਆ ਹੈ।

ਪੰਜਾਬ ਵਿਧਾਨ ਸਭਾ ਚੋਣਾਂ ਮੌਕੇ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿੱਖਾਂ ਦੀ ਧਾਰਮਿਕ ਪੁਸਤਕ ‘ਗੁਟਕਾ’ ਹੱਥਾਂ ’ਚ ਫੜਕੇ ਲੋਕਾਂ ਦੇ ਮਸਲੇ ਹੱਲ ਕਰਨ ਦੀ ਸਹੁੰ ਖਾਧੀ ਸੀ। ਕਾਂਗਰਸ ਨੇ ਆਪਣੇ ਚੋਣ ਮੈਨੀਫੈਸਟੋ ਅਤੇ ਹੋਰ ਪਰਚਾਰ ਰਾਹੀ ਦੋ ਲੱਖ ਨੌਜਵਾਨਾਂ ਨੂੰ ਰੁਜਗਾਰ ਦੇਣ, ਕਿਸਾਨਾਂ ਦੇ ਸਾਰੇ ਕਰਜ਼ੇ ਮੁਆਫ ਕਰਨ, ਗੁੰਡਾਗਰਦੀ ਅਤੇ ਨਸ਼ੇ ਬੰਦ ਕਰਨ ਵਰਗੇ ਮਸਲੇ ਅੱਖ ਦੇ ਫੋਰ ’ਚ ਹੱਲ ਕਰਨ ਦਾ ਯਕੀਨ ਦੁਆਇਆ ਸੀ। ਹੁਣ ‘ਖਜ਼ਾਨਾ ਖਾਲੀ ਹੈ’ ਦਾ ਘੜਿਆ ਘੜਾਇਆ ‘ਮੂਲ ਮੰਤਰ’ ਸੁਣਾਇਆ ਜਾਂ ਰਿਹਾ ਹੈ। ਉਨ੍ਹਾਂ ਦੇ ਸਾਰੇ ਵਾਅਦੇ ਹਵਾ ਹੋ ਗਏ ਹਨ। ਉਨ੍ਹਾਂ ਵੱਲੋ ਲੋਕਾਂ ਨਾਲ ਕੀਤੇ ਵਾਅਦੇ ਲਾਗੂ ਤਾਂ ਕੀ ਕਰਨੇ ਸਨ ਬਲਕਿ ਇਨ੍ਹਾਂ ਨੂੰ ਲਾਗੂ ਕਰਨ ਦੀ ਮੰਗ ਕਰਨ ਵਾਲੇ ਲੋਕਾਂ ਦੀ ਜਵਾਬਬੰਦੀ ਕਰਨ ਦਾ ਸਾਜੋ ਸਮਾਨ ਹੋਰ ਤਿਆਰ ਕਰ ਲਿਆ ਹੈ। ਸਰਕਾਰੀ ਅਤੇ ਨਿੱਜੀ ਜਾਇਦਾਦ ਦਾ ਨੁਕਸਾਨ ਰੋਕੂ ਕਾਨੂੰਨ ਜੋ ਬਾਦਲ ਸਰਕਾਰ ਵੱਲੋ ਬਣਾਇਆ ਗਿਆ ਸੀ ਅਤੇ ਜਿਸਦਾ ਕੈਪਟਨ ਅਮਰਿੰਦਰ ਸਿੰਘ ਅਤੇ ਹੋਰ ਕਾਂਗਰਸੀ ਆਗੂਆਂ ਵੱਲੋ ਵਿਰੋਧ ਕੀਤਾ ਗਿਆ ਸੀ, ਨੂੰ ਹੁਣ ਕੈਪਟਨ ਸਰਕਾਰ ਵੱਲੋ ਡੇਰਾ ਸੱਚਾਸੌਦਾ ਦੀ ਆੜ ਹੇਠ ਲਾਗੂ ਕਰ ਦਿੱਤਾ ਗਿਆ ਹੈ। ਇਸ ਤੋ ਸਪੱਸ਼ਟ ਹੈ ਕਿ ਹਕੂਮਤੀ ਮੰਦੀ ਉਤੇ ਕੈਪਟਨ ਬੈਠੇ ਜਾਂ ਬਾਦਲ, ਕੇਦਾਂਰ ਵਿੱਚ ਭਾਜਪਾ ਦੀ ਮੋਦੀ ਸਰਕਾਰ ਹੋਵੇ ਜਾਂ ਕਿਸੇ ਹੋਰ ਹਾਕਮ ਪਾਰਟੀ ਦੀ, ਸਭ ਦਾ ਕਿਰਦਾਰ ਇਹੋ ਜਿਹਾ ਹੈ। ਇਹ ਸਭ ਦੇਸੀ-ਵਿਦੇਸ਼ੀ ਹਾਕਮ ਜਮਾਤਾਂ ਦੇ ਖੈਰ ਖੁਆਹ ਹਨ ਅਤੇ ਲੋਕਾਂ ਦੇ ਨਾਲ ਇੰਨ੍ਹਾਂ ਲੁਟੇਰਿਆਂ ਦਾ ਗੁਲਾਮੀ ਦਾ ਜੂਲ ਹੋਰ ਭਸਣਾ ਚਾਹੁੰਦੇ ਹਨ।

ਲੋਕਾਂ ਦੀ ਗੁਲਾਮੀ ਦੇ ਜੂਲੇ ਤੋ ਮੁਕਤੀ ਲਈ ਰੂਸ ਦਾ ਮਹਾਨ ਅਕਤੂਬਰ ਇਨਕਲਾਬ ਇੱਕ ਚਾਨਣ ਮੁਨਾਰਾ ਹੈ। ਆਓ ਇਸ ਮਹਾਨ ਇਨਕਲਾਬ ਤੋ ਪ੍ਰੇਰਨਾ ਲੈਂਦੇ ਹੋਏ ਇਸਦੀ 100ਵੀ ਵਰੇਗੰਢ ਉੱਤੇ ਦੇਸ਼ ਅੰਦਰ ਕਿਰਤੀ ਕਾਮਿਆਂ ਦਾ ਸੱਚਾ ਲੋਕ ਜਮਹੂਰੀ ਰਾਜ ਪ੍ਰਬੰਧ ਕਾਇਮ ਕਰਨ ਲਈ ਆਪਣੇ ਸੰਘਰਸ਼ਾਂ ਨੂੰ ਜਰਬਾਂ ਦੇਈਏ।

ਇਸ ਦਿਸ਼ਾ ’ਚ ਕਦਮ ਵਧਾਉਣ ਲਈ ਰੂਸ ਦੇ ਮਹਾਨ ਅਕਤੂਬਰ ਇਨਕਲਾਬ ਦੀ ਸ਼ਤਾਬਦੀ ਮੌਕੇ ਰੱਖੇ ਪੰਜਾਬ ਪੱਧਰੇ ਪ੍ਰੋਗਰਾਮ ਸ਼ਾਮਲ ਹੋਣ ਲਈ 7 ਨਵੰਬਰ ਦਿਨ ਮੰਗਲਵਾਰ ਨੂੰ ਸਵੇਰੇ 11 ਵਜੇ ਪੁਰਾਣੀ ਦਾਣਾ ਮੰਡੀ ਮੋਗਾ ਵਿਖੇ ਕਾਫਲੇ ਬੰਨ੍ਹ ਕੇ ਪਹੁੰਚੋ।

**ਵੱਲੋ :- ਅਕਤੂਬਰ ਇਨਕਲਾਬ ਸ਼ਤਾਬਦੀ ਕਮੇਟੀ**

**ਮੈਬਰ : ਦਰਸ਼ਨ ਖਟਕੜ੍ਹ, ਬਲਵੰਤ ਮੱਖੂ, ਮੁਖਤਿਆਰ ਪੂਹਲਾ, ਲਾਲ ਸਿੰਘ ਗੋਲੇਵਾਲਾ, ਅਜਮੇਰ ਸਿੰਘ, ਸੁਖਵਿੰਦਰ ਕੌਰ, ਕੰਵਲਜੀਤ ਖੰਨਾ, ਸ਼ਿੰਦਰ ਨੱਥੂਵਾਲਾ**

# ਬੁਲਟ ਟਰੇਨ ਵਾਲਾ ਪ੍ਰਧਾਨ ਮੰਤਰੀ ਅਤੇ ਮੌਤ ਵੰਡਦਾ ਰੇਲ ਢਾਂਚਾ

**-ਬੂਟਾ ਸਿੰਘ ਨਵਾਂਸ਼ਹਿਰ**
**94634-74342**

14 ਸਤੰਬਰ ਨੂੰ ਸੰਘੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਜਪਾਨ ਦੇ ਪ੍ਰਧਾਨ ਮੰਤਰੀ ਸ਼ਿਨਜ਼ੋ ਅਬੇ ਨੇ ਅਹਿਮਦਾਬਾਦ ਵਿਚ ਅਹਿਮਦਾਬਾਦ-ਮੁੰਬਈ ਤੇਜ਼ ਰਫ਼ਤਾਰ ਬੁਲੇਟ ਟਰੇਨ ਪ੍ਰੋਜੈਕਟ ਦਾ ਉਦਘਾਟਨ ਕੀਤਾ। ਇਸ ਪ੍ਰੋਜੈਕਟ ਨੂੰ ਅਗਲੇ ਪੰਜ ਸਾਲਾਂ ਵਿਚ 2022 ਤਕ ਮੁਕੰਮਲ ਕੀਤੇ ਜਾਣ ਦਾ ਟੀਚਾ ਮਿੱਥਿਆ ਗਿਆ ਹੈ ਅਤੇ ਇਸ ਉੱਪਰ 1.10 ਲੱਖ ਕਰੋੜ ਰੁਪਏ ਖ਼ਰਚ ਆਉਣ ਦਾ ਅੰਦਾਜ਼ਾ ਹੈ। ਇਸ ਲਈ 80ਫ਼ੀਸਦੀ ਸਰਮਾਇਆ ਕਰਜ਼ੇ ਦੀ ਸ਼ਕਲ ਜਪਾਨ ਦੇਵੇਗਾ। ਸ਼ਰਤ ਇਹ ਹੈ ਕਿ ਬੁਲੇਟ ਟਰੇਨ ਦਾ 30ਫ਼ੀਸਦੀ ਸਮਾਨ ਜਪਾਨੀ ਫਰਮਾਂ ਤੋਂ ਖ਼ਰੀਦਿਆ ਜਾਵੇਗਾ ਅਤੇ ਕਿਹਾ ਜਾ ਰਿਹਾ ਹੈ ਕਿ ਨਾਲ ਹੀ ਜਪਾਨ ਤਕਨਾਲੋਜੀ ਵਿਚ ਸਵੈਨਿਰਭਰ ਬਣਾਉਣ ਲਈ ਹਿੰਦੁਸਤਾਨ ਦੀ ਮਦਦ ਕਰੇਗਾ।

50 ਸਾਲ ਵਿਚ ਵਾਪਸ ਕੀਤੇ ਜਾਣ ਵਾਲੇ ਇਸ ਕਰਜ਼ੇ ਉੱਪਰ 0.01ਫ਼ੀਸਦੀ ਵਸੂਲਿਆ ਜਾਵੇਗਾ। ਜਪਾਨ ਦੀ ਆਰਥਿਕਤਾ ਪਿਛਲੇ ਲੰਮੇ ਸਮੇਂ ਤੋਂ ਆਰਥਕ ਮੰਦਵਾੜੇ, ਮਹਿੰਗਾਈ ਘਟਾਏ ਜਾਣ ਅਤੇ ਵਿਆਜ਼ ਦਰਾਂ ਵਿਚ ਵੱਡੀ ਕਟੌਤੀ ਕੀਤੇ ਜਾਣ ਲਈ ਮਜਬੂਰ ਹੋਣ ਦੀਆਂ ਵਿਕਰਾਲ ਸਮਸਿਆਵਾਂ ਦਾ ਸਾਹਮਣਾ ਕਰ ਰਹੀ ਹੈ। ਇਸ ਵਕਤ ਵਿਆਜ਼ ਦਰ 0.05ਫ਼ੀਸਦੀ ਤਕ ਡਿਗ ਚੁੱਕੀ ਹੈ ਜੋ 1997 ਵਿਚ 2.3 ਫ਼ੀਸਦੀ ਸੀ। ਇਸੇ ਤਰ੍ਹਾਂ ਪਹਿਲਾਂ 1997 ਵਿਚ ਦਿੱਲੀ ਵਿਚ ਮੈਟਰੋ ਪ੍ਰੋਜੈਕਟ ਲਈ ਜਪਾਨ ਤੋਂ ਕਰਜ਼ਾ ਲਿਆ ਗਿਆ ਸੀ, ਤੀਹ ਸਾਲ ਵਿਚ ਮੋੜੇ ਜਾਣ ਵਾਲੇ ਉਸ ਕਰਜ਼ੇ ਉੱਪਰ ਉਦੋਂ ਵਿਆਜ਼ 2.3ਫ਼ੀਸਦੀ ਤੈਅ ਕੀਤਾ ਗਿਆ ਸੀ। ਜੇ ਜਪਾਨ ਹਾਲੀਆ ਨਵੇਂ ਪ੍ਰੋਜੈਕਟ ਲਈ ਦਿੱਤੇ ਜਾਣ ਵਾਲੇ ਕਰਜ਼ੇ ਉੱਪਰ ਵਿਆਜ਼ ਦਰ ਨੂੰ 2.3ਫ਼ੀਸਦੀ ਤੋਂ ਘਟਾਕੇ 0.01ਫ਼ੀਸਦੀ ਦਰ ਉੱਪਰ ਕਰਜ਼ਾ ਦੇਣ ਲਈ ਸਹਿਮਤ ਹੋਇਆ ਹੈ ਤਾਂ ਇਸਦਾ ਮਤਲਬ ਇਹ ਹੈ ਕਿ ਐਨੇ ਘੱਟ ਵਿਆਜ਼ ਉੱਪਰ ਸਰਮਾਇਆ ਲਾਉਣਾ ਉਸਦੀ ਬੇਤਹਾਸ਼ਾ ਆਰਥਕ ਜ਼ਰੂਰਤ ਹੈ।

ਨਰਿੰਦਰ ਮੋਦੀ ਮੁਤਾਬਿਕ “ਵਿਕਾਸ ਕਰਨ ਲਈ ਆਪਣੇ ਖ਼ਵਾਬਾਂ ਦਾ ਦਾਇਰਾ ਫੈਲਾਉਣ ਪੈਂਦਾ ਹੈ ਅਤੇ ਇਸ ਨੂੰ ਹਾਸਲ ਕਰਨ ਲਈ ਆਪਣੀ ਤਾਕਤ ਤੈਅ ਕਰਨੀ ਹੁੰਦੀ ਹੈ। ਇਹ ਹੁਣ ਨਿਊ ਇੰਡੀਆ ਹੈ ਜੋ ਉੱਚੀ ਪਰਵਾਜ਼ ਭਰੇਗਾ ਜਿਸ ਵਿਚ ਨਵੀਂ ਤਕਨਾਲੋਜੀ ਤਹਿਤ ਨਤੀਜੇ ਵਧੇਰੇ ਤੇਜ਼ੀ ਨਾਲ ਹਾਸਲ ਹੋਣਗੇ।” ਕੀ ਇਹ ਆਮ ਆਦਮੀ ਦਾ ਖ਼ਵਾਬ ਹੈ ਜਾਂ ਐਸੇ ਪ੍ਰਧਾਨ ਮੰਤਰੀ ਦਾ ਖ਼ਵਾਬ ਜਿਸ ਨੂੰ ਨੀਰੋ ਦੇ ਨਕਸ਼ੇ-ਕਦਮਾਂ ’ਤੇ ਚੱਲਣਾ ਪਸੰਦ ਹੈ? ਇਹ ਐਸਾ ਖ਼ਵਾਬ ਹੈ ਜਿਸ ਵਿਚ ਬੁਲੇਟ ਟਰੇਨ ਦਾ ਆਧੁਨਿਕ ਤਕਨਾਲੋਜੀ ਅਧਾਰਤ ‘ਵਿਕਾਸ’ ਅਤੇ ਰੇਲਵੇ ਦੇ ਖ਼ਸਤਾ ਹਾਲ ਬੁਨਿਆਦੀ ਢਾਂਚੇ ਕਾਰਨ ਹਜ਼ਾਰਾਂ ਮੌਤਾਂ ਦਾ ਵਰਤਾਰਾ ਨਾਲੋ-ਨਾਲ ਚਲਦਾ ਰਹਿ ਸਕਦਾ ਹੈ ਅਤੇ ਚਲ ਰਿਹਾ ਹੈ।

ਇਸ ਜਸ਼ਨੀਂ ਉਦਘਾਟਨ ਤੋਂ ਮਹਿਜ਼ ਇਕ ਹਫ਼ਤੇ ਦੇ ਅੰਦਰ ਹੀ 20 ਸਤੰਬਰ ਨੂੰ ਮੁੰਬਈ ਵਿਚ ਕਾਲਜ ਤੋਂ ਵਾਪਸ ਆਪਣੇ ਘਰ ਪਰਤ ਰਹੀ ਇਕ ਵਿਦਿਆਰਥਣ ਦੀ ਲੋਕਲ ਟਰੇਨ ਤੋਂ ਡਿੱਗ ਜਾਣ ਕਾਰਨ ਮੌਤ ਹੋ ਗਈ। ਮੁੰਬਈ ਵਿਚ ਲੋਕਲ ਟਰੇਨਾਂ ਆਮ ਲੋਕਾਂ ਲਈ ਆਵਾਜਾਈ ਦਾ ਸਭ ਤੋਂ ਵੱਡਾ ਕਿਫ਼ਾਇਤੀ ਸਾਧਨ ਹੈ। ਜ਼ਰੂਰਤ ਮੁਤਾਬਿਕ ਰੇਲਾਂ ਦੀ ਸਹੂਲਤ ਨਾ ਹੋਣ ਕਾਰਨ ਇਨ੍ਹਾਂ ਰੇਲਾਂ ਵਿਚ ਐਨੀ ਜ਼ਿਆਦਾ ਭੀੜ ਹੁੰਦੀ ਹੈ ਕਿ ਪੈਰ ਧਰਨ ਲਈ ਜਗ੍ਹਾ ਲੱਭਣੀ ਮੁਸ਼ਕਲ ਹੋ ਜਾਂਦੀ ਹੈ। ਦੋ ਹਫ਼ਤੇ ਬਾਦ ਹੀ 29 ਸਤੰਬਰ ਨੂੰ ਮੈਗਾ ਸਿਟੀ ਮੁੰਬਈ ਦੇ ਇਕ ਰੇਲਵੇ ਸਟੇਸ਼ਨ ਉੱਪਰ ਪੈਦਲ ਚੱਲਣ ਲਈ ਬਣਾਏ ਪੁਲ ਉੱਪਰ ਮੱਚੀ ਹਫ਼ੜਾਦਫ਼ੜੀ ਨੇ 23 ਮਨੁੱਖੀ ਜਾਨਾਂ ਲੈ ਲਈਆਂ। ਮੁਸਾਫ਼ਰਾਂ ਨੇ ਬਾਰਿਸ਼ ਤੋਂ ਬਚਣ ਲਈ ਪੁਲ ਦੀ ਓਟ ਲਈ ਸੀ ਪਰ ਖ਼ਸਤਾ ਹਾਲ ਪੁਲ ਉਨ੍ਹਾਂ ਦੇ ਵਜ਼ਨ ਨਾਲ ਡਗਮਗਾਕੇ ਢਹਿਢੇਰੀ ਹੋ ਗਿਆ ਅਤੇ ਇਸ ਦਰਦਨਾਕ ਹਾਦਸੇ ਦੀ ਲਪੇਟ ਵਿਚ ਆਕੇ ਉਨ੍ਹਾਂ ਵਿੱਚੋਂ 23 ਜਣਿਆਂ ਦੀ ਜ਼ਿੰਦਗੀ ਖ਼ਤਮ ਹੋ ਗਈ। ਇਸ ਨਾਲ ਇਕ ਵਾਰ ਫਿਰ ਇਹ ਸਵਾਲ ਉਭਰ ਆਇਆ ਕਿ ਮੁਲਕ ਦੇ ਵਿਕਾਸ ਦੀ ਤਰਜ਼ੀਹ ਕੀ ਹੋਣੀ ਚਾਹੀਦੀ ਹੈ - ਅਵਾਮ ਦੀ ਜਾਨ ਦੀ ਕੀਮਤ ’ਤੇ ਬੁਲੇਟ ਟਰੇਨ ਦੇ ਪ੍ਰੋਜੈਕਟ ਸ਼ੁਰੂ ਕਰਨੇ ਜਾਂ ਅਵਾਮ ਨੂੰ ਸਹੂਲਤ ਦੇਣ ਦੇ ਪ੍ਰੋਜੈਕਟਾਂ ਨੂੰ ਤਰਜ਼ੀਹ ਦੇਣਾ? ਇਸ ਖ਼ੌਫ਼ਨਾਕ ਹਾਦਸੇ ਤੋਂ ਬਾਦ ਮੁੰਬਈ ਦੀ ਇਕ ਵਿਦਿਆਰਥਣ ਨੇ ਬੁਲੇਟ ਟਰੇਨ ਦੇ ਪ੍ਰੋਜੈਕਟ ਦੇ ਖ਼ਿਲਾਫ਼ ਆਨ-ਲਾਈਨ ਪਟੀਸ਼ਨ ਸ਼ੁਰੂ ਕਰਕੇ ਇਸ ਨੂੰ ਬੰਦ ਕੀਤੇ ਜਾਣ ਅਤੇ ਇਸ ਦੀ ਬਜਾਏ ਆਮ ਰੇਲਵੇ ਢਾਂਚੇ ਉੱਪਰ ਪੂੰਜੀਨਿਵੇਸ਼ ਕਰਨ ਦੀ ਮੰਗ ਕੀਤੀ ਹੈ। ਨੀਰੋ ਦੀ ਤਰ੍ਹਾਂ ਆਪਣੀ ਬੰਸਰੀ ਉੱਪਰ ‘ਵਿਕਾਸ’ ਦੀ ਧੁੰਨ



ਵਜਾਉਣ ਵਿਚ ਮਸਤ ਪ੍ਰਧਾਨ ਮੰਤਰੀ ਅਤੇ ਉਸਦੀ ਵਜ਼ੀਰ-ਮੰਡਲੀ ਉੱਪਰ ਇਸਦਾ ਕੋਈ ਅਸਰ ਨਹੀਂ ਹੋਣ ਲੱਗਿਆ ਜੋ ਆਪਣੇ ਸੰਵੇਦਨਾਹੀਣ ਖ਼ਵਾਬਾਂ ਦੀ ਨੁਮਾਇਸ਼ ਲਾਉਣ ਵਿਚ ਮਸਰੂਫ਼ ਹੈ। ਜੋ ਝੂਠੇ ਵਾਅਦੇ ਕਰਨ ਅਤੇ ਵਿਕਾਸ ਦੇ ਨਾਂ ’ਤੇ ਅਵਾਮ ਨੂੰ ਬੇਵਕੂਫ਼ ਬਣਾਉਣ ਲਈ ਪਹਿਲਾਂ ਹੀ ਬਥੇਰਾ ਨਾਮਣਾ ਖੱਟ ਚੁੱਕਾ ਹੈ।

ਇਸ ਹਾਦਸੇ ਨਾਲ ਇਕ ਵਾਰ ਫਿਰ ਇਹ ਸਾਬਤ ਹੋ ਗਿਆ ਕਿ ਮੁਲਕ ਦੇ ਅਵਾਮ ਦੀ ਅਸਲ ਜ਼ਰੂਰਤ ਹੋਰ ਹੈ, ਉਹ ਨਹੀਂ ਜੋ ਮੋਦੀ ਮੰਡਲੀ ਪੇਸ਼ ਕਰ ਰਹੀ ਹੈ। ਮਹਿਫ਼ੂਜ਼ ਸਫ਼ਰ ਲਈ ਰੇਲਵੇ ਦੇ ਬੁਨਿਆਦੀ ਢਾਂਚੇ ਦਾ ਨਵੀਨੀਕਰਨ ਕਰਨਾ, ਇਸ ਦਾ ਵਿਸਤਾਰ ਕਰਨਾ ਅਤੇ ਇਸ ਨੂੰ ਸਹੂਲਤਾਂ ਵਾਲਾ ਬਣਾਉਣਾ ਮੁਲਕ ਦੀ ਸਭ ਤੋਂ ਪਹਿਲ-ਪ੍ਰਿਥਮ ਜ਼ਰੂਰਤ ਹੈ ਜਿਥੇ ਅਵਾਮ ਬਹੁਤ ਹੀ ਜ਼ੋਖ਼ਮ ਵਾਲੀ ਹਾਲਤ ਵਿਚ ਸਫ਼ਰ ਕਰਨ ਲਈ ਮਜਬੂਰ ਹਨ। ਇੰਡੀਅਨ ਰੇਲਵੇ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਨੈੱਟਵਰਕ ਹੈ ਜਿਥੇ ਰੋਜ਼ਾਨਾ 2 ਕਰੋੜ 30 ਲੱਖ ਲੋਕ ਸਫ਼ਰ ਕਰਦੇ ਹਨ। ਰੋਜ਼ਾਨਾ 19000 ਰੇਲ ਗੱਡੀਆਂ (12000 ਯਾਤਰੀ ਗੱਡੀਆਂ ਅਤੇ 7000 ਮਾਲ ਗੱਡੀਆਂ) ਚਲਦੀਆਂ ਹਨ। ਇਹ ਨੈੱਟਵਰਕ ਬਰਤਾਨਵੀ ਬਸਤੀਵਾਦੀ ਰਾਜ ਵਲੋਂ ਆਪਣੀ ਜ਼ਰੂਰਤ ਅਨੁਸਾਰ ਅਪ੍ਰੈਲ 1853 ਵਿਚ ਸ਼ੁਰੂ ਕੀਤਾ ਗਿਆ ਸੀ। ਹੁਣ ਇਸਦੀ ਹਾਲਤ ਐਨੀ ਖ਼ਸਤਾ ਹੋ ਚੁੱਕੀ ਹੈ ਕਿ ਬਹੁਤ ਸਾਰੇ ਰੇਲਵੇ ਸਟੇਸ਼ਨ, ਰੇਲਵੇ ਪੱਟੜੀਆਂ ਅਤੇ ਪੁਲ ਅੰਗਰੇਜ਼ਾਂ ਦੇ ਜ਼ਮਾਨੇ ਦੇ ਹੀ ਬਣੇ ਹੋਏ ਹਨ ਜੋ ਅਕਸਰ ਹੀ ਵਾਪਰਦੇ ਹਾਦਸਿਆਂ ਕਾਰਨ ਆਮ ਲੋਕਾਂ ਦੀਆਂ ਜਾਨਾਂ ਦਾ ਖ਼ੌਅ ਬਣਦੇ ਹਨ। ਹਾਲ ਹੀ ਵਿਚ ਕੇਂਦਰੀ ਰੇਲਵੇ ਮੰਤਰਾਲੇ ਨੇ ਪਾਰਲੀਮੈਂਟ ਨੂੰ ਜਾਣਕਾਰੀ ਦਿੱਤੀ ਹੈ ਕਿ 2013 ਅਤੇ 2017 ਦਰਮਿਆਨ 450 ਰੇਲਵੇ ਹਾਦਸਿਆਂ ਵਿਚ 800 ਤੋਂ ਉੱਪਰ ਲੋਕ ਮਾਰੇ ਗਏ ਜਿਸ ਦੀ ਵਜ੍ਹਾ ਰੇਲ ਢਾਂਚੇ ਦਾ ਘਟੀਆ ਰੱਖ-ਰਖਾਅ, ਬਹੁਤ ਹੀ ਖ਼ਸਤਾ ਹਾਲ ਕੋਚ ਅਤੇ ਹੋਰ ਰੇਲਵੇ ਵਾਹਨ, ਬਸਤੀਵਾਦੀ ਜ਼ਮਾਨੇ ਦੀਆਂ ਜ਼ਰਜਰ ਹਾਲਤ ਵਾਲੀਆਂ ਰੇਲ ਪੱਟੜੀਆਂ ਅਤੇ ਪੁਲ ਸਨ। ਨਾਕਸ ਪ੍ਰਬੰਧ ਕਾਰਨ ਹਰ ਸਾਲ ਤਕਰੀਬਨ 15000 ਲੋਕ ਰੇਲਵੇ ਪੱਟੜੀਆਂ ਪਾਰ ਕਰਦਿਆਂ ਹਾਦਸਿਆਂ ਵਿਚ ਜਾਨ ਗੁਆ ਬਹਿੰਦੇ ਹਨ। ਇਨ੍ਹਾਂ ਵਿੱਚੋਂ ਤਕਰੀਬਨ 6000 ਮੁੰਬਈ ਦੇ ਰੇਲਵੇ ਤਾਣੇਬਾਣੇ ਦੀ ਲਪੇਟ ਵਿਚ ਆਕੇ ਮਾਰੇ ਜਾਂਦੇ ਹਨ। ਮੁੰਬਈ ਵਿਚ ਰੋਜ਼ਾਨਾ 9 ਲੋਕ ਰੇਲ ਪੱਟੜੀਆਂ ਉੱਪਰ ਮਾਰੇ ਜਾਂਦੇ ਹਨ। ਜਿਸ ਮੁੰਬਈ ਨੂੰ ਹੁਕਮਰਾਨਾਂ ਨੇ ਸੰਨ 2034 ਤਕ “ਆਲਮੀ ਮਹਾਂਨਗਰ” ਬਣਾਉਣ ਦਾ ਟੀਚਾ ਮਿੱਥਿਆ ਹੋਇਆ ਹੈ ਅਗਰ ਉਸ ਸ਼ਹਿਰ ਅੰਦਰ ਰੇਲਵੇ ਦੇ ਬੁਨਿਆਦੀ ਢਾਂਚੇ ਦਾ ਹਾਲ ਇਹ ਹੈ ਤਾਂ ਦੂਰ-ਦਰਾਜ ਪਿੱਛੜੇ ਹੋਏ ਪੇਂਡੂ ਇਲਾਕਿਆਂ ਦੀ ਹਾਲਤ ਸੌਖਿਆਂ ਹੀ ਸਮਝੀ ਜਾ ਸਕਦੀ ਹੈ।

ਸਵਾਲ ਇਹ ਹੈ ਕਿ ਅਹਿਮਦਾਬਾਦ ਅਤੇ ਮੁੰਬਈ ਦਰਮਿਆਨ 534 ਕਿਲੋਮੀਟਰ ਫ਼ਾਸਲੇ ਦੇ ਸਫ਼ਰ ਦੇ ਨਵੀਨੀਕਰਨ ਉੱਪਰ ਇਕ ਖ਼ਰਬ ਰੁਪਏ ਤੋਂ ਉੱਪਰ ਸਰਮਾਇਆ ਲਾਉਣ ਦੀ ਕੀ ਵਾਜਬੀਅਤ ਬਣਦੀ ਹੈ ਜਿਸ ਟਰੇਨ ਵਿਚ ਇਕ ਵਾਰ ਮਹਿਜ਼ 750 ਮੁਸਾਫ਼ਰਾਂ ਨੇ ਸਫ਼ਰ ਕਰਨਾ ਹੈ ਅਤੇ ਇਕ ਦਿਨ ਵਿਚ ਮਹਿਜ਼ 35 ਟਰੇਨਾਂ ਚੱਲਣਗੀਆਂ ਜਦੋਂਕਿ ਸਰਕਾਰ 1 ਲੱਖ 19630 ਕਿਲੋਮੀਟਰ ਲੰਮੀਆਂ ਪੱਟੜੀਆਂ, ਕੋਚਾਂ ਦੇ ਨਵੀਨੀਕਰਨ ਅਤੇ 7216 ਰੇਲਵੇ ਸਟੇਸ਼ਨਾਂ ਦੇ ਆਧੁਨਿਕੀਕਰਨ ਉੱਪਰ ਲੋੜੀਂਦਾ ਪੂੰਜੀਨਿਵੇਸ਼ ਕਰਨ ਲਈ ਤਿਆਰ ਨਹੀਂ। ਜੋ ਕਿ ਅਣਸਰਦੀ ਜ਼ਰੂਰਤ ਹੈ ਅਤੇ ਜਿਥੇ ਤਰਜ਼ੀਹੀ ਅਧਾਰ ’ਤੇ ਸਰਮਾਇਆ ਲਗਾਇਆ ਜਾਣਾ ਚਾਹੀਦਾ ਹੈ। ਜਿਸ ਮੁਲਕ ਵਿਚ ਹੁਕਮਰਾਨ ਜਮਾਤ ਪੀਣ ਵਾਲੇ ਪਾਣੀ, ਸਿਹਤ ਅਤੇ ਸਿੱਖਿਆ ਵਰਗੀਆਂ ਮੁੱਢਲੀਆਂ ਮਨੁੱਖੀ ਸਹੂਲਤਾਂ ਮੁਹੱਈਆ ਕਰਨ ਦੀ ਜਵਾਬਦੇਹੀ ਤੋਂ ਕਿਨਾਰਾ ਕਰ ਚੁੱਕੇ ਹਨ ਉੱਥੇ ਬੁਲੇਟ ਟਰੇਨ ਦੇ ਪ੍ਰੋਜੈਕਟ ਨਾ ਸਿਰਫ਼ ਮੁਲਕ ਦੀ ਆਰਥਿਕਤਾ ਦਾ ਉਜਾੜਾ ਹੈ ਸਗੋਂ ਵਿਕਾਸ ਦੇ ਨਾਂ ਹੇਠ ਅਵਾਮ ਨਾਲ ਬਹੁਤ ਵੱਡੀ ਧੋਖਾਧੜੀ ਵੀ ਹੈ। ਇਸਦੇ ਨਾਲ ਜੁੜਿਆ ਅਗਲਾ ਖ਼ਤਰਨਾਕ ਪੱਖ ਇਹ ਹੈ ਕਿ ਵਿਕਾਸ ਦੇ ਨਾਂ ’ਤੇ ਤਕਨਾਲੋਜੀ ਦੇ ਪੱਖ ਤੋਂ ਮੁਲਕ ਨੂੰ ਬਦੇਸ਼ੀ ਕਾਰਪੋਰੇਟ ਸਰਮਾਏ ਅਤੇ ਤਕਨਾਲੋਜੀ ਦਾ ਮੁਥਾਜ ਬਣਾਇਆ ਜਾ ਰਿਹਾ ਹੈ ਜੋ ਕਰਜ਼ੇ ਦੇਣ ਲਈ ਸ਼ਰਤਾਂ ਦੇ ਨਾਂ ’ਤੇ ਆਪਣੀ ਤਕਨਾਲੋਜੀ ਮਨ ਮਰਜ਼ੀ ਨਾਲ ਵੇਚ ਰਹੇ ਹਨ। ਇਹ ਚੀਨ ਦੀ ਬੁਲੇਟ ਟਰੇਨ ਯੋਜਨਾ ਤੋਂ ਪੂਰੀ ਤਰ੍ਹਾਂ ਉਲਟ ਹੈ ਜਿਸਨੇ ਜਪਾਨ ਦੀ ਬਹੁਤ ਥੋੜ੍ਹੀ ਮਦਦ ਲੈਕੇ 1980ਵਿਆਂ ਵਿਚ ਸਵੈਨਿਰਭਰ ਤਕਨਾਲੋਜੀ ਵਿਕਸਤ ਕਰਦਿਆਂ ਨਾ ਕੇਵਲ ਆਪਣੇ ਲਈ ਰੇਲ ਪ੍ਰਬੰਧ ਵਿਕਸਤ ਕਰ ਲਿਆ ਸਗੋਂ ਉਹ ਹੁਣ ਦੂਜੇ ਮੁਲਕਾਂ ਨੂੰ ਤਕਨਾਲੋਜੀ ਭੇਜਣ ਦੇ ਸਮਰੱਥ ਹੈ। ਹਾਲ ਹੀ ਵਿਚ ਚੀਨ ਨੇ ਥਾਈਲੈਂਡ ਨਾਲ ਮਿਲਕੇ ਬੁਲੇਟ ਟਰੇਨ ਦਾ ਪ੍ਰੋਜੈਕਟ ਲਿਆ ਹੈ।

ਲਿਹਾਜ਼ਾ, ਬੁਲੇਟ ਟਰੇਨ ਮੁਲਕ ਦੇ ਅਵਾਮ ਨਾਲ ਬਹੁਤ ਹੀ ਘਟੀਆ ਮਜ਼ਾਕ ਹੈ ਅਤੇ ਇਹ ਪ੍ਰੋਜੈਕਟ ਸਿਰਫ਼ ਤੇ ਸਿਰਫ਼ ਉਸ ਕੁਲੀਨ ਵਰਗ ਨੂੰ ਸਹੂਲਤ ਦੇਣ ਲਈ ਹੈ ਜੋ ਮੋਦੀ ਸਰਕਾਰ ਦੇ ਵਿਕਾਸ ਮਾਡਲ ਦੀ ਹਮਾਇਤ ਕਰਦਾ ਹੈ। ਇਹ ਪ੍ਰੋਜੈਕਟ ਮੁਲਕ ਦੇ ਖ਼ਜ਼ਾਨੇ ਉੱਪਰ ਵੱਡਾ ਬੋਝ ਬਣੇਗਾ ਕਿਉਂਕਿ ਘਰੇਲੂ ਹਵਾਈ ਸੇਵਾ ਦੇ ਮੁਕਾਬਲੇ ਬੁਲੇਟ ਟਰੇਨ ਦਾ ਕਿਰਾਇਆ ਘੱਟ ਰੱਖਣ ਲਈ ਸਰਕਾਰ ਵਲੋਂ ਸਬਸਿਡੀ ਚੋਖੀ ਦਿੱਤੀ ਜਾਵੇਗੀ। ਇਕ ਅੰਦਾਜ਼ੇ ਅਨੁਸਾਰ ਇਸ ਪ੍ਰੋਜੈਕਟ ਨਾਲ ਖ਼ਜ਼ਾਨੇ ਉੱਪਰ 700 ਕਰੋੜ ਰੁਪਏ ਸਾਲਾਨਾ ਬੋਝ ਪਵੇਗਾ। ਵਿਕਾਸ ਦੇ ਖ਼ਵਾਬ ਅਵਾਮ ਨੂੰ ਵੇਚੇ ਜਾ ਰਹੇ ਹਨ ਪਰ ਉਨ੍ਹਾਂ ਦੀਆਂ ਜ਼ਿੰਦਗੀਆਂ ਦੀ ਕੀਮਤ ’ਤੇ ਵਿਕਾਸ ਕਾਰਪੋਰੇਟ ਅਤੇ ਕੁਲੀਨ ਵਰਗ ਲਈ ਕੀਤਾ ਜਾ ਰਿਹਾ ਹੈ।

## ਜ਼ਿੰਦਗੀਨਾਮਾ...
### - ਨ੍ਰਿਪਿੰਦਰ ਰਤਨ

# ਜੋ ਬੋਲੇ ਸੋ ਗੱਦਾਰ...



ਅਜਕੱਲ੍ਹ ਸਾਡੇ ਦੇਸ਼ ਵਿੱਚ ਅਜੀਬ ਕਿਸਮੂਰਤਵਕਦ ਦਾ ਮਾਹੌਲ ਬਣ ਰਿਹਾ ਹੈ ਅਤੇ ਇੱਕ ਵਿਸ਼ੇਸ਼ ਕਿਸਮ ਦੇ ਲੋਕ ਦੇਸ਼-ਪ੍ਰੇਮ ਅਤੇ ਦੇਸ਼ਭਗਤੀ ਦੇ ਵਾਰਦ ਰਾਖੇ, ਮਾਲਕ ਅਤੇ ਠੇਕੇਦਾਰ ਬਣ ਬੈਠੇ ਹਨ। 'ਜੋ ਨਾ ਤੇਰੀ ਹਮ-ਨਵਾਂ ਹੋ/ ਵੋ ਜ਼ਬਾਨੇ ਕਾਟ ਡਾਲ' ਉਨ੍ਹਾਂ ਦਾ ਨਾਅਰਾ ਅਤੇ ਕਰਮ ਬਣ ਗਏ ਹਨ। ਕਦੇ ਜੇਐੱਨਯੂ ਦੇ ਵਿਦਿਆਰਥੀਆਂ ਵਿਰੁੱਧ, ਕਦੇ ਹੈਦਰਾਬਾਦ ਦੇ ਵਿਦਿਆਰਥੀਆਂ ਵਿਰੁੱਧ ਛੋਟੀ-ਛੋਟੀ ਗੱਲ ਉੱਤੇ ਅਤੇ ਬਹਾਨੇ ਹੇਠ ਦੇਸ਼ ਧਰੋਹ ਦੀਆਂ ਧਾਰਾਵਾਂ ਹੇਠ ਮੁਕੱਦਮੇ ਦਰਜ ਕੀਤੇ ਜਾਂਦੇ ਹਨ। ਦਿੱਲੀ ਯੂਨੀਵਰਸਿਟੀ ਦੀ 20 ਕੁ ਸਾਲ ਦੀ ਬੱਚੀ ਗੁਰਮੇਹਰ ਕੌਰ ਨੂੰ ਪਿੱਛੇ ਜਿਹੇ ਉਸ ਵਿਰੁੱਧ ਇਹੋ ਜਿਹੇ ਮੁਕੱਦਮੇ ਦਰਜ ਕਰਨ ਦੀਆਂ ਅਤੇ ਹੋਰ ਅਜਿਹੇ ਕਦਮ ਚੁੱਕਣ ਦੀਆਂ ਧਮਕੀਆਂ ਦਿੱਤੀਆਂ ਗਈਆਂ। ਦਰਅਸਲ, ਉਸ ਨੇ ਸਿਰਫ਼ ਇੰਨਾ ਹੀ ਕਹਿਣ ਦੀ ਹਿੰਮਤ ਕੀਤੀ ਸੀ ਕਿ ਸਾਡੇ ਫ਼ੌਜੀ ਜਵਾਨਾਂ ਨੂੰ ਪਾਕਿਸਤਾਨ ਨੇ ਨਹੀਂ ਮਾਰਿਆ ਸਗੋਂ ਜੰਗ ਨੇ ਮਾਰਿਆ ਹੈ! ਇਨ੍ਹਾਂ ਕੱਟੜਵਾਦੀਆਂ ਜਾਂ ਅਖੌਤੀ ਰਾਸ਼ਟਰਵਾਦੀ ਦੇਸ਼ਭਗਤਾਂ ਨੇ ਸ਼ਾਇਦ ਪਹਿਲੇ ਵਿਸ਼ਵ ਜੰਗ ਪਿੱਛੋਂ ਜਰਮਨੀ ਦੇ ਲੇਖਕ ਐਰਿਕ ਮਾਰੀਆ ਰਿਬੈਕਊ ਦਾ ਮਹਾਨ ਨਾਵਲ 'ਪੱਛਮੀ ਮੋਰਚੇ ਉੱਤੇ ਸਭ ਸ਼ਾਂਤ ਹੈ' ਨਹੀਂ ਪੜ੍ਹਿਆ। ਜਦੋਂ ਉਹ ਜਰਮਨੀ ਅਤੇ ਫਰਾਂਸ ਵਿਚਲੀ ਜੰਗ ਬਾਰੇ ਲਿਖਦਾ ਹੋਇਆ ਪੁੱਛਦਾ ਹੈ ਕਿ 'ਜਦੋਂ ਕਿਹਾ ਜਾਂਦਾ ਹੈ ਕਿ ਜਰਮਨੀ ਅਤੇ ਫਰਾਂਸ ਵਿੱਚ ਲੜਾਈ ਸ਼ੁਰੂ ਹੋ ਗਈ ਤਾਂ ਇਸ ਦਾ ਕੀ ਮਤਲਬ ਹੈ? ਕੀ ਜਰਮਨੀ ਦੇ ਦਰਿਆਵਾਂ, ਖੇਤਾਂ ਆਦਿ ਨੇ ਫਰਾਂਸ ਦੇ ਦਰਿਆਵਾਂ ਜਾਂ ਖੇਤਾਂ ਉਪਰ ਹਮਲੇ ਕਰ ਦਿੱਤੇ ਹਨ? ਕੀ ਫਰਾਂਸ ਦੇ ਪਹਾੜਾਂ, ਪਠਾਰਾਂ, ਨਦੀਆਂ ਨੇ ਜਰਮਨੀ ਦੇ ਪਹਾੜਾਂ, ਪਠਾਰਾਂ, ਨਦੀਆਂ ਵਿਰੁੱਧ ਜੰਗ ਛੇੜ ਦਿੱਤੀ ਹੈ?' ਤਾਂ ਕਿਸੇ ਨੂੰ ਜਵਾਬ ਨਹੀਂ ਸੁੱਝਦਾ। ਤੀਹ ਅਪਰੈਲ 2017 ਦੇ 'ਇੰਡੀਅਨ ਐਕਸਪ੍ਰੈੱਸ' ਵਿੱਚ ਦਿੱਲੀ ਹਾਈ ਕੋਰਟ ਦੇ ਸਾਬਕਾ ਚੀਫ਼ ਜਸਟਿਸ ਏ.ਪੀ. ਸ਼ਾਹ ਦੇ ਐੱਮ.ਐੱਨ. ਰਾਏ ਯਾਦਗਾਰੀ ਭਾਸ਼ਣ ਲੜੀ ਵਿੱਚ ਦਿੱਤੀ ਤਕਰੀਰ ਦੀ ਟੂਕ ਛਾਪੀ ਹੈ ਜਿਸ ਰਾਹੀਂ ਉਨ੍ਹਾਂ ਨੇ ਦੇਸ਼ ਵਿੱਚ ਉਪਜ ਰਹੀ ਅਤੇ ਪ੍ਰਫੁੱਲਤ ਕੀਤੀ ਜਾ ਰਹੀ ਇਸ ਕੱਟੜਵਾਦੀ ਸੋਚ ਅਤੇ ਉਸ ਅਧੀਨ ਕੀਤੀ ਜਾ ਰਹੀ ਗੁੰਡਾਗਰਦੀ ਬਾਰੇ ਸੁਚੇਤ ਕੀਤਾ ਹੈ। ਸਾਬਕਾ ਮੁੱਖ ਜੱਜ ਨੇ ਕਿਹਾ ਕਿ 'ਨਾਅਰੇਬਾਜ਼ੀ ਅਤੇ ਝੰਡੇਬਾਜ਼ੀ ਕਰਨੀ ਹੁਣ ਰਾਸ਼ਟਰਵਾਦ ਅਤੇ ਦੇਸ਼ਭਗਤੀ ਦੇ ਸਬੂਤ ਬਣ ਗਏ ਹਨ।'

ਪਿਛਲੇ ਸਾਰੇ ਮਹੀਨਿਆਂ ਦੌਰਾਨ ਦੇਸ਼ ਭਰ ਵਿੱਚ ਅਖੌਤੀ ਦੇਸ਼ਭਗਤਾਂ ਦੇ ਕਾਰਿਆਂ ਬਾਰੇ ਪੜ੍ਹ-ਸੁਣ ਕੇ ਮਨ ਵਿਚਲਿਤ ਹੋਣ ਲੱਗ ਪਿਆ। ਸੋਚ ਆਉਣ ਲੱਗ ਪਈ ਕਿ ਪ੍ਰੋਫ਼ੈਸਰ ਮੋਹਨ ਸਿੰਘ ਨੇ ਤਾਂ ਕਰੀਬ 65 ਕੁ ਸਾਲ ਪਹਿਲਾਂ ਲਿਖਿਆ ਸੀ:

ਜਿੱਥੇ ਸ਼ਾਇਰ ਬੋਲ ਨਾ ਸਕਣ
ਦਿਲ ਦੀਆਂ ਘੁੰਡੀਆਂ ਖੋਲ੍ਹ ਨਾ ਸਕਣ
ਮੈਂ ਨਹੀਂ ਰਹਿਣਾ ਐਸੇ ਗਰਾਂ।
ਛਡਦੇ ਛਡਦੇ ਮੇਰੀ ਬਾਂਹ।

ਇਹ ਲਿਖਣ ਕਾਰਨ ਅੱਜਕੱਲ੍ਹ ਦੇ ਮਾਹੌਲ ਵਿੱਚ ਉਹ ਤਾਂ ਪੱਕਾ ਹੀ ਦੇਸ਼ਧ੍ਰੋਹੀ ਗਰਦਾਨਿਆ ਜਾਵੇਗਾ ਅਤੇ ਭਾਰਤੀ ਦੰਡਾਵਲੀ ਦੀ ਧਾਰਾ 124ਏ ਤਹਿਤ ਕੈਦ ਕਰ ਲਿਆ ਜਾਵੇਗਾ। ਮੈਨੂੰ ਖ਼ਿਆਲ ਆਇਆ ਕਿ ਫਿਰ ਤਾਂ ਮੇਰਾ ਅਤੇ ਮੇਰੇ ਵਰਗੇ ਹੋਰ ਲੇਖਕਾਂ ਦਾ ਛੁਟਕਾਰਾ ਹੀ ਨਹੀਂ ਹੋ ਸਕਦਾ। 1988 ਵਿੱਚ ਅਣਭੋਲ ਹੀ ਇੱਕ ਕਵਿਤਾ ਲਿਖ ਦਿੱਤੀ ਸੀ। ਮੈਨੂੰ ਕੀ ਪਤਾ ਸੀ ਕਿ ਭਵਿੱਖਬਾਣੀ ਬਣ ਜਾਵੇਗੀ!! ਅਤੇ ਅੱਜ ਦੇ ਮਾਹੌਲ ਵਿੱਚ ਦੇਸ਼ ਵਿਰੋਧੀ ਗਰਦਾਨੀ ਜਾ ਸਕੇਗੀ?

ਮੇਰੀ ਕਵਿਤਾ ਦੇਸ਼ ਪ੍ਰੇਮ ਦੇ ਅਨੁਵਾਨ ਹੇਠ ਮੇਰੇ ਕਾਵਿ-ਸੰਗ੍ਰਹਿ 'ਤੀਸਰਾ ਬਨਵਾਸ' ਵਿੱਚ ਸ਼ਾਮਲ ਹੈ ਅਤੇ ਇਹ ਸੰਗ੍ਰਹਿ ਅਗਸਤ 2000 ਵਿੱਚ ਛਪਿਆ ਸੀ। ਉਹ ਕਵਿਤਾ ਹੈ:

**ਉਹ ਦੇਸ਼ ਨਹੀਂ/ ਉਹ ਕਾਲ ਨਹੀਂ**
**ਸਚਾਈ ਸੰਜਮ/ ਤਿਆਗ ਬਲੀਦਾਨ**
**ਦੇਸ਼ ਭਗਤੀ ਦੇ/ ਥੰਮ੍ਹ ਹੁੰਦੇ ਸਨ।**
**ਬਾਪੂ ਦੇ ਬਾਂਦਰ/ ਬਣ ਜਾਓ**
**ਸਭ ਕੁਝ ਦੇਖੋ/ਸਭ ਕੁਝ ਸੁਣੋ**
**ਜੋ ਕੁਝ ਹੋਵੇ/ਸਭ ਕੁਝ ਜਰੋ**
**ਕਦੇ ਵੀ ਆਪਣਾ/ ਮੂੰਹ ਨਾ ਖੋਲ੍ਹੋ**
**ਜੋ ਬੋਲੇ ਸੋ ਗੱਦਾਰ/ ਦੇਸ਼ ਪ੍ਰੇਮ ਦੇ ਇਹੋ ਮਿਆਰ।**

ਮੈਨੂੰ ਚੇਤੇ ਆ ਗਿਆ ਕਿ ਇਸ ਹਿਸਾਬ ਨਾਲ ਤਾਂ ਮੇਰੀਆਂ ਕਈ ਕਵਿਤਾਵਾਂ ਜਾਂ ਉਨ੍ਹਾਂ ਵਿਚਲੇ ਵਿਚਾਰ ਦੇਸ਼-ਕੌਮ ਦੇ ਵਿਰੋਧੀ, ਦੇਸ਼ ਧ੍ਰੋਹੀ ਕਰਾਰ ਦਿੱਤੇ ਜਾ ਸਕਦੇ ਹਨ। ਮੈਨੂੰ ਯਾਦ ਹੈ ਕਿ ਜਦੋਂ ਮੈਂ 1980-81 ਵਿੱਚ ਆਪਣੀ ਇੱਕ ਟਰੇਨਿੰਗ ਵਾਸਤੇ ਇੰਗਲੈਂਡ ਗਿਆ ਸਾਂ ਤਾਂ ਉਸ ਮੁਲਕ ਦਾ ਰਾਜਨੀਤਕ ਮਾਹੌਲ ਵੀ ਬਹੁਤ ਗਰਮਾਇਆ ਹੋਇਆ ਸੀ। ਉੱਥੋਂ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਨੂੰ ਲੋਕ 'ਲੋਹ ਨਾਰੀ' ਕਹਿੰਦੇ ਸਨ। ਆਇਰਲੈਂਡ ਦੀ ਸਮੱਸਿਆ ਗੰਭੀਰ ਅਤੇ ਖ਼ੂਨੀ ਹੋ ਰਹੀ ਸੀ। ਹਰ ਰੋਜ਼ ਆਇਰਿਸ਼ ਰਿਪਬਲਿਕਨ ਆਰਮੀ (9R1) ਵੱਲੋਂ ਕੋਈ ਨਾ ਕੋਈ ਵਾਰਦਾਤ ਹੋ ਰਹੀ ਸੀ। ਉਨ੍ਹਾਂ ਦੇ ਕੈਦ ਕੀਤੇ ਵਾਲੰਟੀਅਰਾਂ ਨੇ ਜੇਲ੍ਹਾਂ ਵਿੱਚ ਭੁੱਖ ਹੜਤਾਲਾਂ ਕੀਤੀਆਂ ਹੋਈਆਂ ਸਨ। ਹਰ ਮਹੀਨੇ ਇੱਕ ਦੋ ਭੁੱਖ ਹੜਤਾਲੀ ਮਰ ਰਹੇ ਸਨ। ਜੋ ਵੀ 'ਹਾਅ ਦਾ ਨਾਅਰਾ' ਲਗਾਉਂਦਾ, ਉਸ ਨੂੰ ਸਰਕਾਰੀ ਗੁੱਸਾ ਅਤੇ ਦਬਸ਼ ਸਹਿਣੀ ਪੈਂਦੀ ਸੀ। ਮਾਰਗਰੇਟ ਥੈਚਰ ਆਪਣੇ ਸਟੈਂਡ ਉੱਤੇ ਦ੍ਰਿੜ੍ਹ ਸੀ- ਕੋਈ ਗੱਲਬਾਤ ਨਹੀਂ, ਕੋਈ ਸਮਝੌਤਾ ਨਹੀਂ। ਜਦੋਂ ਕੁਝ ਵਿਚਾਰਵਾਨਾਂ ਨੇ ਉਸ ਨੂੰ ਆਪਣੇ ਵਿਚਾਰ ਨਰਮ ਕਰਨ ('ਯੂ ਟਰਨ' ਲੈਣ ਭਾਵ ਨੀਤੀ ਬਲਦਣ ਵਾਸਤੇ) ਲਈ ਕਿਹਾ ਸੀ ਤਾਂ ਉਸ ਦਾ ਵਿਸ਼ਵ ਪ੍ਰਸਿੱਧ ਜਵਾਬ ਸੀ ਕਿ 'ਯੂ ਟਰਨ, ਨਾਟ ਵੀ' (ਤੁਸੀਂ ਮੁੜੋ, ਅਸੀਂ ਨਹੀਂ)। ਅਜਿਹੇ ਮਾਹੌਲ ਵਿੱਚ ਮੈਂ 'ਚਾਨਣ ਦੀ ਕਿਸਮਤ' ਸਿਰਲੇਖ ਹੇਠ ਇੱਕ ਕਵਿਤਾ ਲਿਖੀ ਸੀ। 'ਮਮਟੀਆਂ ਦੇ ਪਰਛਾਵਿਆਂ ਹੇਠਾਂ/ ਗਿਲੋਟੀਨ ਦੀ ਧਾਰ ਚਮਕਦੀ' ਇਸ ਦੀਆਂ ਮੁੱਢਲੀਆਂ ਸਤਰਾਂ ਸਨ। ਕਵਿਤਾ ਦੇ ਆਖ਼ਰੀ ਦੋ-ਤਿੰਨ ਬੰਦ ਤਾਂ ਬਗ਼ਾਵਤ ਨੂੰ ਸਿੱਧਾ ਸੱਦਾ ਦੇਣ ਦੇ ਭਾਵ ਦੇ ਸਕਦੇ ਹਨ ਜਦੋਂ ਕੋਈ ਪੜ੍ਹੇ ਕਿ:

**ਫੇਰ ਦੱਸੀ**
**ਜਦੋਂ ਤੱਤੀ ਰੱਤ**
**ਠੰਢੀ ਧਾਰ ਦੇ ਹੋਂਠ ਛੋਂਹਦੀ**
**ਤਾਂ ਕੀ ਰੱਤ ਠਰਦੀ ਹੈ**
**ਜਾਂ ਧਾਰ ਗਰਮਾਉਂਦੀ?**
**ਛਾਨਣ ਦੀ ਕਿਸਮਤ ਦੀ ਡੋਰੀ**
**ਇਸ ਪ੍ਰਸ਼ਨੋਤਰੀ ਨਾਲ ਜੁੜੀ।**
**ਜੇ ਖ਼ੂਨ ਠਰਦਾ ਹੈ**
**ਤਾਂ**
**ਆਪਣੇ ਡੰਗ-ਡੋਰੀਏ ਸਾਂਭੋ**
**ਹੋਰ ਹਨੇਰੀ ਹੋਵੇਗੀ**
**ਇਹ ਕਾਲੀ ਰਾਤ।**
**ਪਰ ਜੇ**
**ਗਿਲੋਟੀਨ ਨੂੰ ਲਗਦਾ ਸੇਕ**
**ਸਿਰ ਦਾਨੀਆਂ ਦੀ ਕਤਾਰ ਬਣਾਓ**
**ਫੇਰ ਸਰਘੀ-ਵੇਲਾ ਦੂਰ ਨਹੀਂ।**
**ਸੂਰਜ ਧਰਤੀ ਤੇ ਅੰਬਰ ਦੇ**
**ਦੁਮੇਲ ਵਿੱਚੋਂ ਨਹੀਂ**
**ਗਰਦਾਨ ਤੇ ਗਿਲੋਟੀਨ ਦੇ**
**ਚੁੰਮਣ ਵਿੱਚੋਂ ਉਗੇਗਾ।**

ਮੈਂ 1981 ਦੀਆਂ ਈਸਟਰ ਦੀਆਂ ਛੁੱਟੀਆਂ ਵਿੱਚ ਪੂਰਬੀ ਯੂਰੋਪ ਦੀ ਸੈਰ ਵਾਸਤੇ ਨਿਕਲ ਤੁਰਿਆ ਸੀ। ਇਸ ਇੱਕ ਮਹੀਨੇ ਵਿੱਚ ਮੈਂ ਇੱਕ ਬੈਗ ਮੋਢੇ ਅਤੇ ਕੁੱਲ 300 ਪੌਂਡ ਖੀਸੇ ਵਿੱਚ ਪਾ ਕੇ ਤੇ ਹੱਥ ਲੰਡਨ-ਏਥਨਜ਼ ਦੀ 50 ਪੌਂਡ ਦੀ ਟਿਕਟ ਹੱਥ ਵਿੱਚ ਲੈ ਕੇ ਉਸੇ ਜਹਾਜ਼ ਵਿੱਚ ਜਾ ਬੈਠਾ ਸਾਂ ਜਿਸ ਵਿੱਚ ਬਾਕੀ ਸਾਰੇ ਸਹਿ-ਯਾਤਰੀ ਢਾਈ-ਢਾਈ ਸੌ ਪੌਂਡਾਂ ਦੀਆਂ ਟਿਕਟਾਂ ਲੈ ਕੇ ਬੈਠੇ ਸਨ। ਮੈਂ ਯੂਨਾਨ, ਬੁਲਗਾਰੀਆ, ਰੋਮਾਨੀਆ, ਹੰਗਰੀ, ਚੈਕੋਸਲੋਵਾਕੀਆ, ਪੱਛਮੀ ਜਰਮਨੀ, ਲਗਜ਼ਮਬਰਗ, ਬੈਲਜੀਅਮ ਤੇ ਹਾਲੈਂਡ ਦੀ ਯਾਤਰਾ ਕਰਕੇ ਪੂਰੇ ਇੱਕ ਮਹੀਨੇ ਪਿੱਛੋਂ ਇੰਗਲੈਂਡ ਪਰਤਿਆ ਸਾਂ। ਜਦੋਂ ਮੈਂ ਬੈਲਜੀਅਮ ਦੀ ਬੰਦਰਗਾਹ ਊਸ਼ਟੈਂਡ ਤੋਂ ਇੰਗਲੈਂਡ ਦੀ ਬੰਦਰਗਾਹ ਡੋਵਰ ਵਾਸਤੇ ਸਮੁੰਦਰੀ ਜਹਾਜ਼ ਵਿੱਚ ਸਵਾਰ ਹੋਇਆ ਤਾਂ ਉਸ ਵੇਲੇ ਵੀ ਮੇਰੀ ਜੇਬ ਵਿੱਚ ਪੰਜਾਹ ਪੌਂਡ ਬਚੇ ਪਏ ਸਨ, ਪਰ ਇਸ ਸਾਰੇ ਸਫ਼ਰ ਵਿੱਚ ਇੱਕ ਅਜੀਬ ਵਤੀਰੇ ਦਾ ਸੰਜੋਗ ਬਣ ਗਿਆ। ਮੈਂ ਜਿੱਥੇ-ਜਿੱਥੇ ਵੀ ਗਿਆ- ਯੂਨਾਨ, ਬੁਲਗਾਰੀਆ, ਰੁਮਾਨੀਆ, ਹੰਗਰੀ, ਚੈਕੋਸਲੋਵਾਕੀਆ, ਉੱਥੇ-ਉੱਥੇ ਹੀ ਉਨ੍ਹਾਂ ਦੇਸ਼ਾਂ ਦੇ ਕੌਮੀ ਦਿਨ ਅਤੇ ਪਰੇਡਾਂ ਦੇਖਣ ਨੂੰ ਮਿਲੀਆਂ। ਅਚੇਤ ਮਨ ਵਿੱਚ ਖਲਲ ਪੈਂਦੀ ਰਹੀ, ਸੋਚ ਆਉਂਦੀ ਰਹੀ ਅਤੇ ਅਖੀਰ ਕਵਿਤਾ ਬਣ ਫੁੱਟ ਪਈ:

**ਜਦੋਂ ਕਿਤੇ ਵੀ**
**ਕੌਮੀ ਦਿਨ ਹੋਵੇ**
**ਤਾਂ**
**ਫ਼ੌਜੀ ਬੂਟਾਂ ਦੀਆਂ**
**ਅੱਡੀਆਂ ਦੀ ਧਮਕ ਹੀ**
**ਸੀਨੇ 'ਤੇ ਕਿਉਂ ਵੱਜਦੀ ਹੈ?**
**ਲਿਸ਼ਕਦੀਆਂ ਕਿਰਚਾਂ ਦੀ**
**ਚਮਕ ਹੀ ਕਿਉਂ**
**ਅੱਖਾਂ ਚੁੰਧਿਆਉਂਦੀ ਹੈ?**
**ਕਿਉਂ ਬੈਂਡਾਂ ਬੰਸਰੀਆਂ ਦੇ ਸੀਨਿਆਂ ਵਿੱਚੋਂ**
**ਮਾਰੂ ਸੁਰ ਹੀ ਨਿਕਲਦੇ ਨੇ?**
**ਖੇਤਾਂ-ਖਲਿਹਾਨਾਂ**
**ਸਕੂਲਾਂ, ਮੈਦਾਨਾਂ ਵਿੱਚ**
**ਮਹਿਕਦੇ ਫੁੱਲਾਂ ਨੂੰ**
**ਕਿਉਂ ਸਿਵਿਆਂ ਦੇ ਹਾਰ**
**ਬਣਨ ਦੇ ਸਬਕ ਮਿਲਦੇ ਨੇ?...**
**...ਵਤਨ ਦੇ ਵੀਰ ਦੇ**
**ਤਗਮੇ ਲਿਸ਼ਕਾ ਕੇ**
**ਅਣਦੇਖੇ ਦੁਸ਼ਮਣ ਦਾ**
**ਸੀਨਾ ਚੀਰਨ ਦੀ**
**ਲਲਕਾਰ ਸਿਖਾ ਕੇ**
**ਕਿਉਂ ਸੁੱਚੇ ਕਿਰਤੀ ਹੱਥਾਂ ਵਿੱਚ**
**ਹਥਿਆਰ ਫੜਾਏ ਜਾਂਦੇ ਨੇ?...**
**...ਟੋਟੇ ਟੋਟੇ ਧਰਤੀ ਵੰਡ ਕੇ**
**ਕਿਉਂ ਦਿਲਾਂ ਦੇ ਟੋਟੇ ਕੀਤੇ**
**ਰੰਗ-ਰੰਗ ਦੀਆਂ ਲੀਰਾਂ ਖਾਤਰ**
**ਕਿਉਂ ਸੁਪਨਿਆਂ ਦੇ ਲੰਗਾਰ ਲਾਹੁੰਦੇ?**

ਇਸ ਕਵਿਤਾ ਦਾ ਬੰਦ 'ਵਤਨ ਦੇ ਵੀਰੇ...' ਤਾਂ 1974-75 ਤੋਂ ਮੇਰੇ ਦਿਮਾਗ਼ ਵਿੱਚ ਖੌਰੂ ਪਾ ਰਿਹਾ ਸੀ ਜਦੋਂ ਮੈਂ ਕਲਕੱਤਾ ਆਪਣੇ ਅਲੀਪੁਰ ਦੇ 'ਜਜਿਜ਼ ਕੋਰਟ ਰੋਡ' ਵਾਲੇ ਘਰ ਵਿੱਚ ਰਹਿੰਦਾ ਸਾਂ। ਹਰ ਰੋਜ਼ ਸਵੇਰੇ ਸੈਰ ਤੋਂ ਵਾਪਸ ਆਉਂਦਿਆਂ ਮੈਂ ਅਲੀਪੁਰ ਜੇਲ੍ਹ ਦੇ ਮੈਦਾਨ ਵਿੱਚ ਪੁਲੀਸ ਨੂੰ ਦਿੱਤੀ ਜਾ ਰਹੀ ਸੰਗੀਨਾਂ ਦੀ ਲੜਾਈ (ਬਿਨੇਟ ਫਾਈਟ) ਦੀ ਟ੍ਰੇਨਿੰਗ ਦੇਖਦਾ ਹੁੰਦਾ ਸਾਂ ਅਤੇ ਸੋਚਦਾ ਹੁੰਦਾ ਸਾਂ ਕਿ ਕਿਹੜੇ ਦੁਸ਼ਮਣ ਦਾ ਸੀਨਾ ਚੀਰਨ ਦੀ ਸਿਖਲਾਈ ਦਿੱਤੀ ਜਾਂਦੀ ਸੀ? ਫਿਰ ਵਕਤ ਬੀਤਣ ਅਤੇ ਦੁਨੀਆਂ ਘੁੰਮਣ ਪਿੱਛੋਂ ਇਹ ਵੀ ਵਿਚਾਰ ਆਣ ਲੱਗ ਪਿਆ ਕਿ 'ਝੰਡਾ ਊਂਚਾ ਰਹੇ ਹਮਾਰਾ' ਦਾ ਸਾਰੀ ਦੁਨੀਆਂ ਵਿੱਚ ਪ੍ਰਚਾਰ ਅਤੇ ਵਤੀਰਾ ਕਿਉਂ ਹੈ? ਝੰਡਾ ਕੀ ਹੈ? ਅਖੀਰ ਹਰੇਕ ਝੰਡਾ 'ਰੰਗ ਰੰਗ ਦੀਆਂ ਲੀਰਾਂ' ਹੀ ਤਾਂ ਹਨ! ਪਰ ਹਰੇਕ ਰਾਸ਼ਟਰਵਾਦੀ ਵਾਸਤੇ ਤਾਂ ਇਹ ਗਾਲ੍ਹ ਸਮਾਨ ਹੈ ਜਿਸ ਵਾਸਤੇ ਸਖ਼ਤ ਤੋਂ ਸਖ਼ਤ ਸਜ਼ਾ ਮਿਲਣੀ ਹੀ ਚਾਹੀਦੀ ਹੈ।

ਜਦੋਂ ਭਾਰਤ ਦੇ ਇਤਿਹਾਸ ਦਾ ਸਭ ਤੋਂ ਮੰਦਭਾਗਾ 1984 ਦਾ ਪਹਿਲਾ ਦਿਨ ਚੜ੍ਹਿਆ ਤਾਂ ਕਿਸੇ ਨੂੰ ਚਿੱਤ-ਚੇਤਾ ਵੀ ਨਹੀਣ ਸੀ ਕਿ ਇਸ ਸਾਲ ਵਿੱਚ ਦੇਸ਼ ਨੂੰ ਇੱਕ ਨਹੀਂ, ਦੋ ਨਹੀਂ, ਤਿੰਨ-ਤਿੰਨ ਦੁਖਾਂਤ ਝੱਲਣੇ ਪੈਣਗੇ! ਅਪਰੈਲ-ਮਈ 1984 ਵਿੱਚ ਮੈਂ ਜ਼ਿੰਦਗੀ ਵਿੱਚ ਪਹਿਲੀ ਵਾਰ ਦੇਖੇ ਕਰਫਿਊ ਆਰਡਰ ਤੋਂ ਇੰਨਾ ਵਿਚਲਿਤ ਹੋ ਗਿਆ ਸਾਂ ਕਿ ਮੈਂ ਇੱਕ ਕਵਿਤਾ ਲਿਖ ਦਿੱਤੀ-ਸਰਾਪਿਆ ਸ਼ਹਿਰ! ਉਸ ਕਵਿਤਾ ਵਿੱਚ ਪਤਾ ਨਹੀਂ ਕੀ ਕੀ ਖ਼ਤਰਨਾਕ ਸੀ ਕਿ ਮੇਰੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਨੇ ਇਸ ਨੂੰ 'ਬਹੁਤ ਹੀ ਤੱਤੀ ਕਵਿਤਾ' ਕਿਹਾ ਅਤੇ ਮੈਨੂੰ ਇਸ ਬਾਰੇ ਗੱਲ ਕਰਨ ਤੋਂ ਵੀ ਰੋਕਣ ਦੀ ਕੋਸ਼ਿਸ਼ ਕੀਤੀ। ਜਲੰਧਰ ਦੀ ਮੈਡਮ ਸੁਰਜੀਤ ਕੌਰ ਚਿੱਤਰਕਾਰ ਜੂਨ ਦੀ ਕੜਕਦੀ, ਲੂੰਹਦੀ ਧੁੱਪ ਵਿੱਚ ਪੈਦਲ ਮੇਰੇ ਪਾਸ ਇਹ ਕਹਿਣ ਲਈ ਆਈ ਕਿ 'ਇਸ ਨੂੰ ਨਰਮ ਕਰਾਂ'। ਮੇਰੇ ਇਹ ਕਹਿਣ ਉੱਤੇ ਕਿ 'ਮੈਂ ਤਾਂ ਨਹੀਂ ਕਰ ਸਕਦਾ, ਜੇ ਤੂੰ ਡਾਇਲਿਊਟ ਕਰ ਸਕਦੀ ਹੈ ਤਾਂ ਕਰਦੇ', ਉਹ ਖਰੜਾ ਲੈ ਕੇ ਵਾਪਸ ਚਲੀ ਗਈ ਸੀ। ਇੱਕ ਹਫ਼ਤੇ ਪਿੱਛੋਂ ਉਹ ਜਦੋਂ ਵਾਪਸ ਆਈ ਤਾਂ ਕਹਿੰਦੀ, "ਵੀਰ ਜੀ! ਇਹ ਡਾਇਲਿਊਟ ਨਹੀਂ ਹੋ ਸਕਦੀ' ਤਾਂ ਮੈਨੂੰ ਬਹੁਤ ਖ਼ੁਸ਼ੀ ਹੋਈ ਸੀ ਅਤੇ ਸਕੂਨ ਮਿਲਿਆ ਸੀ ਕਿ ਮੈਂ ਆਪਣੀ ਕਲਮ ਨਾਲ ਗੱਦਾਰੀ ਨਹੀਂ ਕੀਤੀ ਸੀ। ਇਸ ਕਵਿਤਾ ਦੇ ਕੁਝ ਕੁ ਬੰਦ ਇਸ ਤਰ੍ਹਾਂ ਹਨ:

**ਇਹ ਧਰਮਾਂ ਦੇ ਬੰਧਨ**
**ਇਹ ਖ਼ੂਨੀ ਵਿਚਾਰਾਂ**
**ਇਹ ਇੱਟਾਂ ਦੇ**
**ਵੱਖ ਵੱਖ ਰੂਪਾਂ ਦੀਆਂ ਜੇਲ੍ਹਾਂ,**
**ਇਹ ਝੰਡੇ ਇਹ ਖੰਡੇ**
**ਇਹ ਸ਼ੰਖ ਤ੍ਰਿਸ਼ੂਲਾਂ**
**ਇਹ ਸਾਰੇ ਦੇ ਸਾਰੇ**
**ਬਣੇ ਕਾਤਲ ਸੂਲਾਂ**
**ਇਹ ਮਜ਼ਹਬਾਂ ਦੇ ਪਾੜੇ**
**ਸੂਰਤਾਂ ਦੇ ਪੁਆੜੇ**
**ਇਹ ਤਾਕਤ ਦੀਆਂ ਹਵਸਾਂ**
**ਇਹ ਗੱਦੀਆਂ ਦੇ ਸਾੜੇ।....**
**...ਜਾਗੋ ਉਠੋ ਰਲ ਕੇ ਹੱਲਾ ਇੱਕ ਮਾਰੋ**
**ਇਹ ਸੂਲਾਂ ਮਸੰਦਾਂ ਦੇ ਝੁੱਗੇ ਹੀ ਸਾੜੋ**
**ਇਨ੍ਹਾਂ ਨੂੰ ਹਟਾਓ ਇਨ੍ਹਾਂ ਨੂੰ ਮਿਟਾਓ**
**ਇਹ ਵਹਿਸ਼ੀ ਦਰਿੰਦਿਆਂ ਨੂੰ ਨੱਥ ਪਾਓ।**

ਅਪਰੇਸ਼ਨ ਬਲੂ ਅਪਰੇਸ਼ਨ ਨੇ ਜੋ ਤਬਾਹਕੁਨ ਸੱਟ ਹਰ ਪੰਜਾਬੀ ਦੀ ਮਾਨਸਿਕਤਾ ਨੂੰ ਮਾਰੀ, ਉਹੋ ਜਿਹੀ ਸੱਟ ਸ਼ਾਇਦ ਕਿਸੇ ਹੋਰ ਵਰਤਾਰੇ ਨੇ ਨਹੀਂ ਮਾਰੀ। ਜਿਵੇਂ ਮੈਂ ਆਪਣੀ ਇੱਕ ਕਵਿਤਾ ਵਿੱਚ ਲਿਖਿਆ ਸੀ: 'ਰਿਸ਼ਤੇ ਰੁੱਸ ਗਏ/ ਦੋਸਤੀਆਂ ਦੋਫਾੜ ਹੋ ਗਈਆਂ/ ਹੇਠੀ ਤੇ ਹਉਮੈ ਦੇ ਝਟਕਿਆਂ ਨਾਲ/ ਸੋਚਣੀਆਂ ਤਿੜਕ ਗਈਆਂ' ਸਨ। ਕਈ ਕਵਿਤਾਵਾਂ ਰਾਹੀਂ ਮੇਰਾ ਮਲਾਲ ਅਤੇ ਰੰਜ ਨਿਕਲ ਤੁਰਿਆ ਸੀ।

ਅਜੇ ਇਨ੍ਹਾਂ ਝਟਕਿਆਂ ਤੋਂ ਲੋਕ ਸੰਭਲੇ ਵੀ ਨਹੀਂ ਸਨ ਕਿ ਨਵੰਬਰ 1984 ਦੇ ਦੰਗੇ ਹੋ ਗਏ ਜਿਨ੍ਹਾਂ ਵਿੱਚ ਹਜ਼ਾਰਾਂ ਨਿਰਦੋਸ਼ ਲੋਕ ਮਾਰੇ ਗਏ ਸਨ। ਉਸ ਸਾਰੇ ਵਰਤਾਰੇ ਵਿੱਚ ਸਰਕਾਰ ਅਤੇ ਲੀਡਰਾਂ ਦੇ ਰੋਲ ਨੇ ਹਰੇਕ ਸੰਵੇਦਨਸ਼ੀਲ ਮਨੁੱਖ ਨੂੰ ਰੋਲ ਦਿੱਤਾ ਸੀ। ਇਸੇ ਆਕ੍ਰੋਸ਼ ਅਤੇ ਬੇਵੱਸੀ ਵਿੱਚ ਕਲਮ ਚੀਖ਼ ਉੱਠੀ ਸੀ:

**ਦਿਨ ਦੀਵੀਂ ਦੀਵੇ ਬਾਲ**
**'ਦਿੱਲੀ' ਲੁੱਟੀ ਫੇਰ ਇੱਕ ਨਾਦਿਰ ਸ਼ਾਹ ਨੇ।...**
**...ਬੇਦੋਸ਼ੇ ਮਾਸੂਮ ਨਾ ਛੱਡੇ**
**ਬੱਚੇ ਬੁੱਢੇ ਨਾ ਕੋਈ ਨੱਢੇ**
**ਮਾਂ ਭੈਣਾਂ ਦੀ ਪੱਤ ਨਾ ਸੰਭਲੀ**
**'ਤੋਬਾ ਤੋਬਾ' ਕਰਾਈ ਨਾਦਿਰ ਸ਼ਾਹ ਨੇ।**
**'ਪੰਜਾਬ ਸਿੰਧ ਗੁਜਰਾਤ ਮਰਾਠਾ'**
**ਖ਼ੂਨੋ ਖ਼ੂਨ ਨਾ ਜਾਏ ਪਛਾਤਾ**
**'ਵਿੰਧ ਹਿਮਾਚਲ ਯਮੁਨਾ ਗੰਗਾ'**
**ਭਾਂਬੜ ਲਾਸ਼ਾਂ ਕਤਲ ਤੇ ਦੰਗਾ**
**ਮਿਝ-ਮਾਸ ਦੀਆਂ ਪੌੜੀਆਂ ਲਾ ਕੇ**
**ਤਖ਼ਤ-ਤਾਕਤ ਹਥਿਆਈ ਨਾਦਿਰ ਸ਼ਾਹ ਨੇ!'**

ਪਰ ਸ਼ਾਇਦ ਸਾਲ 1984 ਨੇ ਅਜੇ ਹੋਰ ਰੁਆਉਣਾ ਸੀ। ਅਜੇ ਹੋਰ ਬੇਵਸੀ, ਮਨੁੱਖੀ ਕਮੀਨਗੀ ਅਤੇ ਰਾਜਸੀ ਹਵਸ ਅਤੇ ਲਾਲਚ ਨੂੰ ਬੇਪਰਦ ਕਰਨਾ ਸੀ ਜਦੋਂ ਦਸੰਬਰ 1984 ਦੇ ਸ਼ੁਰੂ ਵਿੱਚ ਹੀ ਭੋਪਾਲ ਦਾ ਦੁਖਾਂਤ ਵਾਪਰ ਗਿਆ। ਸੈਂਕੜੇ ਨਹੀਂ, ਹਜ਼ਾਰਾਂ ਮਨੁੱਖ ਹੀ ਨਹੀਂ ਸਗੋਂ ਪਸ਼ੂ, ਪੰਛੀ ਵੀ ਮਾਰੇ ਗਏ ਸਨ। ਇਹ ਦੁਖਾਂਤ 'ਦੁਨੀਆਂ ਦਾ ਸਭ ਤੋਂ ਵੱਡਾ ਉਦਯੋਗਿਕ ਹਾਦਸਾ' ਹੋ ਨਿਬੜਿਆ ਸੀ! ਪਰ ਸਰਕਾਰਾਂ ਅਤੇ ਨੇਤਾਵਾਂ ਦੇ ਪ੍ਰਤੀਕਰਮ ਕੀ ਸਨ!! ਇਸੇ ਲਈ ਕਲਮ 'ਐ ਭੁਪਾਲ' ਦੇ ਸ਼ਬਦਾਂ ਰਾਹੀਂ ਕੁਰਲਾ ਉੱਠੀ ਸੀ:

**ਐ ਭੁਪਾਲ**
**ਤੇਰੇ ਮੁਰਦਿਆਂ ਲਈ**
**ਕਿਉਂ ਨਾ ਕੋਈ ਰੋਇਆ**
**ਕਿਉਂ ਨਾ ਕਿਸੇ ਨੇ**
**ਹਾਅ ਦਾ ਨਾਅਰਾ ਲਾਇਆ**
**ਕਿਉਂ ਕੋਈ ਕਾਤਿਲ ਨਜ਼ਰ ਨਾ ਆਇਆ?**
...
**...ਪਰ ਜਦੋਂ**
**ਗੈਸ ਨਾਲ ਕੋਹਰਾਮ ਹੋ ਗਿਆ**
**ਲਾਸ਼ਾਂ ਸਾਰੀਆਂ ਗੱਡ-ਮੱਡ ਹੋਈਆਂ**
**ਧਰਮ-ਜਾਤ ਨਾ ਗਈ ਪਛਾਣੀ**
**ਦੋਸ਼ੀ ਕਿਸੇ ਨੂੰ ਨਜ਼ਰ ਨਾ ਆਇਆ**
**ਉਹ ਤਾਂ ਸਿਰਫ਼ ਮਨੁੱਖ ਮਰੇ ਸਨ**
**ਮਨੁੱਖਾਂ ਲਈ ਇੱਥੇ**
**ਕੋਈ ਨਹੀਂ ਰੋਂਦਾ**
**ਭੁਪਾਲ ਲਈ ਫਿਰ ਕੋਈ ਨਹੀਂ ਰੋਂਦਾ।**

ਹੁਣ ਤਾਂ ਸੋਚਣਾ ਪੈਂਦਾ ਹੈ, ਡਰ ਲੱਗਦਾ ਹੈ ਕਿ ਹੁਣ ਵੀ ਕੀ ਕੋਈ ਲੇਖਕ ਖੁੱਲ੍ਹ ਕੇ ਲਿਖ ਸਕਦਾ ਹੈ? ਕੀ ਕੋਈ ਪਾਸ਼, ਕੋਈ ਸੰਤ ਰਾਮ ਉਦਾਸੀ, ਕੋਈ ਗ਼ਦਰ ਜਾਂ ਉਨ੍ਹਾਂ ਵਰਗੇ ਹਜ਼ਾਰਾਂ ਕਲਮਾਂ ਵਾਲੇ ਜੇਰਾ ਕਰ ਸਕਦੇ ਹਨ? ਕੀ ਸੱਚਮੁੱਚ ਹੀ ਹੁਣ ਸਾਰੀ ਫ਼ਿਜ਼ਾ ਵਿੱਚ ਬੱਸ ਇਹੋ ਹੀ ਸੁਣਾਈ ਨਹੀਂ ਦਿੰਦਾ ਕਿ 'ਕਦੇ ਵੀ ਆਪਣਾ ਮੂੰਹ ਨਾ ਖੋਲ੍ਹੋ' ਕਿਉਂਕਿ ਨਹੀਂ ਤਾਂ 'ਜੋ ਬੋਲੇ ਸੋ ਗੱਦਾਰ'। (ਪੁਸਤਕ 'ਕਤਰਨ ਕਤਰਨ ਯਾਦਾਂ-4' ਦੇ ਅੰਸ਼)

ਸੰਪਰਕ: 98148-30903

# ਗੌਰੀ ਲੰਕੇਸ਼ ਦੇ ਕਤਲ ਖਿਲਾਫ ਰੋਸ ਪ੍ਰਦਰਸ਼ਨ

7 ਸਤੰਬਰ 2017 ਨੂੰ ਜਗਰਾਉਂ ਕਮੇਟੀ ਪਾਰਕ ਵਿਖੇ ਇਨਕਲਾਬੀ ਕੇਂਦਰ ਪੰਜਾਬ ਦੀ ਪਹਿਲਕਦਮੀ ਤੇ ਬੰਗਲੂਰ ਵਿਖੇ ਉੱਘੀ ਪੱਤਰਕਾਰ, ਪ੍ਰਤੀਬੱਧ ਸਮਾਜ ਸੇਵੀ ਤੇ ਚਿੰਤਕ ਗੌਰੀ ਲੰਕੇਸ਼ ਦੇ ਕਤਲ ਖਿਲਾਫ ਰੋਸ ਪ੍ਰਦਰਸ਼ਨ ਦਾ ਆਯੋਜਨ ਕੀਤਾ ਗਿਆ। ਇਲਾਕੇ ਦੀਆਂ ਵੱਖ-ਵੱਖ ਜਨਤਕ ਜਥੇਬੰਦੀਆਂ, ਲੇਖਕਾਂ, ਪੱਤਰਕਾਰ ਭਾਈਚਾਰੇ ਨੇ ਇਸ ਰੋਸ ਕਾਰਵਾਈ 'ਚ ਭਾਗ ਲਿਆ। ਦੇਸ਼ ਦੀ ਰਾਜਸੱਤਾ ਤੇ ਕਾਬਜ ਫਿਰਕੂ ਫਾਸ਼ੀਵਾਦੀ ਸੰਘ-ਪਰਿਵਾਰ ਵੱਲੋਂ ਹਰ ਵਿਰੋਧੀ ਆਵਾ॥ਨੂੰ ਦਬਾਉਣ ਦੇ ਕੋਝੇ ਯਤਨਾਂ ਖਿਲਾਫ ਬੁਲਾਰਿਆਂ ਨੇ ਜੋਰਦਾਰ ਆਵਾਜ ਬੁਲੰਦ ਕੀਤੀ। ਕੰਵਲਜੀਤ ਖੰਨਾ, ਪੱਤਰਕਾਰ ਜਸਪਾਲ ਹੇਰਾਂ, ਜੋਗਿੰਦਰ ਆਜ਼ਾਦ ਦੇ ਸੰਬੋਧਨ ਤੋਂ ਬਾਅਦ ਸ਼ਹਿਰ 'ਚ ਜੁਬਾਨਬੰਦੀ ਅਤੇ ਗੋਲੀ ਦੀ ਭਾਸ਼ਾ ਖਿਲਾਫ ਜੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ।

8 ਸਤੰਬਰ ਨੂੰ ਡੈਮੋਕਰੈਟਿਕ ਟੀਚਰਜ ਫਰੰਟ ਦੇ ਸੱਦੇ ਤੇ ਹਰੀ ਸਿੰਘ ਨਲਵਾ ਚੌਕ ਵਿਖੇ ਪੁਲਸ ਵੱਲੋਂ ਰੋਕਣ ਦੇ ਬਾਵਜੂਦ ਪਹਿਲਾਂ ਗੌਰੀ ਲੰਕੇਸ਼ ਦੇ ਕਤਲ ਖਿਲਾਫ ਦੋ ਮਿੰਟ ਦਾ ਮੋਨ ਧਾਰਣ ਉਪਰੰਤ ਨਰਪਾਲ ਸਿੰਘ ਜਲਾਲਦੀਵਾਲ ਦੀ ਮੰਚ ਸੰਚਾਲਨਾ ਹੇਠ ਰੋਸ ਰੈਲੀ ਕੀਤੀ ਗਈ। ਫਿਰਕੂ ਫਾਸ਼ੀਵਾਦ ਖਿਲਾਫ ਜੋਰਦਾਰ ਨਾਰੇ ਬੁਲੰਦ ਕਰਦਿਆਂ ਕੰਵਲਜੀਤ ਖੰਨਾ, ਬਲਦੇਵ ਸਿੰਘ, ਚਰਨ ਸਿੰਘ ਨੂਰਪੁਰਾ, ਸੰਤੋਖ ਗਿੱਲ, ਸਤੀਸ਼ ਰਾਏਕੋਟੀ, ਜਸਬੀਰ ਅਕਾਲਗੜ੍ਹ, ਜੋਗਿੰਦਰ ਆਜ਼ਾਦ ਨੇ ਸੰਬੋਧਨ ਕੀਤਾ। ਉਪਰੰਤ ਚੌਕ 'ਚ ਹੀ ਰੋਹ ਭਰਪੂਰ ਪ੍ਰਦਰਸ਼ਨ ਕੀਤਾ ਗਿਆ।

11 ਸਤੰਬਰ ਨੂੰ ਮੁੱਲਾਂਪੁਰ ਵਿਖੇ ਲੋਕ ਕਲਾਂ ਮੰਚ ਮੁੱਲਾਂਪੁਰ ਦੀ ਪਹਿਲਕਦਮੀ ਤੇ ਪੂਰੇ ਸ਼ਹਿਰ 'ਚ ਭਾਰੀ ਤੇ ਜਬਤ ਬੱਧ ਰੋਸ ਪ੍ਰਦਰਸ਼ਨ ਕੀਤਾ ਗਿਆ। ਅੰਤ ਤੇ ਗੌਰੀ ਲੰਕੇਸ਼ ਦੀ ਯਾਦ 'ਚ ਮੋਮਬੱਤੀਆਂ ਬਾਲ ਕੇ ਸਰਧਾਂਜਲੀ ਦਿੱਤੀ ਗਈ। ਇੱਕਤਰਤਾ ਨੂੰ ਹਰਕੇਸ਼ ਚੌਧਰੀ, ਸੁਰਿੰਦਰ ਸ਼ਰਮਾ, ਕੰਵਲਜੀਤ ਖੰਨਾ, ਪੱਤਰਕਾਰ ਜਸਪਾਲ ਹੈਰਾਂ ਨੇ ਸੰਬੋਧਨ ਕੀਤਾ। ਲੇਖਕਾਂ, ਪੱਤਰਕਾਰ ਨੇ ਵੀ ਚੰਗੀ ਸਮਲੀਅਤ ਕੀਤੀ।

7 ਸਤੰਬਰ ਨੂੰ ਹੀ ਲੁਧਿਆਣਾ ਵਿਖੇ ਇਨਕਲਾਬੀ ਕੇਂਦਰ ਪੰਜਾਬ ਸਮੇਤ ਸ਼ਹਿਰ ਦੀਆਂ ਵੱਖ-ਵੱਖ ਜਨਤਕ ਜਥੇਬੰਦੀਆਂ ਨੇ ਗੌਰੀ ਲੰਕੇਸ਼ ਦੇ ਕਤਲ ਖਿਲਾਫ ਪਹਿਲਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਪਾਰਕ 'ਚ ਸ਼ੋਕ ਰੋਸ ਸਭਾ ਕੀਤੀ। ਸਭਾ ਨੂੰ ਕੰਵਲਜੀਤ ਖੰਨਾ, ਜਸਵੰਤ ਜੀਰਖ, ਜਸਦੇਵ ਲਲਤੋਂ, ਕਸਤੂਰੀ ਲਾਲ, ਗੁਲਜਾਰ ਪੰਧੇਰ, ਕੁਲਦੀਪ ਸਿੰਘ ਐਡਵੋਕੇਟ, ਪ੍ਰੋ.ਏ.ਕੇ. ਮਲੇਰੀ ਆਦਿ ਨੇ ਸੰਬੋਧਨ ਕੀਤਾ। ਉਪਰੰਤ ਡੀ.ਸੀ. ਦਫਤਰ ਤੱਕ ਮਾਰਚ ਕਰਦਿਆਂ ਗੌਰੀ ਦੇ ਕਾਤਲਾਂ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਮੰਗਪੱਤਰ ਪੇਸ਼ ਕੀਤਾ ਗਿਆ।

13 ਸਤੰਬਰ ਨੂੰ ਕਸਬਾ ਹੰਬੜਾਂ ਵਿਖੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ, ਪੇਂਡੂ ਮਜਦੂਰ ਯੂਨੀਅਨ (ਮਸ਼ਾਲ) ਟੀ.ਐਸ.ਯੂ., ਡੀ.ਟੀ. ਐਫ. ਤੇ ਪਿੰਡ ਦੇ ਲੋਕਾਂ ਨੇ ਰਲ ਕੇ ਰੋਸ ਮਾਰਚ ਕੀਤਾ। ਇਸੇ ਹੀ ਦਿਨ ਪਿੰਡ ਭੂੰਦੜੀ ਵਿਖੇ ਹੀ ਸੁਖਦੇਵ ਸਿੰਘ ਭੂੰਦੜੀ ਦੀ ਅਗਵਾਈ 'ਚ ਸ਼ਹੀਦ ਭਗਤ ਸਿੰਘ ਨੌਜਵਾਨ ਵਿਚਾਰ ਮੰਚ, ਪੇਂਡੂ ਮਜਦੂਰ ਯੂਨੀਅਨ (ਮਸ਼ਾਲ) ਅਤੇ ਪੱਤਰਕਾਰ ਸਾਥੀਆਂ ਨੇ ਭਾਗ ਲਿਆ। ਇਸ ਸਮੇਂ ਸੁਰਿੰਦਰ ਸ਼ਰਮਾ, ਬਲਬੀਰ ਬਾਸੀ ਨੇ ਸੰਬੋਧਨ ਕੀਤਾ। ਪਿੰਡ 'ਚ ਮਾਰਚ ਕਰਨ ਉਪਰੰਤ ਬੱਸ ਅੱਡੇ 'ਚ ਰੋਸ ਰੈਲੀ ਕੀਤੀ ਗਈ।

ਪ੍ਰਾਪਤ ਰਿਪੋਰਟਾਂ ਮੁਤਾਬਿਕ ਇਸ ਅਤਿਅੰਤ ਗੰਭੀਰ ਮੁੱਦੇ ਤੇ ਪੰਜਾਬ 'ਚ ਹਰ ਕਸਬੇ, ਸ਼ਹਿਰ 'ਚ ਰੋਸ ਪ੍ਰਦਰਸ਼ਨ ਕੀਤੇ ਗਏ।

### ਮਹਿਲਾ ਕਾਂਸਟੇਬਲ ਅਮਨਪ੍ਰੀਤ ਕੌਰ ਦੀ ਮੌਤ ਸਬੰਧੀ ਜਾਂਚ ਰਿਪੋਰਟ ਜਾਰੀ ਕਰਨ 'ਚ ਕੀਤੀ ਜਾ ਰਹੀ ਦੇਰੀ ਖਿਲਾਫ ਰੋਸ ਪ੍ਰਦਰਸ਼ਨ

9 ਜੂਨ ਨੂੰ ਜੋਧਾਂ (ਲੁਧਿਆਣਾ) ਦੇ ਪੁਲਸ ਥਾਣੇ 'ਚ ਮ੍ਰਿਤਕ ਹਾਲਤ 'ਚ ਪੱਖੇ ਨਾਲ ਲਟਕਦੀ ਪਾਈ ਗਈ ਪੁਲਸ ਕਾਂਸਟੇਬਲ ਅਮਨਪ੍ਰੀਤ ਕੌਰ ਦੀ ਮੌਤ ਖਿਲਾਫ ਐਕਸ਼ਨ ਕਮੇਟੀ ਦੀ ਅਗਵਾਈ 'ਚ ਲੰਮਾ ਸੰਘਰਸ਼ ਚੱਲਿਆ ਹੈ। ਐਸ.ਸੀ./ਐਸ.ਟੀ. ਕਮਿਸ਼ਨ ਦੀ ਹਦਾਇਤ ਤੇ ਬਣੀ ਉੱਚ ਪੱਧਰੀ ਪੁਲਸ ਜਾਂਚ ਟੀਮ ਵੱਲੋਂ ਮਾਮਲੇ ਦੀ ਕੀਤੀ ਜਾ ਰਹੀ ਪੜਤਾਲ ਲਟਕਾਉਣ ਕਾਰਨ ਨਾਮਜਦ ਦੋਸ਼ ਮੁਨਸ਼ੀ ਜਮਾਨਤ ਤੇ ਜੇਲ੍ਹ 'ਚੋਂ ਬਾਹਰ ਆ ਗਿਆ। ਮ੍ਰਿਤਕਾ ਦੇ ਭਰਾ ਨੂੰ ਪੁਲਿਸ ਮਹਿਕਮੇ 'ਚ ਨੌਕਰੀ ਦਾ ਭਰੋਸਾ ਚਾਰ ਮਹੀਨੇ ਬੀਤਣ ਦੇ ਬਾਵਜੂਦ ਵਫਾ ਨਹੀਂ ਹੋਇਆ। ਐਕਸ਼ਨ ਕਮੇਟੀ ਦਾ ਵਫਦ ਦੋ ਵੇਰ ਚੇਅਰਮੈਨ ਐਸ.ਸੀ./ਐਸ.ਟੀ. ਕਮਿਸ਼ਨ ਨੂੰ ਤੇ 13 ਸਤੰਬਰ 2017 ਨੂੰ ਡੀ.ਜੀ.ਪੀ. ਚੰਡੀਗੜ੍ਹ ਨੂੰ ਵਫਦ ਲੈ ਕੇ ਮਿਲ ਆਇਆ, ਪਰ ਪਰਨਾਲਾ ਉੱਥੇ ਦਾ ਉੱਥੇ। ਮਾਮਲੇ ਨੂੰ ਲਟਕਾ ਕੇ ਹੌਲੀ ਹੌਲੀ ਠੰਡੇ ਬਸਤੇ 'ਚ ਪਾਉਣ ਦੀ ਨੀਤੀ, ਅਸਲ ਤੱਥ ਸਾਹਮਣੇ ਨਾ ਲਿਆਉਣ ਦੀ ਸਾਜਸ਼ ਖਿਲਾਫ ਐਕਸ਼ਨ ਕਮੇਟੀ ਨੇ ਦੋਹਾਂ ਪਿੰਡਾਂ ਖੰਡੂਰ ਅਤੇ ਅਕਾਲਗੜ੍ਹ 'ਚ ਜਨਤਕ ਮੀਟਿੰਗਾਂ ਕਰ 10 ਅਕਤੂਬਰ 2017 ਨੂੰ ਜਗਰਾਉਂ ਵਿਖੇ ਰੋਸ ਪ੍ਰਦਰਸ਼ਨ ਦਾ ਸੱਦਾ ਦਿੱਤਾ। ਜਗਰਾਉਂ ਕਮੇਟੀ ਪਾਰਕ 'ਚ ਇੱਕਤਰ ਹੋ ਪਰਿਵਾਰ, ਪਿੰਡ ਵਾਸੀਆਂ ਅਤੇ ਜਨਤਕ ਜਥੇਬੰਦੀਆਂ ਦੇ ਵਰਕਰਾਂ ਨੇ ਸ਼ਹਿਰ 'ਚ ਰੋਸ ਮਾਰਚ ਕਰਨ ਉਪਰੰਤ ਡੀ.ਜੀ.ਪੀ. ਦੇ ਨਾਂ ਮੰਗ ਪੱਤਰ ਐਸ.ਐਸ.ਪੀ. ਜਗਰਾਉਂ ਰਾਹੀਂ ਭੇਜਦਿਆਂ ਜਾਂਚ ਰਿਪੋਰਟ ਤੁਰੰਤ ਜਾਰੀ ਕਰਨ, ਮ੍ਰਿਤਕਾ ਦੇ ਭਰਾ ਨੂੰ ਨੌਕਰੀ ਤੁਰੰਤ ਦੇਣ ਦੀ ਮੰਗ ਕੀਤੀ ਗਈ।

### ਪਿੰਡ ਰੋਗਾਹੂਰ ਵਿਖੇ ਸ਼ਹੀਦ ਦਾ ਜਨਮ ਦਿਨ ਮਨਾਇਆ

ਸ਼ਹੀਦ ਭਗਤ ਸਿੰਘ ਨੌਜਵਾਨ ਵਿਚਾਰ ਮੰਚ ਅਤੇ ਸ਼ਹੀਦ ਭਗਤ ਸਿੰਘ ਯੂਥ ਸਪੋਰਟਸ ਕਲੱਬ ਰੋਗਾਹੂਰ ਵੱਲੋਂ ਸ਼ਹੀਦ ਭਗਤ ਸਿੰਘ ਜਨਮ ਦਿਨ ਸਮਾਗਮ ਪਿੰਡ 'ਚ ਕਰਵਾਇਆ। ਸਮਾਜ ਸੁਧਾਰਕ ਨਾਰਿਆਂ ਅਤੇ ਸ਼ਹੀਦ ਦੇ ਕਥਨਾਂ ਨਾਲ ਸਜੇ ਪੰਡਾਲ 'ਚ ਬੱਚਿਆਂ ਨੇ ਵੀ ਸੁਹਣੀਆਂ, ਮਨਭਾਉਂਦਿਆਂ ਕਿਰਤਾਂ ਪੇਸ਼ ਕੀਤੀਆਂ। ਲੋਕ ਕਲਾਂ ਮੰਚ ਮੁੱਲਾਂਪੁਰ ਦੇ ਕਲਾਕਾਰਾਂ ਨੇ ਨਾਟਕ 'ਇਨਾਂ ਜਖਮਾਂ ਦਾ ਕੀ ਕਰੀਏ, ਕੋਰੀਉਗ੍ਰਾਫੀਆਂ ਘੋੜੀ ਸ਼ਹੀਦ ਭਗਤ ਸਿੰਘ, ਪੁੱਤ ਵਰਗਾ ਫੋਰਡ ਟਰੈਕਟਰ ਪੇਸ਼ ਕੀਤੇ। ਸਮਾਗਮ ਨੂੰ ਕੰਵਲਜੀਤ ਖੰਨਾ, ਬਲਜੀਤ ਕੌਰ, ਹਰਕੇਸ਼ ਚੌਧਰੀ, ਸੁਖਦੇਵ ਭੂੰਦੜੀ ਨੇ ਸੰਬੋਧਨ ਕੀਤਾ। ਹਿੱਸਾ ਲੈਣ ਵਾਲੇ ਸਾਰੇ ਹੀ ਛੋਟੇ ਵੱਡੇ ਕਲਾਕਾਰਾਂ ਨੂੰ ਯਾਦ ਚਿੰਨ ਭੇਂਟ ਕੀਤੇ ਗਏ। ਨੌਜਵਾਨਾਂ ਦਾ ਇਹ ਸ਼ਾਨਦਾਰ ਉੱਦਮ ਸ਼ਲਘਾਯੋਗ ਤੇ ਪੈੜ ਪਾਊ ਹੈ।

### ਰੋਹਿੰਗਯ ਮੁਸਲਮਾਨਾਂ ਨੂੰ ਸ਼ਰਨਾਰਥੀ ਦਰਜਾ ਦਿਵਾਉਣ ਹਿੱਤ ਮਾਰਚ

ਇਨਕਲਾਬੀ ਕੇਂਦਰ ਪੰਜਾਬ ਦੀ ਪਹਿਲਕਦਮੀ ਤੇ ਮੀਆਂਮਾਰ (ਬਰਮਾ) 'ਚੋਂ ਮਿਲਟਰੀ ਵੱਲੋਂ ਉਜਾੜੇ ਗਏ ਹਜ਼ਾਰਾਂ ਰੋਹਿੰਗਯ ਮੁਸਲਮਾਨਾਂ ਨੂੰ ਭਾਰਤ 'ਚ ਸ਼ਰਨਾਰਥੀ ਦਾ ਦਰਜਾ ਦੇਣ ਤੇ ਉਨ੍ਹਾਂ ਦੇ ਮੁੜ ਵਸੇਬੇ ਦੀ ਮੰਗ ਨੂੰ ਲੈ ਕੇ 22 ਸਤੰਬਰ ਨੂੰ ਜਗਰਾਉਂ ਵਿਖੇ ਵਿਸ਼ਾਲ ਪ੍ਰਦਰਸ਼ਨ ਦਾ ਆਯੋਜਨ ਕੀਤਾ ਗਿਆ। ਮੁਸਲਿਮ ਵੈਲਫੇਅਰ ਕਮੇਟੀ ਦੀ ਅਗਵਾਈ 'ਚ ਸ਼ੁਕਰਵਾਰ ਦਾ ਨਮਾਜ ਅਦਾ ਕਰਨ ਤੋਂ ਬਾਅਦ ਸੈਂਕੜੇ ਮੁਸਲਿਮ ਕਿਰਤੀ ਰੋਹਿੰਗਯ ਦੇ ਹੱਕ 'ਚ ਆਵਾ॥ ਉਠਾਉਣ ਜਗਰਾਉਂ ਕਮੇਟੀ ਪਾਰਕ 'ਚ ਇਕੱਠੇ ਹੋਏ। ਇਕੱਠੇ ਹੋਏ ਲੋਕਾਂ ਨੇ ਮੋਦੀ ਸਰਕਾਰ ਨੂੰ ਸੁਣਾਉਣੀ ਕੀਤੀ ਕਿ 'ਰੋਹਿੰਗਯ ਮੁਸਲਮਾਨ ਅੱਤਵਾਦੀ ਨਹੀਂ, ਘੁਸਪੈਠੀਏ ਨਹੀਂ, ਸਗੋਂ ਉਜਾੜੇ ਅਤੇ ਫਿਰਕੂ ਜਬਰ ਦੇ ਸਤਾਏ ਆਮ ਗਰੀਬ ਕਿਰਤੀ ਲੋਕ ਹਨ। ਇਸ ਸਮੇਂ ਆਪਣੇ ਸੰਬੋਧਨ 'ਚ ਕੰਵਲਜੀਤ ਖੰਨਾ, ਜਸਪਾਲ ਹੇਰਾ, ਮੁਹੰਮਦ ਅਸ਼ਰਫ, ਅਵਤਾਰ ਸਿੰਘ ਰਸੂਲਪੁਰ ਨੇ ਮੰਗ ਕੀਤੀ ਕਿ ਰੋਹਿੰਗਯ ਮੁਸਲਮਾਨਾਂ ਨੂੰ ਮੁੜ ਆਪਣੇ ਵਤਨ ਪਰਤਾਉਣ, ਵਸਾਉਣ ਲਈ ਕੇਂਦਰ ਸਰਕਾਰ ਉਚੇਚੇ ਕਦਮ ਉਠਾਏ ਅਤੇ ਬੰਗਲਾਦੇਸ਼ ਤੇ ਭਾਰਤ ਦੀ ਸਰਹੱਦ ਤੇ ਬੈਠੇ ਰੋਹਿੰਗਯ ਬੇਆਸਰਾ ਲੋਕਾਂ ਦੇ ਭੋਜਨ ਤੇ ਰਿਹਾਇਸ਼ ਦਾ ਪ੍ਰਬੰਧ ਕਰੇ। ਇਕੱਤਰ ਲੋਕਾਂ ਨੇ ਐਸ.ਡੀ.ਐਮ. ਦਫਤਰ ਤੱਕ ਮਾਰਚ ਕਰਦਿਆਂ, ਰੋਹਿੰਗਯ ਮੁਸਲਮਾਨਾਂ ਤੇ ਹੋਏ ਜਬਰ ਦੀਆਂ ਫਲੈਕਸਾਂ ਚੱਕ ਪ੍ਰਧਾਨਮੰਤਰੀ ਦੇ ਨਾਮ ਮੰਗਪੱਤਰ ਪੇਸ਼ ਕੀਤਾ।

### ਦਲਿਤ ਭਰਾਵਾਂ ਤੇ ਅਤਿਆਚਾਰ ਖਿਲਾਫ ਸੰਘਰਸ਼

ਜਗਰਾਉਂ ਇਲਾਕੇ ਦੇ ਪਿੰਡ ਭੰਮੀਪੁਰਾ 'ਚ ਦੋ ਸਕੇ ਦਲਿਤ ਭਰਾਵਾਂ ਉਪਰ ਤੀਜੇ ਭਰਾ ਦੀ ਝੂਠੀ ਸ਼ਿਕਾਇਤ ਤੇ ਹਠੂਰ ਦੀ ਸ਼ਰਾਬੀ ਪੁਲਸ ਵਲੋਂ ਰਾਤ ਸਮੇਂ ਘਰੇ ਆ ਕੇ ਜਬਰ ਢਾਹੁਣ, ਕੁਟਾਪਾ ਕਰਨ ਤੇ ਫਿਰ ਥਾਣੇ ਲਿਜਾ ਕੇ ਬੂਟ ਚਟਾਉਣ ਖਿਲਾਫ ਪੇਂਡੂ ਮਜਦੂਰ ਯੂਨੀਅਨ ਤੇ ਇਨਕਲਾਬੀ ਕੇਂਦਰ ਪੰਜਾਬ ਵੱਲੋਂ ਸਾਂਝੇ ਤੌਰ 'ਤੇ ਸੰਘਰਸ਼ ਵਿੱਢਿਆ ਗਿਆ। ਹਠੂਰ ਪੁਲਿਸ ਵੱਲੋਂ ਢਾਹੇ ਜਬਰ, ਉੱਚ ਪੁਲਿਸ ਅਧਿਕਾਰੀਆਂ ਦੀ ਨਾ ਅਹਿਲਿਅਤ ਖਿਲਾਫ ਪਿੰਡ 'ਚ ਭਾਰੀ ਰੋਸ ਰੈਲੀ, ਸ਼ਹਿਰ 'ਚ ਟੂਵਹੀਲਰ ਮਾਰਚ ਅਤੇ 9 ਸਤੰਬਰ ਨੂੰ ਹਠੂਰ ਪੁਲਸ ਥਾਣੇ ਅੱਗੇ ਵਿਸ਼ਾਲ ਰੋਸ ਧਰਨਾ ਦਿੱਤਾ ਗਿਆ। ਧਰਨੇ 'ਚ ਕਿਰਤੀ ਕਿਸਾਨ ਯੂਨੀਅਨ, ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਵਰਕਰਾਂ ਨੇ ਵੀ ਭਾਗ ਲਿਆ। ਨੰਗੀ ਧੁੱਪ 'ਚ ਥਾਣੇ ਅੱਗੇ ਬੈਠੇ ਵਰਕਰਾਂ ਨੂੰ ਕੰਵਲਜੀਤ ਖੰਨਾ, ਤਰਲੋਚਨ ਸਿੰਘ ਝੋਰੜਾ, ਸੁਖਦੇਵ ਸਿੰਘ ਮਾਣੂੰਕੇ, ਸਾਧੂ ਸਿੰਘ ਅੱਚਰਵਾਲ, ਬੂਟਾ ਸਿੰਘ ਚਕਰ, ਬਲਦੇਵ ਸਿੰਘ ਸੱਦੋਵਾਲ ਨੇ ਸੰਬੋਧਨ ਕਰਦਿਆਂ ਦੋਸ਼ੀ ਪੁਲਿਸ ਮੁਲਜਮਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ। ਮੌਕੇ ਤੇ ਪੁੱਜੇ ਐਸ.ਪੀ.(ਡੀ) ਨੇ ਇਨਸਾਫ ਦਾ ਭਰੋਸਾ ਦਿਵਾਉਂਦਿਆਂ ਧਰਨਾ ਉਠਾਵਾਇਆ। ਸੰਘਰਸ਼ ਜਾਰੀ ਹੈ।

### ਗਦਰੀ ਬਾਬਾ ਹਰਦਿੱਤ ਸਿੰਘ ਲੰਮੇ ਯਾਦਗਾਰੀ ਸਮਾਗਮ

9 ਸਤੰਬਰ, ਪਿੰਡ ਲੰਮੇ ਜੱਟਪੁਰਾ ਦੇ ਖੁੱਲ੍ਹੇ ਖੇਡ ਮੈਦਾਨ 'ਚ ਖੂਬ ਸਜੇ ਵੱਡੇ ਪੰਡਾਲ 'ਚ ਅੰਗਰੇਜਾਂ ਖਿਲਾਫ ਉੱਠੀ ਗਦਰ ਲਹਿਰ 'ਚ ਉਮਰਕੈਦ ਕੱਟਣ ਵਾਲੇ ਯੋਧੇ ਗਦਰੀ ਦੇਸ਼ ਭਗਤ ਹਰਦਿੱਤ ਸਿੰਘ ਲੰਮੇ ਦੀ ਯਾਦ 'ਚ ਬਰਸੀ ਸਮਾਗਮ ਦਾ ਆਯੋਜਨ ਕੀਤਾ ਗਿਆ। ਰਸੂਲਪੁਰੀ ਜੱਥੇ ਦੀਆਂ ਮਨਮੋਹਕ ਕਵੀਸ਼ਰੀਆਂ ਦੌਰਾਨ ਦੋ ਮਿੰਟ ਦਾ ਮੋਨ ਧਾਰਕੇ ਗਦਰੀ ਬਾਬੇ ਨੂੰ ਸਿੱਜਦਾ ਕੀਤਾ ਗਿਆ। ਗਦਰੀ ਬਾਬਾ ਹਰਦਿੱਤ ਸਿੰਘ ਲੰਮੇ ਯਾਦਗਾਰ ਕਮੇਟੀ ਦੇ ਮੈਂਬਰਾਂ, ਪੰਚਾਇਤ ਤੇ ਬਾਬਾ ਜੀ ਦੇ ਪਰਿਵਾਰ ਵੱਲੋਂ ਬਾਬਾ ਜੀ ਦੀ ਤਸਵੀਰ ਨੂੰ ਫੁੱਲ ਪੱਤੀਆਂ ਭੇਂਟ ਕੀਤੀਆਂ ਗਈਆਂ। ਚੇਤਨਾ ਕਲਾ ਕੇਂਦਰ ਬਰਨਾਲਾ ਦੇ ਕਲਾਕਾਰਾਂ ਵੱਲੋਂ ਹਰਵਿੰਦਰ ਦੀਵਾਨਾ ਦੀ ਨਿਰਦੇਸ਼ਨਾ ਹੇਠ ਪੇਸ਼ ਨਾਟਕ 'ਪੰਜਾਬ ਸਿੰਘ ਆਵਾਜਾਂ ਮਾਰਦਾ' ਅਤੇ ਕੋਰੀਉਗ੍ਰਾਫੀਆਂ ਨੇ ਸਮੂਹ ਦਰਸ਼ਕ ਵਰਗ ਨੂੰ ਮੰਤਰਮੁਗਧ ਕੀਤਾ। ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਟਰੱਸਟੀ ਅਮੋਲਕ ਸਿੰਘ, ਇਨਕਲਾਬੀ ਕੇਂਦਰ ਪੰਜਾਬ ਦੇ ਸਕੱਤਰ ਕੰਵਲਜੀਤ ਖੰਨਾ ਨੇ ਸਰਧਾਂਜਲੀ ਭੇਟ ਕਰਦਿਆਂ ਮੌਜੂਦਾ ਹਾਲਾਤ ਤੋਂ ਸਾਰਥਕ ਟਿੱਪਣੀਆਂ ਕੀਤੀਆਂ। ਇਸ ਸਮੇਂ ਕਮੇਟੀ ਵੱਲੋਂ ਟੀਮ, ਮਹਿਮਾਨਾਂ, ਕਮੇਟੀ ਮੈਂਬਰਾਂ ਦਾ ਸਨਮਾਨ ਕੀਤਾ ਗਿਆ। ਕੁੱਲ ਮਿਲਾਕੇ ਸਮਾਗਮ ਨਿਵੇਕਲੀ ਛਾਪ ਛੱਡਣ 'ਚ ਕਾਮਯਾਬ ਰਿਹਾ।

### ਨਕਸਲੀ ਸ਼ਹੀਦ ਤੇ ਦੇਸ਼ ਭਗਤ ਯੋਧਿਆਂ ਦੀ ਯਾਦ 'ਚ ਸਰਧਾਂਜਲੀ ਸਮਾਗਮ

12 ਸਤੰਬਰ ਖਾਲਸਤਾਨੀ ਦਹਿਸ਼ਤ ਗਰਦਾਂ ਹੱਥੋਂ ਸ਼ਹੀਦ ਹੋਏ ਨਕਸਲੀ ਆਗੂ ਅਮਰ ਸਿੰਘ ਅੱਚਰਵਾਲ, ਗਦਰ ਲਹਿਰ, ਕੂਕਾ ਲਹਿਰ ਦੇ ਪਿੰਡ ਨਾਲ ਸਬੰਧਤ ਸ਼ਹੀਦ ਯੋਧਿਆਂ ਦੀ ਯਾਦ 'ਚ ਸਾਲਾਨਾ ਸਰਧਾਂਜਲੀ ਸਮਾਗਮ ਪਿੰਡ ਅੱਚਰਵਾਲ ਵਿਖੇ ਸ਼ਹੀਦੀ ਲਾਟ ਤੇ ਉਸਰੇ ਹਾਲ 'ਚ ਆਯੋਜਿਤ ਕੀਤਾ ਗਿਆ। ਪੰਜਾਬ 'ਚ ਨਿਵੇਕਲੇ ਯਾਦਗਾਰੀ ਸਮਾਗਮਾਂ 'ਚ ਇਹ ਵਿਲੱਖਣ ਸਾਝਾ ਸਮਾਗਮ ਸੱਚਮੁੱਚ ਯਾਦਗਾਰੀ ਬਣ ਜਾਂਦਾ ਹੈ, ਜਦੋਂ ਹਰ ਵਰਗੀ ਦੇ ਅਗਾਹਵਧੂ, ਖੱਬੇ, ਇਨਕਲਾਬੀ ਖੇਮੇ ਦੇ ਸੂਬਾਈ ਆਗੂ ਇਸ ਸਰਧਾਂਜਲੀ ਸਮਾਗਮ 'ਚ ਹਾਜਰੀ ਭਰਦੇ ਹਨ ਤੇ ਲੋਕ ਵੀ ਵੱਡੀ ਗਿਣਤੀ 'ਚ ਪੂਰਾ ਖੁੱਭ ਕੇ ਹਰ ਬੁਲਾਰੇ ਦੇ ਵਿਚਾਰਾਂ ਨੂੰ ਸੁਣਦੇ ਤੇ ਮਾਣਦੇ ਹਨ। ਇਸ ਵਰ੍ਹੇ ਦੇ ਸਮਾਗਮ 'ਚ ਲੋਕ ਕਲਾ ਮੰਚ ਮੁੱਲਾਂਪੁਰ ਨੇ 'ਪਾਉਣ ਪੈੜਾਂ ਜੋ ਪੈਰ' ਨਾਟਕ ਅਤੇ 'ਪੁੱਤ ਵਰਗਾ ਫੋਰਡ ਟਰੈਕਟਰ' ਰਾਹੀਂ ਆਪਣੀ ਜਾਨਦਾਰ ਪੇਸ਼ਕਾਰੀ ਦਿੱਤੀ। ਜਗਸੀਰ ਜੀਦਾ, ਰਸੂਲਪੁਰੀ ਕਵੀਸ਼ਰੀ ਜੱਥਾ ਨੇ ਸਰੋਤਿਆਂ ਦਾ ਮਨ ਮੋਹਿਆ। ਕੰਵਲਜੀਤ ਖੰਨਾ, ਕਾ.ਅਜਮੇਰ ਸਿੰਘ, ਮੰਗਤ ਰਾਮ ਪਾਸਲਾ, ਅਮੋਲਕ ਸਿੰਘ, ਸੁਖਦਰਸ਼ਨ ਨੱਤ, ਰੁਲਦੂ ਸਿੰਘ ਮਾਨਸਾ, ਨਿਰਭੈ ਸਿੰਘ ਢੱਡੀਕੇ ਬੁਲਾਰਿਆਂ 'ਚ ਸ਼ਾਮਲ ਸਨ।

# ਮੁੱਖ ਮੰਤਰੀ ਦੇ ਸ਼ਹਿਰ 'ਚ ਧਰਨਾਕਾਰੀ ਆਂਗਨਵਾੜੀ ਮੁਲਾਜ਼ਮਾਂ ਨੂੰ ਅੱਧੀ ਰਾਤ ਖਦੇੜਿਆ

ਬਲਜਿੰਦਰ ਸਿੰਘ ਵੜੈਚ

ਪੰਜਾਬ ਦੀਆਂ ਹਜ਼ਾਰਾਂ ਆਂਗਨਵਾੜੀ ਵਰਕਰਾਂ ਜੋ ਕਿ ਆਪਣੀਆਂ ਮੰਗਾਂ ਨੂੰ ਲੇ ਕੇ ਧਰਨੇ 'ਤੇ ਬੈਠ ਗਈਆਂ ਸਨ, ਨੂੰ ਪੰਜਾਬ ਪੁਲਿਸ ਨੇ ਰਾਤ ਅੱਧੀ ਰਾਤ 12 ਵਜੇ ਤੋਂ ਬਾਅਦ ਪਾਣੀ ਦੀਆਂ ਬੁਛਾੜਾਂ ਮਾਰ ਕੇ ਖਦੇੜ ਦਿੱਤਾ। ਇਸ ਤੋਂ ਇਲਾਵਾ ਲਾਠੀ ਬਲ ਦਾ ਪ੍ਰਯੋਗ ਵੀ ਕਰਨਾ ਪਿਆ। ਯੂਨੀਅਨ ਪ੍ਰਧਾਨ ਹਰਜੀਤ ਕੌਰ ਪੰਜੋਲਾ ਦਾ ਕਹਿਣਾ ਹੈ ਕਿ ਉਹ ਸ਼ਾਂਤੀ ਪੂਰਵਕ ਧਰਨਾ ਦੇ ਰਹੀਆਂ ਸਨ, ਇਸ ਦੇ ਬਾਵਜੂਦ ਪੁਲਿਸ ਨੇ ਜ਼ਬਰਦਸਤੀ ਉਠਾਉਣ ਦੇ ਮਕਸਦ ਨਾਲ ਪਹਿਲਾਂ ਪਾਣੀ ਦੀਆਂ ਬੁਛਾੜਾਂ ਮਾਰੀਆਂ ਅਤੇ ਫਿਰ ਲਾਠੀਚਾਰਜ ਕਰਕੇ ਭਜਾ-ਭਜਾ ਕੇ ਕੁੱਟਿਆ। ਉਨ੍ਹਾਂ ਨੇ ਕਿਹਾ ਕਿ ਕਈ ਵਰਕਰਾਂ ਨੂੰ ਤਾਂ ਸੜਕ 'ਤੇ ਘੜੀਸ-ਘੜੀਸ ਕੇ ਕੁੱਟਿਆ ਅਤੇ ਇਸ ਵਿਚ ਕਈ ਵਰਕਰਾਂ ਜ਼ਖ਼ਮੀ ਵੀ ਹੋ ਗਈਆਂ। ਉਨ੍ਹਾਂ ਦੱਸਿਆ ਕਿ ਕੁਝ ਵਰਕਰਾਂ ਨੂੰ ਗ੍ਰਿਫਤਾਰ ਕਰਕੇ ਮਾਮਲਾ ਦਰਜ ਕਰ ਲਿਆ ਹੈ। ਇਸ ਤੋਂ ਬਾਅਦ ਸਭ ਆਂਗਨਵਾੜੀ ਆਗੂ ਖੁਦ ਹੀ ਬਿਖਰ ਗਏ ਅਤੇ ਗੁਰਦੁਆਰਾ ਦੂਖਨਿਵਾਰਨ ਸਾਹਿਬ ਵਿਖੇ ਜਾ ਕੇ ਸ਼ਰਨ ਲਈ। ਇਸ ਤੋਂ ਬਾਅਦ ਇਨ੍ਹਾਂ ਨੇ ਮਿੰਨੀ ਸਕੱਤਰੇਤ



ਸਾਹਮਣੇ ਰੋਸ ਜ਼ਾਹਰ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਰੁਜ਼ਗਾਰ ਦੇਣ ਦੀ ਬਜਾਏ ਖੋਹ ਰਹੀ ਹੈ। ਇਸ ਤੋਂ ਪਹਿਲਾਂ ਆਂਗਨਵਾੜੀ ਮੁਲਾਜ਼ਮ ਯੂਨੀਅਨ ਨੇ ਮੁੱਖ ਮੰਤਰੀ ਨਾਲ ਮੀਟਿੰਗ ਲਈ ਜ਼ਿੱਦ ਰੱਖੀ ਹੋਈ ਸੀ, ਪਰ ਪੁਲਿਸ ਦੀ ਭਾਰੀ ਗਿਣਤੀ ਹੋਣ ਕਾਰਨ ਇਹ ਪੂਰੀ ਨਹੀਂ ਹੋ ਸਕੀ। ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਮਾਰਚ ਕੱਢਣ ਦੀ ਜ਼ਿੱਦ ਭਾਰੀ ਪੁਲਿਸ ਤਾਇਨਾਤੀ ਹੋਣ ਕਾਰਨ ਪੂਰੀ ਨਹੀਂ ਹੋ ਸਕੀ। ਭਾਰੀ ਪੁਲਿਸ ਫੋਰਸ ਦੀ ਤਾਇਨਾਤੀ ਕਾਰਨ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਮਾਰਚ ਕੱਢਣ ਲਈ ਭਾਰੀ ਮੁਸ਼ੱਕਤ ਕਰਕੇ ਵੀ ਕਾਮਯਾਬੀ ਨਾ ਮਿਲੀ।

ਦੱਸਣਯੋਗ ਹੈ ਕਿ ਯੂਨੀਅਨਾਂ ਨੇ ਆਪਣੀਆਂ ਮੰਗਾਂ ਦੀ ਪੂਰਤੀ ਲਈ ਮੋਤੀ ਮਹਿਲ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਸੀ, ਜਿਸ ਨੂੰ ਲੈ ਕੇ ਪੁਲਿਸ ਨੇ ਭਾਰੀ ਇੰਤਜ਼ਾਮ ਕੀਤੇ ਸਨ। ਧਰਨਾਕਾਰੀ ਵੱਡੀ ਗਿਣਤੀ 'ਚ ਰੇਲਵੇ ਸਟੇਸ਼ਨ 'ਤੇ ਇਕੱਠ ਹੋਏ ਤੇ ਉਨ੍ਹਾਂ ਨੇ ਉੱਥੇ ਹੀ ਪ੍ਰਦਰਸ਼ਨ ਕਰਨਾ ਸ਼ੁਰੂ ਕਰ ਦਿੱਤਾ ਸੀ, ਜਿਨ੍ਹਾਂ ਨੂੰ ਰਾਤ ਸਮੇਂ ਭਜਾ ਦਿੱਤਾ ਸੀ। ਉਨ੍ਹਾਂ ਆਪਣੀਆਂ ਮੁੱਖ ਮੰਗਾਂ ਦਰਸਾਉਂਦਿਆਂ ਦੱਸਿਆ ਕਿ ਸਰਕਾਰ ਨੇ ਪ੍ਰੀ-ਕਲਾਸਾਂ ਖੋਲ੍ਹਣ ਦੀ ਗੱਲ ਕਹੀ ਹੈ, ਜਿਸ ਦਾ ਉਹ ਵਿਰੋਧ ਕਰਦੇ ਹਨ, ਕਿਉਂਕਿ ਪ੍ਰੀ-ਕਲਾਸ ਖੋਲ੍ਹਣ ਨਾਲ ਆਂਗਨਵਾੜੀ ਵਰਕਰਾਂ ਦਾ ਕੰਮ ਖਤਮ ਹੋ ਜਾਵੇਗਾ। ਉਨ੍ਹਾਂ ਦੀ ਮੰਗ ਹੈ ਕਿ 3 ਤੋਂ 6 ਸਾਲ ਦੇ ਬੱਚਿਆਂ ਦੀ ਦੇਖ-ਭਾਲ ਲਈ ਆਂਗਨਵਾੜੀ ਵਰਕਰ-ਹੈਲਪਰ ਜ਼ਰੂਰੀ ਹੋਵੇ ਅਤੇ ਸਕੂਲ ਵਿਚ ਦਾਖਲਾ ਲੈਣ ਸਮੇਂ ਆਂਗਨਵਾੜੀ ਦਾ ਸਰਟੀਫਿਕੇਟ ਵੀ ਜ਼ਰੂਰੀ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਪੁਲਿਸ ਨੇ ਕੈਪਟਨ ਦੇ ਦਬਾਅ ਹੇਠ ਕਿਸੇ ਵੀ ਵਰਕਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਪੂਰਾ ਪਟਿਆਲਾ ਚਾਰੇ ਪਾਸਿਓਂ ਬੰਦ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਂਗਨਵਾੜੀ ਵਰਕਰਾਂ ਵੱਲੋਂ ਇਸ ਸੰਘਰਸ਼ ਦੀ ਜ਼ੋਰ-ਸ਼ੋਰ ਨਾਲ ਤਿਆਰੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੀ ਅਕਾਲੀ ਸਰਕਾਰ ਵੀ ਕਹਿੰਦੀ ਸੀ ਕਿ ਖ਼ਜ਼ਾਨਾ ਖਾਲੀ ਹੈ ਤੇ ਹੁਣ ਕਾਂਗਰਸ ਸਰਕਾਰ ਵੀ ਇਹ ਹੀ ਕਹਿ ਰਹੀ ਹੈ। ਊਸ਼ਾ ਰਾਣੀ ਦਾ ਕਹਿਣਾ ਹੈ ਕਿ ਦੋਵਾਂ ਪਾਰਟੀਆਂ ਨੇ ਮਿਲ ਕੇ ਖ਼ਜ਼ਾਨਾ ਡੱਕ ਲਿਆ ਹੈ, ਜਿਸ ਬਾਰੇ ਪੰਜਾਬ ਦੀ ਆਵਾਮ ਨੂੰ 2019 ਦੀਆਂ ਚੋਣਾਂ 'ਚ ਸੁਚੇਤ ਕੀਤਾ ਜਾਵੇਗਾ ਕਿ ਦੋਵਾਂ ਪਾਰਟੀਆਂ ਤੋਂ ਬਚ ਕੇ ਰਹਿਣ।ਇਸ ਮੌਕੇ ਸ੍ਰੀਮਤੀ ਪੰਜੋਲਾ ਨੇ ਕਿਹਾ ਕਿ ਪਿਛਲੀ ਅਕਾਲੀ ਸਰਕਾਰ ਵੀ ਕਹਿੰਦੀ ਸੀ ਕਿ ਖ਼ਜ਼ਾਨਾ ਖਾਲੀ ਹੈ ਤੇ ਹੁਣ ਕਾਂਗਰਸ ਸਰਕਾਰ ਵੀ ਕਹਿ ਰਹੀ ਹੈ ਕਿ ਖ਼ਜ਼ਾਨਾ ਖਾਲੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਇਕ ਟੀਮ ਬਣਾ ਕੇ ਖ਼ਜ਼ਾਨੇ ਨੂੰ ਲੁੱਟਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬਾਦਲ ਸਰਕਾਰ ਕਹਿੰਦੀ ਸੀ ਕਿ ਕਿਸੇ ਵੀ ਔਰਤ ਨੂੰ ਥਾਣੇ 'ਚ ਨਹੀਂ ਬੁਲਾਇਆ ਜਾਵੇਗਾ ਪਰ ਅਕਾਲੀ ਸਰਕਾਰ ਸਮੇਂ ਮਹਿਲਾਵਾਂ ਨੂੰ ਘੜੀਸਿਆ ਗਿਆ ਅਤੇ ਹੁਣ ਕਾਂਗਰਸ ਵੀ ਉਸੇ 'ਤੇ ਉਤਰ ਆਈ ਹੈ।

# ਪੰਜਾਬੀਆਂ ਨੂੰ ਸਾਹਿਤਕ ਤੇ ਸੱਭਿਆਚਾਰਕ ਤੌਰ 'ਤੇ ਚੇਤੰਨ ਹੋਣ ਦੀ ਲੋੜ

## ਸਰੀ 'ਚ ਦੋ ਰੋਜ਼ਾ ਸਾਹਿਤ ਤੇ ਸੱਭਿਆਚਾਰਕ ਸੰਮੇਲਨ ਦਾ ਹੋਕਾ






ਸਰੀ : ਇੱਥੋਂ ਦੇ ਪੰਜਾਬ ਭਵਨ ਵਿੱਚ ਕਰਵਾਏ ਗਏ ਦੋ ਰੋਜ਼ਾ ਸਾਹਿਤ ਅਤੇ ਸੱਭਿਆਚਾਰਕ ਸੰਮੇਲਨ ਵਿੱਚ ਉਤਰੀ ਅਮਰੀਕਾ ਦੇ ਵਿਦਵਾਨਾਂ ਤੇ ਸ਼ਖਸੀਅਤਾਂ ਤੋਂ ਇਲਾਵਾ ਭਾਰਤ ਤੋਂ ਵੀ ਨਾਮੀ ਹਸਤੀਆਂ ਨੇ ਭਾਗ ਲਿਆ। ਇਸ ਦੋ ਰੋਜ਼ਾ ਸੰਮੇਲਨ ਦੌਰਾਨ ਕਈ ਭਾਵਪੂਰਤ ਵਿਸ਼ਿਆਂ ਉਪਰ ਵਿਦਵਾਨਾਂ ਨੇ ਵਿਚਾਰ ਰੱਖੇ। ਉਤਰੀ ਅਮਰੀਕਾ ਵਿੱਚ ਭਾਰਤੀਆਂ ਦੀ ਆਮਦ, ਸਥਾਪਤੀ ਤੇ ਸਮਾਜਿਕ ਸਰੋਕਾਰ, ਉਤਰੀ ਅਮਰੀਕਾ ਵਿੱਚ ਪੰਜਾਬੀ ਸਾਹਿਤ, ਸੰਗੀਤ, ਮੰਨੋਰੰਜਨ ਦੀ ਸਥਿਤੀ ਤੇ ਸਥਾਨ, ਉਤਰੀ ਅਮਰੀਕਾ ਵਿੱਚ ਖੇਡ ਸਭਿਆਚਾਰ ਅਤੇ ਪੱਤਰਕਾਰੀ, ਉਤਰੀ ਅਮਰੀਕਾ ਵਿੱਚ ਪੰਜਾਬੀਆਂ ਦਾ ਬੁਢਾਪਾ, ਵਿਹਾਰ ਤੇ ਵਰਤਾਰਾ, ਉਤਰੀ ਅਮਰੀਕਾ ਵਿੱਚ ਨਵੀਂ ਪੀੜ੍ਹੀ ਦੇ ਸਰੋਕਾਰ ਤੇ ਸਮੱਸਿਆਵਾਂ ਵਰਗੇ ਗੰਭੀਰ ਵਿਸ਼ਿਆਂ ਲਗਭਗ 13 ਦੇ ਕਰੀਬ ਪਰਚੇ ਪੜ੍ਹੇ ਗਏ।

ਸੰਮੇਲਨ ਦਾ ਉਦਘਾਟਨ ਪੰਜਾਬ ਆਰਟਸ ਕੌਂਸਿਲ ਦੇ ਪ੍ਰਧਾਨ ਸੁਰਜੀਤ ਪਾਤਰ ਨੇ ਕੀਤਾ। ਵਰਿਆਮ ਸੰਧੂ, ਪ੍ਰੋ. ਗੁਰਭਜਨ ਗਿੱਲ, ਪ੍ਰਿੰਸੀਪਲ ਸਰਵਣ ਸਿੰਘ, ਵੈਨਕੂਵਰ ਸਥਿਤ ਭਾਰਤੀ ਦੂਤਵਾਸ ਤੋਂ ਅਮਰਜੀਤ ਸਿੰਘ ਤੇ ਮੇਜ਼ਬਾਨ ਸੁੱਖੀ ਬਾਠ ਵੀ ਉਹਨਾਂ ਨਾਲ਼ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਏ। ਸੁਰਜੀਤ ਪਾਤਰ ਨੇ ਪੰਜਾਬ ਭਵਨ ਬਾਰੇ ਕਿਹਾ ਕਿ ਇਹ ਸਿਰਫ ਇਮਾਰਤੀ ਢਾਂਚਾ ਨਹੀਂ ਸਗੋਂ ਇੱਥੇ ਵਸਦੇ ਪੰਜਾਬੀਆਂ ਦੀ ਤੜਪ, ਤਾਂਘ, ਵਿਕਾਸ ਤੇ ਵਿਰਾਸਤ ਦਾ ਪ੍ਰਤੀਕ ਹੈ। ਉਹਨਾਂ ਕਿਹਾ ਇਸ ਸੰਮੇਲਨ ਵਿਚਲੀ ਭਰਵੀਂ ਹਾਜ਼ਰੀ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਪੰਜਾਬੀ ਚਾਹੁਣ ਤਾਂ ਗਹਿਰ ਗੰਭੀਰ ਵਾਰਤਾਲਾਪ ਨੂੰ ਵੀ ਅੱਗੇ ਤੋਰ ਸਕਦੇ ਹਨ।

ਸਾਹਿਤਕ ਰਸਾਲੇ ਸਿਰਜਣਾ ਦੇ ਸੰਪਾਦਕ ਰਘਬੀਰ ਸਿੰਘ ਨੇ ਕਿਹਾ ਕਿ ਵਿਰਸੇ ਦਾ ਮਾਣ ਜ਼ਰੂਰੀ ਹੈ ਪਰ ਘੁਮੰਡ ਤਿਆਗਣਾ ਪਵੇਗਾ ਕਿਉਂਕਿ ਕੈਨੇਡਾ ਦੀ ਧਰਤੀ ਤੇ ਪੰਜਾਬੀਆਂ ਵਾਂਗ ਫਿਲਪੀਨੀਆਂ ਤੇ ਚੀਨੀਆਂ ਨੇ ਵੀ ਸੰਘਰਸ਼ ਰਾਹੀਂ ਪ੍ਰੇਰਨਾ ਦਿੱਤੀ ਹੈ। ਸੂਰਮਗਤੀ ਦਾ ਇਤਿਹਾਸ ਹੀ ਮਨੁੱਖ ਨੂੰ ਮਨੁੱਖ ਨੂੰ ਪ੍ਰੇਰਨਾ ਦਿੰਦਾ ਹੈ। ਪ੍ਰੋ. ਗੁਰਭਜਨ ਗਿੱਲ ਨੇ ਕਿਹਾ ਕਿ ਸੁੱਖੀ ਬਾਠ ਨੇ ਪੰਜਾਬੀ ਭਵਨ ਰਾਹੀਂ ਇੱਕ ਲੀਕ ਵਾਹੀ ਹੈ ਤੇ ਇਸ ਵਿੱਚ ਰੰਗ ਤੁਸੀਂ ਭਰਨੇ ਹਨ। ਪ੍ਰਿਸੀਪਲ ਸਰਵਣ ਸਿੰਘ ਢੁੱਡੀਕੇ ਨੇ ਉਤਰੀ ਅਮਰੀਕਾ ਵਿੱਚ ਖੇਡ ਸਭਿਆਚਾਰ ਬਾਰੇ ਗੱਲ ਕਰਦਿਆਂ ਕਿਹਾ ਕਿ ਕੁਸ਼ਤੀ ਤੇ ਕਬੱਡੀ ਦੀ ਸਰਪਰਸਤੀ ਵਿੱਚ ਪ੍ਰਦੇਸੀ ਵੀਰਾਂ ਨੇ ਬਹੁਤ ਵੱਡਾ ਯੋਗਦਾਨ ਪਾਇਆ ਹੈ ਪਰ ਨਸ਼ੇ ਦੇ ਵਪਾਰੀਆਂ ਨੇ ਸਾਡੇ ਅਖਾੜਿਆਂ ਨੂੰ ਸਿਉਂਕ ਲਗਾ ਦਿੱਤੀ ਹੈ।

ਗੁਰਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਉਤਰੀ ਅਮਰੀਕਾ ਵਿੱਚ ਦੋ ਸੌ ਤੋਂ ਵੱਧ ਹਫਤਾਵਾਰੀ ਤੇ ਮਾਸਿਕ ਪੰਜਾਬੀ ਅੰਕ ਛਪਦੇ ਹਨ ਪਰ ਅਜੋਕੇ ਵਪਾਰਿਕ ਦੌਰ ਵਿੱਚ ਇਹ ਕੰਮ ਰਸਾਤਲ ਵੱਲ ਲਿਜਾ ਰਿਹਾ ਹੈ। ਡਾ. ਸਾਧੂ ਸਿੰਘ ਬਿਨਿੰਗ ਨੇ ਆਪਣੇ ਪਰਚੇ ਵਿੱਚ ਕਿਹਾ ਕਿ ਇਸ ਖਿੱਤੇ ਵਿੱਚ ਪਰਵਾਸ ਦੇ ਵਿਹਾਰ ਅਤੇ ਵਰਤਾਰੇ ਬਾਰੇ ਚੇਤੰਨਤਾ ਦੀ ਲੋੜ ਹੈ। ਵੋਟ ਦਾ ਅਧਿਕਾਰ ਲੈਣ ਲਈ 40 ਸਾਲ ਲੱਗ ਗਏ ਜਿਸ ਦੇ ਸਿੱਟੇ ਵਜੋਂ ਕੈਨੇਡਾ ਦੀ ਪਾਰਲੀਮੈਂਟ ਵਿੱਚ ਐਨੇ ਐਮ.ਪੀ. ਹਨ। ਉਹਨਾਂ ਕਿਹਾ ਕਿ ਪੰਜਾਬੀਆਂ ਨੇ ਪਰਵਾਸ ਨੂੰ ਵਿਕਾਸ ਦੇ ਮਾਧਿਅਮ ਵਜੋਂ ਤਾਂ ਅਪਣਾਇਆ ਹੈ ਪਰ ਇਸ ਨੂੰ ਸਭਿਆਚਾਰਕ ਵਿਕਾਸ ਵਿੱਚ ਤਬਦੀਲ ਕਰਨਾ ਹੋਵੇਗਾ।

ਅਮਰੀਕਾ ਤੋਂ ਆਏ ਚਰਨਜੀਤ ਸਿੰਘ ਪੰਨੂ ਨੇ ਅਮਰੀਕਾ ਦੇ ਲੋਕਤੰਤਰ ਵਿੱਚ ਪੰਜਾਬੀਆਂ ਵਲੋਂ ਪਾਏ ਯੋਗਦਾਨ ਦੀ ਗੱਲ ਕੀਤੀ। ਪੁਲਿਸ ਅਫਸਰ ਜੈਗ ਖੋਸਾ ਨੇ ਕਿਹਾ ਕਿ ਪੰਜਾਬੀ ਪਰਿਵਾਰ ਪੈਸੇ ਦੀ ਦੌੜ ਵਿੱਚ ਪੈਣ ਦੀ ਬਜਾਏ ਔਲਾਦ ਨੂੰ ਸਾਂਭਣ ਬਾਰੇ ਵੀ ਗੰਭੀਰਤਾ ਨਾਲ਼ ਸੋਚਣ। ਪੁਲਿਸ ਅਫਸਰ ਬਲਤੇਜ ਢਿਲੋਂ ਨੇ ਕਿਹਾ ਕਿ ਮਹਿੰਗੀਆਂ ਕਾਰਾਂ ਵਿੱਚ ਘੁੰਮਦੇ ਪੁੱਤਰ ਆਪਣੇ ਰਾਸਤੇ ਤੋਂ ਭਟਕ ਗਏ ਹਨ। ਨਾਮੀ ਪੱਤਰਕਾਰ ਪ੍ਰਿਥੀਪਾਲ ਸਿੰਘ ਸੋਹੀ ਨੇ ਕਿਹਾ ਕਿ ਮੌਜੂਦਾ ਦੌਰ ਵਿੱਚ ਸਾਡਾ ਭਵਿੱਖ ਅਸੁਰੱਖਿਅਤ ਜਾਪ ਰਿਹਾ ਹੈ। ਉਹਨਾਂ ਸੁਝਾਅ ਦਿੱਤਾ ਕਿ ਮਾਪਿਆਂ ਨੂੰ ਬੱਚਿਆਂ ਨਾਲ਼ ਸਮਾਂ ਗੁਜ਼ਾਰਨ ਦੇ ਨਾਲ਼-ਨਾਲ਼ ਚੰਗਾ ਸਾਹਿਤ ਵੀ ਉਹਨਾਂ ਨੂੰ ਪੜ੍ਹਾਉਣਾ ਚਾਹੀਦਾ ਹੈ।

ਸਾਹਿਤਕਾਰ ਵਰਿਆਮ ਸੰਧੂ ਨੇ ਉਤਰੀ ਅਮਰੀਕਾ ਵਿੱਚ ਰਚੇ ਜਾ ਰਹੇ ਸਾਹਿੱਤ ਬਾਰੇ ਤਸੱਲੀ ਪ੍ਰਗਟ ਕੀਤੀ। ਕੁਲਵਿੰਦਰ ਖਹਿਰਾ ਅਤੇ ਭੁਪਿੰਦਰ ਦੁਲੇ ਨੇ ਉਤਰੀ ਅਮਰੀਕਾ ਦੀਆਂ ਰੰਗ ਮੰਚ, ਸਮਾਜਿਕ ਤੇ ਸੰਗੀਤਿਕ ਸੰਸਥਾਵਾਂ ਅਤੇ ਵਿਅਕਤੀਗਤ ਤੌਰ ਤੇ ਕੰਮ ਰਹੇ ਵਿਅਕਤੀਆਂ ਬਾਰੇ ਵਿਸਥਾਰ ਵਿੱਚ ਦੱਸਿਆ। ਪ੍ਰਿਸੀਪਲ ਸੁਰਿੰਦਰਪਾਲ ਬਰਾੜ ਨੇ ਕਿਹਾ ਕਿ ਅਸੀਂ ਪੰਜਾਬ ਵਿੱਚ ਆਪਣੇ ਘਰਾਂ ਨੂੰ ਜਿੰਦਰੇ ਮਾਰ ਕੇ ਬਜ਼ੁਰਗਾਂ ਨੂੰ ਇਹਨਾਂ ਮੁਲਕਾਂ ਵਿੱਚ ਲਿਆ ਰਹੇ ਹਾਂ ਪਰ ਡਾਲਰਾਂ ਦੀ ਦੌੜ ਵਿੱਚ ਉਹਨਾਂ ਨੂੰ ਇੱਥੇ ਬਹੁਤ ਪਿੱਛੇ ਛੱਡਦੇ ਜਾ ਰਹੇ ਹਾਂ। ਮੇਜ਼ਬਾਨ ਸੁੱਖੀ ਬਾਠ ਨੇ ਇਸ ਗੱਲ ਤੇ ਤਸੱਲੀ ਪ੍ਰਗਟ ਕੀਤੀ ਕਿ ਪੰਜਾਬ ਭਵਨ ਦੀ ਪਹਿਲੀ ਵਰ੍ਹੇਗੰਢ ਦੇ ਮੌਕੇ ਇਹ ਹਾਜ਼ਰੀ ਨਾਲ਼ ਉਹਨਾਂ ਦੇ ਹੌਂਸਲੇ ਹੋਰ ਵੀ ਬੁਲੰਦ ਹੋਏ ਹਨ।ਇਸ ਮੌਕੇ ਇੱਕ ਕਵੀ ਦਰਬਾਰ ਵੀ ਕਰਵਾਇਆ ਗਿਆ ਜਿਸ ਵਿੱਚ ਉੱਤਰੀ ਅਮਰੀਕਾ ਤੇ ਭਾਰਤ ਤੋਂ ਕਈ ਨਾਮਵਾਰ ਕਵੀਆਂ ਨੇ ਭਾਗ ਲਿਆ। ਪੰਜਾਬੀ ਕਵੀ ਕਵਿੰਦਰ ਚਾਂਦ ਨੂੰ ਹਰਦਮਨ ਨੂਰਪੁਰੀ ਐਵਾਰਡ ਨਾਲ਼ ਸਨਮਾਨਿਤ ਕੀਤਾ ਗਿਆ।ਸ਼ਾਇਰ ਗੁਰਚਰਨ ਰਾਮਪੁਰੀ ਨੂੰ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਸਨਮਾਨਿਤ ਕੀਤਾ ਗਿਆ। ਸਮਾਗਮ ਨੂੰ ਸੰਬੋਧਨ ਕਰਨ ਵਾਲ਼ਿਆਂ ਵਿੱਚ ਗੁਰਦੇਵ ਚੰਦੀ, ਪ੍ਰੋ. ਕਸ਼ਮੀਰਾ ਸਿੰਘ ਵੀ ਸ਼ਾਮਲ ਸਨ।

# ਸਰੀ ਤੇ ਐਬਸਟਫੋਰਡ ਵਿੱਚ ਤਰਕਸ਼ੀਲ ਮੇਲਿਆਂ ਨੂੰ ਭਰਵਾਂ ਹੁੰਗਾਰਾ

## ਦੋ ਨਾਟਕਾਂ ਤੇ ਜਾਦੂ ਟਰਿੱਕ ਨੇ ਦਰਸ਼ਕਾਂ ਨੂੰ ਜਾਗਰਿਤ ਕੀਤਾ



ਸਰੀ : ਤਰਕਸ਼ੀਲ ਸੁਸਾਇਟੀ ਆਫ ਕੈਨੇਡਾ ਵਲੋਂ ਉੱਘੇ ਨਾਟਕਕਾਰ ਪ੍ਰੋ. ਅਜਮੇਰ ਸਿੰਘ ਔਲਖ ਨੂੰ ਸਮਰਪਿਤ 15ਵਾਂ ਸਾਲਾਨਾ ਤਰਕਸ਼ੀਲ ਮੇਲਾ 22 ਅਕਤੂਬਰ ਨੂੰ ਸਰੀ ਵਿੱਚ ਅਤੇ 29 ਅਕਤੂਬਰ ਨੂੰ ਐਬਸਟਫੋਰਡ ਵਿੱਚ ਕਰਵਾਇਆ ਗਿਆ। ਦੋਵੇਂ ਸਮਾਗਮ ਦਰਸ਼ਕਾਂ ਨੂੰ ਅਖੌਤੀ ਬਾਬਿਆਂ ਤੇ ਜਾਦੂ ਟੂਣਿਆਂ ਵਿਰੁੱਧ ਜਾਗਰਿਤ ਕਰਨ ਵਿੱਚ ਸਫਲ ਰਹੇ।

ਉਘੇ ਨਾਟਕਕਾਰ ਪਾਲੀ ਭੁਪਿੰਦਰ ਦਾ ਲਿਖਿਆ ਨਾਟਕ 'ਮਿੱਟੀ ਦਾ ਬਾਵਾ' ਪ੍ਰੌਗਰੈਸਿਵ ਆਰਟ ਕਲੱਬ ਸਰੀ ਦੀ ਪੇਸ਼ਕਾਰੀ ਸੀ।ਜਸਕਰਨ ਦੀ ਨਿਰਦੇਸ਼ਨਾ ਹੇਠ ਇਸ ਨਾਟਕ ਰਾਹੀਂ ਹੱਦਾਂ-ਸਰਹੱਦਾਂ ਤੋਂ ਪਾਰ ਪਿਆਰ-ਮੁਹਬੱਤ ਨਾਲ਼ ਲਿਬਰੇਜ਼ ਮਨੁੱਖੀ ਰਿਸ਼ਤਿਆਂ ਦੀ ਗੱਲ ਕੀਤੀ ਗਈ।ਸਰਹੱਦ ਉਪਰ ਭਾਰਤ ਅਤੇ ਪਾਕਿਸਤਾਨ ਦੇ ਦੋ ਫੌਜੀਆਂ ਵਿਚਕਾਰ ਜੰਗ ਦੌਰਾਨ ਹੋਈ ਵਾਰਤਾਲਾਪ ਨੇ ਸਭ ਨੂੰ ਭਾਵੁਕ ਕਰ ਦਿੱਤਾ। ਇਸ ਨਾਟਕ ਦਾ ਸੁਨੇਹਾ ਸੀ ਕਿ ਸਰਹੱਦਾਂ ਦੇ ਆਰ-ਪਾਰ ਬਹੁਤ ਕੁਝ ਸਾਂਝਾ ਹੈ ਮੁਲਕਾਂ ਦੇ ਫਰਜ਼ਾਂ ਵਿੱਚ ਬੰਨੇ ਫੌਜੀ ਨਾ ਚਾਹੁੰਦੇ ਹੋਏ ਵੀ ਇੱਕ ਦੂਜੇ ਉਪਰ ਗੋਲ਼ੀਆਂ ਵਰ੍ਹਾਈ ਜਾਂਦੇ ਹਨ। ਇਸ ਨਾਟਕ ਵਿੱਚ ਨਰਿੰਦਰ ਮੰਗੂਆਲ, ਕੇ.ਪੀ. ਸਿੰਘ, ਪਰਮਿੰਦਰ ਸਵੈਚ, ਸੰਤੋਖ ਢੇਸੀ, ਕੁਲਦੀਪ ਕੌਰ ਟੋਨੀ, ਪ੍ਰਿੰਸ ਗੋਸਵਾਮੀ, ਨਿਰਮਲ ਕਿੰਗਰਾ, ਨਰਿੰਦਰ ਨਿੰਦੀ, ਪਰਨੀਤ ਪਰੀ, ਯੁਵਰਾਜ ਜਸ਼ਨ, ਜੈਸਮੀਨ ਸਵੈਚ ਤੇ ਡਾ. ਜਸਕਰਨ ਨੇ ਭੂਮਿਕਾਵਾਂ ਨਿਭਾਈਆਂ ।

ਦੂਜਾ ਨਾਟਕ ਸਵਦੇਸ਼ ਦੀਪਕ ਦੁਆਰਾ ਲਿਖਿਆ 'ਬਾਲ ਭਗਵਾਨ' ਖੇਡਿਆ ਗਿਆ। ਮੂਲ ਰੂਪ ਵਿੱਚ ਹਿੰਦੀ ਵਿੱਚ ਲਿਖੇ ਇਸ ਨਾਟਕ ਨੂੰ ਸ਼ਬਦੀਸ਼ ਨੇ ਪੰਜਾਬੀ ਵਿੱਚ ਅਨੁਵਾਦ ਕੀਤਾ ਹੈ। ਇਸ ਨਾਟਕ ਨੂੰ ਰੁਪਿੰਦਰ ਜੀਤ ਸ਼ਰਮਾ ਨੇ ਨਿਰਦੇਸ਼ਤ ਕੀਤਾ ਸੀ ਅਤੇ ਪੇਸ਼ਕਾਰੀ ਉਘੇ ਰੰਗ ਕਰਮੀ ਸੈਮੁਅਲ ਜੌਹਨ ਨੇ ਕੀਤੀ। ਅਖੌਤੀ ਬਾਬਿਆਂ ਉਪਰ ਡੂੰਘੀ ਚੋਟ ਕਰਦਾ ਇਹ ਨਾਟਕ ਵਿੱਚ ਅੰਧ-ਵਿਸ਼ਵਾਸ਼ਾਂ ਬਾਰੇ ਜਾਗਰੂਕਤਾ ਦੀ ਗੱਲ ਕਰ ਗਿਆ। ਇਸ ਨਾਟਕ ਵਿੱਚ ਭੂਮਿਕਾਵਾਂ ਨਿਭਾਉਣ ਵਾਲ਼ਿਆਂ ਵਿੱਚ ਰਮਨਜੀਤ ਚੀਮਾ, ਹਰਵਿੰਦਰ ਕੌਰ, ਸੁਖਪ੍ਰੀਤ ਕੌਰ ਉਭੀ, ਰੁਪਿੰਦਰਜੀਤ ਸ਼ਰਮਾ, ਸੈਮੂਅਲ ਜੌਹਨ, ਭੁਪਿੰਦਰ ਧਾਲੀਵਾਲ, ਰੁਪਿੰਦਰ ਸਿੰਘ, ਹਰਸਿਮਰਨ ਸਿੰਘ, ਨਵਪ੍ਰੀਤ ਕੌਰ, ਅਵਤਾਰ ਬਾਈ ਅਤੇ ਵਿੱਕ ਥਿੰਦ ਸ਼ਾਮਲ ਸਨ। ਸੰਗੀਤ ਚੰਨਪ੍ਰੀਤ ਸਿੰਘ ਨੇ ਦਿੱਤਾ।

ਇਸ ਤੋਂ ਪਹਿਲਾਂ ਪ੍ਰਧਾਨ ਬਾਈ ਅਵਤਾਰ ਗਿੱਲ ਨੇ ਸੁਸਾਇਟੀ ਦੇ ਕੰਮਾਂ ਬਾਰੇ ਚਾਨਣਾ ਪਾਇਆ ਤੇ ਦਰਸ਼ਕਾਂ ਨੂੰ ਜੋਤਸ਼ੀਆਂ ਅਤੇ ਤੋਂ ਸੁਚੇਤ ਰਹਿਣ ਦਾ ਹੋਕਾ ਦਿੱਤਾ। ਉਹਨਾਂ ਇਸ ਗੱਲ ਤੇ ਤਸੱਲੀ ਪ੍ਰਗਟ ਕੀਤੀ ਕਿ ਲੋਕ ਸੁਚੇਤ ਹੋ ਰਹੇ ਹਨ ਪਰ ਇਸ ਜਾਗਰੂਕਤਾ ਲਹਿਰ ਨੂੰ ਹੋਰ ਬੁਲੰਦੀਆਂ ਵੱਲ ਲਿਜਾਣ ਲਈ ਸਹਿਯੋਗ ਦੀ ਮੰਗ ਕੀਤੀ।

ਨਿਰਮਲ ਸਿੰਘ ਕਿੰਗਰਾ ਨੇ ਪ੍ਰੋ. ਅਜਮੇਰ ਸਿੰਘ ਔਲਖ ਦੇ ਜੀਵਨ,ਸੋਚ ਅਤੇ ਸਾਹਿਤ ਸਿਰਜਣਾ ਬਾਰੇ ਪਰਚਾ ਪੜ੍ਹਿਆ। ਇਸ ਮੌਕੇ ਸੁਸਾਇਟੀ ਵਲੋਂ ਤਰਕਸ਼ੀਲ ਸਾਹਿਤ ਬਾਰੇ ਇੱਕ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ ਜਿਸ ਤੋਂ ਪਾਠਕਾਂ ਨੇ ਉਸਾਰੂ ਸੋਚ ਵਾਲ਼ੀਆਂ ਕਿਤਾਬਾਂ ਖਰੀਦਣ ਵਿੱਚ ਡੂੰਘੀ ਦਿਲਚਸਪੀ ਦਿਖਾਈ।

ਤਰਕਸ਼ੀਲ ਸੁਸਾਇਟੀ ਪੰਜਾਬ ਤੋਂ ਸਰਬਜੀਤ ਉਖਲਾ ਟਰਿੱਕ ਦਿਖਾਏ ਤੇ ਉਹਨਾਂ ਦੀ ਕਿਤਾਬ 'ਜਦੋਂ ਦੀਵੇ ਸੂਰਜ ਬਣਨਗੇ' ਵੀ ਰਿਲੀਜ਼ ਕੀਤੀ ਗਈ। ਜਗਰੂਪ ਧਾਲੀਵਾਲ ਤੇ ਜਸਵਿੰਦਰ ਹੇਅਰ ਦੀ ਅਗਵਾਈ ਹੇਠ ਵਲੰਟੀਅਰ ਟੀਮ ਨੇ ਸਾਰੀਆਂ ਡਿਊਟੀਆਂ ਬਾਖੂਬੀ ਨਿਭਾਈਆਂ। ਸਾਧੂ ਸਿੰਘ ਗਿੱਲ ਨੇ ਸਮਾਗਮ ਲਈ ਸਪਾਂਸਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਹਨਾਂ ਵਿੱਚ ਰੀਮੈਕਸ ਤੋਂ ਹਰਪ੍ਰੀਤ ਮਾਨ ਤੇ ਦਵਿੰਦਰ ਬਰਾੜ, ਐਸ. ਕੇ. ਆਟੋ, ਜੀ. ਆਰ. ਟੀ. ਨਰਸਰੀ, ਗਲੈਡਵਿੰਨ ਔਪਟੀਕਲ, ਟਾਇਰ ਕਿੰਗ, ਸਕਾਈਲਾਈਨ ਡੀਜ਼ਲ, ਪਟਨਾ ਸਵੀਟਸ, ਈਗਲ ਮਾਊਂਟੇਨ ਫਾਰਮ, ਬੀ. ਜੀ. ਪੇਟਿੰਗ, ਐਲੀਟ ਸੋਫਾ, ਹਾਂਸ ਡੈਮੋਲੀਸ਼ਨ ਲਿਮਟਿਡ, ਗੁਰਜੀਤ ਬੱਲ ਰੀਅਲ ਇਸਟੇਟ ਅਤੇ ਵੈਰੀਕੋ ਸੁਪਰੀਅਰ ਮੌਰਟਗੇਜ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

# ਏਸ਼ੀਆ ਕੱਪ ਜਿੱਤ ਕੇ ਭਾਰਤ ਬਣਿਆ ਏਸ਼ਿਆਈ ਹਾਕੀ ਦਾ ਬਾਦਸ਼ਾਹ



ਢਾਕਾ ਵਿੱਚ ਪਿਛਲੇ ਦਿਨੀਂ ਹੋਏ ਪੁਰਸ਼ ਵਰਗ ਦੇ ਏਸ਼ੀਆ ਹਾਕੀ ਕੱਪ ਨੂੰ ਭਾਰਤ ਦੁਆਰਾ ਜਿੱਤਣ ਤੋਂ ਬਾਅਦ ਅੰਕੜੇ ਬਹੁਤ ਹੀ ਦਿਲਸਚਪ ਬਣ ਗਏ ਹਨ। ਹਾਕੀ ਦੇ ਇਤਿਹਾਸ ਵਿੱਚ ਭਾਰਤ ਪਹਿਲੀ ਟੀਮ ਬਣ ਗਈ ਹੈ ਜਿਸ ਨੇ ਏਸ਼ੀਆਈ ਹਾਕੀ ਦੇ ਚਾਰ ਖਿਤਾਬ ਜਿੱਤੇ ਹੋਣ। ਭਾਰਤ ਨੇ ਏਸ਼ਿਆਈ ਖੇਡਾਂ (2014), ਏਸ਼ੀਅਨ ਚੈਂਪੀਅਨ ਟਰਾਫੀ (2017), ਅੰਡਰ-18 ਦਾ ਜੂਨੀਅਰ ਏਸ਼ੀਆ ਕੱਪ (2016) ਅਤੇ ਤੇ ਹੁਣ ਏਸ਼ਆ ਕੱਪ ਜਿੱਤ ਕੇ ਹਾਕੀ ਦੇ ਇਤਿਹਾਸ ਵਿੱਚ ਇਹ ਚਾਰੋਂ ਖਿਤਾਬ ਲਗਾਤਾਰ ਜਿੱਤਣ ਵਾਲ਼ੀ ਪਹਿਲੀ ਟੀਮ ਬਣ ਗਈ ਹੈ। ਏਸ਼ਿਆਈ ਹਾਕੀ ਵਿੱਚ ਭਾਰਤ ਅੱਜ ਬਾਦਸ਼ਾਹ ਹੈ ਪਰ ਵਿਸ਼ਵ ਪੱਧਰ ਤੇ ਅਜੇ ਹੋਰ ਮਿਹਨਤ ਦੀ ਲੋੜ ਹੈ।

ਹਾਕੀ ਨਾਲ਼ ਨੇੜਲਾ ਸੰਬੰਧ ਰੱਖਣ ਵਾਲ਼ੇ ਪਾਠਕਾਂ ਨੂੰ ਯਾਦ ਹੋਵੇਗਾ ਇਹ ਸਮਾਂ ਪਾਕਿਸਤਾਨੀ ਟੀਮ ਨੇ ਹਸਨ ਸਰਦਾਰ ਦੇ ਯੁੱਗ ਵਿੱਚ ਹੰਡਾਇਆ ਹੈ ਜਦੋਂ ਵਿਸ਼ਵ ਪੱਧਰ ਤੇ ਪਾਕਿਸਤਾਨੀ ਟੀਮ ਦੀ ਤੂਤੀ ਬੋਲਦੀ ਸੀ ਖ਼ੈਰ ਸਮਾਂ ਹਮੇਸ਼ਾ ਇੱਕੋ ਜਿਹਾ ਨਹੀਂ ਰਹਿੰਦਾ। ਪਾਕਿਸਤਾਨੀ ਹਾਕੀ ਦਾ ਸਮਾਂ ਠੀਕ ਨਹੀਂ ਚੱਲ ਰਿਹਾ। ਭਾਰਤੀ ਹਾਕੀ ਟੀਮ ਵਿੱਚ ਇਸ ਸਮੇਂ ਪੰਜਾਬੀ ਖਿਡਾਰੀਆਂ ਦਾ ਬੋਲਬਾਲਾ ਹੈ ਜਿਹੜਾ ਇਸ ਸੂਬੇ ਲਈ ਸ਼ੁੱਭ ਸੰਕੇਤ ਹੈ। ਅਗਲੇ ਸਾਲ (2018) ਭਾਰਤ ਨੇ ਵਿਸ਼ਵ ਕੱਪ ਦੀ ਮੇਜ਼ਬਾਨੀ ਕਰਨੀ ਹੈ ਇਹ ਜਿੱਤ ਇੱਕ ਸਫਲ ਮੇਜ਼ਬਾਨੀ ਦੀਆਂ ਤਿਆਰੀਆਂ ਲਈ ਕਾਫੀ ਸਹਾਈ ਹੋਵੇਗੀ।

**ਚੀਨ ਤੇ ਵਿਸ਼ਵ ਕੱਪ-2018:** ਭੁਬਨੇਸ਼ਨਵਰ (ਉੜੀਸਾ) ਵਿੱਚ 28 ਨਵੰਬਰ ਤੋਂ 18 ਦਸੰਬਰ ਤੱਕ ਹੋਣ ਵਾਲ਼ੇ ਪੁਰਸ਼ ਵਰਗ ਦੇ ਵਿਸ਼ਵ ਕੱਪ-2018 ਲਈ 15 ਟੀਮਾਂ ਦਾ ਨਿਪਟਾਰਾ ਹੋ ਗਿਆ ਹੈ। ਚੀਨ ਦੀ ਟੀਮ ਨੇ

## ਖੇਡ ਡਾਇਰੀ

ਹਾਲ ਹੀ ਵਿੱਚ ਕੁਆਲੀਫਾਈ ਕੀਤਾ ਹੈ। ਢਾਕਾ ਵਿਚਲੇ ਏਸ਼ੀਆ ਕੱਪ ਦੌਰਾਨ ਕੋਰੀਆ ਅਤੇ ਮਲੇਸ਼ੀਆ ਵਿਚਕਾਰ ਖੇਡੇ ਗਏ ਮੈਚ ਦੀ ਬਰਾਬਰੀ ਤੋਂ ਬਾਅਦ ਚੀਨ ਦਾ 2018 ਦਾ ਵਿਸ਼ਵ ਕੱਪ ਖੇਡਣਾ ਤੈਅ ਹੋ ਗਿਆ ਹੈ। ਐਫ. ਆਈ. ਐਚ. ਦੇ ਨਿਯਮਾਂ ਅਨੁਸਾਰ ਏਸ਼ੀਆ ਕੱਪ ਦੇ ਚੈਂਪੀਅਨ ਨੇ ਵਿਸ਼ਵ ਕੱਪ ਲਈ ਕੁਆਲੀਫਾਈ ਕਰਨਾ ਸੀ ਪਰ ਭਾਰਤ ਤੇ ਮਲੇਸ਼ੀਆ ਦੋਵੇਂ ਪਹਿਲਾਂ ਹੀ ਕੁਆਲੀਫਾਈ ਕਰ ਚੁੱਕੇ ਹਨ। ਜਿਸ ਕਰਕੇ ਚੀਨ ਨੂੰ ਵਰਲਡ ਲੀਗ (ਲੰਡਨ) ਵਿੱਚ ਅੱਠਵਾਂ ਪ੍ਰਾਪਤ ਹੋਣ ਕਰਕੇ 2018 ਦੇ ਵਿਸ਼ਵ ਕੱਪ ਲਈ ਦਾਖਲਾ ਮਿਲ ਗਿਆ। ਜਿੱਥੇ ਕੋਰੀਆ ਲਈ ਇਹ ਖ਼ਬਰ ਬਹੁਤੀ ਚੰਗੀ ਨਹੀਂ ਉੱਥੇ ਚੀਨ ਲਈ ਵੱਡੀ ਪ੍ਰਾਪਤੀ ਹੈ ਕਿਉਂਕਿ ਵਿਸ਼ਵ ਕੱਪ ਦੇ ਇਤਿਹਾਸ ਵਿੱਚ ਪਹਿਲੀ ਵਾਰ ਚੀਨ ਵਿਸ਼ਵ ਕੱਪ ਖੇਡੇਗਾ। ਵਿਸ਼ਵ ਕੱਪ ਵਿੱਚ 16 ਟੀਮਾਂ ਨੇ ਖੇਡਣਾ ਹੈ। 16ਵੀਂ ਟੀਮ ਅਫਰੀਕਾ ਮਹਾਂਦੀਪ ਵਿੱਚੋਂ ਆਵੇਗੀ ਜਿਸ ਦਾ ਨਿਪਟਾਰਾ ਅਫਰੀਕਾ ਕੱਪ ਤੋਂ ਬਾਅਦ ਹੋਵੇਗਾ ਜਿਹੜਾ 22 ਅਕਤੂਬਰ ਤੋਂ ਲੈ ਕੇ 29 ਅਕਤੂਬਰ ਤੱਕ ਮਿਸਰ ਵਿੱਚ ਹੋ ਰਿਹਾ ਹੈ।

**ਇਨਡੋਰ ਪੈਨ-ਐਮ ਚੈਂਪੀਅਨਸ਼ਿਪ:** ਗੁਆਨਾ ਦੇ ਸ਼ਹਿਰ ਜੌਰਜਟਾਊਨ ਵਿੱਚ ਪੈਨ ਐਮ ਇਨਡੋਰ ਫੀਲਡ ਹਾਕੀ ਚੈਂਪੀਅਨਸ਼ਿਪ ਕਰਵਾਈ ਗਈ। ਪੁਰਸ਼ ਅਤੇ ਮਹਿਲਾ ਵਰਗ ਵਿੱਚ 6-6 ਟੀਮਾਂ ਨੇ ਭਾਗ ਲਿਆ। 16 ਅਕਤੂਬਰ ਤੋਂ 21 ਅਕਤੂਬਰ ਤੱਕ ਹੋਈ ਇਸ ਚੈਂਪੀਅਨਸ਼ਿਪ ਵਿੱਚ ਕਾਫੀ ਦਿਲਚਸਪ ਮੁਕਾਬਲੇ ਹੋਏ। ਪੁਰਸ਼ ਵਰਗ ਦੇ ਫਾਈਨਲ ਵਿੱਚ ਤ੍ਰਿਨੀਦਾਦ ਅਤੇ ਤਬੈਗੋ ਨੇ ਅਰਜਨਟੀਨਾ ਨੂੰ 7-0 ਦੇ ਫਰਕ ਨਾਲ਼ ਹਰਾ ਕੇ ਸਭ ਨੂੰ ਹੈਰਾਨ ਕਰ ਦਿੱਤਾ। ਕੈਨੇਡਾ ਦੀ ਟੀਮ ਤੀਜੇ ਸਥਾਨ ਤੇ ਰਹੀ। ਮਹਿਲਾ ਵਰਗ ਦੇ ਫਾਈਨਲ ਵਿੱਚ ਅਮਰੀਕਾ ਨੇ ਅਰਜਨਟੀਨਾ ਨੂੰ 2-1 ਦੇ ਫਰਕ ਨਾਲ਼ ਹਰਾਇਆ। ਕੈਨੇਡਾ ਦੀ ਮਹਿਲਾ ਟੀਮ ਤੀਜੇ ਸਥਾਨ ਲਈ ਖੇਡੇ ਗਏ ਮੈਚ ਵਿੱਚ ਉਰੂਗੁਏ ਤੋਂ ਹਾਰ ਕੇ ਚੌਥੇ ਸਥਾਨ ਤੇ ਰਹੀ।

# ਮਹਿੰਗੇ ਵਿਦੇਸ਼ੀ ਕੋਚ ਵੀ ਨਾ ਬਦਲ ਸਕੇ ਭਾਰਤੀ ਹਾਕੀ ਦੀ ਤਕਦੀਰ

ਡਾ. ਸੁਖਦਰਸ਼ਨ ਸਿੰਘ ਚਹਿਲ
9779590575

ਪਿਛਲੇ ਤਕਰੀਬਨ ਇੱਕ ਦਹਾਕੇ ਤੋਂ ਭਾਰਤੀ ਹਾਕੀ ਟੀਮ ਦੀ ਸਿਖਲਾਈ ਦੀ ਵਾਂਗਡੋਰ ਵਿਦੇਸ਼ੀ ਕੋਚਾਂ ਦੇ ਹੱਥ ਵਿੱਚ ਹੈ। ਵੱਡੀਆਂ ਤਨਖਾਹਾਂ ਵਾਲੇ ਵਿਦੇਸ਼ੀ ਕੋਚ ਵੀ ਭਾਰਤੀ ਹਾਕੀ ਟੀਮ ਦੀਆਂ ਪ੍ਰਾਪਤੀਆਂ 'ਚ ਕੋਈ ਵਰਨਣਯੋਗ ਬਦਲਾਅ ਨਹੀਂ ਲਿਆ ਸਕੇ। ਸਵਦੇਸ਼ੀ ਕੋਚਾਂ ਨੂੰ ਨਜ਼ਰਅੰਦਾਜ ਕਰਕੇ ਵਾਰ-ਵਾਰ ਬਦਲਦੇ ਗਏ ਵਿਦੇਸ਼ੀ ਕੋਚ ਕਿਸੇ ਪੱਖੋਂ ਵੀ ਭਾਰਤੀ ਹਾਕੀ ਦੀ ਤਕਦੀਰ ਨਹੀਂ ਬਦਲ ਸਕੇ ਸਗੋਂ ਮੋਟੀਆਂ ਤਨਖਾਹਾਂ ਤੇ ਵਧੀਆ ਸਹੂਲਤਾਂ ਦਾ ਆਨੰਦ ਮਾਣਕੇ, ਆਪੋ-ਆਪਣੇ ਵਤਨਾਂ ਨੂੰ ਪਰਤਦੇ ਰਹੇ ਹਨ। ਹਾਲ ਹੀ ਵਿੱਚ ਹਾਕੀ ਇੰਡੀਆ ਨੇ ਹਾਈ ਪ੍ਰਫਾਰਮੈਂਸ ਡਾਇਰੈਕਟਰ ਰੋਲਾਂਟ ਓਲਟਸਮੈਨਜ਼ (ਹਾਲੈਂਡ) ਨੂੰ ਹਟਾਉਣ ਤੋਂ ਬਾਅਦ, ਟੇਢੇ ਢੰਗ ਨਾਲ ਆਪਣੀਆਂ ਗਲਤੀਆਂ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਵਜੋਂ ਕੌਮੀ ਟੀਮ ਦਾ ਕੋਚ ਨਿਯੁਕਤ ਕਰਨ ਲਈ ਖੁੱਲੇ ਰੂਪ 'ਚ ਦਾਅਵੇਦਾਰੀਆਂ ਮੰਗੀਆਂ ਸਨ, ਪਰ ਅਚਾਨਕ ਹੀ ਹੈਰਾਨਕੁੰਨ ਫੈਸਲੇ ਤਹਿਤ ਭਾਰਤੀ ਔਰਤਾਂ ਦੀ ਟੀਮ ਦੇ ਵਿਦੇਸ਼ੀ ਕੋਚ ਵਾਂਲਥੇਰੁਸ ਮਰੀਜਨੇ ਨੂੰ ਕੌਮੀ ਪੁਰਸ਼ ਟੀਮ ਦਾ ਮੁੱਖ ਕੋਚ ਥਾਪ ਦਿੱਤਾ ਹੈ। ਜਿਸ ਦਾ ਭਾਵ ਮੁੜ ਸਵਦੇਸ਼ੀ ਕੋਚਾਂ ਨੂੰ ਨਿਯੁਕਤ ਕਰਨ ਤੋਂ ਹਾਕੀ ਇੰਡੀਆ ਮੁਨਕਰ ਹੋ ਗਈ ਹੈ।

ਜੇਕਰ ਵਿਦੇਸ਼ੀ ਕੋਚਾਂ ਦੀਆਂ ਨਿਯੁਕਤੀਆਂ ਦੇ ਦੌਰ ਦੀ ਗੱਲ ਕਰੀਏ ਤਾਂ ਇਸ ਦੀ ਸ਼ੁਰੂਆਤ ਮਈ 2009 ਤੋਂ ਸਪੈਨਿਸ਼ ਕੋਚ ਜੋਸ ਬਰਾਸਾ ਦੀ ਨਿਯੁਕਤੀ ਨਾਲ ਹੋਈ। ਬਰਾਸਾ ਨੂੰ 7 ਲੱਖ ਪ੍ਰਤੀ ਮਹੀਨਾ ਦੀ ਦਰ ਨਾਲ 2012 ਦੀਆਂ ਉਲੰਪਿਕ ਖੇਡਾਂ ਤੱਕ ਕੌਮੀ ਟੀਮ ਦੀ ਵਾਂਗਡੋਰ ਸੌਂਪੀ ਗਈ ਸੀ ਪਰ ਉਸ ਨੂੰ ਨਵੰਬਰ 2010 'ਚ ਹੀ ਫਾਰਗ ਕਰ ਦਿੱਤਾ ਗਿਆ। ਬਰਾਸਾ ਨੂੰ ਫੈਡਰੇਸ਼ਨ ਨਾਲ ਸਬੰਧ ਨਾਸਾਜ਼ ਹੋਣ ਦੇ ਬਹਾਨੇ ਨਾਲ ਸਮੇਂ ਤੋਂ ਪਹਿਲਾ ਤੁਰਦਾ ਕਰ ਦਿੱਤਾ ਗਿਆ। ਬਰਾਸਾ ਦੇ ਕਾਰਜਕਾਲ ਦੌਰਾਨ ਭਾਰਤੀ ਟੀਮ ਗੁਆਂਗਜ਼ੂ ਏਸ਼ੀਅਨ ਖੇਡਾਂ 'ਚ ਕਾਂਸੀ ਦਾ ਤਗਮਾ ਹੀ ਜਿੱਤ ਸਕੀ ਅਤੇ ਉਹ ਸਿੱਧੇ ਤੌਰ 'ਤੇ ਲੰਡਨ ਉਲੰਪਿਕ 'ਚ ਹਿੱਸਾ ਲੈਣ ਦੀ ਹੱਕਦਾਰ ਨਾ ਬਣ ਸਕੀ। ਇਸ ਉਪਰੰਤ ਜੂਨ 2011 'ਚ ਆਸਟਰੇਲੀਆ ਦੇ ਮਾਈਕਲ ਨੋਬਸ ਨੂੰ 6.5 ਲੱਖ ਰੁਪਏ ਪ੍ਰਤੀ ਮਹੀਨਾ ਦੇ ਮਿਹਨਤਾਨੇ 'ਤੇ ਭਾਰਤੀ ਹਾਕੀ ਦੀ ਕਮਾਨ ਸੌਂਪੀ ਗਈ। ਨੋਬਸ ਦੀ ਨਿਯੁਕਤੀ 2016 ਦੀਆਂ ਰੀਓ ਉਲੰਪਿਕ ਖੇਡਾਂ ਤੱਕ ਕੀਤੀ ਗਈ। ਨੋਬਸ ਦੇ ਕਾਰਜਕਾਲ ਦੌਰਾਨ ਲੰਦਨ ਉਲੰਪਿਕ 'ਚ ਭਾਰਤੀ ਟੀਮ 12ਵੇਂ ਸਥਾਨ 'ਤੇ ਰਹੀ ਅਤੇ ਵਿਸ਼ਵ ਲੀਗ ਦੇ ਤੀਸਰੇ ਦੌਰ 'ਚ 6ਵੇਂ ਸਥਾਨ 'ਤੇ ਰਹੀ। ਇਸ ਤਰ੍ਹਾਂ ਨੋਬਸ ਨੂੰ ਜੂਨ 2013 'ਚ ਚਲਦਾ ਕਰ ਦਿੱਤਾ ਗਿਆ। ਫਿਰ ਅਕਤੂਬਰ 2013 'ਚ ਆਸਟਰੇਲੀਆ ਦੇ ਟੈਰੀ ਵਾਲਸ਼ ਨੂੰ 10 ਲੱਖ ਰੁਪਏ ਪ੍ਰਤੀ ਮਹੀਨਾ ਦੇ ਮਿਹਨਤਾਨੇ ਨਾਲ ਕੌਮੀ ਟੀਮ ਦੀ ਵਾਂਗਡੋਰ ਸੌਂਪੀ ਗਈ। ਵਾਲਸ਼ ਨੂੰ ਵੀ 2016 ਦੀਆਂ ਉਲੰਪਿਕ ਖੇਡਾਂ ਤੱਕ ਕੌਮੀ ਹਾਕੀ ਦਾ ਜਿੰਮਾ ਸੌਂਪਿਆ ਗਿਆ। ਵਾਲਸ਼ ਦੇ ਕਾਰਜਕਾਲ ਦੌਰਾਨ ਭਾਰਤੀ ਟੀਮ ਨੇ 2014 ਦੀਆਂ ਇੰਚੋਨ ਏਸ਼ੀਅਨ ਖੇਡਾਂ 'ਚ ਸੋਨ ਤਗਮਾ ਜਿੱਤਿਆ। ਇਸ ਤਰ੍ਹਾਂ ਭਾਰਤੀ ਟੀਮ ਨੂੰ 2016 ਦੀਆਂ ਉਲੰਪਿਕ ਖੇਡਾਂ 'ਚ ਹਿੱਸਾ ਲੈਣ ਦਾ ਹੱਕ ਵੀ ਮਿਲ ਗਿਆ। ਸਿਰਫ ਇੱਕ ਸਾਲ ਦੇ ਵਕਫੇ ਬਾਅਦ ਹੀ ਅਕਤੂਬਰ 2015 'ਚ ਵਾਲਸ਼ ਨੇ ਭਾਰਤੀ ਹਾਕੀ ਪ੍ਰਬੰਧਕਾਂ ਦੀ ਬੇਲੋੜੀ ਦਖਲਅੰਦਾਜੀ ਦਾ ਬਹਾਨਾ ਲਗਾਕੇ, ਆਪਣਾ ਅਹੁਦਾ ਤਿਆਗ ਦਿੱਤਾ। ਅਗਲੇ ਵਰ੍ਹੇ ਫਰਵਰੀ 2015 'ਚ ਹਾਲੈਂਡ ਦੇ ਪਾਲ ਵਾਨ ਆਸ ਨੂੰ 7.5 ਲੱਖ ਪ੍ਰਤੀ ਮਹੀਨਾ 'ਤੇ ਕੌਮੀ ਮੁੱਖ ਕੋਚ ਦੀ ਜਿੰਮੇਵਾਰੀ ਸੌਂਪੀ ਗਈ। ਉਸ ਨਾਲ 2018 ਤੱਕ ਦਾ ਤਿੰਨ ਸਾਲਾਂ ਲਈ ਇਕਰਾਰਨਾਮਾ ਕੀਤਾ ਗਿਆ। ਪਾਲ ਦੇ ਛੋਟੇ ਜਿਹੇ ਕਾਰਜਕਾਲ ਦੌਰਾਨ ਜੁਲਾਈ 2015 'ਚ ਬੈਲਜ਼ੀਅਮ 'ਚ ਵਿਸ਼ਵ ਹਾਕੀ ਲੀਗ ਦੇ ਸੈਮੀਫਾਈਨਲ ਦੌਰ ਦੌਰਾਨ ਹਾਕੀ ਇੰਡੀਆ ਦੇ ਪ੍ਰਧਾਨ ਨਰਿੰਦਰ ਬੱਤਰਾ ਦੀ ਪਾਲ ਨਾਲ ਕਿਸੇ ਮੁੱਦੇ 'ਤੇ ਅਣ-ਬਣ ਹੋ ਗਈ। ਜਿਸ ਕਾਰਨ ਪਾਲ ਵੀ ਸਮੇਂ ਤੋਂ ਪਹਿਲਾ ਤੁਰਦਾ ਬਣਿਆ। ਇਸੇ ਦੌਰਾਨ ਹੀ ਹਾਲੈਂਡ ਦੇ ਰੋਲਾਂਟ ਓਲਟਸਮੈਨਜ਼ ਨੂੰ ਜੁਲਾਈ 2015 'ਚ ਭਾਰਤੀ ਹਾਕੀ ਦਾ ਹਾਈ ਪ੍ਰਫਾਰਮੈਂਸ ਡਾਇਰੈਕਟਰ ਨਿਯੁਕਤ ਕੀਤਾ ਗਿਆ। ਜਿਸ ਦੌਰਾਨ ਉਸ ਨੂੰ 9.5 ਲੱਖ ਰੁਪਏ ਪ੍ਰਤੀ ਮਹੀਨੇ ਦੇ ਮਿਹਨਤਾਨੇ ਦਾ ਭੁਗਤਾਨ ਕੀਤਾ ਗਿਆ। ਟੈਰੀ ਵਾਲਸ਼ ਦੇ ਅਸਤੀਫੇ ਤੋਂ ਬਆਦ ਓਲਟਸਮੈਨਜ਼ ਦੀ ਅਗਵਾਈ 'ਚ ਭਾਰਤੀ ਟੀਮ ਨੇ ਏਸ਼ੀਆ ਕੱਪ 'ਚੋਂ ਚਾਂਦੀ ਦਾ ਤਗਮਾ ਜਿੱਤਿਆ।ਇਸੇ ਦੌਰਾਨ ਭਾਰਤੀ ਹਾਕੀ ਟੀਮ ਰੀਓ ਉਲੰਪਿਕ 'ਚ ਵੀ ਅੱਠਵੇਂ ਸਥਾਨ 'ਤੇ ਹੀ ਰਹੀ। ਪਾਲ ਵਾਨ ਆਸ ਦੀ ਰਵਾਨਗੀ ਤੋਂ ਬਾਅਦ ਓਲਟਸਮੈਨਜ਼ ਨੂੰ ਫਿਰ ਕੌਮੀ ਟੀਮ ਦਾ ਅਜ਼ਾਦਾਨਾ ਚਾਰਜ ਦਿੱਤਾ ਗਿਆ। ਆਖਿਰਕਾਰ ਓਲਟਸਮੈਂਜ਼ ਦਾ ਵੀ ਵਕਤ ਤੋਂ ਪਹਿਲਾ ਜਾਣ ਦਾ ਸਮਾਂ ਆ ਗਿਆ ਅਤੇ ਬੀਤੇ ਦਿਨੀ ਉਸ ਦੀ ਕਾਰਗੁਜ਼ਾਰੀ ਨੂੰ ਗੈਰਤਸੱਲੀਬਖਸ਼ ਕਰਾਰ ਦੇ ਕੇ ਹਾਕੀ ਇੰਡੀਆ ਨੇ ਚੱਲਦਾ ਕਰ ਦਿੱਤਾ। ਅਗਲੇ ਕੋਚ ਦੀ ਨਿਯੁਕਤੀ ਤੱਕ ਇੱਕ ਹੋਰ ਹਾਈ ਪ੍ਰਫਾਰਮੈਂਸ ਨਿਰਦੇਸ਼ਕ ਡੇਵਿਡ ਜੌਹਨ ਨੂੰ ਕੌਮੀ ਟੀਮ ਦਾ ਇੰਚਾਰਜ ਲਗਾ ਦਿੱਤਾ ਗਿਆ ਸੀ ਤੇ ਕੁਝ ਹੀ ਦਿਨਾਂ ਬਾਅਦ ਵਾਂਲਥੇਰੁਸ ਮਰੀਜਨੇ ਨੂੰ ਔਰਤਾਂ ਦੀ ਟੀਮ ਨਾਲੋਂ ਹਟਾਕੇ, ਪੁਰਸ਼ਾਂ ਦੀ ਟੀਮ ਦਾ ਕੋਚ ਲਗਾ ਦਿੱਤਾ ਹੈ। ਇਸ ਤਰ੍ਹਾਂ ਭਾਰਤੀ ਹਾਕੀ ਟੀਮ ਨੂੰ ਪਿਛਲੇ ਤਕਰੀਬਨ ਅੱਠ ਸਾਲਾਂ 'ਚ 6 ਵਿਦੇਸ਼ੀ ਕੋਚ ਮਿਲੇ। ਜੋ ਭਾਰਤ ਦੁਆਰਾ ਪਹਿਲਾ ਜਿੱਤੇ ਕਿਸੇ ਵੀ ਵਿਸ਼ਵ ਪੱਧਰੀ ਟੂਰਨਾਮੈਂਟ ਦੇ ਤਗਮੇ ਦਾ ਰੰਗ ਨਹੀਂ ਬਦਲ ਸਕੇ ਭਾਵ ਕੌਮੀ ਟੀਮ ਦੀ ਕਾਰਗੁਜ਼ਾਰੀ 'ਚ ਸੁਧਾਰ ਨਹੀਂ ਲਿਆ ਸਕੇ। ਸਗੋਂ ਵਾਰ-ਵਾਰ ਸਾਡੇ ਖਿਡਾਰੀਆਂ ਨੂੰ ਵੱਖ-ਵੱਖ ਰਣਨੀਤੀਆਂ ਤੇ ਅੰਦਾਜ 'ਚ ਖੇਡਣਾ ਪਿਆ। ਕੋਈ ਕੋਚ ਵਧੇਰੇ ਰੱਖਿਆਤਮਕ ਹਾਕੀ ਖਿਡਾਉਂਦਾ ਰਿਹਾ, ਕੋਈ ਵਧੇਰੇ ਹਮਲਾਵਰ ਅਤੇ ਕੋਈ ਹਰਫਨਮੌਲਾ ਅੰਦਾਜ ਵਾਲੀ ਹਾਕੀ ਨਾਲ ਆਪਣੇ ਆਪ ਨੂੰ ਸਹੀ ਠਹਿਰਾਉਣ ਲਈ ਯਤਨਸ਼ੀਲ ਰਿਹਾ। ਹਰੇਕ ਵੱਡੇ ਟੂਰਨਾਮੈਂਟ 'ਚ ਅਸਫਲਤਾ ਤੋਂ ਬਾਅਦ ਹਾਕੀ ਇੰਡੀਆ ਕੋਚ ਬਦਲ ਕੇ ਆਪਣੀ ਜਿੰਮੇਵਾਰੀ ਤੋਂ ਮੁਕਤ ਹੁੰਦੀ ਰਹੀ ਹੈ। ਹਾਕੀ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਦੌਰ ਦੌਰਾਨ ਵਿਦੇਸ਼ੀ ਕੋਚਾਂ 'ਤੇ ਖਰਚ ਕੀਤੇ ਗਏ ਧਨ ਦੀ ਕੇਂਦਰ ਸਰਕਾਰ ਦੁਆਰਾ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ ਅਤੇ ਸਮੁੱਚੇ ਕਾਰਗੁਜ਼ਾਰੀ ਦਾ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ। ਇਸ ਦੇ ਨਾਲ ਸਵਦੇਸ਼ੀ ਕੋਚਾਂ 'ਤੇ ਵਿਸ਼ਵਾਸ਼ ਕਰਕੇ, ਉਨ੍ਹਾਂ ਨੂੰ ਹੀ ਕੌਮੀ ਟੀਮ ਦੀ ਵਾਂਗਡੋਰ ਸੌਂਪੀ ਜਾਵੇ।

# ਕੁਸ਼ਤੀ ਤੇ ਕਬੱਡੀ 'ਚ ਦੇਸ਼ ਲਈ ਨਾਮਣਾ ਖੱਟਣ ਵਾਲੀ-ਰਣਦੀਪ ਕੌਰ



ਅਜੋਕੇ ਦੌਰ 'ਚ ਔਰਤਾਂ ਨੇ ਵੱਖ-ਵੱਖ ਖੇਤਰਾਂ 'ਚ ਪੁਰਸ਼ਾਂ ਦੇ ਬਰਾਬਰ ਪ੍ਰਾਪਤੀਆਂ ਕਰਕੇ, ਦਰਸਾ ਦਿੱਤਾ ਹੈ ਕਿ ਉਹ ਵੀ ਆਪਣੇ ਪੁਰਖਿਆਂ ਦੀ ਵਿਰਾਸਤ ਨੂੰ ਅੱਗੇ ਤੋਰਨ ਦੇ ਸਮਰੱਥ ਸਾਬਤ ਹੁੰਦੀਆਂ ਹਨ। ਅਜਿਹੀ ਹੀ ਮਿਸਾਲ ਬਣ ਚੁੱਕੀ ਹੈ, ਗੁਰਦਾਸਪੁਰ ਜਿਲ੍ਹੇ ਦੇ ਪਿੰਡ ਨੱਥੂ ਖਹਿਰਾ ਦੇ ਵਸਨੀਕ ਸ. ਹਰਦੀਪ ਸਿੰਘ ਤੇ ਸ੍ਰੀਮਤੀ ਵੀਰ ਕੌਰ ਦੀ ਸਪੁੱਤਰੀ ਰਣਦੀਪ ਕੌਰ। ਹਰਦੀਪ ਸਿੰਘ ਦੇ ਖਾਨਦਾਨ ਦੀਆਂ ਪਿਛਲੀਆਂ ਕਈ ਪੀੜ੍ਹੀਆਂ 'ਚ ਉੱਚਪਾਏ ਦੀ ਕਬੱਡੀ ਖੇਡਣ ਦੀ ਪ੍ਰੰਪਰਾ ਚੱਲੀ ਆ ਰਹੀ ਹੈ, ਜਿਸ ਨੂੰ ਉਨ੍ਹਾਂ ਦੀ ਛੋਟੀ ਬੇਟੀ ਰਣਦੀਪ ਕੌਰ ਨੇ ਔਰਤਾਂ ਦੇ ਪੰਜਵੇਂ ਆਲਮੀ ਕਬੱਡੀ ਦੀ ਸਰਵੋਤਮ ਸਟਾਪਰ ਬਣਨ ਤੱਕ ਦਾ ਸਫਰ ਤੈਅ ਕਰਕੇ, ਕਾਇਮ ਰੱਖਿਆ ਹੈ। ਇਸ ਦੇ ਨਾਲ ਹੀ ਉਹ ਕੁਸ਼ਤੀ ਦੇ ਖੇਤਰ 'ਚ ਵਿਸ਼ਵ ਪੱਧਰ 'ਤੇ ਤਗਮਾ ਜਿੱਤ ਕੇ, ਆਪਣੀ ਤਾਕਤ ਦਾ ਲੋਹਾ ਮਨਵਾ ਚੁੱਕੀ ਹੈ।

ਰਣਦੀਪ ਕੌਰ ਨੇ ਕਲਾਸਵਾਲਾ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖੇ ਦਸਵੀਂ ਜਮਾਤ 'ਚ ਪੜਦਿਆਂ ਵਆਪਣੇ ਪਿਤਾ ਦੀ ਪ੍ਰੇਰਨਾ ਨਾਲ ਅਥਲੈਟਿਕਸ ਦੇ 800 ਮੀਟਰ ਦੌੜ ਈਵੈਂਟ ਰਾਹੀਂ ਖੇਡਾਂ ਦੇ ਖੇਤਰ 'ਚ ਪੈਰ ਰੱਖਿਆ ਅਤੇ 12 ਜਮਾਤ ਤੱਕ ਪੜਦਿਆਂ ਕੌਮੀ ਪੱਧਰ ਤੱਕ ਖੇਡਣ ਦਾ ਮਾਣ ਹਾਸਿਲ ਕੀਤਾ। ਐਸ.ਐਮ. ਕਾਲਜ ਦੀਨਾ ਨਗਰ ਵਿਖੇ ਗ੍ਰੈਜੂਏਸ਼ਨ ਦੇ ਪਹਿਲੇ ਸਾਲ ਹੀ ਕੋਚ ਨਿਰਮਲ ਕੌਰ ਤੇ ਮੁਖਵਿੰਦਰ ਸਿੰਘ ਦੀ ਪ੍ਰੇਰਨਾ ਨਾਲ ਰਣਦੀਪ ਨੇ ਬਤੌਰ ਰੇਡਰ ਨੈਸ਼ਨਲ ਸਟਾਈਲ ਕਬੱਡੀ ਖੇਡਣੀ ਸ਼ੁਰੂ ਕੀਤੀ ਅਤੇ ਪਹਿਲੇ ਹੀ ਵਰ੍ਹੇ ਪੰਜਾਬ ਪੱਧਰ 'ਤੇ ਖੇਡਣ ਦਾ ਮਾਣ ਪ੍ਰਾਪਤ ਕੀਤਾ। ਰਾਜ ਪੱਧਰੀ ਮੁਕਾਬਲ਼ਿਆਂ ਦੌਰਾਨ ਰਣਦੀਪ ਦਾ ਮੇਲ ਸਵ. ਕੋਚ ਗੁਰਦੀਪ ਸਿੰਘ ਮੱਲ੍ਹੀ ਨਾਲ ਹੋਇਆ। ਜਿੰਨ੍ਹਾਂ ਦੀ ਅਗਵਾਈ 'ਚ ਉਸ ਨੇ ਦੇਵ ਸਮਾਜ ਕਾਲਜ ਫਿਰੋਜਪੁਰ ਵਿਖੇ ਦਾਖਲਾ ਲਿਆ ਅਤੇ ਇੱਥੇ ਉਸ ਦੀ ਖੇਡ 'ਚ ਇੰਨ੍ਹਾਂ ਕੁ ਨਿਖਾਰ ਆ ਗਿਆ ਕਿ ਉਹ 2008 ਤੋਂ ਨੈਸ਼ਨਲ ਸਟਾਈਲ ਕਬੱਡੀ 'ਚ ਪੰਜਾਬ ਦੀ ਕਪਤਾਨ ਚੱਲੀ ਆ ਰਹੀ ਹੈ। ਉਸ ਨੇ ਐਮ.ਏ. (ਪੰਜਾਬੀ ਅਤੇ ਇਤਿਹਾਸ) ਤੱਕ ਦੀ ਪੜਾਈ ਕਰਨ ਦਾ ਨਾਲ-ਨਾਲ ਕਈ ਵਾਰ ਨੈਸ਼ਨਲ ਪੱਧਰ 'ਤੇ ਪੰਜਾਬ ਦੀ ਨੁਮਾਇੰਦਗੀ ਕਰਦਿਆਂ ਕੇਰਲਾ 'ਚ ਹੋਈਆਂ ਕੌਮੀ ਖੇਡਾਂ 'ਚ ਪੰਜਾਬ ਲਈ ਕਾਂਸੀ ਦਾ ਤਗਮਾ ਵੀ ਜਿੱਤਿਆ। ਉਹ ਤਿੰਨ ਵਾਰ ਬੀਚ ਏਸ਼ੀਅਨ ਚੈਂਪੀਅਨਸ਼ਿਪ 'ਚ ਦੇਸ਼ ਲਈ ਸੋਨ ਤਗਮੇ ਜਿੱਤ ਚੁੱਕੀ ਹੈ ਅਤੇ ਏਸ਼ੀਅਨ ਖੇਡਾਂ ਲਈ ਕੌਮੀ ਕੈਂਪ ਵੀ ਲਗਾ ਚੁੱਕੀ ਹੈ। ਇਸ ਦੇ ਸਮਾਂਤਰ ਹੀ ਰਣਦੀਪ ਨੇ ਦਾਇਰੇ ਵਾਲੀ ਕਬੱਡੀ 'ਚ ਵੀ ਸ਼ਾਨਦਾਰ ਮੱਲ੍ਹਾਂ ਮਾਰਦਿਆਂ ਪੰਜਾਬ ਲਈ 2-2 ਵਾਰ ਸੋਨ, ਚਾਂਦੀ ਅਤੇ ਕਾਂਸੀ ਦੇ ਤਗਮੇ ਜਿੱਤ ਚੁੱਕੀ ਹੈ। ਟੀਵੀ ਅਤੇ ਯੂਟਿਊਬ ਜਰੀਏ ਪੰਜਾਬ ਸਟਾਈਲ ਕਬੱਡੀ ਦੀ ਸਟਾਪਰ ਵਜੋਂ ਮੁਹਾਰਤ ਹਾਸਿਲ ਕਰਨ ਵਾਲੀ ਰਣਦੀਪ 2013 ਦੇ ਵਿਸ਼ਵ ਕੱਪ 'ਚ ਭਾਰਤ ਦੀ ਚੈਂਪੀਅਨ ਟੀਮ ਦਾ ਹਿੱਸਾ ਬਣੀ। ਫਿਰ 2016 ਦੇ ਪੰਜਵੇਂ ਆਲਮੀ ਕੱਪ 'ਚ ਉਹ ਚੈਂਪੀਅਨ ਬਣੀ ਭਾਰਤੀ ਟੀਮ ਵੱਲੋਂ ਦੁਨੀਆ ਦੀ ਸਰਵੋਤਮ ਸਟਾਪਰ ਬਣੀ। ਉਹ ਮਾਝਾ ਕਬੱਡੀ ਅਕੈਡਮੀ ਅਤੇ ਸ਼ਹੀਦ ਭਗਤ ਸਿੰਘ ਕਲੱਬ ਸਮੈਣ (ਹਰਿਆਣਾ) ਵੱਲੋਂ ਪੇਸ਼ੇਵਰ ਕਬੱਡੀ ਖੇਡ ਚੁੱਕੀ ਹੈ। ਉੱਚ ਪਾਏ ਦੀ ਖੇਡ, ਉਚੇਰੀ ਪੜਾਈ ਹਾਸਿਲ ਕਰਨ ਦੇ ਨਾਲ-ਨਾਲ 2011 'ਚ ਰਣਦੀਪ ਪੰਜਾਬ ਪੁਲਿਸ 'ਚ ਬਤੌਰ ਕਾਂਸਟੇਬਲ ਭਰਤੀ ਹੋਈ ਅਤੇ ਅੱਜ-ਕੱਲ੍ਹ ਏ.ਐਸ.ਆਈ. ਦੇ ਅਹੁਦੇ 'ਤੇ ਤੈਨਾਤ ਹੈ। ਇਸ ਦੇ ਨਾਲ ਹੀ ਰਣਦੀਪ ਕੌਰ ਕੁੱਲ ਹਿੰਦ ਪੁਲਿਸ ਖੇਡਾਂ ਦੇ ਕੁਸ਼ਤੀ ਮੁਕਾਬਲਿਆਂ 'ਚੋਂ ਸੋਨ ਤਹਮਾ ਜਿੱਤ ਚੁੱਕੀ ਹੈ। ਜਿਸ ਦੀ ਬਦੌਲਤ ਉਸ ਨੇ ਲਾਸ ਏਂਜਲਸ (ਅਮਰੀਕਾ) 'ਚ ਹੋਈਆਂ ਵਿਸ਼ਵ ਪੁਲਿਸ ਖੇਡਾਂ 'ਚ ਦੇਸ਼ ਲਈ ਸੋਨ ਤਗਮਾ ਜਿੱਤਣ ਦਾ ਮਾਣ ਪ੍ਰਾਪਤ ਕਰ ਚੁੱਕੀ ਹੈ। ਰਣਦੀਪ ਕੌਰ ਦਾ ਨਿਸ਼ਾਨਾ ਨੈਸ਼ਨਲ ਸਟਾਈਲ ਕਬੱਡੀ 'ਚ ਦੇਸ਼ ਲਈ ਖੇਡਣਾ ਅਤੇ ਦਾਇਰੇ ਵਾਲੀ ਕਬੱਡੀ 'ਚ ਭਾਰਤ ਦੀ ਕਪਤਾਨੀ ਕਰਨਾ ਹੈ।

**ਡਾ. ਸੁਖਦਰਸ਼ਨ ਸਿੰਘ ਚਹਿਲ**
**9779590575**

# ਠੱਗੀ ਕਾਂਗਰਸ ਦੀ ਭ੍ਰਿਸ਼ਟਾਚਾਰ, ਸੰਘੀ ਜੈ ਸ਼ਾਹ ਕਰੇ ਤਾਂ ਦੇਸ਼-ਪਿਆਰ

## (ਸੰਘੀ ਲਾਣੇ ਦਾ ਘੁਟਾਲਾ ਵੀ ਬੇਨਕਾਬ, ਪਰਦਾਪੋਸ਼ੀ ਲਈ ਧਮਕੀਆਂ)



-ਬੂਟਾ ਸਿੰਘ ਨਵਾਂਸ਼ਹਿਰ
94634-74342

ਜਦੋਂ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਦੇ ਰਾਜ ਵਿਚ ਨਿੱਤ ਨਵੇਂ ਤੋਂ ਨਵੇਂ ਮਹਾਂ ਘੁਟਾਲਿਆਂ ਦੇ ਖ਼ੁਲਾਸੇ ਹੋ ਰਹੇ ਸਨ ਓਦੋਂ ਭਾਜਪਾ ਦੇ ਆਗੂ ਕਾਂਗਰਸ ਨੂੰ ਘੁਟਾਲਿਆਂ ਦੀ ਮਾਂ ਕਹਿਕੇ ਸਿਆਸੀ ਵਿਅੰਗ ਕਰਿਆ ਕਰਦੇ ਸਨ। ਉਹ ਕਾਂਗਰਸ ਦੇ ਰਾਜ ਵਿਚ ਘੁਟਾਲਿਆਂ, ਕਰੋਨੀ ਸਰਮਾਇਆਦਾਰੀ ਅਤੇ ਕੁਣਬਾਪ੍ਰਸਤੀ ਦੀ ਬੇਮਿਸਾਲ ਤਰੱਕੀ ਨੂੰ ਛੱਜ ਵਿਚ ਪਾਕੇ ਛੱਟਦੇ ਸਨ। ਜਦੋਂ 2012 ਵਿਚ ਗਾਂਧੀ ਪਰਿਵਾਰ ਦੇ ਜਵਾਈ ਰੋਬਰਟ ਵਾਡਰਾ ਵਲੋਂ ਆਪਣੇ ਸਹੁਰਾ ਪਰਿਵਾਰ ਦੇ ਸੱਤਾਧਾਰੀ ਹੋਣ ਦਾ ਫ਼ਾਇਦਾ ਉਠਾਕੇ ਡੀ.ਐੱਲ.ਐੱਫ. ਲਿਮਟਿਡ ਤੋਂ ਲਏ 'ਅਸੁਰੱਖਿਅਤ ਬਿਨਾਂ ਵਿਆਜ਼ ਕਰਜੇ' ਦਾ ਘੁਟਾਲਾ ਨੰਗਾ ਹੋਇਆ (ਜਿਸ ਨਾਲ ਦਿੱਲੀ-ਹਰਿਆਣਾ ਵਿਚ 300 ਕਰੋੜ ਤੋਂ ਵੱਧ ਦੀਆਂ 31 ਜਾਇਦਾਦਾਂ ਖ਼ਰੀਦੀਆਂ ਗਈਆਂ ਸਨ) ਤਾਂ ਭਾਜਪਾ ਅਤੇ ਹੋਰ ਵੋਟ ਬਟੋਰੂ ਧੜਿਆਂ ਨੂੰ ਕਾਂਗਰਸ ਸਰਕਾਰ ਉੱਪਰ ਹਮਲੇ ਕਰਨ ਲਈ ਨਵਾਂ ਮੁੱਦਾ ਮਿਲ ਗਿਆ ਸੀ। ਓਦੋਂ ਭਾਜਪਾ ਦੇ ਸੀਨੀਅਰ ਆਗੂ ਯਸ਼ਵੰਤ ਸਿਨਹਾ ਨੇ ਸੋਨੀਆ ਗਾਂਧੀ ਦੇ ਜਵਾਈ ਉੱਪਰ ਵਿਅੰਗ ਕੱਸਿਆ ਸੀ ਕਿ ਸਰਕਾਰ ਨੂੰ ਉਸਦੀ ਮੁਹਾਰਤ ਦਾ ਸਨਮਾਨ ਕਰਦਿਆਂ "ਵਾਡਰਾ ਸਕੂਲ ਆਫ ਮੈਨੇਜਮੈਂਟ" ਸ਼ੁਰੂ ਕਰਨਾ ਚਾਹੀਦਾ ਹੈ ਜਿਸ ਵਲੋਂ ਬਿਨਾ ਪੂੰਜੀਨਿਵੇਸ਼ ਕੀਤੇ ਸੈਂਕੜੇ ਕਰੋੜ ਰੁਪਏ ਕਮਾਉਣ ਦਾ ਜੋ "ਨਿਆਰਾ ਕਾਰੋਬਾਰ ਮਾਡਲ" ਈਜਾਦ ਕੀਤਾ ਗਿਆ ਹੈ ਉਸਨੂੰ ਅਮਲ ਵਿਚ ਲਿਆਕੇ ਉਹ ਹਿੰਦੁਸਤਾਨ ਦੀ ਆਰਥਿਕਤਾ ਵਿਚ ਮੁੜ ਜਾਨ ਪਾ ਸਕਦਾ ਹੈ। ਹੁਣ ਯਸਵੰਤ ਸਿਨਹਾ ਭਾਜਪਾ ਪ੍ਰਧਾਨ ਦੇ ਫ਼ਰਜ਼ੰਦ ਦੀ ਕਾਰੋਬਾਰੀ ਮੁਹਾਰਤ ਮੰਨਣ ਲਈ ਮਜਬੂਰ ਹੈ ਅਤੇ ਸਿਆਸੀ ਸ਼ਰੀਕ ਮੋਦੀ ਸਰਕਾਰ ਉੱਪਰ ਵਿਅੰਗ ਕਰ ਰਹੇ ਹਨ ਕਿ ਜੈ ਸ਼ਾਹ ਆਪਣਾ ਕਾਰੋਬਾਰੀ ਗੁਰ ਮੁਲਕ ਦੇ ਬੇਰੋਜ਼ਗਾਰਾਂ ਨੌਜਵਾਨਾਂ ਨੂੰ ਜ਼ਰੂਰ ਦੱਸੇ ਤਾਂ ਜੋ ਉਹ ਵੀ ਉਸ ਦੇ ਨਕਸ਼ੇ-ਕਦਮਾਂ 'ਤੇ ਚੱਲਕੇ ਸਫ਼ਲ ਕਾਰੋਬਾਰੀ ਬਣ ਸਕਣ!

ਬੇਸ਼ਕ ਵਿਰੋਧੀ ਧਿਰ ਵਲੋਂ ਕਾਂਗਰਸ ਉੱਪਰ ਲਗਾਏ ਜਾ ਰਹੇ ਇਲਜ਼ਾਮ ਪੂਰੀ ਤਰਾਂ ਸਹੀ ਸਨ, ਪਰ ਉਹ ਇਹਨਾਂ ਘੁਟਾਲਿਆਂ ਨੂੰ ਮਹਿਜ਼ ਇਸ ਕਰਕੇ ਉਛਾਲਦੇ ਸਨ ਤਾਂ ਜੋ ਆਵਾਮ ਵਿਚ ਕਾਂਗਰਸ ਦੇ ਰਾਜ ਪ੍ਰਤੀ ਫੈਲੀ ਬਦਜ਼ਨੀ ਦਾ ਸਿਆਸੀ ਲਾਹਾ ਲੈਕੇ ਇਸ ਨੂੰ ਸੱਤਾ ਉੱਪਰ ਸਵਾਰ ਹੋਣ ਲਈ ਪੌੜੀ ਬਣਾਕੇ ਇਸਤੇਮਾਲ ਕੀਤਾ ਜਾ ਸਕੇ। ਉਹ ਭਲੀਭਾਂਤ ਜਾਣਦੇ ਸਨ ਕਿ ਇਨਕਲਾਬੀ ਸਿਆਸੀ ਬਦਲ ਪੇਸ਼ ਕਰਨ ਵਾਲੀਆਂ ਤਾਕਤਾਂ ਬਹੁਤ ਕਮਜ਼ੋਰ ਹੋਣ ਕਾਰਨ ਇਸ ਰਾਜਸੀ ਪ੍ਰਬੰਧ ਹੇਠ ਆਵਾਮ ਹਾਕਮ ਜਮਾਤੀ ਸਿਆਸੀ ਪਾਰਟੀਆਂ ਨੂੰ ਹੀ ਬਦਲ-ਬਦਲਕੇ ਚੁਨਣ ਅਤੇ ਇਸ ਲੋਕਦੁਸ਼ਮਣ ਪ੍ਰਬੰਧ ਹੇਠ ਦਰੜੇ ਜਾਣ ਲਈ ਮਜਬੂਰ ਹਨ। ਸੰਘ ਪਰਿਵਾਰ ਜਾਣਦਾ ਸੀ ਕਿ ਆਵਾਮ ਵਾਜਪਾਈ-ਅਡਵਾਨੀ ਦੀ ਅਗਵਾਈ ਵਾਲੀ ਭਗਵੀਂ ਸਰਕਾਰ ਦੇ ਘੁਟਾਲੇਬਾਜ਼ ਕਿਰਦਾਰ ਨੂੰ ਭੁੱਲ ਚੁੱਕੇ ਹਨ ਅਤੇ ਉਹਨਾਂ ਨੂੰ ਵਿਕਾਸ ਦੇ ਵਾਅਦਿਆਂ ਅਤੇ ਹੋਰ ਚੋਣ ਜੁਮਲਿਆਂ ਨਾਲ ਠੱਗਿਆ ਜਾ ਸਕਦਾ ਸੀ। ਉਹਨਾਂ ਨੇ ਪੂਰੀ ਮੁਹਾਰਤ ਨਾਲ ਆਵਾਮ ਨੂੰ ਠੱਗਿਆ। ਹੁਣ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੇ ਫ਼ਰਜ਼ੰਦ ਦੇ ਕਾਰੋਬਾਰ ਦੇ ਘੁਟਾਲੇ ਨੇ ਭਾਜਪਾ ਦਾ ਮਹਾਂ ਭ੍ਰਿਸ਼ਟਾਚਾਰੀ ਚਿਹਰਾ ਬੇਨਕਾਬ ਕਰ ਦਿੱਤਾ ਹੈ। ਕਾਂਗਰਸ ਨੂੰ ਕਰੋਨੀ ਸਰਮਾਇਆਦਾਰੀ ਦੀ ਰਾਜਸੀ ਪੁਸ਼ਤਪਨਾਹੀ ਕਰਨ ਵਾਲੀ ਪਾਰਟੀ ਕਹਿਕੇ ਭੰਡਣ ਵਾਲੇ ਸੰਘੀਆਂ ਨੂੰ ਹੁਣ ਆਪਣੇ ਪ੍ਰਧਾਨ ਦੇ ਟੱਬਰ ਦੀਆਂ ਸਫ਼ਾਈਆਂ ਦੇਣੀਆਂ ਮੁਸ਼ਕਲ ਹੋ ਗਈਆਂ ਹਨ। ਉਹ ਤੱਥਾਂ ਨੂੰ ਰੱਦ ਕਰਨ ਦੀ ਬਜਾਏ ਰੋਬਰਟ ਵਾਡਰਾ ਦੇ ਦੱਬੇ ਮੁਰਦੇ ਉਖਾੜਣ ਦਾ ਸਹਾਰਾ ਲੈ ਰਹੇ ਹਨ ਅਤੇ ਖੋਜੀ ਮੀਡੀਆ ਦੀ ਜ਼ਬਾਨਬੰਦੀ ਕਰਨ ਲਈ ਮਾਨਹਾਨੀ ਮੁਕੱਦਮਿਆਂ ਦੇ ਹੋਛੇ ਹਥਿਆਰਾਂ ਉੱਪਰ ਉੱਤਰੇ ਹੋਏ ਹਨ। ਦਿਲਚਸਪ ਤੱਥ ਇਹ ਵੀ ਹੈ ਕਿ ਜੈ ਸ਼ਾਹ ਦਾ ਘੁਟਾਲਾ ਵੀ ਉਸੇ ਪੱਤਰਕਾਰ ਰੋਹਿਨੀ ਸਿੰਘ ਨੇ ਸਾਹਮਣੇ ਲਿਆਂਦਾ ਹੈ ਜਿਸਨੇ ਰੋਬਰਟ ਵਾਡਰਾ ਦਾ ਡੀ.ਐੱਲ.ਐੱਫ. ਘੁਟਾਲਾ ਨੰਗਾ ਕੀਤਾ ਸੀ। ਉਦੋਂ ਸੰਘੀ ਇਸ ਪੱਤਰਕਾਰ ਦੀ ਬਹਾਦਰੀ ਦੀਆਂ ਤਾਰੀਫ਼ਾਂ ਕਰ ਰਹੇ ਸਨ ਹੁਣ ਜਦੋਂ ਉਸੇ ਪੱਤਰਕਾਰ ਨੇ ਸੰਘੀਆਂ ਦੇ ਪੋਤੜੇ ਫਰੋਲ ਮਾਰੇ ਤਾਂ ਦੇਸ਼ਧ੍ਰੋਹ ਸਮੇਤ ਕੋਈ ਗਾਹਲ ਐਸੀ ਨਹੀਂ ਜੋ ਉਸਨੂੰ ਨਾ ਕੱਢੀ ਗਈ ਹੋਵੇ।

ਕਰੋਨੀ ਸਰਮਾਇਆਦਾਰੀ ਦਾ ਭਾਵ ਹੈ ਸਰਮਾਇਆਦਾਰੀ ਪ੍ਰਬੰਧ ਦਾ ਉਹ ਪੜਾਅ ਜਿਥੇ ਵਪਾਰ-ਵਣਜ ਵਿਚ ਕਾਮਯਾਬੀ ਕਾਰਪੋਰੇਟ ਕਾਰੋਬਾਰੀਆਂ ਅਤੇ ਸੱਤਾਧਾਰੀਆਂ ਦੇ ਯਾਰਾਨੇ ਤੋਂ ਤੈਅ ਹੁੰਦੀ ਹੈ। ਜਿਸ ਵਿਚ ਰਾਜਤੰਤਰ ਆਪਣੇ ਚਹੇਤੇ ਕਾਰੋਬਾਰੀਆਂ ਨੂੰ ਲਾਭ ਪਹੁੰਚਾਉਣ ਲਈ ਕਾਇਦੇ-ਕਾਨੂੰਨਾਂ ਦੀਆਂ ਧੱਜੀਆਂ ਉਡਾਕੇ ਉਹਨਾਂ ਦੀ ਤਰਫ਼ਦਾਰੀ ਕਰਦਾ ਹੈ। ਇਕ ਹਾਲੀਆ ਖੋਜੀ ਰਿਪੋਰਟ ਨੇ ਅਮਿਤ ਸ਼ਾਹ ਦੇ ਫ਼ਰਜ਼ੰਦ ਜੈ ਅਮਿਤ ਸ਼ਾਹ ਦੇ ਕਾਰੋਬਾਰ ਦੀ ਤਰੱਕੀ ਦਾ ਭਾਂਡਾ ਉਸ ਵਕਤ ਭੰਨਕੇ ਹਿੰਦੂਤਵੀ ਕੈਂਪ ਲਈ ਕਸੂਤੀ ਹਾਲਤ ਪੈਦਾ ਕਰ ਦਿੱਤੀ ਹੈ ਜਦੋਂ ਗੁਜਰਾਤ ਅਤੇ ਹਿਮਾਂਚਲ ਪ੍ਰਦੇਸ ਵਿਚ ਚੋਣਾਂ ਸਿਰ 'ਤੇ ਹਨ। ਜਿਵੇਂ ਸੀਨੀਅਰ ਕਾਂਗਰਸੀ ਆਗੂਆਂ ਅੰਬਿਕਾ ਸੋਨੀ ਅਤੇ ਸਲਮਾਨ ਖੁਰਸ਼ੀਦ ਵਲੋਂ ਰੋਬਰਟ ਵਾਡਰਾ ਦੀ ਸਫ਼ਾਈ ਦੇਣ ਲਈ ਉਸਦੇ ਵਕੀਲਾਂ ਦੀ ਭੂਮਿਕਾ ਨਿਭਾਈ ਗਈ ਸੀ, ਉਸੇ ਤਰਜ਼ 'ਤੇ ਭਾਜਪਾ ਦੇ ਪੰਜ ਕੈਬਨਿਟ ਮੰਤਰੀ ਜੈ ਅਮਿਤ ਸ਼ਾਹ ਦੀ ਵਕਾਲਤ ਕਰਨ ਲਈ ਤੁਰੰਤ ਅੱਗੇ ਆ ਗਏ। ਰੇਲਵੇ ਮੰਤਰੀ ਪਿਯੂਸ ਗੋਇਲ ਨੇ ਤਾਂ ਜੈ ਸ਼ਾਹ ਦੀ ਸਫ਼ਾਈ ਦੇਣ ਲਈ ਮੀਡੀਆ ਕਾਨਫਰੰਸ ਹੀ ਕਰ ਦਿੱਤੀ। ਸਵਾਲ ਇਕ ਨਿੱਜੀ ਕਾਰੋਬਾਰੀ ਦੇ ਕਾਰੋਬਾਰ ਦੇ ਅਮਲ ਉੱਪਰ ਉਠਾਏ ਗਏ ਸਨ ਪਰ ਮੰਤਰੀਆਂ ਨੇ ਉਸ ਨੂੰ ਸਾਫ਼-ਸੁਥਰਾ ਸਾਬਤ ਕਰਨ ਲਈ ਇਸ ਤਰਾਂ ਬਿਆਨਬਾਜ਼ੀ ਵਿੱਢ ਦਿੱਤੀ ਜਿਵੇਂ ਮੰਤਰੀ ਜੈ ਸ਼ਾਹ ਦੇ ਕਾਰੋਬਾਰਾਂ ਦਾ ਹਿਸਾਬ ਰੱਖਣ ਵਾਲੇ ਚਾਰਟਰਡ ਅਕਾਊਂਟੈਂਟ ਹੋਣ। ਇਹ ਸਟੋਰੀ ਨਸ਼ਰ ਹੋਣ ਤੋਂ ਦੋ ਦਿਨ ਪਹਿਲਾਂ ਹੀ ਮੋਦੀ ਵਜ਼ਾਰਤ ਵਲੋਂ ਐਡੀਸ਼ਨਲ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੂੰ ਜੈ ਸ਼ਾਹ ਵਲੋਂ ਦਾਇਰ ਕੀਤੇ ਜਾਣ ਵਾਲੇ ਮਾਨਹਾਨੀ ਮੁਕੱਦਮੇ ਲਈ ਅਦਾਲਤ ਵਿਚ ਉਸਦੀ ਨੁਮਾਇੰਦਗੀ ਕਰਨ ਦੀ ਇਜਾਜ਼ਤ ਦੇ ਦਿੱਤੀ ਗਈ ਸੀ। ਹਿੰਦੂਤਵੀ ਕੈਂਪ ਵਿਚ ਮੱਚੀ ਖਲਬਲੀ ਖ਼ੁਦ ਹੀ ਇਸਦਾ ਸਬੂਤ ਹੈ ਕਿ ਇਸ ਮਾਮਲੇ ਦੇ ਤੱਥ ਕਿੰਨੇ ਪੁਖਤਾ ਹਨ ਅਤੇ ਇਹ ਖ਼ੁਲਾਸਾ ਸੰਘੀਆਂ ਲਈ ਕਿੰਨੀ ਪ੍ਰੇਸ਼ਾਨੀ ਦਾ ਕਾਰਨ ਬਣ ਗਿਆ ਹੈ। ਇਹ ਤੱਥ ਸਾਹਮਣੇ ਲਿਆਉਣ ਵਾਲੇ ਔਨਲਾਈਨ ਨਿਊਜ਼ ਪੋਰਟਲ 'ਦ ਵਾਇਰ' ਨੂੰ ਯਰਕਾਉਣ ਲਈ ਉਸਦੇ ਖ਼ਿਲਾਫ਼ 100 ਕਰੋੜ ਰੁਪਏ ਦੀ ਮਾਨਹਾਨੀ ਦਾ ਮੁਕੱਦਮਾ ਠੋਕ ਦਿੱਤਾ ਗਿਆ ਹੈ। ਪਰ ਬਲਾਗ ਦੇ ਸੰਚਾਲਕ ਸੀਨੀਅਰ ਪੱਤਰਕਾਰਾਂ ਸਿਧਾਰਥ ਵਰਧਰਾਜਨ ਅਤੇ ਐੱਮ.ਕੇ.ਵੀਨੂ ਨੇ ਸਪਸ਼ਟ ਕਹਿ ਦਿੱਤਾ ਹੈ ਕਿ ਉਹ ਇਹਨਾਂ ਧਮਕੀਆਂ ਅੱਗੇ ਨਹੀਂ ਝੁਕਣਗੇ ਅਤੇ ਆਵਾਮੀ ਹਮਾਇਤ ਨਾਲ ਇਸ ਸੰਘੀ ਧੌਂਸਬਾਜ਼ੀ ਦਾ ਡੱਟਕੇ ਮੁਕਾਬਲਾ ਕਰਨਗੇ।

'ਦ ਵਾਇਰ' ਨੇ ਡੂੰਘੀ ਖੋਜ ਕਰਕੇ ਜੋ ਤੱਥ ਨਸ਼ਰ ਕੀਤੇ ਉਹਨਾਂ ਮੁਤਾਬਿਕ ਜੈ ਸ਼ਾਹ ਦੀ ਮਾਲਕੀ ਵਾਲੀ ਕੰਪਨੀ ਟੈਂਪਲ ਐਂਟਰਪ੍ਰਾਈਜ਼ ਪ੍ਰਾਈ. ਲਿਮ. ਦੀ 2014-15 ਵਿਚ ਆਮਦਨੀ ਸਿਰਫ਼ 50 ਹਜ਼ਾਰ ਰੁਪਏ ਸੀ ਜੋ 2015-16 ਵਿਚ ਛੜੱਪੇ ਮਾਰਕੇ 80.5 ਕਰੋੜ ਹੋ ਗਈ ਭਾਵ ਉਸਦੀ ਕਮਾਈ ਵਿਚ 16000 ਗੁਣਾਂ ਇਜ਼ਾਫ਼ਾ ਹੋ ਗਿਆ। ਕੰਪਨੀ ਵਲੋਂ ਇਕ ਫਾਇਨਾਂਸ਼ੀਅਲ ਸਰਵਿਸਿਜ਼ ਫਰਮ ਤੋਂ 16.78 ਕਰੋੜ ਰੁਪਏ ਦਾ ਅਸੁਰੱਖਿਅਤ ਕਰਜਾ ਲਿਆ ਗਿਆ ਜਿਸਦਾ ਮਾਲਕ ਰਾਜੇਸ਼ ਖੰਡਵਾਲਾ ਭਾਜਪਾ ਦੇ ਰਾਜਸਭਾ ਐੱਮ.ਪੀ. (ਅਤੇ ਰਿਲਾਇੰਸ ਇੰਡਸਟਰੀਜ਼ ਦੇ ਚੋਟੀ ਦੇ ਅਧਿਕਾਰੀ) ਪਰਿਮਲ ਨਾਥਵਾਨੀ ਦਾ ਸਕਾ-ਸਬੰਧੀ ਹੈ। ਅਕਤੂਬਰ 2016 ਵਿਚ ਸ਼ਾਹ ਦੀ ਕੰਪਨੀ ਨੇ ਅਚਾਨਕ ਆਪਣਾ ਕਾਰੋਬਾਰ ਠੱਪ ਕਰ ਦਿੱਤਾ।

ਜੁਲਾਈ 2015 ਵਿਚ ਅਮਿਤ ਸ਼ਾਹ ਵਲੋਂ ਇਕ ਹੋਰ ਕੰਪਨੀ ਕੁਸੁਮ ਫਾਇਨਸਰਵ ਪ੍ਰਾਈ. ਲਿਮ ਸਟਾਕ ਅਤੇ ਸ਼ੇਅਰਾਂ ਅਤੇ ਦਰਾਮਦਾਂ-ਬਰਾਮਦਾਂ ਦਾ ਕਾਰੋਬਾਰ ਕਰਨ ਲਈ ਬਣਾਈ ਗਈ ਸੀ। ਇਹ ਕੰਪਨੀ ਵੀ ਆਪਣੇ ਖੇਤਰ ਵਿਚ ਕਾਰੋਬਾਰ ਕਰਨ ਦੀ ਬਜਾਏ ਪੌਣ ਊਰਜਾ ਖੇਤਰ ਵਿਚ ਚਲੀ ਗਈ। ਇਸਨੇ 7 ਕਰੋੜ ਰੁਪਏ ਦੀਆਂ ਜਾਇਦਾਦਾਂ ਦੀ ਜ਼ਾਮਨੀ ਦੇਕੇ ਇਕ ਕੋਆਪਰੇਟਿਵ ਬੈਂਕ ਤੋਂ 25 ਕਰੋੜ ਰੁਪਏ ਦਾ ਕਰਜਾ ਲਿਆ। ਇਨਾਂ ਜਾਇਦਾਦਾਂ ਵਿਚ ਅਮਿਤ ਸ਼ਾਹ ਦੀ 5 ਕਰੋੜ ਰੁਪਏ ਦੀ ਜਾਇਦਾਦ ਸ਼ਾਮਲ ਸੀ। ਕੰਪਨੀ ਨੇ ਜਨਤਕ ਖੇਤਰ ਦੀ ਇਕ ਕੰਪਨੀ ਇੰਡੀਅਨ ਰੀਨਿਊਏਬਲ ਐਨਰਜੀ ਡਿਵੈਲਪਮੈਂਟ ਏਜੰਸੀ ਤੋਂ 10.35 ਕਰੋੜ ਰੁਪਏ ਦਾ ਕਰਜਾ ਲਿਆ ਜੋ 2.1 ਮੈਗਾਵਾਟ ਦਾ ਪੌਣਚੱਕੀ ਪਲਾਂਟ ਲਗਾਉਣ ਲਈ ਸੀ। ਕਿਉਂਕਿ ਇਸ ਵਿਚ ਅਸੁਰੱਖਿਅਤ ਕਰਜੇ ਲੈਣ, ਕਾਰੋਬਾਰ ਦੀ ਆਮਦਨੀ ਵਿਚ ਇਕਦਮ ਨਾਟਕੀ ਇਜ਼ਾਫ਼ਾ ਹੋਣ, ਖੇਤੀ ਵਸਤਾਂ ਦਾ ਕਾਰੋਬਾਰ ਕਰਨ ਲਈ ਬਣਾਈ ਕੰਪਨੀ ਨੂੰ ਇਕਦਮ ਬੰਦ ਕਰਕੇ ਉੱਕਾ ਹੀ ਨਵੇਂ ਖੇਤਰ ਵਿਚ ਨਵਾਂ ਕਾਰੋਬਾਰ ਸ਼ੁਰੂ ਕਰਨ ਅਤੇ ਇਕ ਜਨਤਕ ਖੇਤਰ ਦੇ ਕਾਰੋਬਾਰ ਤੋਂ ਕਰਜਾ ਹਾਸਲ ਕਰਨ ਦੀਆਂ ਕਾਰਵਾਈਆਂ ਸ਼ਾਮਲ ਹਨ ਲਿਹਾਜ਼ਾ ਜੈ ਸ਼ਾਹ ਦੇ ਇਸ ਕਾਰੋਬਾਰੀ ਧਾਂਦਲੀ ਨੂੰ ਲੈਕੇ ਸਵਾਲ ਉੱਠਣੇ ਸੁਭਾਵਿਕ ਸਨ। (ਰੋਬਰਟ ਵਾਡਰਾ ਉੱਪਰ ਵੀ ਸਰਕਾਰ ਵਿਚ ਆਪਣਾ ਰਸੂਖ਼ ਇਸਤੇਮਾਲ ਕਰਕੇ ਕਾਰੋਬਾਰ ਕਰਨ ਅਤੇ ਅਸੁਰੱਖਿਅਤ ਕਰਜਿਆਂ ਨਾਲ ਮੋਟੀ ਕਮਾਈ ਕਰਨ ਦੇ ਇਲਜ਼ਾਮ ਸਨ।) ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ ਜਦੋਂ ਡੂੰਘੇ ਖੇਤੀ ਸੰਕਟ ਕਾਰਨ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ ਤਾਂ ਭਾਜਪਾ ਪ੍ਰਧਾਨ ਦੇ ਫ਼ਰਜ਼ੰਦ ਦੇ ਖੇਤੀ ਵਸਤਾਂ ਦੀ ਦਰਾਮਦ ਦੇ ਕਾਰੋਬਾਰ ਨੇ ਇਕ ਸਾਲ ਵਿਚ 16000 ਗੁਣਾ ਕਮਾਈ ਕਿਵੇਂ ਕਰ ਲਈ।

'ਦ ਵਾਇਰ' ਵਲੋਂ ਆਪਣੀ ਸਟੋਰੀ ਵਿਚ ਕੋਈ ਇਲਜ਼ਾਮ ਨਹੀਂ ਲਗਾਏ ਗਏ ਸਿਰਫ਼ ਤੱਥ ਪੇਸ਼ ਕੀਤੇ ਗਏ। ਜੈ ਸ਼ਾਹ ਸਮੇਤ ਇਸ ਸਿਲਸਿਲੇ ਨਾਲ ਜੁੜੀਆਂ ਸਾਰੀਆਂ ਫਰਮਾਂ ਦਾ ਪੱਖ ਜਾਣਕੇ ਉਹਨਾਂ ਦੇ ਜਵਾਬ ਦੇ ਹਾਸਲ ਵੇਰਵੇ ਮੁਕੰਮਲ ਰੂਪ ਵਿਚ ਪੋਰਟਲ ਉੱਪਰ ਮੁਹੱਈਆ ਕਰਵਾਏ ਗਏ। ਜੈ ਸ਼ਾਹ ਦੇ ਵਕੀਲ ਵਲੋਂ ਪੱਤਰਕਾਰ ਦੇ ਸਵਾਲਾਂ ਦੇ ਜਵਾਬ ਦਿੰਦੇ ਵਕਤ ਕਰਜਿਆਂ ਅਤੇ ਆਮਦਨੀ ਦੇ ਅੰਕੜਿਆਂ ਨੂੰ ਰੱਦ ਨਹੀਂ ਕੀਤਾ ਗਿਆ। ਜੈ ਸ਼ਾਹ ਅਤੇ ਉਸਦੇ ਕਾਨੂੰਨੀ ਸਲਾਹਕਾਰ ਤੱਥਾਂ ਨੂੰ ਸਪਸ਼ਟ ਕਰਕੇ ਨਿਊਜ਼ ਪੋਰਟਲ ਦੀ ਸਟੋਰੀ ਨੂੰ ਗ਼ਲਤ ਸਾਬਤ ਕਰ ਸਕਦੇ ਸਨ। ਸਿਆਸੀ ਸ਼ਰੀਕਾਂ ਦੇ ਕਾਲੇ ਧੰਨ, ਆਮਦਨ ਕਰ ਅਤੇ ਹੋਰ ਘੁਟਾਲਿਆਂ ਦੇ ਮਾਮਲਿਆਂ ਦੀ ਜਾਂਚ ਸੀ.ਬੀ.ਆਈ., ਐਨਫੋਰਸਮੈਂਟ ਡਾਇਰੈਕਟੋਰੇਟ ਅਤੇ ਇਨਕਮ ਟੈਕਸ ਵਿਭਾਗ ਤੋਂ ਕਰਵਾਉਣ ਵਾਲੀ ਮੋਦੀ ਸਰਕਾਰ "ਕੁਝ ਵੀ ਗ਼ਲਤ ਨਹੀਂ ਹੋਇਆ" ਦੀ ਬਿਆਨਬਾਜ਼ੀ ਕਰਕੇ ਜੈ ਸ਼ਾਹ ਦੇ ਮਾਮਲੇ ਦੀ ਜਾਂਚ ਇਹਨਾਂ ਏਜੰਸੀਆਂ ਤੋਂ ਕਰਾਉਣ ਤੋਂ ਭੱਜ ਰਹੀ ਹੈ ਅਤੇ ਇਸ ਪਿੱਛੇ ਸਿਆਸੀ ਸਾਜ਼ਿਸ਼ ਦਾ ਹੱਥ ਕਹਿਕੇ ਪੱਲਾ ਛੁਡਾ ਰਹੀ ਹੈ। ਕਿਉਂਕਿ ਜੈ ਸ਼ਾਹ ਦੇ ਕਾਰੋਬਾਰ ਦੀ ਪੂਰੀ ਦਾਲ ਹੀ ਕਾਲੀ ਹੈ ਉਹਨਾਂ ਨੇ ਤੱਥਾਂ ਨੂੰ ਰੱਦ ਕਰਨ ਦੀ ਬਜਾਏ ਸੱਤਾ ਦੀ ਤਾਕਤ 'ਦ ਵਾਇਰ' ਦੇ ਖ਼ਿਲਾਫ਼ ਝੋਕ ਦਿੱਤੀ ਹੈ। ਸਟੋਰੀ ਆਨਲਾਈਨ ਕੀਤੇ ਜਾਣ ਤੋਂ ਪਹਿਲਾਂ ਤੱਥਾਂ ਦੀ ਜਾਣਕਾਰੀ ਲੈਣ ਵੇਲੇ ਹੀ ਜੈ ਸ਼ਾਹ ਦੇ ਵਕੀਲ ਵਲੋਂ ਪੱਤਰਕਾਰ ਅਤੇ ਪੋਰਟਲ ਦੇ ਸੰਚਾਲਕਾਂ ਨੂੰ ਮਾਨਹਾਨੀ ਦਾ ਮੁਕੱਦਮਾ ਕਰਨ ਦੀ ਧਮਕੀ ਦੇਕੇ ਉਹਨਾਂ ਦੀ ਜ਼ਬਾਨਬੰਦੀ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਗਈ। ਸਟੋਰੀ ਜਨਤਕ ਕੀਤੇ ਜਾਣ 'ਤੇ 'ਦ ਵਾਇਰ' ਵਿਚ ਕੰਮ ਕਰ ਰਹੇ ਸੱਤ ਪੱਤਰਕਾਰਾਂ ਨੂੰ ਮਾਨਹਾਨੀ ਦਾ ਨੋਟਿਸ ਜਾਰੀ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਸੰਘ ਦੇ ਚਹੇਤੇ ਕਾਰਪੋਰੇਟ ਅਡਾਨੀ ਵਲੋਂ ਇਕਨਾਮਿਕ ਐਂਡ ਪੁਲੀਟੀਕਲ ਵੀਕਲੀ ਦੇ ਤੱਤਕਾਲੀ ਸੰਪਾਦਕ ਪ੍ਰਾਂਜੋਏ ਗੁਹਾ ਠਾਕੁਰਤਾ ਦੀ ਖੋਜੀ ਰਿਪੋਰਟ ਨੂੰ ਰਸਾਲੇ ਦੇ ਬਲਾਗ ਤੋਂ ਹਟਾਉਣ ਲਈ ਮਾਨਹਾਨੀ ਦੀ ਧਮਕੀ ਦੇਕੇ ਰਸਾਲੇ ਦੇ ਪ੍ਰਕਾਸ਼ਕ ਸਮੀਕਸ਼ਾ ਟਰਸਟ ਦੀ ਬਾਂਹ ਮਰੋੜੀ ਜਾ ਚੁੱਕੀ ਹੈ।

ਸੰਘੀਆਂ ਦੀ ਇਸ ਬੌਖਲਾਹਟ ਦੀ ਇਕ ਠੋਸ ਵਜਾ ਹੈ। ਸੰਘ ਸਰਕਾਰ ਨੇ ਸਾਢੇ ਤਿੰਨ ਸਾਲਾਂ ਵਿਚ ਬੇਮਿਸਾਲ ਘੁਟਾਲਿਆਂ ਨੂੰ ਅੰਜਾਮ ਦੇਕੇ ਮੁਲਕ ਦੇ ਵਸੀਲਿਆਂ ਦੀ ਬੇਸ਼ੁਮਾਰ ਲੁੱਟਮਾਰ ਕੀਤੀ ਹੈ ਅਤੇ ਆਪਣੇ ਚਹੇਤੇ ਕਾਰਪੋਰੇਟ ਸਰਮਾਇਆਦਾਰਾਂ ਨੂੰ ਮਨਮਾਨੀਆਂ ਕਰਨ ਤੇ ਸੁਪਰ ਮੁਨਾਫ਼ੇ ਬਟੋਰਨ ਦੀ ਖੁੱਲ ਦਿੱਤੀ ਹੋਈ ਹੈ। ਕਦੇ ਤਾਂ ਇਹਨਾਂ ਘੁਟਾਲਿਆਂ ਨੇ ਸਾਹਮਣੇ ਆਉਣਾ ਹੀ ਹੈ ਸੰਘੀ ਟੋਲਾ ਖ਼ੁਲਾਸਿਆਂ ਦੇ ਰੁਝਾਨ ਨੂੰ ਰੋਕਣਾ ਚਾਹੁੰਦਾ ਹੈ। ਨੋਟਬੰਦੀ ਅਤੇ ਜੀ.ਐੱਸ.ਟੀ. ਬੇਮਿਸਾਲ ਘੁਟਾਲੇ ਹਨ ਜਿਨਾਂ ਦੇ ਤਬਾਹਕੁੰਨ ਅਸਰ ਇਕ-ਇਕ ਕਰਕੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਭਾਜਪਾ ਦੇ ਸਾਬਕਾ ਕੇਂਦਰੀ ਵਿੱਤ ਮੰਤਰੀ ਯਸ਼ਵੰਤ ਸਿਨਹਾ ਅਤੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਸੁਰੇਸ਼ ਮਹਿਤਾ ਨੇ ਮੋਦੀ ਮਾਡਲ ਦੇ ਵਿਕਾਸ ਦੇ ਦਾਅਵਿਆਂ ਦੀ ਫੂਕ ਕੱਢ ਦਿੱਤੀ ਹੈ। ਜਿਹਨਾਂ ਸੂਬਿਆਂ ਵਿਚ ਭਾਜਪਾ ਦੀਆਂ ਸਰਕਾਰਾਂ ਹਨ ਉੱਥੇ ਪਹਿਲਾਂ ਹੀ ਘੁਟਾਲਿਆਂ ਅਤੇ ਮਹਾਂ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਮੱਧ ਪ੍ਰਦੇਸ ਵਿਚ ਬੇਥਾਹ ਭ੍ਰਿਸ਼ਟਾਚਾਰ ਦਾ ਪ੍ਰਤੀਕ ਵਿਆਪਮ ਘੁਟਾਲਾ ਨੰਗਾ ਹੋ ਚੁੱਕਾ ਹੈ ਜਿਸ ਵਿਚ ਭਾਜਪਾ ਅਤੇ ਆਰ.ਐੱਸ.ਐੱਸ. ਦੇ ਬਹੁਤ ਸਾਰੇ ਆਗੂ ਫਸ ਚੁੱਕੇ ਹਨ ਅਤੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਵੱਲ ਵੀ ਉਂਗਲ ਉੱਠ ਰਹੀ ਹੈ। ਰਾਜਸਥਾਨ ਵਿਚ ਖਾਣਾਂ ਪਟੇ 'ਤੇ ਦੇਣ ਦੇ 653 ਮਾਮਲਿਆਂ ਵਿਚ ਬੇਨਿਯਮੀਆਂ ਸਾਹਮਣੇ ਆ ਚੁੱਕੀਆਂ ਹਨ ਜਿਹਨਾਂ ਨਾਲ ਸਰਕਾਰੀ ਖ਼ਜ਼ਾਨੇ ਨੂੰ 45000 ਕਰੋੜ ਰੁਪਏ ਦਾ ਚੂਨਾ ਲਗਾਇਆ ਗਿਆ। 2016 ਵਿਚ ਗੁਜਰਾਤ ਦੀ ਤੱਤਕਾਲੀ ਮੁੱਖ ਮੰਤਰੀ ਆਨੰਦੀਬੇਨ ਦੀ ਧੀ ਅਨਾਰ ਪਟੇਲ ਦਾ ਮਾਮਲਾ ਸਾਹਮਣੇ ਆ ਚੁੱਕਾ ਹੈ ਜਿਸਦੇ ਕਾਰੋਬਾਰੀ ਹਿੱਸੇਦਾਰਾਂ ਦੀ ਕੰਪਨੀ ਵਾਈਲਡਵੁੱਡਜ਼ ਨੂੰ 422 ਏਕੜ ਜ਼ਮੀਨ ਖ਼ਰੀਦਣ ਵਕਤ ਸਟੈਂਪ ਡਿਊਟੀ ਵਿਚ 91.6% ਛੋਟ ਦਿੱਤੀ ਗਈ ਸੀ। ਮਹਾਰਾਸ਼ਟਰ ਵਿਚ ਭਾਜਪਾ ਦੇ ਮੰਤਰੀ (ਸਰਕਾਰ ਵਿਚ ਨੰਬਰ ਦੋ) ਏਕਨਾਥ ਖਾਡਸੇ ਨੂੰ ਪੁਣੇ ਦੇ ਜ਼ਮੀਨ ਘੁਟਾਲੇ ਵਿਚ ਅਸਤੀਫ਼ਾ ਦੇਣਾ ਪਿਆ। ਇਕ ਹੋਰ ਮੰਤਰੀ ਪੰਕਜਾ ਮੁੰਡੇ ਉੱਪਰ ਠੇਕਿਆਂ ਦੇ ਮਾਮਲਿਆਂ ਵਿਚ 206 ਕਰੋੜ ਰੁਪਏ ਦੀਆਂ ਬੇਨਿਯਮੀਆਂ ਦੇ ਇਲਜ਼ਾਮ ਹਨ। ਅਸਾਮ ਦੇ ਤੇਜ਼ਪੁਰ ਲੋਕਸਭਾ ਹਲਕੇ ਤੋਂ ਭਾਜਪਾ ਦੇ ਐੱਮ ਪੀ ਆਰ.ਪੀ.ਸ਼ਰਮਾ ਨੇ ਸਟਿੰਗ ਓਪਰੇਸ਼ਨ ਵਿਚ ਖ਼ੁਲਾਸਾ ਕੀਤਾ ਹੈ ਕਿ ਅਸਾਮ ਦੇ ਤਕਰੀਬਨ ਸਾਰੇ ਮੰਤਰੀ ਠੇਕੇ ਦਿੱਤੇ ਜਾਣ ਦੇ ਵਕਤ 10ਫ਼ੀਸਦੀ ਕਮਿਸ਼ਨ ਵਸੂਲਦੇ ਹਨ। ਇਹਨਾਂ ਹਾਲਾਤ ਵਿਚ ਆਪਣੇ ਭ੍ਰਿਸ਼ਟਾਚਾਰ ਨਾਲ ਰੰਗੇ ਹੱਥਾਂ ਉੱਪਰ ਪਰਦਾ ਬਣਾਈ ਰੱਖਣ ਲਈ ਖੋਜੀ ਮੀਡੀਆ ਦੀ ਸੰਘੀ ਘੁੱਟਣਾ ਸੰਘੀਆਂ ਦੀ ਅਣਸਰਦੀ ਜ਼ਰੂਰਤ ਹੈ।

ਪਰ ਕਰੋਨੀ ਸਰਮਾਇਆਦਾਰੀ ਦੀ ਸੜਿਆਂਦ ਐਨੀ ਬੇਕਾਬੂ ਹੈ ਕਿ ਸਾਰੇ ਪਰਦੇ ਪਾੜਕੇ ਬਾਹਰ ਆ ਰਹੀ ਹੈ ਅਤੇ ਸੰਘ ਦੀ ਸਰਕਾਰ ਮੂੰਹ ਜ਼ੋਰ ਹਕੀਕਤ ਉੱਪਰ ਪਰਦਾਪੋਸ਼ੀ ਕਰਨ ਤੋਂ ਦਿਨੋਦਿਨ ਅਸਮਰੱਥ ਹੁੰਦੀ ਜਾ ਰਹੀ ਹੈ।

ਪਰਦੇ ਦੀਆਂ ਪਰਤਾਂ-5


# ਜਾਤ ਦੀ ਨਿਰਕੁੰਸ਼ਤਾ ਬਨਾਮ ਭਾਰਤੀ ਸਿਨੇਮਾ 'ਚ ਇਸ ਦੀ ਪੇਸ਼ਕਾਰੀ




ਕੁਲਦੀਪ ਕੌਰ
98554-04330

ਭਾਰਤੀ ਸਮਾਜ ਦੀ ਇੱਕ ਭਿਅੰਕਰ ਤਰਾਸਦੀ ਸਦੀਆਂ ਤੋਂ ਬਾਦਸਤੂਰ ਜਾਰੀ ਜਾਤੀ-ਪ੍ਰਬੰਧ ਹੈ ਜਿਸ ਨੇ ਭਾਰਤੀ ਸਮਾਜ ਦੇ ਇੱਕ ਵੱਡੇ ਤਬਕੇ ਦੇ ਮਨੁੱਖੀ ਅਧਿਕਾਰਾਂ ਨੂੰ ਪੈਰਾਂ ਥੱਲੇ ਦਰੜ ਰੱਖਿਆ ਹੈ। ਇਸ ਬਹੁਪਰਤੀ ਸਮੱਸਿਆ ਦੀ ਜੜ੍ਹਾਂ ਜਿੱਥੇ ਇੱਕ ਪਾਸੇ ਧਾਰਮਿਕ ਅਕੀਦਿਆਂ ਦੀ ਇੱਕ-ਪਾਸੜ ਵਿਆਖਿਆ, ਗੈਰ-ਮਨੁੱਖੀ ਆਰਥਿਕ ਪ੍ਰਬੰਧ ਦੀ ਲਗਾਤਾਰਤਾ ਅਤੇ ਸਮਾਜਿਕ-ਸਿਆਸੀ ਲਾਣਿਆਂ ਦੀ ਚੌਧਰ ਦੀ ਹਵਸ ਨਾਲ ਜੁੜੀ ਹੋਈ ਹੈ, ਉੱਥੇ ਇਸ ਦੀ ਨਿਸ਼ਾਨਦੇਹੀ ਕਰਣ ਵਿੱਚ ਅਸਫਲਤਾ ਅਤੇ ਇਸ ਨੂੰ ਮੁਲੋਂ ਖਤਮ ਕਰਨ ਦੀ ਨੀਤ ਦੀ ਘਾਟ ਨੇ ਭਾਰਤੀ ਸੱਭਿਅਤਾ ਦੇ ਵਿਕਾਸ ਤੇ ਵੱਡਾ ਪ੍ਰਸ਼ਨ-ਚਿੰਨ੍ਹ ਲਗਾ ਦਿੱਤਾ ਹੈ। ਜਾਤ ਨਾਲ ਜੁੜੇ ਮੁੱਦਿਆਂ ਦੀ ਭਾਰਤੀ ਜਨ-ਸੰਚਾਰ ਮਾਧਿਅਮਾਂ ਵਿੱਚ ਕਿਸ ਤਰ੍ਹਾਂ ਦੀ ਪੇਸ਼ਕਾਰੀ ਹੋਈ ਹੈ ? ਇਸ ਸਵਾਲ ਵਿੱਚੋਂ ਸਿਨੇਮਾ ਨੂੰ ਵੀ ਦਰਕਿਨਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਸਿਨੇਮਾ ਦ੍ਰਿਸ਼-ਆਧਾਰਿਤ ਮਾਧਿਅਮ ਹੋਣ ਕਾਰਣ ਇਸ ਦੀ ਦਰਸ਼ਕਾਂ ਦੇ ਦਿਲੋਂ-ਦਿਮਾਗ ਨੂੰ ਭੇਦਣ ਦੀ ਸਮਰੱਥਾ ਬਾਕੀਆਂ ਦੇ ਮੁਕਾਬਲੇ ਕਿਤੇ ਜ਼ਿਆਦਾ ਹੈ।

ਭਾਰਤੀ ਸਿਨੇਮਾ ਵਿੱਚ ਫਿਲਮ 'ਅਛੂਤ ਕੰਨਿਆ' ਦਾ ਖਾਸ ਸਥਾਨ ਗਿਣਿਆ ਜਾਂਦਾ ਹੈ। ਇਹ ਫਿਲਮ 1936 ਵਿੱਚ ਰਿਲੀਜ਼ ਹੋਈ। ਇਸ ਫਿਲਮ ਉਸ ਸਮੇਂ ਚੱਲ ਰਹੀਆਂ ਸਮਾਜ-ਸੁਧਾਰਕ ਲਹਿਰਾਂ ਦੀ ਸੋਚ ਵਿੱਚੋਂ ਨਿਕਲੀ ਸੀ। ਫਿਲਮ ਵਿੱਚ ਅਛੂਤਾਂ ਦੇ 'ਉਥਾਨ' ਲਈ ਉਹਨਾਂ ਨਾਲ ਵਿਆਹ ਦੀ ਰਸਮ ਜੋੜਣ ਤੇ ਜ਼ੋਰ ਦਿੱਤਾ ਗਿਆ ਸੀ। ਫਿਲਮ ਇੱਕ ਬ੍ਰਾਹਮਣ ਮੁੰਡੇ ਦੁਆਰਾ ਅਛੂਤ ਕੁੜੀ ਨਾਲ ਵਿਆਹ ਕਰਵਾਉਣ ਦੀਆਂ ਕੋਸ਼ਿਸ਼ਾਂ ਤੇ ਆਧਾਰਿਤ ਸੀ। ਉਸ ਸਮੇਂ ਦੇ ਹਿਸਾਬ ਨਾਲ ਇਹ ਫਿਲਮ ਜਿੱਥੇ ਆਧੁਨਿਕਤਾ ਦੇ ਜਾਤ-ਵਿਰੋਧੀ ਤਰਕ ਨੂੰ ਪਰਦਾਪੇਸ਼ ਕਰਦੀ ਸੀ ਉੱਥੇ ਇਹ ਜਾਤ ਨਾਲ ਜੁੜੀ ਰੂੜੀਵਾਦਤਾ ਅਤੇ ਗੈਰ-ਮਾਨਵੀ ਵਰਤਾਰਿਆਂ ਦੀ ਜ਼ੱਦ ਵਿੱਚ ਆਏ ਕਸਤੂਰੀ ਵਰਗਿਆਂ ਕਿਰਦਾਰਾਂ ਲਈ ਸਮਾਜਿਕ ਨਿਆਂ ਦਾ ਦਮ ਵੀ ਭਰਦੀ ਨਜ਼ਰ ਆਉਂਦੀ ਹੈ। ਇਸ ਫਿਲਮ ਦਾ ਤਿੱਖਾ ਵਿਰੋਧ ਹੋਇਆ ਤੇ ਕੱਟੜ ਹਿੰਦੂ ਫਿਰਕਿਆਂ ਨੇ ਇਸ ਨੂੰ ਹਿੰਦੂ ਧਰਮ ਵਿੱਚ ਸਿੱਧਾ ਦਖਲ ਕਰਾਰ ਦਿੱਤਾ। ਇਸ ਦੇ ਬਾਵਜੂਦ ਫਿਲਮ ਅੰਤਰ-ਰਾਸ਼ਟਰੀ ਹਲਕਿਆਂ ਵਿੱਚ ਜਾਤ ਦੀ ਕਰੂਰਤਾ ਬਾਰੇ ਸੰਵਾਦ ਛੇੜਣ ਵਿੱਚ ਕਾਮਯਾਬ ਹੋਈ। ਇਸ ਫਿਲਮ ਵਿੱਚ ਮੁੱਖ ਭੂਮਿਕਾ ਦੇਵਿਕਾ ਰਾਣੀ ਅਤੇ ਅਸ਼ੋਕ ਕੁਮਾਰ ਨੇ ਅਦਾ ਕੀਤੀਆਂ ਸਨ ਅਤੇ ਫਿਲਮ ਦੇ ਨਿਰਦੇਸ਼ਕ ਦੇਵਿਕਾ ਰਾਣੀ ਦੇ ਪਤੀ ਫਰੈਂਜ਼ ਆਸਟਿਨ ਸਨ। ਫਿਲਮ ਦਾ ਕੇਂਦਰੀ ਨੁਕਤਾ, 'ਤੁਮ ਬ੍ਰਾਹਮਣ ਹੋ,ਮੈਂ ਅਛੂਤ ਹੂੰ' ਦੇ ਕਥਾਰਸਿਸ ਦੇ ਦੁਆਲੇ ਘੁੰਮਦਾ ਹੈ। ਇੱਥੇ ਇਹ ਤੱਥ ਮਹਤੱਵਪੂਰਣ ਹੈ ਕਿ ਇਸ ਫਿਲਮ ਜਾਤ ਦੇ ਮੁੱਦੇ ਤੇ ਇਸ ਦੀ ਸੰਸਥਾਗਤ ਹੋਂਦ ਨੂੰ ਨਹੀਂ ਛੇੜਦੀ ਸਗੋਂ ਇੱਕ ਨਿੱਜੀ ਦੁਖਾਂਤ ਦੀ ਪੇਸ਼ਕਾਰੀ ਤੱਕ ਸੀਮਿਤ ਰਹਿ ਜਾਂਦੀ ਹੈ।





ਅਜਿਹੀ ਹੀ ਪਟਕਥਾ ਤੇ ਆਧਾਰਿਤ ਦੂਜੀ ਮਹਤੱਵਪੂਰਣ ਫਿਲਮ ਸੀ, 'ਸੁਜਾਤਾ'




ਜੋ ਸੰਨ 1959 ਵਿੱਚ ਰਿਲੀਜ਼ ਹੋਈ। ਇਸ ਫਿਲਮ ਦਾ ਤਾਣਾ-ਬਾਣਾ ਇੱਕ ਅਨਾਥ ਲੜਕੀ ਸੁਜਾਤਾ (ਨੂਤਨ) ਦੀ ਜ਼ਿੰਦਗੀ ਦੇ ਆਲੇ-ਦੁਆਲੇ ਬੁਣਿਆ ਗਿਆ ਹੈ ਜਿਸ ਦਾ ਪਾਲਣ-ਪੋਸ਼ਣ ਇੱਕ ਬ੍ਰਾਹਮਣ ਪਰਿਵਾਰ ਕਰਦਾ ਹੈ। ਉਹ ਬ੍ਰਾਹਮਣ ਰਸਮਾਂ-ਰਿਵਾਜ਼ਾਂ ਅਤੇ ਵਿਸ਼ਵਾਸਾਂ ਦੀ ਪਾਲਣਾ ਇੱਕ ਪੱਕੇ ਬ੍ਰਾਹਮਣ ਦੀ ਤਰ੍ਹਾਂ ਕਰਦੀ ਹੈ। ਇਸ ਦੇ ਬਾਵਜੂਦ ਉਹ ਉਸ ਜ਼ਲਾਲਤ ਅਤੇ ਦਰਦ ਤੋਂ ਬਚ ਨਹੀਂ ਸਕਦੀ ਜੋ ਜਾਤ ਦੇ ਨਾਮ ਤੇ ਮਨੁੱਖ ਨਾਲ ਵਾਪਰਦਾ ਹੈ।ਬ੍ਰਾਹਮਣ ਪਰਿਵਾਰ ਦੀ ਬੇਟੀ ਰਮਾ ਜੋ ਉਸ ਦੀ ਹਾਣੀ ਹੈ, ਉਸ ਨੂੰ ਵਿਆਹ ਲਈ ਦੇਖਣ ਆਇਆ ਮੁੰਡਾ ਅਧੀਰ (ਇੱਕ ਬ੍ਰਾਹਮਣ) ਜਦੋਂ ਸੁਜਾਤਾ ਨੂੰ ਪਸੰਦ ਕਰ ਲੈਂਦਾ ਹੈ ਤਾਂ ਬ੍ਰਾਹਮਣ ਪਰਿਵਾਰ ਦਾ ਜਾਤੀ ਤਅੱਸਬ ਆਪਣੇ ਡਰਾਵਣੇ ਰੂਪ ਵਿੱਚ ਬਾਹਰ ਆਉਂਦਾ ਹੈ। ਉਸ ਦੀ ਹੋਂਦ ਉਸਦੀ ਜਾਤ ਤੱਕ ਮਹਿਦੂਦ ਕਰ ਦਿੱਤੀ ਜਾਂਦੀ ਹੈ।ਫਿਲਮ ਦਾ ਇਹ ਤੱਥ ਕਈ ਮਹਤੱਵਪੂਰਣ ਸਵਾਲ ਖੜ੍ਹੇ ਕਰਦਾ ਹੈ। ਇਸ ਅਨੁਸਾਰ ਜਾਤ ਦੇ ਨਾਮ ਤੇ ਫੈਲੀ ਨਫਰਤ ਇੰਨੀ ਮੂੰਹਜ਼ੋਰ ਤੇ ਬੇਮੁਹਾਰੀ ਹੈ ਕਿ ਇਸ ਅੱਗੇ ਯੋਗਤਾ, ਮਨੁੱਖਤਾ ਅਤੇ ਮਹੁੱਬਤ ਵਰਗੀਆਂ ਸੱਚਾਈਆਂ ਬੇਬੱਸ ਹੋ ਕੇ ਰਹਿ ਜਾਂਦੀਆ ਹਨ। ਨਿਰਦੇਸ਼ਕ ਫਿਲਮ ਨੂੰ ਤਰਕ ਅਧਾਰਿਤ ਵਿਗਿਆਨਕ ਨਜ਼ਰੀਆਂ ਦੇਣ ਦੀ ਕੋਸ਼ਿਸ ਕਰਦੇ ਹੋਏ ਫਿਲਮ ਨੂੰ ਇੱਕ ਅਜੀਬ ਮੋੜ ਦਿੰਦਾ ਹੈ। ਉਹ ਬ੍ਰਾਹਮਣ ਦੀ ਪਤਨੀ ਚਾਰੂ ਦੇ ਜ਼ਖਮੀ ਹੋਣ ਦੀ ਸਥਿਤੀ ਪੈਦਾ ਕਰਦਾ ਹੈ ਜਿਸ ਨੂੰ ਹੱਲ ਕਰਨ ਲਈ ਉਹ ਸੁਜਾਤਾ ਦੁਆਰਾ ਚਾਰੂ ਨੂੰ ਆਪਣਾ ਖੂਨ ਦੇਣ ਦਾ ਸੀਨ ਫਿਲਮਾਉਂਦਾ ਹੈ। ਇੱਥੇ ਇਹ ਲਿਖਣਾ ਕੁਥਾਂ ਨਹੀਂ ਹੋਵੇਗਾ ਕਿ ਉਸ ਸਮੇਂ ਵਿੱਚ ਇਸ ਫਿਲਮ ਦਾ ਇਹ ਸੀਨ ਕ੍ਰਾਂਤੀਕਾਰੀ ਮੰਨਿਆ ਜਾ ਸਕਦਾ ਹੈ ਪਰ ਇਸ ਵਿੱਚ ਵਰਤੇ ਤਰਕ ਦੀਆਂ ਹੁਣ ਕਈ ਵਿਆਖਿਆਵਾਂ ਹੋ ਸਕਦੀਆਂ ਹਨ ਜਿਸ ਵਿੱਚ ਇਸ ਧਾਰਨਾ ਨੂੰ ਰੱਦ ਕੀਤਾ ਜਾਣਾ ਬਣਦਾ ਹੈ ਕਿ 'ਆਤਮ ਸਨਮਾਨ ਲਈ ਤੁਹਾਨੂੰ ਉੱਚ-ਜਾਤ ਲਈ ਕੁਰਬਾਨ ਹੋਣਾ ਪਵੇਗਾ ਜਾਂ ਤੁਹਾਨੂੰ ਆਪਣੇ-ਆਪ ਨੂੰ ਹਰ ਹੀਲੇ ਸਾਬਿਤ ਕਰਨਾ ਪਵੇਗਾ।'

1947 ਦੀ ਸੱਤਾ-ਤਬਦੀਲੀ ਤੋਂ ਬਾਅਦ ਭਾਰਤੀ ਸਿਨੇਮਾ ਦਾ ਝੁਕਾਅ ਸਮਾਜਵਾਦੀ ਵਿਚਾਰਧਾਰਾ ਵੱਲ ਸੀ ਜਿਸ ਦੇ ਅੰਤਰਗਤ ਰਾਜ ਕਪੂਰ ਦਾ ਸਿਨੇਮਾ ਪ੍ਰਮੁੱਖ ਤੌਰ ਤੇ ਦਰਸ਼ਕਾਂ ਦਾ ਧਿਆਨ ਖਿੱਚਣ ਵਿੱਚ ਕਾਮਯਾਬ ਰਿਹਾ। 1970 ਤੋਂ ਬਾਅਦ ਅਮਿਤਾਭ ਬੱਚਨ ਯੁੱਗ ਸ਼ੁਰੂ ਹੋ ਗਿਆ ਜਿਸ ਵਿੱਚ ਹੀਰੋ ਦੀ ਸ਼ਖਸੀ-ਪੂਜਾ ਅਤੇ ਨਾਵਲੀ ਕਹਾਣੀਆਂ ਦੇ ਕਲਪਨਾ ਆਧਾਰਿਤ ਬਿਰਤਾਂਤਾਂ ਦੀ ਭਰਮਾਰ ਹੋ ਗਈ। ਇਸ ਦੌਰ ਵਿੱਚ ਮੁੱਖ-ਧਾਰਾ ਦੇ ਹਿੰਦੀ ਸਿਨੇਮਾ ਵਿੱਚ 'ਐਂਗਰੀ ਯੰਗ ਮੈਨ' ਦਾ ਬੋਲਬਾਲਾ ਤਾਂ ਹੋ ਗਿਆ ਪਰ ਸਿਨੇਮਾ (ਖਾਸ ਤੌਰ ਤੇ ਮੁੱਖ-ਧਾਰਾ ਦਾ) ਕੋਈ ਅਜਿਹੀ ਫਿਲਮ ਬਣਾਉਣ ਵਿੱਚ ਕਾਮਯਾਬ ਨਹੀਂ ਹੋ ਸਕਿਆ ਜੋ ਜਾਤ ਵਰਗੀ ਗੈਰ-ਮਨੁੱਖੀ ਤਰਾਸਦੀ ਤੇ ਇਸ ਦੀ ਤਰਾਸਦੀ ਭੁਗਤ ਰਹੇ ਜੀਆਂ ਦੀ ਜ਼ੁਬਾਨ ਬਣ ਸਕਦਾ। ਰਾਜੇਸ਼ ਖੰਨਾ ਅਤੇ ਅਮਿਤਾਭ ਬੱਚਨ ਦੇ ਦੌਰ ਵਿੱਚ ਵੀ ਸਿਨੇਮਾ ਦੀਆਂ ਕਹਾਣੀਆਂ ਅਤੇ ਉਹਨਾਂ ਵਿਚਲਾ ਬਿਰਤਾਂਤ ਬ੍ਰਾਹਮਣਵਾਦੀ ਨਜ਼ਰੀਏ ਅਤੇ 'ਏਕਤਾ-ਅਖੰਡਤਾ' ਦੇ ਨਾਅਰੇ ਦੀ ਤਰਜ਼ ਤੇ ਸਭ ਦੀ ਜ਼ਿੰਦਗੀ ਦੀ ਲੈਅ ਨੂੰ ਇੱਕੋ ਰੱਸੇ ਫਾਹੇ ਬੰਨਦਾ ਰਿਹਾ।

ਸਮਾਂਨਤਰ ਸਿਨੇਮਾ ਵਿੱਚ ਸ਼ਿਆਮ ਬੈਨੇਗਲ ਦੀ 'ਅੰਕੁਰ' (1974) ਨੂੰ ਇੱਕ ਅਪਵਾਦ ਜ਼ਰੂਰ ਮੰਨਿਆ ਜਾ ਸਕਦਾ ਹੈ। ਬੈਨੇਗਲ ਇਸ ਵਿੱਚ ਜ਼ਾਤੀ ਦੇ ਨਾਮ ਤੇ ਹੁੰਦੀ ਹਿੰਸਾ ਵਿੱਚੋਂ ਅਣਦਿਖਦੇ ਜਿਣਸੀ ਸ਼ੋਸ਼ਣ ਦੀ ਕਹਾਣੀ ਬਿਆਨ ਕਰਦੇ ਹਨ। ਫਿਲਮ 'ਅੰਕੁਰ' ਜਾਤ ਦੇ ਸਵਾਲ ਨੂੰ ਸਾਮੰਤੀ ਪ੍ਰਬੰਧ ਦੀ ਗੁੰਝਲਦਾਰ ਸਮਾਜਿਕਤਾ, ਨਿੱਜੀ ਪੂੰਜੀ ਅਤੇ ਜਾਤੀ- ਹਿੰਸਾ ਦੀਆਂ ਪ੍ਰਵਿਰਤੀਆਂ ਨਾਲ ਜੋੜਕੇ ਦੇਖਦੀ ਹੈ। ਇਸ ਦੀ ਅਗਲੀ ਪਰਤ ਸ਼ੇਖਰ ਕਪੂਰ ਦੀ ਫਿਲਮ 'ਬੈਂਡਿਟ ਕੁਈਨ'(1997) ਵਿੱਚ ਖੁੱਲਦੀ ਹੈ ਜਿੱਥੇ ਹਿੰਸਾ ਇੱਕ ਨਾ-ਖਤਮ ਹੋਣ ਵਾਲੇ ਅਨੰਤ ਖਾਲੀਪਣ ਦੇ ਰੂਪ ਵਿੱਚ ਸਾਹਮਣੇ ਆਉਂਦੀ ਹੈ। ਫੂਲਨ ਦੇਵੀ ਨਾਮ ਦੀ ਡਕੈਤ




ਦੀ ਜ਼ਿੰਦਗੀ ਤੇ ਆਧਾਰਿਤ ਇਸ ਫਿਲਮ ਵਿੱਚ ਦਿਖਾਈ ਹਿੰਸਾ ਉੱਚ- ਜਾਤੀ ਦੀ ਘ੍ਰਿਣਤ ਅਤੇ ਸੌੜੀ ਮਾਨਸਿਕਤਾ ਦੀ ਮੂੰਹ-ਬੋਲਦੀ ਤਸਵੀਰ ਹੈ। ਇਸ ਵਿੱਚ ਫੂਲਨ ਦੇਵੀ ਦੇ ਕਿਰਦਾਰ ਦੇ ਚਿਹਰੇ ਤੇ ਦਹਿਸ਼ਤ ਦੇਖਣ ਲਈ ਅਤੇ ਉਸ ਦੀ ਰੀੜ ਦੀ ਹੱਡੀ ਤੋੜਣ ਲਈ ਜਿਸ ਤਰੀਕੇ ਨਾਲ ਸਰਕਾਰੀ ਪ੍ਰਬੰਧ, ਕਾਨੂੰਨ, ਸਮਾਜਿਕ ਸੰਸਥਾਵਾਂ ਅਤੇ ਉਸ ਦੇ ਆਪਣੇ ਨਜ਼ਦੀਕੀ ਰਿਸ਼ਤੇ ਆਪਸ ਵਿੱਚ ਗੰਢਜੋੜ ਕਰਦੇ ਹਨ,ਉਹ ਜਾਤੀ ਆਧਾਰਿਤ ਹਿੰਸਾ ਦੀ ਮਿਲਦੀ ਸਮਾਜਿਕ ਪ੍ਰਵਾਨਗੀ ਅਤੇ 'ਨੈਤਿਕ ਸਮਰਥਨ' ਦੀ ਪੁਖਤਾ ਗਵਾਹੀ ਹੈ। ਫੂਲਨ ਦੇਵੀ ਇਸ ਗੈਰ-ਮਾਨਵੀ ਰੁਝਾਨ ਦਾ ਜਵਾਬ ਬੰਦੂਕ ਨਾਲ ਦਿੰਦੀ ਹੈ। ਇਹ ਮੁੱਦੇ ਦਾ ਤਤਕਾਲੀ ਹੱਲ ਹੈ ਉਹ ਦੋ ਵਾਰ ਭਾਰਤੀ ਸੰਸਦ ਦੀ ਮੈਂਬਰ ਬਣਦੀ ਹੈ। ਇਸ ਵਿੱਚ ਮਹਤੱਵਪੂਰਣ ਮੁੱਦਾ ਇਹ ਹੈ ਕਿ ਕੀ ਚੰਬਲ ਦੀ ਘਾਟੀ ਵਿੱਚ ਡਾਕੂ ਦੇ ਤੌਰ ਤੇ ਅਤੇ ਫਿਰ ਸੰਸਦ ਵਿੱਚ ਲੋਕ-ਪ੍ਰਤੀਨਿਧੀ ਦੇ ਤੌਰ 'ਤੇ ਫੂਲਨ ਉਸ ਜਾਤੀ ਤੁਅੱਸਬ ਤੇ ਟੱਕ ਮਾਰਣ ਵਿੱਚ ਕਾਮਯਾਬ ਹੁੰਦੀ ਹੈ ਜਿਸ ਦੇ ਚੱਲਦਿਆਂ ਅੱਜ ਵੀ ਉਸ ਦੀ ਹੱਤਿਆ ਨੂੰ 'ਸਬਕ ਸਿਖਾਉਣ' ਦਾ ਨਾਮ ਦਿੱਤਾ ਜਾਂਦਾ ਹੈ।ਕੀ ਹੈ ਇਹ ਸਬਕ ਸਿਖਾਉਣਾ ? ਕੀ ਇਹ ਕੋਈ ਅਜਿਹੀ ਸਰਬ-ਉੱਚ ਸੱਤਾ ਹੈ ਜਿਸ ਦੇ ਅੱਗੇ ਭਾਰਤੀ ਸੰਵਿਧਾਨ, ਕਾਨੂੰਨ, ਸਰਕਾਰਾਂ ਅਤੇ ਸਮਾਜ ਬੇਬੱਸ ਹੈ ? ਆਖਿਰ ਉਹ ਕਿਸ ਤਰ੍ਹਾਂ ਦੀ ਨਾ-ਮੁਰਾਦ ਨਫਰਤ ਅਤੇ ਗਲਾਜ਼ਤ ਹੈ ਜਿਸ ਦੇ ਚੱਲਦਿਆ ਉਹ ਡਾਕਟਰ ਜੋ ਬੀਮਾਰੀ ਦੀ ਹਾਲਤ ਵਿੱਚ ਅਪਰੇਸ਼ਨ ਕਰਕੇ ਫੂਲਨ ਦੇਵੀ ਦੀ ਬੱਚੇਦਾਨੀ ਕੱਢਦਾ ਹੈ, ਉਹ ਮਜ਼ਾਕੀਆ ਬਿਆਨ ਜਾਰੀ ਕਰਦਾ ਹੈ ਕਿ ਹੁਣ ਨਵੀਆਂ ਫੂਲਨ ਦੇਵੀਆਂ ਪੈਦਾ ਨਹੀਂ ਹੋਣਗੀਆ। ਫਿਲਮ ਦੀ ਬਹੁਤ ਸਾਰੀ ਆਲੋਚਨਾ ਇਸ ਵਿਚਲੇ ਇੱਕ ਨਿਊਡ ਦ੍ਰਿਸ਼ ਨੂੰ ਲੈਕੇ ਹੋਈ ਜਿਸ ਵਿੱਚ ਅਲਫ-ਨੰਗੀ ਫੂਲਨ ਨੂੰ ਪਿੰਡ ਦੇ ਖੂਹ ਤੋਂ ਪਾਣੀ ਭਰਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਸ਼ਾਇਦ ਇਹ ਦ੍ਰਿਸ਼ ਦਰਸ਼ਕਾਂ ਨੂੰ ਨਾਗਵਾਰ ਗੁਜ਼ਰਿਆ ਪਰ ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਦਰਸ਼ਕ ਹਰ ਸਵੇਰ ਅਜਿਹੀਆਂ ਅਣਗਿਣਤ ਖਬਰਾਂ ਦੇ ਰੂਬਰੂ ਹੁੰਦੇ ਹਨ ਜਿਹਨਾਂ ਵਿੱਚ ਇੱਕ ਖਾਸ ਜਾਤੀ ਨਾਲ ਜੁੜੀ ਪਛਾਣ ਤੁਹਾਡੀ ਮਨੁੱਖੀ ਹੋਂਦ ਨੂੰ ਨਿਗਲ ਜਾਂਦੀ ਹੈ। ਨਿਰਦੇਸ਼ਕ ਜਗ ਮੁੰਦਰਾਂ ਦੀ 2000 ਵਿੱਚ ਆਈ ਫਿਲਮ 'ਬਵੰਡਰ' ਜਾਤੀ ਨਾਲ ਜੁੜੇ ਸਵਾਲਾਂ ਦੇ ਸੱਤਾ ਦੇ ਘੇਰਿਆਂ ਨਾਲ ਰਿਸ਼ਤੇ ਦੀ ਪਛਾਣਦੇਹੀ ਕਰਦੀ ਹੈ। ਅਕਸਰ ਜਾਤੀ ਨੂੰ ਖਤਮ ਕਰਣ ਲਈ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਸਿੱਖਿਆ ਦੇ ਪਸਾਰ ਅਤੇ ਸਰਕਾਰੀ ਨੌਕਰੀਆਂ ਵਿੱਚ ਭਾਗੀਦਾਰ ਹੋਣ ਨਾਲ ਇਹ ਕਲੰਕ ਸਹਿਜੇ-ਸਹਿਜੇ ਮਿਟ ਸਕਦਾ ਹੈ। ਫਿਲਮ 'ਬਵੰਡਰ' ਇਸ ਧਾਰਨਾ ਤੇ ਤਿੱਖਾ ਵਿਅੰਗ ਹੈ। ਇਸ ਵਿੱਚ ਮੁੱਖ ਕਿਰਦਾਰ ਸ਼ਾਵਰੀ ਦੇਵੀ (ਅਸਲ ਨਾਮ ਭਾਂਬਰੀ ਦੇਵੀ) ਨਾਲ ਉੱਚ-ਜਾਤੀ ਦੇ ਦੋ ਮੁੰਡੇ ਇਸ ਲਈ ਬਲਾਤਕਾਰ ਕਰਦੇ ਹਨ ਕਿ ਉਹ ਰਾਜਸਥਾਨ ਸਰਕਾਰ ਦੇ ਬੱਚਿਆਂ ਅਤੇ ਔਰਤਾਂ ਦੀ ਭਲਾਈ ਵਿਭਾਗ ਦੇ ਅੰਤਰਗਤ ਨਾਬਾਲਿਗਾਂ ਦੇ ਵਿਆਹਾਂ ਅਤੇ ਘਰੇਲੂ ਹਿੰਸਾ ਦਾ ਵਿਰੋਧ ਕਰਦੀ ਸੀ। ਸਿਰਫ ਉਸ ਨੂੰ ਕਮਅਕਲ ਅਤੇ ਘਟੀਆ ਮਹਿਸੂਸ ਕਰਵਾਉਣ ਲਈ ਉਸ ਦਾ ਬਲਾਤਕਾਰ ਕੀਤਾ ਜਾਂਦਾ ਹੈ। ਬਲਾਤਕਾਰ ਹੋਣ ਤੋਂ ਬਾਅਦ ਉਸ ਨੂੰ ਆਪਣੇ ਨਾਲ ਹੋਏ ਜ਼ਬਰ ਵਿਰੁੱਧ ਇਨਸਾਫ ਲੈਣ ਲਈ ਜਿਹੜੀ ਜੰਗ ਲੜਨੀ ਪੈਂਦੀ ਹੈ ਉਹ ਆਪਣੀ ਮਿਸਾਲ ਆਪ ਹੈ। 1992 ਵਿੱਚ ਉਸ ਦਾ ਬਲਾਤਕਾਰ ਹੁੰਦਾ ਹੈ, ਬਲਾਤਕਾਰ ਦੇ 52 ਘੰਟਿਆਂ ਬਾਅਦ ਉਸ ਦਾ ਡਾਕਟਰੀ ਮੁਆਇਨਾ ਹੁੰਦਾ ਹੈ,ਕੇਸ ਇਸ ਮੁਆਇਨੇ ਦੇ 2 ਸਾਲਾਂ ਬਾਅਦ ਸ਼ੁਰੂ ਹੁੰਦਾ ਹੈ, ਇਸ ਦੌਰ ਪੰਜ ਜੱਜਾਂ ਨੂੰ ਬਿਨਾਂ ਕਿਸੇ ਕਾਰਣ ਉਸ ਦੇ ਕੇਸ ਤੋਂ ਬਦਲਿਆ ਜਾਂਦਾ ਹੈ,1995 ਵਿੱਚ ਆਏ ਫੈਸਲੇ ਵਿੱਚ ਸਾਰੇ ਮੁਜਰਮ 'ਬੇਇੱਜ਼ਤ' ਰਿਹਾ ਹੋ ਜਾਂਦੇ ਹਨ।ਉਸ ਨੂੰ ਜ਼ਹੀਨ ਅਤੇ ਆਜ਼ਾਦ-ਖਿਆਲ ਹੋਣ ਦੀ ਇੰਨੀ ਵੱਡੀ ਕੀਮਤ ਅਦਾ ਕਰਨੀ ਪੈਂਦੀ ਹੈ।ਹੁਣ ਵੀ ਉਹ ਉਸੇ ਪਿੰਡ ਵਿੱਚ ਘੜੇ ਬਣਾਕੇ ਗੁਜ਼ਾਰਾ ਕਰਦੀ ਹੈ ਅਤੇ ਨਿਸਦਿਨ ਆਪਣੇ ਬਲਾਤਕਾਰੀਆਂ ਨੂੰ ਪਿੰਡ ਵਿੱਚ ਘੁੰਮਦੇ ਦੇਖਦੀ ਹੈ। ਫਿਰ ਵੀ ਉਸ ਨੂੰ ਉਮੀਦ ਹੈ ਕਿ ਇੱਕ ਦਿਨ ਕਿਸਮਤ ਦੇ ਚੱਕ ਦਾ ਪਹੀਆਂ ਉਸਦੇ ਪੱਖ ਵਿੱਚ ਘੁੰਮੇਗਾ।




ਨਵ-ਉਦਾਰਵਾਦੀ ਦੌਰ ਵਿੱਚ ਜਿੱਥੇ ਭਾਰਤੀ ਸਿਨੇਮਾ ਦੀ ਪਹੁੰਚ ਅਤੇ ਕਮਾਈ ਵਿੱਚ ਮਣਾਂ-ਮੂੰਹੀ ਇਜ਼ਾਫਾ ਹੋਇਆ ਹੈ ਉੱਥੇ ਜਾਤ ਵਰਗੀ ਜ਼ਮੀਨੀ ਹਕੀਕਤ ਬਾਰੇ ਹਾਲੇ ਵੀ ਘੇਸਲ ਮਾਰਣ ਦੀ ਪਿਰਤ ਜਾਰੀ ਹੈ। ਇਸ ਚੁੱਪ ਨੂੰ ਕੁੱਝ ਹੱਦ ਤੱਕ ਪਿਛਲੇ ਦਿਨੀ ਆਈ ਫਿਲਮ 'ਮਸਾਨ' ਅਤੇ ਮਰਾਠੀ ਫਿਲਮ 'ਸੈਰਾਟ' ਨੇ ਤੋੜਣ ਦੀ ਕੋਸ਼ਿਸ ਜ਼ਰੂਰ ਕੀਤੀ ਹੈ। ਫਿਲਮ 'ਮਸਾਨ' ਮੌਜੂਦਾ ਦੌਰ ਦੇ ਭਾਰਤ ਵਿੱਚ ਸੁਪਨੇ ਦੇਖਣ ਦੀ ਕੀਮਤ ਦੀ ਨਿਸ਼ਾਨਦੇਹੀ ਕਰਦੀ ਹੈ ਜਿਸ ਵਿੱਚ ਜਾਤ ਨਾਲ ਜੁੜੀ ਕਰੂਰਤਾ ਬੰਦੇ ਦੀ ਹੋਂਦ ਤੇ ਸਭ ਤੋਂ ਲਾਇਲਾਜ ਵਾਰ ਕਰਦੀ ਹੈ। ਫਿਲਮ 'ਸੈਰਾਟ' ਇਸੇ ਵਿਚਾਰ ਦਾ ਅਗਲਾ ਵਿਸਥਾਰ ਹੈ ਜਿੱਥੇ ਇਸ ਕਰੂਰਤਾ ਮਾਸੂਮੀਅਤ ਅਤੇ ਪਿਆਰ ਨੂੰ ਬੇਦਰਦੀ ਨਾਲ ਨਿਗਲ ਜਾਂਦੀ ਹੈ। ਇਹ ਫਿਲਮਾਂ ਤਤਕਾਲੀ ਭਾਰਤ ਦਾ ਯਥਾਰਥ ਬਿਆਨ ਕਰਦੀਆਂ ਹਨ...ਉਸ ਬਦਨਸੀਬ ਮੁਲਕ ਦਾ ਜਿਸ ਵਿੱਚ ਜਾਤ ਵਰਗਾ ਗੈਰ-ਮਨੁੱਖੀ ਵਰਤਾਰਾ ਰਾਜ-ਸਮਾਜ-ਪ੍ਰਸ਼ਾਸ਼ਨ ਤੇ ਕਾਨੂੰਨ ਦੀ ਸ਼ਹਿ ਤੇ ਪਲਦਾ ਹੈ ਤੇ ਹਰ ਦਿਨ ਆਵਾਮ ਦੀ ਜ਼ਿੰਦਗੀ ਦਾ ਘਾਣ ਕਰਦਾ ਹੈ।

# 'ਝਾਂਜਰ ਵਿੱਦ ਔਸਟੀਓਸਾਰਕੋਮਾ'

## ਕੈਂਸਰ ਜਾਗਰੂਕਤਾ ਸਬੰਧੀ ਫੀਚਰ ਫ਼ਿਲਮ ਦਾ ਟੋਰਾਂਟੋ ਵਿਖੇ ਪ੍ਰਦਰਸ਼ਨ ਅਤੇ ਦਰਸ਼ਕ ਹੋਏ ਭਾਵੁਕ





ਬਰੈਂਪਟਨ, (ਡਾ. ਝੰਡ) –'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਦੇ ਸਹਿਯੋਗ ਨਾਲ 2250 ਬੋਵੇਰਡ ਡਰਾਈਵ (ਈਸਟ) ਸਥਿਤ 'ਹੋਮਲਾਈਫ਼ ਰਿਅਲਟੀ ਆਫ਼ਿਸ' ਦੇ ਸੈਮੀਨਾਰ ਹਾਲ ਵਿਚ 30 ਸਤੰਬਰ ਨੂੰ 'ਝਾਂਜਰ ਵਿੱਦ ਔਸਟੀਓ ਸਾਰਕੋਮਾ' ਫ਼ਿਲਮ ਦੇ ਸ਼ੋਅ ਦਾ ਪ੍ਰਬੰਧ ਕੀਤਾ ਗਿਆ। ਦਰਸ਼ਕਾਂ ਨੇ ਇਸ ਦਾ ਅਨੰਦ ਮਾਣਿਆਂ ਅਤੇ ਨਾਲ ਦੀ ਨਾਲ ਕੈਂਸਰ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ। ਫ਼ਿਲਮ ਸ਼ੋਅ ਸ਼ੁਰੂ ਕਰਨ ਤੋਂ ਪਹਿਲਾਂ ਡਾ. ਸੁਖਦੇਵ ਸਿੰਘ ਝੰਡ ਨੇ ਬਹੁ-ਪੱਖੀ ਸ਼ਖ਼ਸੀਅਤ ਡਾ. ਮਨਜੀਤ ਸਿੰਘ ਬੱਲ ਬਾਰੇ ਸੰਖੇਪ ਜਾਣਕਾਰੀ ਦਰਸ਼ਕਾਂ ਨਾਲ ਸਾਂਝੀ ਕਰਦਿਆਂ ਉਨ੍ਹਾਂ ਨੂੰ ਦਰਸ਼ਕਾਂ ਦੇ ਰੂ-ਬ-ਰੂ ਕੀਤਾ ਜਿਨ੍ਹਾਂ ਆਪਣੇ ਜੀਵਨ ਅਤੇ ਮੁੱਖ ਪ੍ਰਾਪਤੀਆਂ ਬਾਰੇ ਦੱਸਦਿਆਂ ਹੋਇਆਂ ਸਲਾਈਡ-ਸ਼ੋਅ ਦੀ ਮਦਦ ਨਾਲ ਕੈਂਸਰ ਬਾਰੇ ਮੁੱਢਲੀ ਜਾਣਕਾਰੀ ਦਿੱਤੀ। 'ਸਰੋਕਾਰਾਂ ਦੀ ਆਵਾਜ' ਵੱਲੋਂ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦਿਤ ਪੁਸਤਕ 'ਕਾਮਾਗਾਟਾਮਾਰੂ ਜਹਾਜ਼ ਦਾ ਇਤਿਹਾਸਕ ਸੱਚ' ਇਸ ਦੀ ਟੀਮ ਦੇ ਮੈਂਬਰਾਂ ਹਰਬੰਸ ਸਿੰਘ, ਡਾ. ਹਰਦੀਪ ਸਿੰਘ ਅਟਵਾਲ ਅਤੇ ਦਵਿੰਦਰ ਸਿੰਘ ਤੂਰ ਵੱਲੋਂ ਡਾ. ਮਨਜੀਤ ਸਿੰਘ ਬੱਲ ਨੂੰ ਭੇਂਟ ਕੀਤੀ ਗਈ। ਡਾ. ਬੱਲ ਨੇ ਵੀ ਆਪਣੀਆਂ ਪੁਸਤਕਾਂ ਦਾ ਇੱਕ ਸੈੱਟ 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਮੈਂਬਰਾਂ ਨੂੰ ਭੇਂਟ ਕੀਤਾ।

ਡਾ. ਸੁਖਦੇਵ ਸਿੰਘ ਝੰਡ ਨੇ ਦੱਸਿਆ ਕਿ ਬਹੁ-ਪੱਖੀ ਸ਼ਖ਼ਸੀਅਤ ਪੰਜਾਬ ਦੀ ਮੈਡੀਕਲ ਸਿੱਖਿਆ ਜਗਤ ਦੇ ਅਧਿਆਪਕ ਡਾ. ਮਨਜੀਤ ਸਿੰਘ ਬੱਲ ਜਿਹੜੇ ਨਾ ਕੇਵਲ ਸਫ਼ਲ ਡਾਕਟਰ, ਉੱਘੇ ਪਥਾਲੋਜਿਸਟ ਅਧਿਆਪਕ ਹੀ ਹਨ, ਸਗੋਂ ਗਾਇਕ ਅਤੇ ਵਧੀਆ ਲੇਖਕ, ਇੱਕ ਚੰਗੇ ਫਿਲਮ-ਮੇਕਰ ਵੀ ਹਨ. ਉਨ੍ਹਾਂ ਦੀਆਂ ਸਿਹਤ ਸਬੰਧੀ ਜਾਗਰੂਕਤਾ ਅਤੇ ਕਵਿਤਾਵਾਂ, ਕਹਾਣੀਆਂ ਦੀਆਂ ਹੁਣ ਤੱਕ 11 ਪੁਸਤਕਾਂ ਆ ਚੁੱਕੀਆਂ ਹਨ ਅਤੇ ਉਨ੍ਹਾਂ ਨੇ ਦੋ ਫ਼ਿਲਮਾਂ 'ਮੁਸੱਰਤ ਸਰਹੱਦੋਂ ਪਾਰ' ਅਤੇ 'ਝਾਂਜਰ ਵਿੱਦ ਔਸਟੀਓ ਸਾਰਕੋਮਾ' ਬਣਾਈਆਂ ਹਨ। ਉਹ ਆਪਣੀਆਂ ਫ਼ਿਲਮਾਂ ਦੇ ਪ੍ਰੋਡਿਊਸਰ, ਡਾਇਰੈਕਟਰ ਅਤੇ ਕਹਾਣੀ-ਲੇਖਕ ਵੀ ਹਨ। ਉਨ੍ਹਾਂ ਦੀ ਪਹਿਲੀ ਫ਼ਿਲਮ 'ਮੁਸੱਰਤ ਸਰਹੱਦੋਂ ਪਾਰ' ਜਿੱਥੇ 1947 ਵਿਚ ਹੋਈ ਭਾਰਤ-ਪਾਕਿਸਤਾਨ ਦੀ ਵੰਡ ਦੀ ਦਰਦਨਾਕ ਕਹਾਣੀ ਪੇਸ਼ ਕਰਦੀ ਹੈ, ਉੱਥੇ 'ਗਲੋਅ ਬੱਲ ਆਰਟ ਕਰੀਏਸ਼ਨ' ਦੇ ਬੈਨਰ ਹੇਠ ਬਣੀ ਇਹ ਦੂਸਰੀ ਫ਼ਿਲਮ 'ਝਾਂਜਰ ਵਿੱਦ ਔਸਟੀਓਸਾਰਕੋਮਾ' ਦਰਸ਼ਕਾਂ ਦੇ ਭਰਪੂਰ ਮਨੋਰੰਜਨ ਦੇ ਨਾਲ ਨਾਲ ਉਨ੍ਹਾਂ ਨੂੰ ਕੈਂਸਰ ਵਰਗੀ ਨਾ-ਮੁਰਾਦ ਬੀਮਾਰੀ ਸਬੰਧੀ ਬਹੁ-ਮੁੱਲੀ ਜਾਣਕਾਰੀ ਮੁਹੱਈਆ ਕਰਦੀ ਹੈ।

ਫ਼ਿਲਮ ਦੇ ਸ਼ੋਅ ਉਪਰੰਤ ਇਸ ਦੇ ਬਾਰੇ ਆਪਣੀ ਪ੍ਰਤੀਕਿਰਿਆ ਦਿੰਦੇ ਹੋਏ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਚੇਅਰਮੈਨ ਬਲਰਾਜ ਚੀਮਾ ਨੇ ਕਿਹਾ ਕਿ ਇਹ ਫ਼ਿਲਮ ਆਮ ਨਾਲੋਂ ਬਿਲਕੁਲ ਹੱਟਵੀਂ ਹੈ ਅਤੇ ਡਾ. ਮਨਜੀਤ ਸਿੰਘ ਬੱਲ ਨੇ ਇਸ ਉੱਪਰ ਬੜੀ ਮਿਹਨਤ ਕੀਤੀ ਹੈ. ਡਾ. ਸੁਖਦੇਵ ਝੰਡ ਦਾ ਕਹਿਣਾ ਸੀ ਉਨ੍ਹਾਂ ਨੇ ਬੀਮਾਰੀਆਂ ਨਾਲ ਸਬੰਧਿਤ ਇੱਕਾ-ਦੁੱਕਾ ਫਿਲਮਾਂ ਨੂੰ ਛੱਡ ਕੇ ਆਮ ਤੌਰ 'ਤੇ ਡਾਕੂਮੈਂਟਰੀ ਫ਼ਿਲਮਾਂ ਹੀ ਵੇਖੀਆਂ ਹਨ ਅਤੇ ਇਹ ਫੀਚਰ ਫ਼ਿਲਮ ਕੈਂਸਰ ਸਬੰਧੀ ਜਾਗਰੂਕਤਾ ਵਿਚ ਨਿੱਗਰ ਵਾਧਾ ਕਰਦੀ ਹੈ। ਉਨ੍ਹਾਂ ਤੋਂ ਇਲਾਵਾ ਡਾ. ਹਰਦੀਪ ਸਿੰਘ ਅਟਵਾਲ, ਡਾ. ਭਰਪੂਰ ਸਿੰਘ, ਡਾ. ਬਬੀਤਾ, 'ਸਰੋਕਾਰਾਂ ਦੀ ਆਵਾਜ਼' ਦੇ ਸੰਪਾਦਕ ਹਰਬੰਸ ਸਿੰਘ ਅਤੇ ਕਈ ਹੋਰਨਾਂ ਨੇ ਫ਼ਿਲਮ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਹਾਜ਼ਰੀਨ ਵਿਚ ਡਾ. ਮਨਜੀਤ ਸਿੰਘ ਬੱਲ ਦੇ ਸਾਥੀਆਂ ਡਾ. ਅਮਰੀਕ ਸਿੰਘ ਜੱਜ ਤੇ ਡਾ. ਜਰਨੈਲ ਸਿੰਘ, ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਮੈਂਬਰਾਂ ਕਰਨ ਅਜਾਇਬ ਸਿੰਘ ਸੰਘਾ, ਮਲੂਕ ਸਿੰਘ ਕਾਹਲੋਂ, ਤਲਵਿੰਦਰ ਮੰਡ, ਇਕਬਾਲ ਬਰਾੜ, ਡਾ. ਜਗਮੋਹਨ ਸਿੰਘ ਸੰਘਾ ਤੇ ਸੁਰਜੀਤ ਕੌਰ ਤੋਂ ਇਲਾਵਾ ਇੰਜੀ. ਦਲਬੀਰ ਸਿੰਘ ਕੰਬੋਜ, ਅਵਤਾਰ ਸਿੰਘ ਬੈਂਸ, ਪਿਆਰਾ ਸਿੰਘ ਤੂਰ, ਮਹਿੰਦਰ ਸਿੰਘ ਵਾਲੀਆ, ਦਰਸ਼ਨ ਸਿੰਘ ਗਰੇਵਾਲ, ਸੁਰਿੰਦਰ ਸਿੰਘ ਸੰਧੂ, ਦਵਿੰਦਰ ਸਿੰਘ ਤੂਰ, ਭੁਪਿੰਦਰ ਕੌਰ ਬਾਠ, ਬਲਬੀਰ ਕੌਰ ਮੌਜੂਦ ਸਨ।




**ਫਿਲਮ ਦੀ ਸਮੀਖਿਆ:-**

ਇਹ ਫਿਲਮ ਲੰਬੀ ਬਿਮਾਰੀ ਨਾਲ ਜੂਝਦੇ ਮਰੀਜ਼ਾਂ ਅਤੇ ਪਰਿਵਾਰਾਂ ਦੀ ਹਾਲਤ ਦਾ ਭਾਵੁਕ ਸਜੀਵ ਚਿਤਰਣ ਹੈ। ਫ਼ਿਲਮ ਕਾਨੂੰਨ ਦੀ ਵਿਦਿਆਰਥਣ 'ਸੁਖਦੀਪ' (ਚੰਨੀ ਮਾਹਲ) ਅਤੇ ਮੈਡੀਕਲ ਸਟੂਡੈਂਟ 'ਮਨਮੋਹਣ (ਡਾ. ਮਹਿਤਾਬ ਬੱਲ) ਦੀ ਪ੍ਰੇਮੀ-ਜੋੜੀ ਦੁਆਲੇ ਘੁੰਮਦੀ ਹੈ ਜੋ ਸਕੂਲ-ਟਾਈਮ ਤੋਂ ਹੀ ਇੱਕ ਦੂਜੇ ਨੂੰ ਪਿਆਰ ਕਰਦੇ ਹਨ। ਕਾਲਜ ਵਿਚ ਪੜ੍ਹਦਿਆਂ ਅਚਾਨਕ ਸੁਖਦੀਪ ਦੇ ਸੱਜੇ ਗੋਡੇ 'ਤੇ ਇੱਕ ਗੰਢ ਜਿਹੀ ਬਣ ਜਾਂਦੀ ਹੈ ਜੋ ਵੱਧਦੀ ਜਾਂਦੀ ਹੈ ਅਤੇ ਮੈਡੀਕਲ ਜਾਂਚ ਦੌਰਾਨ ਹੱਡੀ ਦੇ ਕੈਂਸਰ ਦੇ ਰੂਪ ਵਿਚ ਸਾਹਮਣੇ ਆਉਦੀ ਹੈ ਜਿਸ ਦਾ ਮਾਹਿਰ-ਡਾਕਟਰਾਂ ਵੱਲੋਂ ਉਪਰੇਸ਼ਨ ਕੀਤਾ ਜਾਂਦਾ ਹੈ. ਇਸ ਸਾਰੇ ਘਟਨਾਕ੍ਰਮ ਵਿਚ ਮਨਮੋਹਣ ਸੁਖਦੀਪ ਦੇ ਪਰਿਵਾਰਕ ਮੈਂਬਰਾਂ ਦੀ ਪੂਰੀ ਮਦਦ ਕਰਦਾ ਹੈ। ਉਪਰੇਸ਼ਨ ਸਫ਼ਲ ਹੋ ਜਾਂਦਾ ਹੈ ਅਤੇ ਫ਼ਿਲਮ ਦਾ ਅੰਤ ਆਮ ਹਿੰਦੀ ਫ਼ਿਲਮਾਂ ਵਾਂਗ ਸੁਖਾਂਤ ਵਿਚ ਹੁੰਦਾ ਹੈ।

ਪਰ ਜਿਹੜੀ ਗੱਲ ਇਸ ਫ਼ਿਲਮ ਨੂੰ ਆਮ ਫ਼ਿਲਮਾਂ ਨਾਲੋਂ ਵੱਖਰਿਆਉਂਦੀ ਹੈ, ਉਹ ਹੈ ਇਸ ਦੀ ਸੁਚੱਜੀ ਪੇਸ਼ਕਾਰੀ। ਫ਼ਿਲਮ ਵਿਚ ਜਿੱਥੇ ਹੀਰੋ ਮਨਮੋਹਣ ਅਤੇ ਉਸ ਦੇ ਸਹਿਪਾਠੀਆਂ (ਰਾਜਨ, ਅਨਕਿਤਾ, ਸ਼ਿਵਾਨੀ, ਆਦਿ) ਨੇ ਡਾਕਟਰੀ ਦੀ ਪੜ੍ਹਾਈ ਦੀ ਯਥਾਰਥਕਤਾ ਪੇਸ਼ ਕੀਤੀ ਹੈ, ਉੱਥੇ ਉਨ੍ਹਾਂ ਦੇ ਅਧਿਆਪਕਾਂ ਆਰਥੋਪੀਡਿਕ ਸਰਜਨ ਡਾ. ਆਰ. ਪੀ. ਐੱਸ ਸਿੰਘ ਵਾਲੀਆ, ਪਥਾਲੌਜਿਸਟ ਡਾ. ਮਨਜੀਤ ਸਿੰਘ ਬੱਲ, ਰੇਡੀਓਥੈਰੇਪਿਸਟ ਡਾ.ਬੀ. ਐੱਲ. ਭਾਰਦਵਾਜ ਅਤੇ ਹੋਰ ਡਾਕਟਰਾਂ ਨੇ ਪੇਸ਼ਾਵਰ ਅਧਿਆਪਕ ਅਤੇ ਡਾਕਟਰ ਹੋਣ ਕਰਕੇ ਆਪਣੀਆਂ ਭੂਮਿਕਾਵਾਂ ਵਿਚ ਇਸ ਪੇਸ਼ੇ ਦੀ ਅਸਲੀਅਤ ਪੇਸ਼ ਕਰਨ ਵਿਚ ਪੂਰਾ ਯੋਗਦਾਨ ਪਾਇਆ ਹੈ। ਫ਼ਿਲਮ ਵਿਚ ਕੋਈ ਵੀ ਸੀਨ ਓਪਰਾ ਨਹੀਂ ਲੱਗਦਾ, ਚਾਹੇ ਉਹ ਮੈਡੀਕਲ ਕਾਲਜ ਦੀ ਹੋਸਟਲ ਮੈੱਸ ਵਿਚ ਵਿਦਿਆਰਥੀਆਂ ਵੱਲੋਂ ਇਕੱਠਿਆਂ ਖਾਣਾ ਖਾਣ, ਕੰਟੀਨ ਵਿਚ ਇਕੱਠੇ ਚਾਹ ਪੀਦਿਆਂ ਭਗਵੰਤ ਮਾਨ ਦੀ ਪੇਂਡੂ ਕ੍ਰਿਕਟ ਕੋਮੈਂਟਰੀ ਦੀ ਨਕਲ ਕਰਨ ਜਾਂ ਸੁਖਦੀਪ ਦੇ ਨੀਮ-ਦਿਮਾਗੀ ਭਰਾ (ਮਿੱਠੂ) ਵੱਲੋਂ ਹਰੇਕ ਨੂੰ ਆਪਣੇ ਵੱਲੋਂ ਕੇਲੇ ਪੇਸ਼ ਕਰਨ ਜਾਂ ਉਸ ਦੇ ਮਾਤਾ-ਪਿਤਾ ਅਤੇ ਗਵਾਂਢੀਆਂ ਦੀ ਸਹਿਜਤਾ ਭਰਪੂਰ ਅਦਾਕਾਰੀ। ਪਿੰਡਾਂ ਵਿਚ ਛੋਟੇ ਮੋਟੇ ਜੋੜਾਂ ਦੀ ਦਰਦ ਦਾ ਇਲਾਜ ਕਰਨ ਵਾਲੇ 'ਬਾਬੇ ਲੱਭੇ' ਦੀ ਭੂਮਿਕਾ ਡਾ. ਜਗਜੀਤ ਬਾਹੀਆ ਵੱਲੋਂ ਬਾਖ਼ੂਬੀ ਨਿਭਾਈ ਗਈ ਹੈ। ਇਸ ਤੋਂ ਇਲਾਵਾ ਮੈਡੀਕਲ ਸਟੂਡੈਂਟ ਸਿੰਗਰ (ਡਾ. ਸੁਮੰਗਲ ਅਰੋੜਾ) ਦਾ ਹੋਸਟਲ ਦੀ ਛੱਤ 'ਤੇ ਸੱਜੀ ਮਹਿਫ਼ਲ ਵਿਚ ਹਾਰਮੋਨੀਅਮ ਨਾਲ ਗਾਇਆ ਗਾਣਾ ਬਹੁਤ ਜਚਿਆ ਹੈ ਅਤੇ ਫਿਲਮ ਦੇ ਦੋ ਮੁੱਖ ਗਾਣੇ ਅਤੇ ਗਿੱਧੇ ਦੀਆਂ ਬੋਲੀਆਂ ਤਾਂ ਕਮਾਲ ਦੀਆਂ ਹਨ।

ਫ਼ਿਲਮ ਵਿਚ ਸਾਂਝੇ ਪੇਂਡੂ ਸੱਭਿਆਚਾਰ ਨੂੰ ਬੜੇ ਹੀ ਕਲਾਤਮਿਕ ਢੰਗ ਨਾਲ ਵਿਖਾਇਆ ਗਿਆ ਹੈ ਜਦੋਂ ਸਵੇਰੇ ਤੜਕੇ ਬੱਸ 'ਤੇ ਪਟਿਆਲੇ ਦੇ ਵੱਡੇ ਹਸਪਤਾਲ ਜਾਣ ਲਈ ਘਰੋਂ ਚੱਲਣ ਲੱਗਿਆਂ ਸੁਖਦੀਪ ਦਾ ਬਾਪ ਕੁੰਨਣ ਸਿੰਘ (ਗੁਰਵਿੰਦਰ ਭੰਗੂ) ਆਪਣੇ ਪੁੱਤਰ ਨੂੰ ਕਹਿੰਦਾ ਹੈ,ਤੂੰ ਘਰੇ ਹੀ ਰਹਿ, ਮਗਰ ਡੰਗਰ-ਵੱਛੇ ਦੇ ਪੱਠੇ-ਦੱਥੇ ਦਾ ਖ਼ਿਆਲ ਰੱਖੀਂਤਾਂ ਉਸ ਦਾ ਗਵਾਂਢੀ ਕਹਿੰਦਾ ਹੈ,ਕੁੰਨਣ ਸਿਆਂ, ਤੂੰ ਫ਼ਿਕਰ ਨਾ ਕਰ ਡੰਗਰ-ਵੱਛੇ ਦਾ, ਅਸੀਂ ਹੈਗੇ ਆਂ ਇੱਥੇ। ਤੂੰ ਜਾ ਕੇ ਆਪਣੀ ਧੀ ਸੁੱਖੋ ਦਾ ਇਲਾਜ ਕਰਵਾ।ਤੇ ਨਾਲ ਹੀ ਉਹ ਇਹ ਕਹਿੰਦਿਆਂ ਨੋਟਾਂ ਦੀ ਇੱਕ ਦੱਥੀ ਉਸ ਦੀ ਜੇਬ ਵਿਚ ਪਾ ਦਿੰਦਾ ਹੈ,ਮੈਨੂੰ ਪਤੈ, ਹਸਪਤਾਲਾਂ ਵਿਚ ਜਾ ਕੇ ਬੜੇ ਪੈਸੇ ਲੱਗਦੇ ਆ। ਅਜਿਹੇ ਹੋਰ ਵੀ ਕਈ ਭਾਵਨਾਤਮਿਕ ਸੀਨ ਫ਼ਿਲਮ ਵਿਚ ਹਨ, ਜਿਵੇਂ ਸੁਖਦੀਪ ਦੀ 'ਝਾਂਜਰ' ਦੇ ਪੈਰ ਵਾਲੀ ਲੱਤ ਕੱਟ ਜਾਣ ਦਾ ਡਰ ਅਤੇ ਓਪਰੇਸ਼ਨ ਥੀਏਟਰ ਵਿਚ ਜਾਣ ਤੋਂ ਪਹਿਲਾਂ ਸੁਖਦੀਪ ਦਾ ਮਨਮੋਹਣ ਨੂੰ ਕਹਿਣਾ, ਜੇਕਰ ਡਾਕਟਰਾਂ ਨੇ ਮੇਰੀ ਇਹ ਲੱਤ ਕੱਟ ਦਿੱਤੀ ਤਾਂ ਕੀ ਤੂੰ ਫਿਰ ਵੀ ਮੇਰੇ ਨਾਲ ਵਿਆਹ ਕਰਵਾਏਂਗਾ ? ਤੇ ਇਸ 'ਤੇ ਮਨਮੋਹਣ ਦਾ ਜੁਆਬ,ਫਿਰ ਮੈਂ ਵੀ ਆਪਣੀ ਇੱਕ ਲੱਤ ਕਟਵਾ ਲਵਾਂਗਾ ਦਰਸ਼ਕਾਂ ਨੂੰ ਬਦੋ-ਬਦੀ ਭਾਵੁਕ ਕਰ ਜਾਂਦੇ ਹਨ। ਸ਼ੋਅ ਦੌਰਾਨ ਹਾਲ ਵਿਚ ਕਈ ਦਰਸ਼ਕ ਆਪਣੇ ਅੱਥਰੂ ਪੂੰਝਦੇ ਅਤੇ ਸਿਸਕੀਆਂ ਭਰਦੇ ਹੋਏ ਵਿਖਾਈ ਤੇ ਸੁਣਾਈ ਦਿੱਤੇ। ਇਹ ਫਿਲਮ ਲੰਬੀ ਬਿਮਾਰੀ ਨਾਲ ਜੂਝ ਰਹੇ ਮਰੀਜਾਂ ਅਤੇ ਪਰੀਵਾਰਾਂ ਨੂੰ ਇੱਕ ਸਫਲ ਸੁਨੇਹਾ ਦੇਣ ਵਿੱਚ ਕਾਮਯਾਬ ਰਹੀ ਹੈ ਕਿ ਹੌਂਸਲੇ ਅਤੇ ਸਿਦਕ ਦਿਲੀ ਨਾਲ ਵਿਗਿਆਨਕ ਇਲਾਜ ਪ੍ਰਣਾਲੀ ਨਾਲ ਹਰ ਲੰਬੀ ਬਿਮਾਰੀ ਦਾ ਇਲਾਜ ਸਭੰਵ ਹੈ।






# ‘ਅਕੱਥ ਕਹਾਣੀ ਪ੍ਰੇਮ ਕੀ’ ਬਾਰੇ ਵਿਚਾਰ-ਚਰਚਾ ਨੇ ਪੰਜਾਬੀ-ਪ੍ਰੇਮੀਆਂ ਨੂੰ ਕੀਤਾ ਮੰਤਰ-ਮੁਗਧ

## ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਮਾਗ਼ਮ ਵਿਚ ਹੋਈ ਭਰਪੂਰ ਚਰਚਾ ਤੇ ਕਵੀ-ਦਰਬਾਰ





ਬਰੈਂਪਟਨ, (ਡਾ. ਝੰਡ) -ਬੀਤੇ ਐਤਵਾਰ 17 ਸਤੰਬਰ ਨੂੰ ‘ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ’ ਵੱਲੋਂ 1321 ਮੈਥੇਸਨ ਬੁਲੇਵਾਰਡ ਸਥਿਤ ਵਿਸ਼ਾਲ ’ਫੈਸ਼ਨ ਸਿਟੀ ਹਾਲ’, ਮਿਸੀਸਾਗਾ ਵਿਖੇ ਕਰਵਾਏ ਗਏ ਮਾਸਿਕ-ਸਮਾਗ਼ਮ ਵਿਚ ਪ੍ਰੋ. ਪ੍ਰਿਤਪਾਲ ਕੌਰ ਵੱਲੋਂ ਆਪਣੇ ਪਤੀ (ਸਵ.) ਡਾ. ਕਰਮਜੀਤ ਸਿੰਘ ਜੀ ਦੀ ਨਿੱਘੀ-ਯਾਦ ਵਿਚ ਬੜੀ ਸਾਧਨਾ ਨਾਲ ਤਿਆਰ ਕੀਤੇ ਗਏ ਸਿਮ੍ਰਤੀ-ਗ੍ਰੰਥ ‘ਅਕੱਥ ਕਹਾਣੀ ਪ੍ਰੇਮ ਕੀ’ ਬਾਰੇ ਵਿਚਾਰ-ਚਰਚਾ ਕੀਤੀ ਗਈ. ਸਭਾ ਦੇ ਚੇਅਰਮੈਨ ਬਲਰਾਜ ਚੀਮਾ ਵੱਲੋਂ ਆਏ ਮਹਿਮਾਨਾਂ ਨੂੰ ‘ਜੀ-ਆਇਆਂ’ ਕਹਿਣ ਉਪਰੰਤ ਮੰਚ-ਸੰਚਾਲਕ ਤਲਵਿੰਦਰ ਮੰਡ ਨੇ ਡਾ. ਸੁਖਦੇਵ ਸਿੰਘ ਝੰਡ ਨੂੰ ਪੁਸਤਕ ਬਾਰੇ ਪੇਪਰ ਪੜ੍ਹਨ ਲਈ ਸੱਦਾ ਦਿੱਤਾ ਜਿਨ੍ਹਾਂ ਨੇ ਆਪਣਾ ਪੇਪਰ ‘ਅਕੱਥ ਕਹਾਣੀ ਪ੍ਰੇਮ ਕੀ -ਇਕ ਸੱਚੀ ਪ੍ਰੇਮ ਗਾਥਾ’ ਪੇਸ਼ ਕਰਦਿਆਂ ਕਿਹਾ ਕਿ ਕਰਮਜੀਤ ਸਿੰਘ ਨਿਰਾ ਆਪਣੀ ਪਤਨੀ ਪ੍ਰਿਤਪਾਲ ਨੂੰ ਹੀ ਸੱਚੀ-ਸੁੱਚੀ ਮੁਹੱਬਤ ਨਹੀਂ ਸੀ ਕਰਦਾ, ਸਗੋਂ ਉਸ ਦਾ ਪ੍ਰੇਮੀ-ਹਿਰਦਾ ਏਨਾ ਵਿਸ਼ਾਲ ਸੀ ਕਿ ਉਸ ਦੇ ਸਹੁਰੇ-ਪੇਕੇ ਤੇ ਹੋਰ ਰਿਸ਼ਤੇਦਾਰ, ਸਹਿ-ਪਾਠੀ, ਸਹਿ-ਕਰਮੀ, ਵਿਦਿਆਰਥੀ, ਦੋਸਤ-ਮਿੱਤਰ ਅਤੇ ਜਾਣ-ਪਛਾਣ ਵਾਲੇ ਸਾਰੇ ਹੀ ਇਸ ਵਿਚ ਪੂਰੀ ਤਰ੍ਹਾਂ ਸਮਾਏ ਹੋਏ ਸਨ। ਉਨ੍ਹਾਂ ਇਸ ਪੁਸਤਕ ਵਿਚ ਦਰਜ ਕਰਮਜੀਤ ਸਿੰਘ ਵੱਲੋਂ ਆਪਣੀ ਪਤਨੀ ਨੂੰ ਲਿਖੀਆਂ ਤਿੰਨ ਕੁ ਦਰਜਨ ਚਿੱਠੀਆਂ ਦਾ ਵਿਸ਼ੇਸ਼ ਜ਼ਿਕਰ ਕੀਤਾ. ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਪ੍ਰੌੜ-ਕਵੀ ਨਵਤੇਜ ਭਾਰਤੀ, ਡਾ. ਕਰਮਜੀਤ ਸਿੰਘ ਦੇ ਸਹਿਕਰਮੀ ਪ੍ਰੋ. ਹਰਬੰਸ ਸਿੰਘ ਗਿੱਲ, ਪ੍ਰੋ. ਪ੍ਰਿਤਪਾਲ ਕੌਰ ਅਤੇ ਸਭਾ ਦੇ ਸੀਨੀਅਰ ਮੈਂਬਰ

ਕਰਨ ਅਜਾਇਬ ਸਿੰਘ ਸੰਘਾ ਸੁਸ਼ੋਭਿਤ ਸਨ।

ਉਪਰੰਤ, ਪੇਪਰ ਅਤੇ ਪੁਸਤਕ ’ਤੇ ਹੋਈ ਚਰਚਾ ਵਿਚ ਭਾਗ ਲੈਂਦਿਆਂ ਹੋਇਆਂ ਪ੍ਰੋ. ਜਗੀਰ ਸਿੰਘ ਕਾਹਲੋਂ, ਪ੍ਰੋ. ਅਤੈ ਸਿੰਘ, ਪ੍ਰਿੰ. ਸਰਵਣ ਸਿੰਘ, ਪ੍ਰੋ. ਆਸ਼ਿਕ ਰਹੀਲ, ਪੂਰਨ ਸਿੰਘ ਪਾਂਧੀ, ਮਲੂਕ ਸਿੰਘ ਕਾਹਲੋਂ, ਕੁਲਦੀਪ ਸਰੀਨ, ਪ੍ਰੋ. ਪ੍ਰਿਤਪਾਲ ਕੌਰ ਦੀ ਭਾਣਜੀ ਗੁਰਪ੍ਰੀਤ ਬਰਾੜ ਅਤੇ ਉਨ੍ਹਾਂ ਦੇ ਸਪੁੱਤਰ ਹਰਪ੍ਰੀਤ ਰਾਏ ਵੱਲੋਂ ਇਸ ਪੁਸਤਕ ਅਤੇ ਡਾ. ਕਰਮਜੀਤ ਸਿੰਘ ਦੀ ਸ਼ਖ਼ਸੀਅਤ ਬਾਰੇ ਵੱਡਮੁੱਲੇ ਵਿਚਾਰ ਪੇਸ਼ ਕੀਤੇ ਗਏ। ਇਸ ਦੌਰਾਨ ਮਲੂਕ ਸਿੰਘ ਕਾਹਲੋਂ ਨੇ ਕਿਹਾ ਕਿ ਵੱਖਰੀ ਵਿਧਾ ਦੀ ਇਸ ਪੁਸਤਕ ਵਿਚ ਕਵਿਤਾ ਵਰਗੀ ਮਿਠਾਸ ਤੇ ਨਾਵਲ ਵਰਗੀ ਰਵਾਨਗੀ ਹੈ ਅਤੇ ਇਹ ਡਰਾਇੰਗ-ਰੂਮ ਦੇ ਸ਼ੋਅ-ਕੇਸ ਵਿਚ ਸਜਾਉਣ ਵਾਲੀ ਨਹੀਂ, ਸਗੋਂ ਹਰੇਕ ਦੇ ਪੜ੍ਹਨ ਵਾਲੀ ਹੈ। ਪ੍ਰਧਾਨਗੀ-ਮੰਡਲ ਅਤੇ ਸਭਾ ਦੇ ਕੁਝ ਮੈਂਬਰਾਂ ਵੱਲੋਂ ਪੁਸਤਕ ਨੂੰ ਲੋਕ-ਅਰਪਣ ਕਰਨ ਤੋਂ ਬਾਅਦ ਪ੍ਰਧਾਨਗੀ-ਮੰਡਲ ਵਿੱਚੋਂ ਵਿੱਚੋਂ ਪ੍ਰੋ.ਹਰਬੰਸ ਸਿੰਘ ਗਿੱਲ ਨੇ ‘ਜਿਊਣ ਦੇ ਸੱਚ’ ਦੀ ਗੱਲ ਕਰਦਿਆਂ ਡਾ. ਕਰਮਜੀਤ ਸਿੰਘ ਨੂੰ ‘ਕਲਮ-ਯੋਗੀ’ ਕਰਾਰ ਦਿੱਤਾ ਜਿਸ ਨੇ ਆਪਣੀ ਕਲਮ ਨਾਲ ਬਹੁ-ਮੁੱਲੀ ਰਚਨਾਵਾਂ ਦੇ ਕੇ ਪੰਜਾਬੀ ਸਾਹਿਤ ਵਿਚ ਨਿੱਗਰ ਵਾਧਾ ਕੀਤਾ. ਨਵਤੇਜ ਭਾਰਤੀ ਹੋਰਾਂ ਨੇ ਡਾ. ਕਰਮਜੀਤ ਸਿੰਘ ਨਾਲ 60 ਸਾਲ ਪਹਿਲਾਂ 1957-58 ਦੀਆਂ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਕਿ ਲੇਖਕ ਆਪਣੀਆਂ ਕਿਰਤਾਂ ਵਿਚ ਸ਼ਾਮਲ ਹੁੰਦਿਆਂ ਹੋਇਆਂ ਸਦਾ ਹੀ ਜਿਊਂਦਾ ਰਹਿੰਦਾ ਹੈ। ਉਨ੍ਹਾਂ ਪ੍ਰਿਤਪਾਲ ਕੌਰ ਦੀ ਇਸ ਪੁਸਤਕ ਨੂੰ ਪੰਜਾਬ ਸਾਹਿਤ ਦੀਆਂ ਪ੍ਰਚੱਲਤ ਵਿਧਾਵਾਂ ਨਾਲੋਂ ਵੱਖਰੀ ਕਿਸਮ ਦੀ ਗਰਦਾਨਿਆਂ। ਪੁਸਤਕ ਦੀ ਲੇਖਿਕਾ ਪ੍ਰੋ. ਪ੍ਰਿਤਪਾਲ ਕੌਰ ਨੇ ਹਾਜ਼ਰੀਨ ਨਾਲ ਪੁਸਤਕ ਨਾਲੋਂ ਆਪਣੇ ਪਤੀ ਕਰਮਜੀਤ ਸਿੰਘ ਦੀਆਂ ਯਾਦਾਂ ਵਧੇਰੇ ਸਾਂਝੀਆਂ ਕੀਤੀਆਂ ਜਿਨ੍ਹਾਂ ਵਿਚੋਂ ਕਈ ਇਸ ਪੁਸਤਕ ਵਿਚ ਵੀ ਦਰਜ ਨਹੀਂ ਸਨ। ਉਨ੍ਹਾਂ ਕਿਹਾ ਕਿ ਇਸ ਪੁਸਤਕ ਨੂੰ ਲਿਖਣ ਦਾ ਉਪਰਾਲਾ ਉਨ੍ਹਾਂ ਨੇ ਉੱਘੇ ਵਿਦਵਾਨ ਪ੍ਰੋ. ਪ੍ਰੀਤਮ

ਸਿੰਘ ਅਤੇ ਆਪਣੇ ਬੱਚਿਆਂ ਵੱਲੋਂ ਮਿਲੀ ਪ੍ਰੇਰਨਾ ਤੇ ਹੱਲਾਸ਼ੇਰੀ ਸਦਕਾ ਕੀਤਾ. ਉਨ੍ਹਾਂ ‘ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ’ ਵੱਲੋਂ ਪੁਸਤਕ ਉੱਪਰ ਵਿਚਾਰ-ਚਰਚਾ ਕਰਵਾਉਣ ਲਈ ਸਭਾ ਦੇ ਮੈਂਬਰਾਂ ਅਤੇ ਸਮੂਹ ਬੁਲਾਰਿਆਂ ਦਾ ਧੰਨਵਾਦ ਕੀਤਾ।

ਕਰਨ ਅਜਾਇਬ ਸਿੰਘ ਸੰਘਾ ਨੇ ਸਮਾਗ਼ਮ ਵਿਚ ਹਾਜ਼ਰ ਸਾਰੇ ਵਿਦਵਾਨਾਂ ਤੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਇਸ ਪੁਸਤਕ ਨੂੰ ਹਰੇਕ ਉਮਰ-ਵਰਗ ਦੇ ਪਾਠਕ ਵੱਲੋਂ ਪੜ੍ਹੀ ਜਾ ਸਕਣ ਵਾਲੀ ਪੁਸਤਕ ਕਿਹਾ। ਇਹ ਪੁਸਤਕ-ਚਰਚਾ ਲੱਗਭੱਗ ਢਾਈ ਘੰਟੇ ਚੱਲਦੀ ਰਹੇ ਅਤੇ ਸਰੋਤਿਆਂ ਨੇ ਇਸ ਵਿਚਲੇ ਇਕ-ਇਕ ਸ਼ਬਦ ਨੂੰ ਬੜੇ ਧਿਆਨ ਨਾਲ ਸੁਣਿਆਂ. ਇਸ ਮੌਕੇ ‘ਜੀ.ਟੀ.ਏ. ਨੌਰਥ ਵੈੱਸਟ ਕਮਿਊਨਿਟੀ ਹੈੱਲਥ ਸਰਵਿਸਿਜ਼’ ਦੀ ਵਾਈਸ-ਚੇਅਰ ਪਰਸਨ ਮੋਹਤਰਿਮਾਸੁੰਬਲ ਨਦੀਮ ਅਤੇ ਇਸ ਦੇ ਸਰਗ਼ਰਮ ਮੈਂਬਰਾਂ ਨਾਸਰ ਚੱਠਾ ਅਤੇ ਦਬੀਰ ਸ਼ੇਖ ਹੋਰਾਂ ਨੇ ਵੀ ਆਪਣੀ ਹਾਜ਼ਰੀ ਲੁਆਈ ਅਤੇ ਇਸ ਸੰਸਥਾ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਦੱਸਿਆ। ਸਮਾਗ਼ਮ ਦੇ ਦੂਸਰੇ ਭਾਗ ਵਿਚ ਹੋਏ ਕਵੀ-ਦਰਬਾਰ ਦੀ ਸ਼ੁਰੂਆਤ ਇਕਬਾਲ ਬਰਾੜ ਦੀ ਸੁਰੀਲੀ ਆਵਾਜ਼ ਵਿਚ ਗਾਏ ਗੀਤ ਨਾਲ ਕੀਤੀ ਗਈ. ਉਪਰੰਤ, ਪ੍ਰੋ. ਅਤੈ ਸਿੰਘ ਦੀ ਕਵਿਤਾ ‘ਮੇਰਾ ਪਿੰਡ, ਗੁਰਦੇਵ ਚੌਹਾਨ ਦੀ ‘ਕਸੂਰ’, ਨਵਤੇਜ ਭਾਰਤੀ ਦੀ ‘ਬਾਜ਼ੀਗਰਨੀ’, ਮਕਸੂਦ ਚੌਧਰੀ ਦੀ ‘ਯਾਦਾਂ’, ਦਬੀਰ ਸ਼ੇਖ਼ ਵੱਲੋਂ ਪੇਸ਼ ਕੀਤੀ ਗਈ ਬਾਬਾ ਬੁੱਲੇ ਸ਼ਾਹ ਦੀ ਕਾਫ਼ੀ ਅਤੇ ਮਹਿੰਦਰ ਪ੍ਰਤਾਪ, ਪ੍ਰੋ. ਆਸ਼ਿਕ ਰਹੀਲ, ਕਰਨ ਅਜਾਇਬ ਸਿੰਘ ਸੰਘਾ, ਗੁਰਮੇਜ ਸਿੰਘ ਢਿੱਲੋਂ, ਹਰਦਿਆਲ ਝੀਤਾ, ਸੁਖਦੇਵ ਕੌਰ, ਰਾਜਵੰਤ ਕੌਰ ਬਾਜਵਾ ਤੇ ਦੀਪ ਪੱਡਾ ਦੇ ਗੀਤਾਂ ਤੇ ਕਵਿਤਾਵਾਂ ਨੇ ਚੰਗਾ ਰੰਗ ਬੰਨਿਆ। ਇਸ ਕਾਵਿ-ਸੈਸ਼ਨ ਦੀ ਪ੍ਰਧਾਨਗੀ ਕ੍ਰਿਪਾਲ ਸਿੰਘ ਪੰਨੂੰ, ਨਵਤੇਜ ਭਾਰਤੀ, ਪ੍ਰੋ. ਆਸ਼ਿਕ ਰਹੀਲ ਤੇ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਕੀਤੀ ਗਈ ਅਤੇ ਇਸ ਦਾ ਸੰਚਾਲਨ ਮਲੂਕ ਸਿੰਘ ਕਾਹਲੋਂ ਵੱਲੋਂ ਕੀਤਾ ਗਿਆ। ਦੋ ਵਜੇ ਸ਼ੁਰੂ ਹੋਕੇ ਸ਼ਾਮ ਦੇ ਪੌਣੇ ਛੇ ਵਜੇ ਤੱਕ ਚੱਲੇ ਇਸ ਸਮਾਗ਼ਮ ਨੂੰ ਅਖ਼ੀਰ ਤੱਕ ਮਾਨਣ ਲਈ ਪੰਨੂੰ ਸਾਹਿਬ ਵੱਲੋਂ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਹਾਜ਼ਰੀਨ ਵਿਚ ਕਰਨਲ (ਰਿਟਾ.) ਖ਼ਾਲਿਦ ਚੌਧਰੀ, ਡਾ। ਬਲਜਿੰਦਰ ਸੇਖੋਂ, ਪਰਮਜੀਤ ਸਿੰਘ ਗਿੱਲ, ਸੁਰਿੰਦਰ ਸਿੰਘ ਸੰਧੂ, ਦਰਸ਼ਨ ਸਿੰਘ ਗਰੇਵਾਲ, ਆਰਟਿਸਟ ਪ੍ਰਤੀਕ, ਜਰਨੈਲ ਸਿੰਘ ਅੱਚਰਵਾਲ, ਜਸਵਿੰਦਰ ਸਿੰਘ, ਹਰਜਿੰਦਰ ਸਿੰਘ ਸਰਸਾ, ਹਰਜਸਪ੍ਰੀਤ ਗਿੱਲ, ਜਗਦੀਸ਼ ਕੌਰ ਕਾਹਲੋਂ, ਚਰਨਜੀਤ ਕੌਰ ਤੇ ਪ੍ਰੋ. ਪ੍ਰਿਤਪਾਲ ਕੌਰ ਹੋਰਾਂ ਦੇ ਕੁਝ ਪਰਿਵਾਰਕ ਮੈਂਬਰਾਂ ਸਮੇਤ 100 ਦੇ ਲਗਭਗ ਸਾਹਿਤ-ਪ੍ਰੇਮੀ ਸ਼ਾਮਲ ਸਨ। ਸਮਾਗ਼ਮ ਵਿਚ ਬੁਲਾਰਿਆਂ ਦੇ ਸੰਬੋਧਨਾਂ ਦੀ ਗੁਣਾਤਮਿਕਤਾ ਅਤੇ ਸਰੋਤਿਆਂ ਦੀ ਭਰਪੂਰ ਹਾਜ਼ਰੀ ਸਦਕਾ ਇਹ ਸਮਾਗ਼ਮ ਇਕ ਅਤਿਅੰਤ ਸਫ਼ਲ ਸਮਾਗ਼ਮ ਹੋ ਨਿਬੜਿਆ। ਇਸ ਪ੍ਰੋਗਰਾਮ ਦੀ ਕਵਰੇਜ ‘ਹਮਦਰਦ’ ਟੀ. ਵੀ. ਅਤੇ ‘ਚੈਨਲ ਪੰਜਾਬੀ’ ਤੇ ‘ਗਲੋਬਲ ਪੰਜਾਬ’ ਵੱਲੋਂ ਕੀਤੀ ਗਈ।

# ਸਹਾਇਤਾ ਫਾਊਂਡੇਸ਼ਨ ਕੈਲਗਰੀ ਵਲੋਂ ਆਤਮ ਹੱਤਿਆ ਵਾਲੇ ਕਿਸਾਨਾਂ ਦੇ ਪੀੜਤ ਪਰਿਵਾਰਾਂ ਅਤੇ ਅਪਾਹਜ-ਅਨਾਥ ਬੱਚਿਆਂ ਦੀ ਸਹਾਇਤਾ ਲਈ ਪ੍ਰੋਗਰਾਮ

ਕੈਲਗਰੀ (ਮਾ. ਭਜਨ) : ਸਹਾਇਤਾ ਫਾਊਂਡੇਸ਼ਨ ਕੈਲਗਰੀ ਵਲੋਂ ਸ਼ਨੀਵਾਰ ਦੀ ਸ਼ਾਮ 21 ਅਕਤੂਬਰ ਨੂੰ ਇਥੋਂ ਦੇ ਰੈਡੀਸਨ ਹੋਟਲ ਵਿਚ ਪੰਜਾਬ ਦੇ ਕਰਜ਼ੇ ਮਾਰੇ ਆਤਮ ਹੱਤਿਆ ਕਰ ਗਏ ਕਿਸਾਨਾਂ ਦੇ ਪੀੜਤ ਪਰਿਵਾਰਾਂ ਨੂੰ ਗੁੰਗੇ-ਬੋਲੇ, ਅਪਾਹਜ, ਅਨਾਥ ਬੱਚਿਆਂ ਆਦਿ ਲਈ ਸਹਾਇਤਾ ਕਰਨ ਵਾਸਤੇ ਫੰਡ ਇਕੱਤਰ ਕਰਨਲਈ ਸਪਾਂਸਰਜ਼ ਦੀ ਸਹਾਇਤਾ ਨਾਲ ਇਕੱਠ ਕੀਤਾ ਗਿਆ।


ਡਾ. ਹਰਕੇਸ਼ ਸੰਧੂ ਅਮਰੀਕਾ ਤੋਂ ਜੋ ਇਸ ਸੰਸਥਾ ਦੀ ਅਗਵਾਈ ਕਰ ਰਹੇ ਹਨ। ਹੁਣ ਦੋ ਸਾਲਾਂ ਤੋਂ ਇਹ ਸੰਸਥਾ ਐਡਮਿੰਟਨ ਅਤੇ ਕੈਲਗਰੀ ਵਿਚ ਵੀ ਆਪਣੀਆਂ ਇਕਾਈਆਂ ਸਥਾਪਤ ਕਰਕੇ ਸਰਗਰਮ ਹੋਈ ਹੈ। ਇਹ ਸੰਸਥਾ ਦਾ ਮੁੱਖ ਮਕਸਦ ਇਕ ਤਾਂ ਜੋ ਕਿਸਾਨ ਕਰਜ਼ੇ ਦਾ ਭਾਰ ਨਾ ਸਹਾਰਦੇ ਹੋਏ ਆਤਮ ਹੱਤਿਆਵਾਂ ਕਰ ਗਏ ਉਨ੍ਹਾਂ ਦੇ ਪਰਿਵਾਰਾਂ ਬੱਚਿਆਂ ਦੀ ਦੇਖਭਾਲ ਅਤੇ ਪੜ੍ਹਾਈ ਆਦਿ ਦੇ ਸੰਕਟ ਨੂੰ ਹੱਲ ਕਰਨ ਲਈ ਮਦਦ ਕਰਨਾ ਹੈ। ਦੂਜਾ ਜੋ ਬੱਚੇ ਗੁੰਗੇ, ਬੋਲੇ, ਅਪਾਹਜ, ਅਨਾਜ ਅਤੇ ਅੱਖਾਂ ਤੋਂ ਪੀੜਤ ਹਨ, ਉਨ੍ਹਾਂ ਲਈ ਬਾਲ ਭਵਨ ਆਦਿ ਬਣਾ ਕੇ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਕਰਨਾ ਹੈ।



ਅਮਰੀਕਾ ਤੋਂ ਵਿਸ਼ੇਸ਼ ਤੌਰ ’ਤੇ ਡਾ. ਹਰਕੇਸ਼ ਸੰਧੂ ਨੇ ਸਾਰੇ ਪ੍ਰੋਜੈਕਟ ਦੀ ਜਾਣਕਾਰੀ ਬੜੇ ਭਾਵੁਕ ਅੰਦਾਜ਼ ਵਿਚ ਸਾਂਝੀ ਕੀਤੀ। ਪ੍ਰੌਗਰੈਸਿਵ ਕਲਾ ਮੰਚ ਦੀ ਟੀਮ ਵਲੋਂ ਕਿਸਾਨ ਆਤਮ ਹੱਤਿਆਵਾਂ ਵਿਸ਼ੇ ਨਾਲ ਸਬੰਧਤ ਬਹੁਤ ਹੀ ਭਾਵੁਕ ਅੰਦਾਜ਼ ’ਚ ‘ਮੇਰਾ ਪਿੰਡ ਵਿਕਾਊ ਹੈ’ ਗੀਤ ਦੇ ਆਧਾਰਤ ਕੋਰੀਓਗਰਾਫੀ ਪੇਸ਼ ਕਰਕੇ ਮਾਹੌਲ ਨੂੰ ਸੋਚਣ ਲਈ ਮਜਬੂਰ ਕਰਨ ਵਾਲਾ ਬਣਾ ਦਿੱਤਾ। ਇਸ ਉਪਰੰਤ ਸਮੁੱਚੀ ਟੀਮ ਵਲੋਂ ਉਘੀ ਲੇਖਿਕਾ ਰੰਜਨਾ ਪਾਢੀ ਦੀ ਬੂਟਾ ਸਿੰਘ ਵਲੋਂ ਅਨੁਵਾਦਤ ਕਿਸਾਬ ‘ਪੰਜਾਬ ਦੇ ਖੇਤੀ ਸੰਕਟ ਦੀ ਕਹਾਣੀ ਔਰਤਾਂ ਦੀ ਆਪਣੀ ਜ਼ੁਬਾਨੀ’ ਡਾ. ਸੰਧੂ ਨੂੰ ਕਮਲਪ੍ਰੀਤ ਪੰਧੇਰ ਦੀ ਅਗਵਾਈ ’ਚ ਭੇਟ ਕੀਤੀ ਗਈ।

ਸਟੇਜ ਸੰਚਾਲਨ ਰੈਡ ਐਫ. ਐਮ. ਦੇ ਨਿਊਜ਼ ਡਾਇਰੈਕਟਰ ਰਿਸ਼ੀ ਨਾਗਰ ਵਲੋਂ ਬਾਖੂਬੀ ਕੀਤਾ ਗਿਆ। ਸਿੱਖ ਵਿਰਸਾ ਦੇ ਸੰਪਾਦਕ ਹਰਚਰਨ ਪਰਹਾਰ, ਗੁਰਦੀਪ ਪਰਹਾਰ ਅਤੇ ਚੰਦ ਸਿੰਘ ਸਦਿਉੜਾ ਪੰਜਾਬੀ ਨੈਸ਼ਨਲ ਵੀ ਸ਼ਾਮਲ ਸਨ। ਕੈਲਗਰੀ ਤੋਂ ਸ਼ਨੀ ਸ਼ਰਮਾ ਅਤੇ ਸਮੂਹ ਟੀਮ ਨੂੰ ਇਸ ਨਿਵੇਕਲੇ ਤੇ ਸਾਰਥਿਕ ਪ੍ਰੋਗਰਾਮ ਦੀ ਵਧਾਈ। ਉਨ੍ਹਾਂ ਭਾਗ ਲੈਣ ਵਾਲੇ ਸਭ ਦਾ ਧੰਨਵਾਦ ਕੀਤਾ।

ਸੁਪਰ ਵੀਜ਼ਾ, ਲਾਈਫ਼ ਅਤੇ ਡਿਸਏਬਿਲਿਟੀ ਇੰਸ਼ੋਰੈਂਸ
• SUPER VISA
Sukhdeep (Sunny) Khosa
Life & Health Insurance Advisor
• LIFE AND MORTGAGE INSURANCE
Cell: 403-619-8545
• RESP, RRSP & TRAVEL INSURANCE
• CRITICAL ILLNESS & DISABILITY INSURANCE
• HEALTH AND DENTAL PLANS
209, 5401 Temple Dr. NE
Calgary, Alberta, T1Y 3R7
Email: sukhdeep.khosa@dfsin.ca
Desjardins
Financial Security
Independent Network



For Honest and Best Results
Please Call:
Cell. (403)-680-1895
Fax. (403)-776-7970
Bus. (403)-457-1216
Email:taranmand@shaw.ca
MAXVALUE
REAL ESTATE BOARD
MaxValue Reality Ltd.
Taranjit " T.J" Mand
Real Estate Associate




HomeLife Silver City
Realty Inc., Brokerage
EACH OFFICE ENDEPENDENTLY OWNED & OPERATED
NEW LOCATION OPEN TO SERVE YOU BETTER AIRPORT RD/DREW
Now Hiring
New / Experienced Real Estate Sales Representative / Brokers
Office: 905-913-8500
50 Cottrelle Blvd., Unit 29, Brampton
www.HomelifeSilvercityTeam.com
Team of OVER 425 Realtors
BALJIT GARCHA
BROKER OF RECORD
AJIT GARCHA
BROKER / PRESIDENT
www.homelifesilvercityteam.com
"All agents are Salespersons/Brokers/Unless otherwise stated. Not intended to solicit salespersons/brokers under contract. Some conditions apply."